# ਸਿੱਖ ਰਾਜ ਦੇ ਆਖ਼ਰੀ ਦਸ ਸਾਲ
A-PDF Black/White DEMO : Purchase from www.A-PDF.com to
# ਅਤੇ
# ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ

ਪਰਸ਼ੋਤਮ ਸਿੰਘ ਲੱਲੀ



# ਸਿੱਖ ਰਾਜ ਦੇ ਆਖ਼ਰੀ ਦਸ ਸਾਲ

(1839-1849)

ਅਤੇ

# ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ

SIKHBOOKCLUB.COM

ਪਰਸ਼ੋਤਮ ਸਿੰਘ ਲੱਲੀ

ਲੈਫਟੀਨੈਂਟ ਕਮਾਂਡਰ (ਰਿਟਾ.)

ਵਾਰਿਸ ਸ਼ਾਹ ਫ਼ਾਉਂਡੇਸ਼ਨ

ਅੰਮ੍ਰਿਤਸਰ-143002

# SIKH RAAJ DE AAKHRI DAS SAAL
ate
# JANGNAMA SINGHAN TE FIRANGIAN

*by :*

**Parshotam Singh Lalli**
**Leut. Col. (Retd.)**

ISBN 978-81-7856-378-7

© Author

ਪ੍ਰਕਾਸ਼ਨ ਵਰ੍ਹਾ 2013

ਮੁੱਲ : 250 ਰੁਪਏ

SIKHBOOKCLUB.COM

Paper Back Price Rs. 120/-

*ਪ੍ਰਕਾਸ਼ਕ :*
**ਵਾਰਿਸ ਸ਼ਾਹ ਫ਼ਾਊਂਡੇਸ਼ਨ**
42, ਗੁਰੂ ਤੇਗ ਬਹਾਦਰ ਨਗਰ,
ਡਾ. ਖ਼ਾਲਸਾ ਕਾਲਜ, ਅੰਮ੍ਰਿਤਸਰ-143 002
ਫ਼ੋਨ : 0183-2450520

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਆਪਣੇ ਪੂਰਵਜ ਬਾਬੇ ਘਣੀ ਪੀਰ

ਨੂੰ

ਸਮੱਰਪਿਤ

SIKHBOOKCLUB.COM

# ਰਚਨਾ ਅਤੇ ਲੇਖਕ

ਕਿਸੇ ਵੀ ਇਤਿਹਾਸ ਦਾ ਮੁੱਲ ਉਸਦੀ ਨਿਰਪੱਖਤਾ ਤੇ ਨਿਰਭਰ ਹੁੰਦਾ ਹੈ। ਪਰ ਨਿਰਪੱਖ ਹੋਣਾ ਬਹੁਤ ਹੀ ਮੁਸ਼ਕਿਲ ਕੰਮ ਹੈ, ਖਾਸ ਤੌਰ ਤੇ ਉਸ ਇਤਿਹਾਸਕਾਰ ਲਈ ਜੋ ਆਪਣੀ ਕੌਮ ਦਾ ਇਤਿਹਾਸ ਲਿਖ ਰਿਹਾ ਹੋਵੇ। ਕਿਸੇ ਵੀ ਵਿਅੱਕਤੀ ਦੀ ਸੋਚ ਤੇ ਉਸਦੇ ਧਾਰਮਿਕ ਅਤੇ ਸਭਿਆਚਾਰਕ ਵਿਰਸੇ ਦੀ ਛਾਪ ਬੜੀ ਗਹਿਰੀ ਹੁੰਦੀ ਹੈ। ਉਸ ਲਈ ਆਪਣੇ ਧਰਮ ਅਤੇ ਸਭਿਆਚਾਰਕ ਪ੍ਰਭਾਵ ਤੋਂ ਉੱਪਰ ਉੱਠਕੇ ਇਤਿਹਾਸ ਲਿਖਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਕਾਰਜ ਜਰੂਰ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਕਮਾਂਡਰ ਪਰਸ਼ੋਤਮ ਸਿੰਘ ਲੱਲੀ ਨੇ ਇਹ ਕੋਸ਼ਿਸ਼ ਕੀਤੀ, ਅਤੇ ਕਾਫੀ ਹੱਦ ਤਕ ਇਸ ਵਿਚ ਸਫਲਤਾ ਹਾਸਲ ਕੀਤੀ।

ਸਿੱਖ ਰਾਜ ਦੇ ਆਖਰੀ ਦਸ ਸਾਲਾਂ (1839 49) ਦਾ ਇਤਿਹਾਸ ਅੱਤ ਮਹੱਤਵਪੂਰਨ ਹੈ।ਜੂਨ 1839 ਵਿਚ ਮਹਾਰਾਜੇ ਰਣਜੀਤ ਸਿੰਘ ਦੇ ਅਕਾਲ ਚਲਾਣੇ ਸਮੇ ਸਿੱਖ ਇਕ ਵਡੇ ਸਾਮਰਾਜ ਦੇ ਮਾਲਕ ਸਨ। ਪਰ ਮਾਰਚ 1849 ਵਿਚ, ਦਸ ਸਾਲ ਵਿਚ ਹੀ ਉਹ ਆਪਣਾ ਰਾਜਭਾਗ ਖੁਹਾ ਬੈਠੇ। ਇਹ ਕਿਵੇਂ ਹੋਇਆ? ਇਸਦੇ ਕੀ ਕਾਰਨ ਸਨ? ਮੁਗਲਾਂ ਦਾ ਰਾਜਭਾਗ ਖੁਸਣ ਵਿਚ ਤਾਂ  ਡੇਢ ਸੌਅ ਸਾਲ ਲੱਗਾ ਸੀ। ਇਹਨਾ ਸਵਾਲਾਂ ਦੇ ਜਵਾਬ ਕਮਾਂਡਰ ਲੱਲੀ ਨੇ ਬੜੀ ਸਰਲ ਅਤੇ ਸ਼ਪੱਸ਼ਟ ਭਾਸ਼ਾ ਵਿਚ ਦਿੱਤੇ ਹਨ।ਆਪਣੀ ਕੌਮ ਦੇ ਮਹਾਰਾਜਿਆਂ, ਮਹਾਰਾਣੀਆਂ,ਵਜ਼ੀਰਾਂ,ਜਰਨੈਲਾਂ ਅਤੇ ਸਰਦਾਰਾਂ ਦੇ ਗੁਣਾ ਔਗਣਾ ਨੂੰ ਡੂੰਘਾਈ ਨਾਲ ਵਿਚਾਰਿਆ ਹੈ। ਅੰਗਰੇਜ਼ਾਂ ਦੀ ਰਣਨੀਤੀ, ਯੁੱਧਕਲਾ ਅਤੇ ਸਿਆਸੀ ਚਾਲਾਂ ਦਾ ਪੂਰਾ ਪੁਨਰ ਮੁਲਾਕਣ ਕੀਤਾ ਹੈ।

ਕਮਾਂਡਰ ਲੱਲੀ ਖੁਦ ਇਕ ਫੌਜੀ ਅਫਸਰ ਰਹਿ ਚੁਕਾ ਹੈ। ਇਸ ਨਾਤੇ ਜੰਗਾਂ ਯੁੱਧਾਂ ਦਾ ਇਤਿਹਾਸ ਲਿਖਣ ਲਈ ਸ਼ਾਇਦ ਉਹ ਕਿਸੇ ਸਿਵਲੀਅਨ ਨਾਲੋਂ ਬਿਹਤਰ ਪੁਜੀਸ਼ਨ ਵਿੱਚ ਹੈ। ਯੁੱਧ ਖੇਤਰ ਦੇ ਨਕਸ਼ੇ ਜੋ ਪਿੰਡਾਂ, ਕਸਬਿਆਂ, ਸ਼ਹਿਰਾਂ, ਦਰਿਆਵਾਂ, ਫੌਜਾਂ ਅਤੇ ਜਰਨੈਲਾਂ ਦੀ ਪੁਜੀਸ਼ਨ ਦਰਸ਼ਾਉਂਦੇ ਹਨ, ਇਹਨਾ ਜੰਗਾਂ ਨੂੰ ਸਮਝਣ ਲਈ ਬਹੁਤ ਸਹਾਈ ਹੋਣਗੇ।

ਜੰਗਨਾਮਾ ਸਿੰਘਾਂ ਅਤੇ ਫਿਰੰਗੀਆਂ ਲਿਖਣ ਸਮੇ ਲੇਖਕ ਦਾ ਰੋਲ ਮਾਡਲ ਸ਼ਾਹ  ਮੁਹੰਮਦ ਸੀ। ਸ਼ਾਹ ਮੁਹੰਮਦ ਦਾ ਜੰਗਨਾਮਾ ਇਕ ਕਮਾਲ ਦੀ ਰਚਨਾ ਹੈ। ਪਰ ਇਸ ਵਿਚ ਉਰਦੂ ਦੇ ਸ਼ਬਦਾਂ ਦੀ ਭਰਮਾਰ ਹੈ। ਇਸ ਕਵੀ ਦੇ ਆਪਣੇ ਜੀਵਨ ਕਾਲ ਸਮੇ ਸ਼ਾਇਦ ਇਹ ਸ਼ਬਦ ਆਮ ਪੰਜਾਬੀ ਬੋਲੀ ਦਾ ਹਿੱਸਾ ਰਹੇ ਹੋਣ,ਪਰ ਅਜੋਕੇ ਪੰਜਾਬੀ ਲਈ ਕਿਸੇ ਕੋਸ਼ ਤੋਂ ਬਿਨਾ ਇਹਨਾ ਨੂੰ ਸਮਝਣਾ ਮੁਸ਼ਕਿਲ ਹੈ। ਸ਼ਾਹ ਮੁਹੰਮਦ ਦੀ ਬੇਮਿਸਾਲ ਕਵਿਤਾ ਦਾ ਪੂਰਾ ਅਨੰਦ ਮਾਨਣ ਵਿਚ ਇਹ ਸ਼ਬਦ ਕਬਾਬ ਵਿਚ ਹੱਡੀ ਸਮਾਨ ਹਨ। ਲੱਲੀ ਦੀ ਕਵਿਤਾ ਠੇਠ ਪੰਜਾਬੀ ਵਿਚ ਹੈ। ਆਸ ਹੈ ਕਿ ਪੰਜਾਬੀ ਪਾਠਕ ਇਸਦਾ ਭਰਪੂਰ ਅਨੰਦ ਲੈ ਸਕਣਗੇ। ਲੇਖਕ ਦਾ ਇਹ ਇਤਿਹਾਸ ਅਤੇ ਕਵਿਤਾ ਮਾਂ ਬੋਲੀ ਪੰਜਾਬੀ ਦੇ ਸਹਿਤ ਨੂੰ ਜਰੂਰ ਹੀ ਹੋਰ ਅਮੀਰ ਬਨਾਉਣਗੇ।

ਪ੍ਰੋਫੈਸਰ ਮੋਹਨ ਸਿੰਘ
ਭੂਤਪੂਰਵ ਸੀਨੀਅਰ ਲੈਕਚਰਾਰ ਇਨ ਇੰਗਲਿਸ਼
ਖਾਲਸਾ ਕਾਲਜ ਅੰਮ੍ਰਿਤਸਰ

# ਭੂਮਿਕਾ

ਸਿੱਖ-ਅੰਗਰੇਜ਼ ਜੰਗਾਂ ਦਾ ਸਮਾ ਕੋਈ ਬਹੁਤ ਪੁਰਾਣਾ ਸਮਾ ਨਹੀਂ। ਮਨੁੱਖੀ ਇਤਿਹਾਸ ਦੇ ਸਮੇ ਦੀ ਸਕੇਲ ਤੇ ਤਾਂ ਇਹ ਸਮਾ ਕੁਝ ਕੁ ਪਲ ਹੀ ਪੁਰਾਣਾ ਹੈ। ਲੱਗਦਾ ਹੈ ਜਿਵੇਂ ਅਜੇ ਕੱਲ ਹੀ ਸਿੱਖ ਪੰਜਾਬ ਦੇ ਹਾਕਮ ਸਨ। ਇਹਨਾ ਜੰਗਾਂ ਦਾ ਅਸਰ ਭਾਰਤ, ਅਤੇ ਖਾਸ ਕਰਕੇ ਪੰਜਾਬ ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਮਹੌਲ ਤੇ ਅੱਜ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਸਿੱਖ ਭੁੱਲੇ ਨਹੀਂ ਕਿ ਕਦੀ ਉਹ ਪੰਜਾਬ ਦੇ ਮਾਲਿਕ ਸਨ। ਉਹਨਾ ਉੱਤਰ-ਪੱਛਮ ਵਲੋਂ ਆਉਂਦੇ ਧਾੜਵੀਆਂ ਨੂੰ ਠੱਲ ਪਾਈ ਸੀ, ਅਫਗਾਨਿਸਤਾਨ ਦੀ ਕਿਸਮਤ ਦਾ ਫੈਸਲਾ ਕੀਤਾ ਸੀ। ਉਹ ਆਪਣੇ ਦਿਲ ਵਿੱਚ ਅਜੇ ਵੀ ਇਹ ਮਹਿਸੂਸ ਕਰਦੇ ਹਨ ਕਿ ਉਹਨਾ ਦਾ ਰਾਜ ਅੰਗਰੇਜ਼ਾਂ ਨੇ ਚਲਾਕੀ ਨਾਲ ਖੋਹਿਆ ਸੀ, ਅਤੇ ਅੰਗਰੇਜ਼ਾਂ ਦੇ ਜਾਣ ਬਾਅਦ ਭਾਰਤ ਦੇ ਲੀਡਰਾਂ ਨੇ ਉਹਨਾ ਦਾ ਖੋਹਿਆ ਹੋਇਆ ਰਾਜ ਉਹਨਾ ਨੂੰ ਵਾਪਸ ਦੇਣ ਦੀ ਬਜਾਇ ਉਹਨਾ ਨਾਲ ਚਾਣਕੀਆ ਨੀਤੀ ਖੇਡਕੇ ਉਹਨਾ ਦਾ ਰਾਜ ਭਾਗ ਸਦਾ ਲਈ ਖੋਹ ਲਿਆ। ਇਸ ਗੱਲ ਦੀ ਪੀੜ ਸਿੱਖ ਦੇ ਕਲੇਜੇ ਨੂੰ ਅੱਜ ਵੀ ਹੈ। 1980 ਅਤੇ 1990 ਦੇ ਦਹਾਕਿਆਂ ਦੀਆਂ ਮੰਦਭਾਗੀਆਂ ਘਟਨਾਵਾਂ ਕੁਝ ਹੋਰ ਕਾਰਨਾ ਸਮੇਤ ਇਸੇ ਸੋਚ ਦਾ ਨਤੀਜਾ ਸਨ। ਪੰਜਾਬ ਦਾ ਮੌਜੂਦਾ ਸਿਆਸੀ ਮਹੌਲ ਅਤੇ ਪਾਰਟੀਆਂ ਦੇ ਗਠਜੋੜ ਵੀ ਇਹਨਾ ਘਟਨਾਵਾਂ ਤੋਂ ਕਾਫੀ ਪ੍ਰਭਾਵਿਤ ਹਨ।

ਕਿਸੇ ਮਹਾਨ ਯੁੱਧ ਦੀਆਂ ਘਟਨਾਵਾਂ, ਕਾਰਨਾ ਅਤੇ ਨਤੀਜਿਆਂ ਨੂੰ ਸਮਝਣ ਲਈ ਉਸ ਸਮੇ ਦਾ ਸਿਆਸੀ ਮਹੌਲ ਅਤੇ ਸਿਆਸੀ ਪਾਤਰਾਂ ਦੇ ਦਿਲੋ-ਦਿਮਾਗ ਨੂੰ ਸਮਝਣਾ ਬਹੁਤ ਜਰੂਰੀ ਹੈ। ਇਸ ਲਈ ਇਸ ਸਿਆਸੀ ਮਹੌਲ ਦਾ ਵਿਸਲੇਸ਼ਣ ਕਰਨ ਤੋਂ ਬਾਅਦ ਹੀ ਫੌਜੀ ਕਾਰਵਾਈਆਂ ਅਤੇ ਮੁੱਖ ਜੰਗਾਂ ਦਾ ਵਰਨਣ ਜੋਗ ਹੋਵੇਗਾ। ਜਿਥੋਂ ਤੱਕ ਸਿੱਖ ਫੌਜਾਂ ਅਤੇ ਸਿੱਖ ਜਰਨੈਲਾਂ ਦਾ ਸਵਾਲ ਹੈ, ਕਿਹੜੀ ਫੌਜ ਅਤੇ ਕਿਹੜਾ ਜਰਨੈਲ ਕਿਹੜੇ ਮੋਰਚੇ ਤੇ ਸੀ, ਅਤੇ ਲੜਾਈ ਦੀ ਜਿੱਤ ਹਾਰ ਵਿੱਚ ਉਸਦਾ ਕਿਰਦਾਰ ਕੀ ਸੀ, ਇਸ ਦਾ ਜਿਕਰ ਸਿੱਖ ਸੂਤਰਾਂ ਵਿੱਚ ਬਹੁਤ ਹੀ ਘੱਟ ਮਿਲਦਾ ਹੈ। ਪਰ ਕਿਉਂਕਿ ਅੰਗਰੇਜ਼ ਇਹਨਾ ਜੰਗਾਂ ਦੇ ਜੇਤੂ ਸਨ, ਜਾਂ ਸ਼ਾਇਦ ਇਤਿਹਾਸ ਲਿਖਣ ਅਤੇ ਸੰਭਾਲਣ ਦੀ ਉਹਨਾ ਨੂੰ ਪੰਜਾਬੀਆਂ ਤੋ ਵਧੇਰੇ ਸੂਝਬੂਝ ਹੈ, ਉਹਨਾ ਨੇ ਆਪਣੀਆਂ ਸਭ ਫੌਜਾਂ ਅਤੇ ਜਰਨੈਲਾਂ ਦੀਆਂ ਕਾਰਵਾਈਆਂ ਦਾ ਪੂਰਾ ਵਰਨਣ ਲਿਖਿਆ ਅਤੇ ਸੰਭਾਲ ਕੇ ਰੱਖਿਆ। ਇਸ ਇਤਿਹਾਸ ਵਿੱਚ ਵੀ ਉਹਨਾ ਦੀਆਂ ਲਿਖਤਾਂ ਤੋਂ ਕਾਫੀ ਜਾਣਕਾਰੀ ਲਈ ਗਈ ਹੈ, ਪ੍ਰੰਤੂ ਕਿਉਂਕਿ ਲੇਖਕ ਖੁਦ ਸਿੱਖ ਹੈ, ਇਸ ਲਈ ਉਸਨੇ ਅੰਗਰੇਜ਼ ਇਤਿਹਾਸਕਾਰਾਂ ਦੀ ਆਪਣੀ ਕੌਮ ਅਤੇ ਫੌਜ ਦੀ ਭਰਪੂਰ ਤਰੀਫ ਅਤੇ ਭਾਰਤੀਆਂ ਨੂੰ ਛੁਟਿਆਉਣ ਦੀ ਆਦਤ ਦੇ ਪ੍ਰਭਾਵ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਉਂਜ ਕੈਪਟਨ ਕੁਨਿੰਘਮ ਵਰਗੇ ਇਤਿਹਾਸਕਾਰਾਂ ਨੇ ਨਿਰਪੱਖ ਇਤਿਹਾਸ ਲਿਖਣ ਦੀ ਹਿੰਮਤ ਵੀ ਕੀਤੀ। ਲੇਖਕ ਦਾ ਮੰਤਵ ਇਹਨਾ ਜੰਗਾਂ ਵਿੱਚ ਭਾਗ ਲੈਣ ਵਾਲੀਆਂ ਸਿੱਖ ਅਤੇ ਅੰਗਰੇਜ਼ ਫੌਜਾਂ ਦੀਆਂ ਕਾਰਵਾਈਆਂ ਅਤੇ ਜੰਗ ਦੁਰਾਨ ਉਹਨਾ ਦੇ ਮੋਰਚਿਆਂ ਦੀ ਸਥਿਤੀ ਦਾ ਵਰਨਣ ਕਰਨਾ ਹੈ।

ਇਹਨਾ ਜੰਗਾਂ ਤੋਂ ਕੁਝ ਸਾਲ ਪਹਿਲਾਂ ਦੇ ਹਲਾਤ ਅਤੇ ਜੰਗਾਂ ਦੁਰਾਨ ਵਾਪਰੀਆਂ ਘਟਨਾਵਾਂ ਦਾ ਵਰਨਣ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ ਆਪਣੀ ਬੇਮਿਸਾਲ ਕਵਿਤਾ ਵਿੱਚ ਕੀਤਾ। ਉਸਦੀ ਕਵਿਤਾ

ਵਿੱਚ ਵਰਨਣ ਕੀਤੀ ਗਈ ਕਹਾਣੀ ਅਤੇ ਬਾਅਦ ਵਿੱਚ ਇਤਿਹਾਸਕਾਰਾਂ ਦੁਆਰਾ ਦਿੱਤੀ ਗਈ ਕਹਾਣੀ ਵਿੱਚ ਕਮਾਲ ਦੀ ਸਮਾਨਤਾ ਹੈ। ਇਹਨਾ ਇਤਿਹਾਸਕ ਘਟਨਾਵਾਂ ਬਾਰੇ ਆਮ ਲੋਕਾਂ ਵਿੱਚ ਉਸ ਸਮੇ ਜੋ ਵਿਸ਼ਵਾਸ ਪ੍ਰਚਲਤ ਸਨ, ਅਤੇ ਉਹਨਾ ਦੀਆਂ ਜੋ ਭਾਵਨਾਵਾਂ ਸਨ, ਉਹਨਾ ਦਾ ਪ੍ਰਗਟਾਅ ਉਸਦੀ ਕਵਿਤਾ ਬਾਖੂਬੀ ਕਰਦੀ ਹੈ। ਇਸ ਇਤਿਹਾਸ ਵਿੱਚ ਉਸਦੀਆਂ ਕੁਝ ਸਤਰਾਂ ਦੇਣ ਵਿੱਚ ਲੇਖਕ ਦਾ ਮੰਤਵ ਇਸ ਵਰਨਣ ਨੂੰ ਰੋਚਕ ਬਨਾਉਣਾ ਅਤੇ ਸਮਕਾਲੀ ਪੰਜਾਬੀਆਂ ਦੇ ਜਜ਼ਬਾਤਾਂ ਨੂੰ ਦਰਸ਼ਾਉਣਾ ਹੀ ਹੈ। ਇਸ ਇਤਿਹਾਸ ਵਿੱਚ ਦਿੱਤੇ ਗਏ ਮੁੱਖ ਤੱਥ ਅੰਗਰੇਜੀ ਅਤੇ ਭਾਰਤੀ ਇਤਿਹਾਸਕਾਰਾਂ ਦੀਆਂ ਲਿਖਤਾਂ ਤੇ ਅਧਾਰਿਤ ਹਨ।


**ਪਰਸ਼ੋਤਮ ਸਿੰਘ ਲੱਲੀ**
ਲੈਫਟੀਨੈਂਟ ਕਮਾਂਡਰ (ਰਿਟਾ.)
ਪਿੰਡ ਧੁੱਪਸੜੀ
ਕਾਹਨੂੰਵਾਨ ਰੋਡ
ਬਟਾਲਾ
ਮੋ. 9876734079


SIKHBOOKCLUB.COM

# ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਅਦ

## ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ

ਮਹਾਰਾਜਾ ਰਣਜੀਤ ਸਿੰਘ 27 ਜੂਨ 1839 ਨੂੰ ਅਕਾਲ ਚਲਾਨਾ ਕਰ ਗਿਆ। ਸ਼ੇਰੇ ਪੰਜਾਬ ਦੀ ਮੌਤ ਸਮੇ ਖਾਲਸਾ ਰਾਜ ਦੀ ਦੱਖਣੀ ਸਰਹੱਦ ਦਰਿਆ ਸਤਲੁਜ ਸੀ। ਇਸਦੇ ਪਾਰ ਅੰਗਰੇਜ਼ ਬੈਠੇ ਸਨ। ਖਾਲਸਾ ਰਾਜ ਵਿੱਚ ਉਹਨਾ ਦੀ ਦਿਲਚਸਪੀ ਇੱਕ ਗੁਆਂਢੀ ਦੀ ਦਿਲਚਸਪੀ ਨਾਲੋਂ ਕਿਤੇ ਵੱਧ ਸੀ। ਉੱਤਰ-ਪੂਰਵੀ ਪਹਾੜੀ ਰਿਆਸਤਾਂ ਵੀ ਖਾਲਸੇ ਦੀ ਛੱਤਰ ਛਾਇਆ ਥੱਲੇ ਸਨ। ਇਹ ਰਾਜਪੂਤ ਰਿਆਸਤਾਂ ਖਾਲਸੇ ਦੀ ਸ਼ਕਤੀ ਅੱਗੇ ਝੁਕਣ ਲਈ ਮਜਬੂਰ ਸਨ, ਉਂਜ ਉਹਨਾ ਦੀ ਸਿੱਖ ਰਾਜ ਪ੍ਰਤੀ ਕੋਈ ਖਾਸ ਵਫਾਦਾਰੀ ਜਾਂ ਜਜ਼ਬਾਤੀ ਸਾਂਝ ਨਹੀਂ ਸੀ। ਉੱਤਰ ਵਿੱਚ ਕਸ਼ਮੀਰ ਅਤੇ ਲਦਾਖ ਦਾ ਇਲਾਕਾ ਵੀ ਖਾਲਸੇ ਦੇ ਅਧੀਨ ਸੀ, ਪਰ ਇਸ ਇਲਾਕੇ ਤੇ ਕਾਬੂ ਰੱਖਣਾ ਉਦੋਂ ਵੀ ਉਹਨਾ ਹੀ ਮੁਸ਼ਕਿਲ ਸੀ, ਜਿੰਨਾ ਮੁਸ਼ਕਿਲ ਅੱਜ ਹੈ, ਕਿਉਂਕਿ ਇਹ ਇਲਾਕਾ ਮੁਸਲਮਾਨ ਸੀ, ਅਤੇ ਸਿਰਫ ਖਾਲਸੇ ਦੀ ਤਾਕਤ ਸਾਹਮਣੇ ਨੱਤਮਸਤਿਕ ਸੀ। ਉੱਤਰ-ਪੱਛਮ ਵਿੱਚ ਖਾਲਸਾ ਰਾਜ ਦੀ ਸਰਹੱਦ ਸਿੰਧ ਦਰਿਆ ਤੋਂ ਪਾਰ ਦਰ੍ਹਾ ਖੈਬਰ ਤੱਕ ਪਹੁੰਚ ਚੁੱਕੀ ਸੀ। ਇਸ ਇਲਾਕੇ ਦੇ ਲੋਕ ਮੁਖ ਤੌਰ ਤੇ ਪਠਾਨ ਸਨ, ਅਤੇ ਇਹਨਾ ਦੀ ਹਮਦਰਦੀ ਅਤੇ ਵਫਾਦਾਰੀ ਖੈਬਰ ਤੋਂ ਪਾਰ ਆਪਣੇ ਸਹਿਧਰਮੀ ਅਫਗਾਨਾਂ ਨਾਲ ਸੀ। ਉਹਨਾ ਤੋਂ ਟੈਕਸ ਵਸੂਲੀ ਵੀ ਖਾਲਸਾ ਸਿਰਫ ਹਿੱਕ ਦੇ ਜ਼ੋਰ ਨਾਲ ਹੀ ਕਰਦਾ ਸੀ। ਇਹੋ ਹਾਲ ਮੁਲਤਾਨ ਅਤੇ ਡੇਰਾ ਜਾਟ ਦੇ ਇਲਾਕੇ ਦਾ ਸੀ। ਇਹਨਾ ਇਲਾਕਿਆਂ ਵਿੱਚ ਮੁਸਲਮਾਨਾ ਦੀ ਭਾਰੀ ਬਹੁਗਿਣਤੀ ਸੀ, ਹਿੰਦੂ ਸਿੱਖਾਂ ਦੀ ਗਿਣਤੀ ਆਟੇ ਵਿੱਚ ਲੂਣ ਮਾਤਰ ਸੀ।

ਖਾਲਸੇ ਦੀ ਤਾਕਤ ਨੂੰ ਚਣੌਤੀ ਦੇਣ ਵਾਲੀਆਂ ਸਿਰਫ ਦੋ ਹੀ ਹੋਰ ਤਾਕਤਾਂ ਇਸ ਸਮੇ ਮਜੂਦ ਸਨ। ਇਹਨਾ ਵਿੱਚੋਂ ਇੱਕ ਉੱਤਰ- ਪੱਛਮ ਵਿੱਚ ਅਫਗਾਨਿਸਤਾਨ ਅਤੇ ਦੂਸਰੀ ਦੱਖਣ ਵਿੱਚ ਅੰਗਰੇਜ਼ੀ ਸਾਮਰਾਜ ਸੀ। ਅਫਗਾਨਿਸਤਾਨ ਉਸ ਵਕਤ ਕੰਮਜ਼ੋਰ ਅਤੇ ਵੰਡਿਆ ਹੋਇਆ ਸੀ, ਖਾਲਸੇ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਸੀ, ਭਾਵੇਂ ਕਿ ਪਠਾਣਾ ਨੂੰ ਬੜਾ ਰੰਜ ਸੀ ਕਿ ਖਾਲਸਾ ਉਹਨਾ ਦੀ ਦਹਿਲੀਜ਼ ਤੱਕ ਪਹੁੰਚ ਗਿਆ ਸੀ। ਪ੍ਰੰਤੂ ਦੂਸਰੀ ਤਾਕਤ, ਭਾਵ ਅੰਗਰੇਜ਼ ਕੋਲ ਇਹ ਸਮਰੱਥਾ ਸੀ ਕਿ ਉਹ ਖਾਲਸੇ ਦਾ ਸਾਹਮਣਾ ਕਰ ਸਕੇ। ਸੰਨ 1809 ਵਿੱਚ ਮਹਾਰਾਜੇ ਨਾਲ ਹੋਈ ਸੰਧੀ ਅਨੁਸਾਰ ਦਰਿਆ ਸਤਲੁਜ ਨੂੰ ਆਪਸੀ ਸਰਹੱਦ ਮੰਨ ਲਿਆ ਗਿਆ ਸੀ, ਅਤੇ ਇੱਕਾ ਦੁੱਕਾ ਵਾਰਦਾਤਾਂ ਨੂੰ ਛੱਡ ਕੇ ਦੋਵਾਂ ਧਿਰਾਂ ਵਿੱਚ ਕੁਲ ਮਿਲਾ ਕੇ ਸੁਲਾਹ ਹੀ ਕਾਇਮ ਰਹੀ ਸੀ। ਮਾਲਵੇ ਦੇ ਸਿੱਖ ਸਰਦਾਰ ਅੰਗਰੇਜ਼ਾਂ ਦੀ ਪਨਾਂਹ ਵਿੱਚ ਸਨ। ਪੰਜਾਬ ਤੋਂ ਇਲਾਵਾ ਹੋਰ ਸਾਰਾ ਹਿੰਦੋਸਤਾਨ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਸੀ। ਈਸਟ ਇੰਡੀਆ ਕੰਪਨੀ ਦੇ ਮਾਲਕਾਂ ਅਤੇ ਅੰਗਰੇਜ਼ ਅਫਸਰਾਂ ਦੀ ਬਹੁਗਿਣਤੀ ਸਿੱਖਾਂ ਨਾਲ ਸੁਲਾਹ ਰੱਖਣ ਦੀ ਹੀ ਹਾਮੀ ਲੱਗਦੀ ਸੀ, ਪਰ ਅੰਗਰੇਜ਼ਾਂ ਦੀ ਸੁਲਾਹ ਕਦੋਂ ਦੁਸ਼ਮਣੀ ਅਤੇ ਦਖਲ ਅੰਦਾਜ਼ੀ ਵਿੱਚ ਬਦਲ ਜਾਏ, ਇਸ ਗੱਲ ਦਾ ਕਿਸੇ ਨੂੰ ਵੀ ਕੋਈ ਭਰੋਸਾ ਨਹੀਂ ਸੀ, ਕਿਉਂਕਿ ਕਿਸੇ ਸ਼ਰਮਾਕਲ, ਪਰ ਲਾਲਚੀ, ਪ੍ਰਹੁਣੇ ਵਾਂਗ ਉਸਨੇ ਨਾਂਹ ਨਾਂਹ ਕਰਦੇ ਹੋਏ ਵੀ ਇੱਕ ਤੋਂ ਬਾਅਦ ਇੱਕ ਕਰਕੇ ਸਭ ਭਾਰਤੀ ਰਿਆਸਤਾਂ ਹੜੱਪ ਲਈਆਂ


ਦਰਾ ਖ਼ੈਬਰ
ਹਰੀਪੁਰ
- ਹਜ਼ਾਰਾ -
ਪਿਸ਼ਾਵਰ
ਅਟਕ
ਚਿਲਿਆਂਵਾਲਾ
ਸਿੰਧ ਸਾਗਰ ਦੁਆਬ
ਗੁਜਰਾਤ
ਵਜ਼ੀਰਾਬਾਦ
ਰਾਮ ਨਗਰ
ਗੁਜਰਾਂਵਾਲਾ
ਚੱਜ ਦੁਆਬ
- ਮਾਝਾ -
ਜਲੰਧਰ ਦੁਆਬ
ਡੇਰਾ ਇਸਮਾਈਲ ਖਾਨ
ਮਨਖੇੜਾ
ਰਚਨਾ ਦੁਆਬ
ਲਾਹੌਰ
ਅੰਮ੍ਰਿਤਸਰ
ਜਲੰਧਰ
ਡੇਰਾ ਜਾਟ
ਬਾਰੀ ਦੁਆਬ
ਫਿਰੋਜ਼ਪੁਰ
ਲੁਧਿਆਣਾ
ਅੰਬਾਲਾ
ਡੇਰਾ ਗਾਜ਼ੀ ਖਾਨ
ਮੁਲਤਾਨ
ਮਾਲਵਾ
ਬਹਾਵਲਪੁਰ
ਮੇਰਠ
ਦਿੱਲੀ

ਪੰਜਾਬ

ਸਨ। ਭਾਰਤ ਦੀ ਉੱਤਰ-ਪੱਛਮੀ ਗੁੱਠ ਵਿੱਚ ਸਿਰਫ਼ ਖਾਲਸਾ ਹੀ ਅਜਾਦੀ ਦਾ ਝੰਡਾ ਲਈ ਖੜਾ ਸੀ।

ਪਰ ਖਾਲਸੇ ਦੇ ਆਪਣੇ ਘਰ ਵਿੱਚ ਫੁੱਟ ਸੀ, ਕਿਓਂਕਿ ਹੁਣ ਇਸਦੀ ਵਾਗਡੋਰ ਰਣਜੀਤ ਸਿੰਘ ਵਰਗੇ ਸਿਆਣੇ ਅਤੇ ਦੂਰ ਅੰਦੇਸ਼ੀ ਸਮਰਾਟ ਦੇ ਹੱਥ ਵਿੱਚ ਨਹੀਂ ਸੀ। ਮਹਾਰਾਜੇ ਦੇ ਸੱਤ ਪੁੱਤਰ ਸਨ, ਪਰ ਉਹ ਸਭ ਵੱਖ ਵੱਖ ਮਾਵਾਂ ਦੀ ਸੰਤਾਨ ਸਨ, ਅਤੇ ਜਿਵੇਂ ਕਿ ਦੁਨੀਆਂ ਦੀ ਹਰ ਮਾਂ ਇਹੋ ਚਹੁੰਦੀ ਹੈ ਕਿ ਚੌਧਰ ਉਸੇ ਦੇ ਪੁੱਤਰ ਨੂੰ ਹੀ ਮਿਲੇ, ਮਹਾਰਾਜੇ ਦੀ ਗੱਦੀ ਤੇ ਬੈਠਣ ਲਈ ਦੋ ਵੀ ਕਈ ਦਾਵੇਦਾਰ ਸਨ। ਇਹਨਾ ਸੱਤ ਪੁੱਤਰਾਂ (ਖੜਕ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ, ਕਸ਼ਮੀਰਾ ਸਿੰਘ, ਪਿਸ਼ੌਰਾ ਸਿੰਘ, ਮੁਲਤਾਨਾ ਸਿੰਘ ਅਤੇ ਦਲੀਪ ਸਿੰਘ) ਵਿੱਚੋਂ ਮੁੱਖ ਦਾਵੇਦਾਰ ਦੋ ਸਨ: ਖੜਕ ਸਿੰਘ ਅਤੇ ਸ਼ੇਰ ਸਿੰਘ। ਸਿੱਖ ਦਰਬਾਰ ਵੀ ਉਸ ਸਮੇ ਦੋ ਧੜਿਆਂ ਵਿੱਚ ਵੰਡਿਆਂ ਹੋਇਆ ਸੀ। ਇੱਕ ਧੜਾ ਜੰਮੂ ਦੇ ਡੋਗਰੇ ਸਰਦਾਰਾਂ ਦਾ ਸੀ, ਜਿਨ੍ਹਾ ਦਾ ਮੁੱਖੀ ਵਜੀਰ ਧਿਆਨ ਸਿੰਘ ਸੀ। ਦੂਸਰਾ ਧੜਾ ਸੰਧਾਂਵਾਲੀਏ ਸਰਦਾਰਾਂ ਦਾ ਸੀ, ਜਿਨ੍ਹਾਂ ਵਿੱਚੋਂ ਲਹਿਣਾ ਸਿੰਘ ਅਤੇ ਉਸਦਾ ਭਤੀਜਾ ਅਜੀਤ ਸਿੰਘ ਮੋਢੀ ਸਨ। ਧਿਆਨ ਸਿੰਘ ਚਾਹੁੰਦਾ ਸੀ ਕਿ ਸ਼ੇਰ ਸਿੰਘ ਮਹਾਰਾਜਾ ਬਣੇ, ਪਰ ਸੰਧਾਂਵਾਲੀਏ ਖੜਕ ਸਿੰਘ ਦੇ ਹੱਕ ਵਿੱਚ ਸਨ। ਸ਼ੇਰ ਸਿੰਘ ਦਾ ਪਲੜਾ ਇਸ ਸਮੇ ਹਲਕਾ ਸੀ, ਕਿਉਂਕਿ ਆਪਣੇ ਜੀਵਨ ਕਾਲ ਵਿੱਚ ਹੀ ਉਸਦਾ ਪਿਤਾ ਉਸਦੇ ਭਰਾ ਖੜਕ ਸਿੰਘ ਨੂੰ ਆਪਣਾ ਉੱਤਰਅਧਿਕਾਰੀ ਐਲਾਨ ਕਰ ਚੁੱਕਾ ਸੀ। ਪਰ ਸ਼ਾਇਦ ਮਹਾਰਾਜੇ ਦੇ ਸਭ ਪੁੱਤਰਾਂ ਵਿੱਚੋਂ ਉਸਦੇ ਤਖਤ ਤੇ ਬੈਠਣ ਦੇ ਅਯੋਗ ਵੀ ਉਹੋ ਸੀ।

ਖੈਰ ਸ਼ੇਰੇ ਪੰਜਾਬ ਦੇ ਤਖਤ ਤੇ ਖੜਕ ਸਿੰਘ ਬਿਰਾਜਮਾਨ ਹੋ ਗਿਆ। ਸਭ ਸਿੱਖ ਸਰਦਾਰਾਂ, ਅਤੇ ਇਥੋਂ ਤੱਕ ਕਿ ਸਤਲੁਜ ਦੇ ਪਾਰ ਅੰਗਰੇਜਾਂ ਨੇ ਵੀ ਉਸਨੂੰ ਮਹਾਰਾਜਾ ਮੰਨ ਲਿਆ। ਮਰਨ ਤੋਂ ਕਈ ਮਹੀਨੇ ਪਹਿਲਾਂ ਸ਼ੇਰੇ ਪੰਜਾਬ ਬਿਮਾਰ ਹੋ ਗਿਆ ਸੀ। ਉਸਨੂੰ ਅਧਰੰਗ ਹੋ ਗਿਆ ਸੀ, ਅਤੇ ਉਹ ਚਲਣ ਫਿਰਨ, ਇਥੋਂ ਤੱਕ ਕਿ ਬੋਲ ਸਕਣ ਦੇ ਕਾਬਿਲ ਵੀ ਨਹੀਂ ਰਿਹਾ ਸੀ। ਇਸ ਸਮੇ ਰਾਜਕਾਜ ਦਾ ਸਾਰਾ ਕੰਮ ਵਜੀਰ ਧਿਆਨ ਸਿੰਘ ਦੇ ਹੱਥ ਵਿੱਚ ਰਿਹਾ ਸੀ, ਅਤੇ ਉਹ ਮਹਾਰਾਜੇ ਦੇ ਨਾਂ ਤੇ ਆਪਣੀ ਮਨਮਰਜੀ ਨਾਲ ਫੈਸਲੇ ਲੈਣ ਦਾ ਆਦੀ ਹੋ ਚੁੱਕਾ ਸੀ। ਹੁਣ ਉਸਦੀ ਮਨਮਰਜੀ ਦਾ ਮਹਾਰਾਜਾ ਤਾਂ ਭਾਵੇਂ ਨਾ ਬਣਿਆ, ਪਰ ਉਹ ਫਿਰ ਵੀ ਖੁੱਸ਼ ਸੀ, ਕਿਉਂਕਿ ਮਹਾਰਾਜੇ ਖੜਕ ਸਿੰਘ ਨੂੰ ਰਾਜਕਾਜ ਦਾ ਕੋਈ ਅਨੁਭਵ ਨਹੀਂ ਸੀ, ਅਤੇ ਉਹ ਆਪਣੇ ਪਿਤਾ ਵਾਂਗ ਚੁਸਤ ਅਤੇ ਸਿਆਣਾ ਨਹੀਂ ਸੀ-ਸਿਆਣਿਆਂ ਦਾ ਕਹਿਣਾ ਹੈ ਕਿ ਬੋਹੜ ਥੱਲੇ ਕਦੀ ਕੋਈ ਹੋਰ ਬੋਹੜ ਨਹੀਂ ਉੱਗਦਾ। ਨਵੇਂ ਮਹਾਰਾਜੇ ਦਾ ਆਲਸ ਅਤੇ ਉਸਦੀ ਅਨੁਭਵਹੀਣਤਾ ਵਜੀਰ ਲਈ ਬੜੀ ਵਧੀਆ ਗੱਲ ਸੀ, ਕਿਉਂਕਿ ਉਹ ਪਹਿਲਾਂ ਵਾਂਗ ਆਪਣੀ ਮਨਮਰਜੀ ਕਰਨ ਲਈ ਅਜਾਦ ਸੀ। ਪਰ ਵਜੀਰ ਦੀ ਆਸ ਦੇ ਉੱਲਟ ਇਸ ਵਿੱਚ ਇੱਕ ਅੜਿੱਕਾ ਪੈਦਾ ਹੋ ਗਿਆ।

ਮਹਾਰਾਜੇ ਖੜਕ ਸਿੰਘ ਦੀ ਆਪਣੇ ਸਾਲੇ (ਪਤਨੀ ਦੇ ਚਚੇਰੇ ਭਰਾ) ਚੇਤ ਸਿੰਘ ਬਾਜਵੇ ਨਾਲ ਬਹੁਤ ਯਾਰੀ ਸੀ। ਚੇਤ ਸਿੰਘ ਇੱਕ ਚਲਾਕ ਚੁਸਤ ਬੰਦਾ ਸੀ, ਅਤੇ ਜਲਦੀ ਹੀ ਉਹ ਮਹਾਰਾਜੇ ਦਾ ਭਰੋਸੇਮੰਦ ਸਲਾਹਕਾਰ ਬਣ ਗਿਆ। ਵਜੀਰ ਨੂੰ ਇਹ ਗੱਲ ਬਿਲਕੁਲ ਦਰਕਾਰ ਨਹੀਂ ਸੀ। ਉਹ ਉੱਤੋਂ ਤਾਂ ਚੁੱਪ ਰਿਹਾ, ਪਰ ਮਨ ਹੀ ਮਨ ਵਿੱਚ ਚੇਤ ਸਿੰਘ ਤੋਂ ਛੁਟਕਾਰਾ ਪਾਉਣ ਦੀਆਂ ਸਕੀਮਾਂ ਸੋਚਣ ਲੱਗਾ। ਅੰਗਰੇਜ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਖੜਕ ਸਿੰਘ ਮਨ ਦਾ ਕਮਜੋਰ, ਆਲਸੀ ਅਤੇ ਭੋਗਵਿਲਾਸੀ ਸੀ। ਉਹ ਅਫੀਮ ਅਤੇ ਭੰਗ ਦੇ ਨਸ਼ੇ ਦਾ ਆਦੀ ਸੀ।ਸਿੱਖ ਇਤਿਹਾਸਕਾਰਾਂ ਅਨੁਸਾਰ ਉਹ ਇੱਕ ਨੇਕ, ਸਿੱਧਾ ਸਾਧਾ ਅਤੇ ਭੋਲਾ ਇਨਸਾਨ ਹੈ। ਕੁਝ ਵੀ ਹੋਵੇ ਇਹ ਤਾਂ ਸਾਫ ਹੈ ਕਿ ਉਹ ਏਡੇ ਵੱਡੇ ਸਾਮਰਾਜ ਨੂੰ ਸੰਭਾਲਣ ਯੋਗ ਵਿਅੱਕਤੀ ਨਹੀਂ ਸੀ, ਕਿਉਂਕਿ ਰਾਜ ਕਰਨਾ ਕਿਸੇ ਸਿੱਧੇ ਸਾਧੇ ਅਤੇ ਭੋਲੇ ਇਨਸਾਨ ਦੇ ਵੱਸ ਦੀ ਗੱਲ ਨਹੀਂ, ਉਹ ਵੀ ਉਸ ਦਰਬਾਰ ਵਿੱਚ ਜੋ ਧੜਿਆਂ ਵਿੱਚ ਵੰਡਿਆ ਹੋਵੇ। ਕਹਿੰਦੇ ਹਨ ਮੁਗਲ ਸਮਰਾਟ ਹਮਾਯੂੰ ਵੀ ਇੱਕ ਨੇਕ ਦਿਲ ਇਨਸਾਨ ਸੀ, ਅਤੇ ਜੇ ਇਹ ਸੱਚ

ਸੰਧਾਂਵਾਲੀਏ:

ਨੌਧ ਸਿੰਘ

ਬੁੱਧ ਸਿੰਘ
ਚੰਦਾ ਸਿੰਘ

ਚੜਤ ਸਿੰਘ
ਦਿਦਾਰ ਸਿੰਘ

ਮਹਾਂ ਸਿੰਘ
ਅਮੀਰ ਸਿੰਘ
(ਸੰਧਾਂਵਾਲੀਆ ਬਰਾਂਚ)

ਮਹਾਰਾਜਾ ਰਣਜੀਤ ਸਿੰਘ

1. ਅਤਰ ਸਿੰਘ
2.ਬੁੱਧ ਸਿੰਘ
3.ਵਸਾਵਾ ਸਿੰਘ
4.ਲਹਿਣਾ ਸਿੰਘ

1. ਮਹਾਰਾਜਾ ਖੜਕ ਸਿੰਘ
2, ਮਹਾਰਾਜਾ ਸ਼ੇਰ ਸਿੰਘ
3. ਤਾਰਾ ਸਿੰਘ
4. ਕਸ਼ਮੀਰਾ ਸਿੰਘ
5. ਪਿਸ਼ੌਰਾ ਸਿੰਘ
6. ਮੁਲਤਾਨਾ ਸਿੰਘ
7. ਮਹਰਾਜਾ ਦਲੀਪ ਸਿੰਘ

ਕੰਵਰ ਨੌਨਿਹਾਲ ਸਿੰਘ

1. ਅਜੀਤ ਸਿੰਘ
2. ਰਣਜੋਧ ਸਿੰਘ

(ਇਸ ਬੰਸਾਵਲੀ ਵਿੱਚ ਸਿਰਫ ਉਹ ਨਾਮ ਹੀ ਸ਼ਾਮਲ ਕੀਤੇ ਗਏ ਹਨ ਜਿਨ੍ਹਾ ਦਾ ਕੋਈ ਜਿਕਰ ਇਸ ਇਤਿਹਾਸ ਵਿੱਚ ਕੀਤਾ ਗਿਆ ਹੈ।)

ਜੰਮੂ ਡੋਗਰੇ:




SIKHBOOKCLUB.COM

(ਇਸ ਬੰਸਾਵਲੀ ਵਿੱਚ ਵੀ ਸਿਰਫ ਉਹ ਨਾਮ ਹੀ ਸ਼ਾਮਲ ਕੀਤੇ ਗਏ ਹਨ ਜਿਨ੍ਹਾ ਦਾ ਕੋਈ ਜਿਕਰ ਇਸ ਇਤਿਹਾਸ ਵਿੱਚ ਕੀਤਾ ਗਿਆ ਹੈ)

ਹੈ ਤਾਂ ਇਹ ਉਸਦੀ ਨੇਕ ਦਿਲੀ ਦਾ ਹੀ ਨਤੀਜਾ ਸੀ ਕਿ ਉਹ ਜਲਦੀ ਹੀ ਆਪਣਾ ਤਖਤ ਖੁਵਾ ਬੈਠਾ। ਉਸਦੇ ਆਪਣਿਆਂ ਨੇ ਹੀ ਉਸ ਨਾਲ ਗਦਾਰੀ ਕੀਤੀ।

ਖੈਰ ਸਿੱਖ ਦਰਬਾਰ ਵਿੱਚ ਜੋ ਦੋ ਮੁੱਖ ਧੜੇ ਸਨ, ਉਹਨਾ ਦਾ ਆਪਣਾ ਆਪਣਾ ਸਵਾਰਥ ਸੀ। ਸੰਧਾਂਵਾਲੀਏ ਮਹਾਰਾਜੇ ਦੇ ਸ਼ਰੀਕ ਸਨ। ਉਹ ਦਰਬਾਰ ਅਤੇ ਫੌਜਾਂ ਵਿੱਚ ਉੱਚੇ ਅਹੁਦਿਆਂ ਤੇ ਬਿਰਾਜਮਾਨ ਸਨ, ਅਤੇ ਮਹਾਰਾਜੇ ਦੇ ਰਿਸ਼ਤੇਦਾਰ ਹੋਣ ਦੇ ਨਾਤੇ ਚਾਹੁੰਦੇ ਸਨ ਕਿ ਰਾਜ ਦਰਬਾਰ ਵਿੱਚ ਉਹਨਾ ਦੀ ਸ਼ਾਨੋ ਸ਼ੌਕਤ ਕਾਇਮ ਰਹੇ। ਡੋਗਰਿਆਂ ਨਾਲ ਉਹ ਇਸ ਲਈ ਖੁੰਦਕ ਰੱਖਦੇ ਸਨ ਕਿਉਂਕਿ ਉਹ ਆਪਣੀ ਲਿਆਕਤ ਜਾਂ ਚਾਪਲੂਸੀ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਵਾਸ਼ਪਾਤਰ ਬਣ ਗਏ ਸਨ। ਧਿਆਨ ਸਿੰਘ ਵਜੀਰ ਬਣ ਗਿਆ ਅਤੇ ਉਸਦਾ ਭਰਾ ਗੁਲਾਬ ਸਿੰਘ ਜੰਮੂ ਦਾ ਰਾਜਾ ਬਣ ਗਿਆ ਸੀ। ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਮਹਾਰਾਜੇ ਦਾ ਚਹੇਤਾ ਸੀ। ਸ਼ੇਰੇ ਪੰਜਾਬ ਨੇ ਉਸਨੂੰ ਰਾਜੇ ਦਾ ਖਿਤਾਬ ਦਿੱਤਾ ਹੋਇਆ ਸੀ, ਅਤੇ ਪਿਆਰ ਨਾਲ ਉਸਨੂੰ ਚੰਚੜੀ ਕਹਿ ਕੇ ਬੁਲਾਉਂਦਾ ਹੁੰਦਾ ਸੀ। ਸੰਧਾਂਵਾਲੀਆਂ ਅਤੇ ਡੋਗਰਿਆਂ ਵਿੱਚ ਵੈਰ ਵਿਰੋਧ ਸੀ ਕਿਉਂਕਿ ਇੱਕੋ ਰਾਜੇ ਦੇ ਦੋ ਚਹੇਤਿਆਂ ਵਿੱਚ ਦੋਸਤੀ ਸੰਭਵ ਹੀ ਨਹੀਂ, ਉਹਨਾ ਵਿੱਚ ਸਿਰਫ ਈਰਖਾ ਅਤੇ ਮੁਕਾਬਲਾ ਹੀ ਸੰਭਵ ਹੈ।

ਮਹਾਰਾਜੇ ਖੜਕ ਸਿੰਘ ਦਾ ਸਾਲਾ ਇਹਨਾ ਦੋਵਾਂ ਧੜਿਆਂ ਨੂੰ ਹੀ ਨਹੀਂ ਭਾਉਂਦਾ ਸੀ, ਕਿਉਂਕਿ ਉਹ ਦੋਨਾਂ ਦੇ ਰਸਤੇ ਵਿੱਚ ਰੋੜਾ ਸੀ। ਮਹਾਰਾਜਾ ਇਹਨਾ ਦੀ ਸਲਾਹ ਤੋਂ ਜਿਆਦਾ ਚੇਤ ਸਿੰਘ ਦੀ ਸਲਾਹ ਤੇ ਵਿਸ਼ਵਾਸ਼ ਕਰਦਾ ਸੀ। ਸੋ ਚੇਤ ਸਿੰਘ ਨੂੰ ਰਸਤੇ ਵਿੱਚੋਂ ਹਟਾਉਣ ਦੇ ਇਹ ਦੋਵੇਂ ਧੜੇ ਚਾਹਵਾਨ ਸਨ। ਕਿਉਂਕਿ ਸਿੱਖ ਰਾਜ ਦੀ ਬਰਬਾਦੀ ਵਿੱਚ ਇਹਨਾ ਦੋਵਾਂ ਖਾਨਦਾਨਾਂ ਦਾ ਅਹਿਮ ਕਿਰਦਾਰ ਹੈ, ਅਤੇ ਇਸ ਬਰਬਾਦੀ ਵਿੱਚ ਇਹਨਾ ਪਰਵਾਰਾਂ ਦੇ ਕਈ ਮੈਂਬਰ ਸ਼ਾਮਲ ਹੋਏ, ਇਸ ਲਈ ਇਹਨਾ ਖਾਨਦਾਨਾਂ ਦੀ ਬੰਸਾਵਲੀ ਤੇ ਨਜਰ ਮਾਰਨਾ ਜਰੂਰੀ ਹੈ।

ਬਹੁਤ ਧਿਆਨ ਨਾਲ ਸੋਚਣ ਤੇ ਧਿਆਨ ਸਿੰਘ ਨੂੰ ਇੱਕ ਸਕੀਮ ਸੁੱਝੀ ਜਿਸ ਨਾਲ ਚੇਤ ਸਿੰਘ ਨੂੰ ਰਸਤੇ ਵਿੱਚੋਂ ਹਟਾਇਆ ਜਾ ਸਕੇ, ਅਤੇ ਇਹ ਸਕੀਮ ਅਜਿਹੀ ਸੀ ਕਿ ਸੱਪ ਵੀ ਮਰ ਜਾਏ ਅਤੇ ਲਾਠੀ ਵੀ ਨਾਂ ਟੁੱਟੇ। ਮਹਾਰਾਜੇ ਖੜਕ ਸਿੰਘ ਦਾ ਪੁੱਤਰ ਕੰਵਰ ਨੌਨਿਹਾਲ ਸਿੰਘ ਜੋਸ਼ੀਲਾ ਅਤੇ ਪ੍ਰਤੀਭਾਸ਼ਾਲੀ ਨੌਜਵਾਨ ਸੀ। ਉਹ ਬੜਾ ਯੋਗ ਅਤੇ ਹੋਣਹਾਰ ਸੀ। ਆਪਣੇ ਦਾਦੇ ਰਣਜੀਤ ਸਿੰਘ ਵਾਂਗ ਹੀ ਬਹਾਦਰ ਸੀ। ਪਰ ਉਸ ਵਿੱਚ ਇੱਕ ਵੱਡੀ ਕਮਜੋਰੀ ਵੀ ਸੀ। ਉਹ ਜਲਦੀ ਤੋਂ ਜਲਦੀ ਮਹਾਰਾਜਾ ਬਣਨਾ ਚਾਹੁੰਦਾ ਸੀ। ਉਸਦੀ ਇਸੇ ਕਮਜੋਰੀ ਦਾ ਫਾਇਦਾ ਚਲਾਕ ਵਜੀਰ ਨੇ ਉਠਾਉਣ ਦਾ ਫੈਸਲਾ ਕੀਤਾ।

ਕੰਵਰ ਨੌਨਿਹਾਲ ਸਿੰਘ ਇਸ ਸਮੇ ਉੱਤਰ-ਪੱਛਮੀ ਸਰਹੱਦ ਤੇ ਪਿਸ਼ਾਵਰ ਦਾ ਗਵੱਰਨਰ ਸੀ। ਧਿਆਨ ਸਿੰਘ ਨੇ ਆਪਣੇ ਭਰਾ ਰਾਜੇ ਗੁਲਾਬ ਸਿੰਘ ਨੂੰ ਭੇਜ ਕੇ ਉਸਨੂੰ ਲਹੌਰ ਬੁਲਵਾ ਲਿਆ, ਅਤੇ ਉਸਦੇ ਪਿਤਾ ਮਹਾਰਾਜੇ ਖੜਕ ਸਿੰਘ ਦੇ ਖਿਲਾਫ ਖੂਬ ਕੰਨ ਭਰੇ। ਉਸ ਕਿਹਾ ਕਿ ਤੇਰਾ ਪਿਤਾ ਕਮਜੋਰ, ਆਲਸੀ ਅਤੇ ਅਮਲੀ ਹੈ, ਉਹ ਰਾਜਕਾਜ ਦਾ ਕੰਮ ਨਹੀਂ ਸੰਭਾਲ ਸਕਦਾ, ਉਹ ਤੇਰੇ ਮਾਮੇ ਚੇਤ ਸਿੰਘ ਦੇ ਹੱਥਾਂ ਵਿੱਚ ਖੇਡ ਰਿਹਾ ਹੈ, ਅਤੇ ਚੇਤ ਸਿੰਘ ਅੰਗਰੇਜਾਂ ਨਾਲ ਮਿਲਿਆ ਹੋਇਆ ਹੈ, ਜੇ ਇਹੋ ਹਾਲ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਅੰਗਰੇਜਾਂ ਦੇ ਕਬਜੇ ਵਿੱਚ ਚਲਿਆ ਜਾਏਗਾ। ਕੰਵਰ ਵਜੀਰ ਦੀ ਚਲਾਕੀ ਨਾ ਸਮਝ ਸਕਿਆ, ਅਤੇ ਉਸਦੇ ਜਾਲ ਵਿੱਚ ਫਸ ਗਿਆ। ਰਾਜਭਾਗ ਦਾ ਲਾਲਚ ਚੀਜ ਹੀ ਅਜਿਹੀ ਹੈ ਕਿ ਇਨਸਾਨ ਅੰਨਾ ਹੋ ਜਾਂਦਾ ਹੈ, ਅਤੇ ਇਸਨੂੰ ਪਾਉਣ ਲਈ ਸਭ ਰਿਸ਼ਤੇ ਨਾਤੇ ਭੁੱਲ ਜਾਂਦਾ ਹੈ। ਪੁੱਤਰ ਪਿਉ ਦੇ ਅਤੇ ਭਰਾ ਭਰਾ ਦੇ ਖੂਨ ਦਾ ਪਿਆਸਾ ਹੋ ਜਾਂਦਾ ਹੈ। ਇਹ ਕੋਈ ਨਵੀਂ ਗੱਲ ਨਹੀਂ। ਮੁਗਲ ਸਮਰਾਟਾਂ ਦੇ ਆਪਣੇ ਭਰਾਵਾਂ ਅਤੇ ਪੁੱਤਰਾਂ ਦੇ ਖੂਨ ਨਾਲ ਰੰਗੇ ਹੱਥ ਇਸਦੀ ਗਵਾਹੀ ਭਰਦੇ ਹਨ। ਸਿੱਖ ਸ਼ਾਹੀ ਪਰਵਾਰ ਨਾਲ ਵੀ ਹੁਣ ਇਹੋ ਹੋਣ ਵਾਲਾ ਸੀ।

ਨੌਨਿਹਾਲ ਸਿੰਘ ਦੇ ਲਹੌਰ ਆਉਣ ਦੇ ਥੋੜੇ ਦਿਨਾ ਬਾਹਦ ਹੀ ਇੱਕ ਦਿਨ ਅੱਧੀ ਰਾਤ ਦੇ ਹਨੇਰੇ

ਵਿਚ ਧਿਆਨ ਸਿੰਘ, ਗੁਲਾਬ ਸਿੰਘ ਅਤੇ ਉਹਨਾ ਦੇ ਕੁਝ ਭਰੋਸੇ ਯੋਗ ਸਾਥੀ ਕੰਵਰ ਨੌਨਿਹਾਲ ਸਿੰਘ ਨਾਲ ਮਹੱਲ ਵਿੱਚ ਦਾਖਲ ਹੋਏ। ਨਿਸ਼ਾਨਾ ਸੀ ਚੇਤ ਸਿੰਘ। ਵਿਚਾਰੇ ਚੇਤ ਸਿੰਘ ਨੂੰ ਵੀ ਕਿਸੇ ਤਰਾਂ ਪਤਾ ਲੱਗ ਗਿਆ ਕਿ ਮੌਤ ਉਸਦੇ ਸਿਰ ਤੇ ਕੂਕ ਰਹੀ ਹੈ। ਜਾਨ ਹਿਆਉਣਾ ਉਹ ਭੱਜ ਕੇ ਮਹਾਰਾਜੇ ਦੇ ਕਮਰੇ ਵਿੱਚ ਪਲੰਘ ਥੱਲੇ ਵੜ ਗਿਆ। ਪਰ ਕ਼ਾਤਲ ਆਪਣੇ ਸ਼ਿਕਾਰ ਦਾ ਪਿੱਛਾ ਕਰਦੇ ਹੋਏ ਉਥੇ ਵੀ ਪਹੁੰਚ ਗਏ, ਅਤੇ ਉਸਨੂੰ ਪਲੰਘ ਥੱਲਿਉਂ ਧੂਹ ਕੇ ਬਾਹਰ ਕੱਢ ਲਿਆ। ਕਮਜੋਰ ਮਹਾਰਾਜੇ ਦਾ ਕੋਈ ਵੱਸ ਨਾ ਚਲਿਆ। ਉਹ ਵਾਸਤੇ ਹੀ ਪਾਉਂਦਾਂ ਰਹਿ ਗਿਆ ਕਿ ਇਸਦੀ ਜਾਨ ਬਖਸ਼ੀ ਕਰ ਦਵੋ, ਪਰ ਗੁਲਾਬ ਸਿੰਘ ਨੇ ਉਸਨੂੰ ਕਲਾਵਾ ਮਾਰ ਲਿਆ, ਅਤੇ ਧਿਆਨ ਸਿੰਘ ਨੇ ਛੁਰਾ ਮਾਰਕੇ ਉਸਦਾ ਤਾਣਾ ਪੇਟਾ ਬਾਹਰ ਕੱਢ ਦਿੱਤਾ। ਕਾਤਲਾਂ ਦੇ ਸਿਰ ਖੂਨ ਸਵਾਰ ਸੀ। ਚੇਤ ਸਿੰਘ ਨੂੰ ਮਾਰਕੇ ਹੁਣ ਉਹਨਾ ਨੇ ਉਸਦੇ ਮਾਲਕ ਖੜਕ ਸਿੰਘ ਵੱਲ ਧਿਆਨ ਕੀਤਾ, ਪਰ ਐਨ ਵਕਤ ਨੌਨਿਹਾਲ ਦੇ ਮਨ ਵਿੱਚ ਪਿੱਤਰ-ਮੋਹ ਦੀ ਸੁੱਤੀ ਹੋਈ ਚਿੰਗਾੜੀ ਭਖੀ, ਅਤੇ ਉਸਨੇ ਆਪਣੇ ਪਿਉ ਦੀ ਜਾਨ ਬਖਸ਼ਾ ਲਈ। ਇਹ ਕਾਰਾ 8 ਅਕਤੂਬਰ 1839 ਨੂੰ ਕੀਤਾ ਗਿਆ। ਮਹਾਰਾਜੇ ਨੂੰ ਮਹੱਲ ਤੋਂ ਬਾਹਰ ਲਿਜਾ ਕੇ ਇੱਕ ਹਵੇਲੀ ਵਿੱਚ ਰੱਖਿਆ ਗਿਆ, ਜਿੱਥੇ ਉਸਤੇ ਚੌਵੀ ਘੰਟੇ ਨਜਰ ਰੱਖੀ ਜਾਂਦੀ। ਲੋਕਾਂ ਨੂੰ ਇਹ ਦੱਸਿਆ ਗਿਆ ਕਿ ਮਹਾਰਾਜਾ ਸਖਤ ਬਿਮਾਰ ਹੈ, ਇਸ ਲਈ ਰਾਜ ਭਾਗ ਦਾ ਕੰਮ ਉਸਦਾ ਪੁੱਤਰ ਅਤੇ ਉੱਤਰਅਧਿਕਾਰੀ ਕੰਵਰ ਨੌਨਿਹਾਲ ਸਿੰਘ ਸੰਭਾਲੇਗਾ। ਇਸ ਤਰਾਂ ਇਹ ਕਮਜੋਰ ਰਾਜਾ ਤਖਤ ਤੇ ਬੈਠਣ ਦੇ ਚਾਰ ਮਹੀਨੇ ਤੋਂ ਵੀ ਪਹਿਲਾਂ ਆਪਣੇ ਹੀ ਰਾਜ ਵਿੱਚ ਇੱਕ ਕੈਦੀ ਦੀ ਜਿੰਦਗੀ ਕੱਟਣ ਲੱਗਾ। ਇਸ ਸਾਜਿਸ਼ ਵਿੱਚ ਉਸਦੇ ਆਪਣੇ ਹੀ ਪੁੱਤਰ ਅਤੇ ਵਜੀਰ ਤੋਂ ਇਲਾਵਾ ਉਸਦੀ ਮਹਾਰਾਣੀ ਚੰਦ ਕੌਰ ਸ਼ਾਮਲ ਸੀ। ਕੋਈ ਵੀ ਨਹੀਂ ਸੀ ਚਾਹੁੰਦਾ ਕਿ ਇਸ ਬਦਕਿਸਮਤ ਇਨਸਾਨ ਦੀ ਜਿੰਦਗੀ ਲੰਮੀ ਹੋਵੇ। ਆਮ ਲੋਕਾਂ ਦਾ ਇਹ ਵਿਸ਼ਵਾਸ ਸੀ ਕਿ ਖੜਕ ਸਿੰਘ ਨੂੰ ਹੌਲੀ ਹੌਲੀ ਅਸਰ ਕਰਨ ਵਾਲਾ ਜਹਿਰ ਖਾਣੇ ਵਿੱਚ ਮਿਲਾ ਕੇ ਦਿੱਤਾ ਗਿਆ। ਅੰਤ 5 ਨਵੰਬਰ 1840 ਨੂੰ ਇਹ ਵਿਚਾਰਾ ਇਨਸਾਨ ਬਿਮਾਰੀ ਜਾਂ ਜਹਿਰ ਦੇ ਅਸਰ ਕਾਰਨ 38 ਸਾਲ ਦੀ ਉਮਰ ਭੋਗ ਕੇ ਇਸ ਬੇਵਫਾ ਦੁਨੀਆਂ ਨੂੰ ਛੱਡਕੇ ਚਲਾ ਗਿਆ। ਉਸਦੇ ਨਜਰਬੰਦ ਹੋਣ ਅਤੇ ਮੌਤ ਦੇ ਦਰਮਿਆਨ ਦੇ ਸਮੇ, ਕੋਈ ਤੇਰਾਂ ਕੁ ਮਹੀਨੇ ਉਸਦੇ ਨਾਮ ਤੇ ਉਸਦਾ ਪੁੱਤਰ ਨੌਨਿਹਾਲ ਸਿੰਘ ਰਾਜ ਕਰਦਾ ਰਿਹਾ।

ਆਪਣੇ ਪਿਤਾ ਦੇ ਵਿਰੁੱਧ ਵਜੀਰ ਨਾਲ ਮਿਲਕੇ ਇਹ ਸਾਜਿਸ਼ ਨੌਨਿਹਾਲ ਨੇ ਰਾਜ ਭਾਗ ਤੇ ਕਬਜਾ ਕਰਨ ਲਈ ਕੀਤੀ ਸੀ, ਪਰ ਉਸ ਜਲਦੀ ਹੀ ਵੇਖ ਲਿਆ ਕਿ ਵਜੀਰ ਨੇ ਉਸਨੂੰ ਹਾਕਮ ਬਨਾਉਣ ਲਈ ਨਹੀਂ ਸਗੋਂ ਉਸਨੂੰ ਆਪਣੀ ਕਠਪੁਤਲੀ ਬਣਾ ਕੇ ਹੱਥਾਂ ਤੇ ਨਚੌਣ ਲਈ ਇਹ ਚਾਲ ਚੱਲੀ ਸੀ। ਕੰਵਰ ਨੌਨਿਹਾਲ ਸਿੰਘ ਕਠਪੁਤਲੀ ਬਣਕੇ ਰਾਜ ਕਰਨ ਦਾ ਚਾਹਵਾਨ ਨਹੀਂ ਸੀ। ਪਰ ਡੋਗਰੇ ਭਰਾ ਬਹੁਤ ਤਾਕਤਵਰ ਸਨ, ਅਤੇ ਉਸਦੇ ਸਭ ਭੇਤ ਜਾਣਦੇ ਸਨ, ਇਸ ਲਈ ਉਹ ਖੁੱਲੇਆਮ ਕੁਝ ਨਹੀਂ ਕਰ ਸਕਦਾ ਸੀ, ਪਰ ਉਸ ਮਨ ਹੀ ਮਨ ਵਿੱਚ ਇਹ ਫੈਸਲਾ ਕਰ ਲਿਆ ਕਿ ਇਹਨਾ ਡੋਗਰਿਆਂ ਦੀ ਸ਼ਕਤੀ ਨੂੰ ਜੇ ਖਤਮ ਨਹੀਂ ਕੀਤਾ ਜਾ ਸਕਦਾ, ਤਾਂ ਕਮ ਸੇ ਕਮ ਇਸਨੂੰ ਸੀਮਤ ਕਰ ਦਿੱਤਾ ਜਾਏ।

ਜਲਦੀ ਹੀ ਕੰਵਰ ਨੇ ਇਹ ਕੰਮ ਸ਼ੁਰੂ ਵੀ ਕਰ ਦਿੱਤਾ, ਅਤੇ ਇਹ ਕਰਨ ਦਾ ਬਹਾਨਾ ਉਸਨੂੰ ਦਿੱਤਾ ਪਹਾੜੀ ਰਾਜਿਆਂ ਨੇ। ਮੰਡੀ, ਕਾਂਗੜੇ ਅਤੇ ਕੁਝ ਕੁ ਹੋਰ ਰਿਆਸਤਾਂ ਨਜ਼ਰਾਨੇ ਦੀ ਰਕਮ ਅਦਾ ਕਰਨ ਵਿੱਚ ਅਕਸਰ ਢਿੱਲ ਮੱਠ ਕਰਦੀਆਂ ਸਨ। ਉਹਨਾ ਨੂੰ ਇਹ ਯਾਦ ਕਰਵਾਉਣ ਲਈ ਕਿ ਉਹ ਖਾਲਸੇ ਦੇ ਅਧੀਨ ਹਨ, ਅਤੇ ਇਹ ਕਿ ਨਜ਼ਰਾਨਾ ਤਾਰਨ ਵਿੱਚ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਏਗੀ, ਕੰਵਰ ਨੇ ਕਾਂਗੜਾ ਅਤੇ ਮੰਡੀ ਵੱਲ ਆਪਣੀ ਫੌਜ ਭੇਜੀ। ਇਹ ਰਿਆਸਤਾਂ ਜੰਮੂ ਦੇ ਡੋਗਰੇ ਭਰਾਵਾਂ ਦੀਆਂ ਜਗੀਰਾਂ ਦੇ ਨਜਦੀਕ ਸਨ, ਅਤੇ ਮੌਕਾ ਪੈਣ ਤੇ ਇਹ ਫੌਜ ਉਹਨਾ ਵਿਰੁੱਧ ਵੀ ਵਰਤੀ ਜਾ ਸਕਦੀ ਸੀ। ਇਸ ਫੌਜ ਦੇ ਜਰਨੈਲ ਵੀ ਉਹ ਸਨ ਜੋ ਡੋਗਰਿਆਂ ਦੇ ਕੱਟੜ ਵਿਰੋਧੀ ਸਨ: ਅਜੀਤ

ਸਿੰਘ ਸੰਧਾਂਵਾਲੀਆ ਅਤੇ ਫਰਾਂਸੀਸੀ ਜਰਨੈਲ ਵੈਂਚੂਰਾ। ਇਹ ਕੰਵਰ ਨੇ ਇਸ ਲਈ ਕੀਤਾ ਤਾਂਕਿ ਡੋਗਰਿਆਂ ਦਾ ਧਿਆਨ ਸਿਆਸੀ ਚਾਲਾਂ ਵੱਲੋਂ ਹਟਕੇ ਆਪਣੀਆਂ ਜਗੀਰਾਂ ਬਚਾਉਣ ਵੱਲ ਹੋਏ।ਅਤੇ ਠੀਕ ਹੀ ਕੁਝ ਸਮੇਂ ਲਈ ਤਾਂ ਡੋਗਰੇ ਆਪਣਾ ਧਿਆਨ ਪੰਜਾਬ ਦੇ ਤਖਤ ਤੇ ਕਬਜਾ ਕਰਨ ਦੇ ਮਨਸੂਬਿਆਂ ਵੱਲੋਂ ਹਟਾ ਕੇ ਆਪਣੀਆਂ ਜਗੀਰਾਂ ਬਚਾਉਣ ਵੱਲ ਦੇਣ ਲੱਗੇ।

ਕੰਵਰ ਵਿੱਚ ਯੋਗਤਾ ਸੀ। ਉਹ ਮਹਾਰਾਜਾ ਬਣਨ ਦੀ ਕਾਹਲ ਵਿੱਚ ਤਾਂ ਜਰੂਰ ਸੀ, ਅਤੇ ਇਸ ਲਈ ਉਸਨੇ ਆਪਣੇ ਪਿਤਾ ਨਾਲ ਧੋਖਾ ਵੀ ਕੀਤਾ ਸੀ, ਪਰ ਰਾਜ ਪ੍ਰਬੰਧ ਚਲਾਉਣਾ ਕਿਸ ਤਰਾਂ ਹੈ, ਇਸ ਗੱਲ ਦਾ ਗਿਆਨ ਅਤੇ ਅਨੁਭਵ ਵੀ ਉਸ ਵਿੱਚ ਸੀ। ਉਸਨੇ ਰਾਜ ਪ੍ਰਬੰਧ ਇਸ ਤਰਾਂ ਚਲਾਇਆ ਕਿ ਮੁਲਖ ਵਿੱਚ ਹਰ ਪਾਸੇ ਅਮਨ ਅਮਾਨ ਹੋ ਗਿਆ। ਲੋਕਾਂ ਨੂੰ ਆਪਣਾ ਜਾਨ ਮਾਲ ਸੁਰੱਖਿਅਤ ਲੱਗਣ ਲੱਗ ਪਿਆ। ਹਰ ਇੱਕ ਨੂੰ ਇਨਸਾਫ ਮਿਲਣ ਲੱਗ ਪਿਆ। ਲੋਕਾਂ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਸ਼ੇਰੇ ਪੰਜਾਬ ਦਾ ਰਾਜ ਮੁੜ ਆਇਆ ਹੋਏ। ਲੱਗਦਾ ਸੀ ਕਿ ਹੁਣ ਡੋਗਰੇ ਵੀ ਚੁੱਪ ਬੈਠ ਜਾਣਗੇ। ਡੋਗਰਿਆਂ ਵੇਖ ਲਿਆ ਸੀ ਕਿ ਜਿਸਨੂੰ ਉਹ ਪਾਲਤੂ ਬਿੱਲੀ ਬਣਾ ਕੇ ਰੱਖਣਾ ਚਾਹੁੰਦੇ ਸਨ ਉਹ ਤਾਂ ਸ਼ੇਰ ਹੈ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜੂਰ ਸੀ।

ਕੰਵਰ ਨੌਨਿਹਾਲ ਸਿੰਘ ਦਾ ਪਿਤਾ ਮਹਾਰਾਜਾ ਖੜਕ ਸਿੰਘ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਕੇ 5 ਨਵੰਬਰ 1840 ਨੂੰ ਸਭ ਦੁੱਖ ਤਕਲੀਫਾਂ ਤੋਂ ਮੁਕਤ ਹੋ ਗਿਆ। ਆਪਣੇ ਪਿਤਾ ਦੀ ਚਿਤਾ ਨੂੰ ਕੰਵਰ ਨੇ ਲਾਂਬੂ ਆਪ ਲਾਇਆ। ਕੰਵਰ ਨੇ ਤਾਂ ਰਾਜ ਭਾਗ ਦੀ ਵਾਗ ਡੋਰ ਪਹਿਲਾਂ ਹੀ ਆਪਣੇ ਹੱਥ ਸੰਭਾਲ ਰੱਖੀ ਸੀ। ਸਿਰਫ ਤਾਜਪੋਸ਼ੀ ਦੀ ਰਸਮ ਹੀ ਬਾਕੀ ਸੀ। ਆਪਣੇ ਪਿਤਾ ਨੂੰ ਜਿਉਂਦੇ ਜੀ ਹੀ ਰਾਜ ਭਾਗ ਤੋਂ ਵਾਂਜਿਆ ਕਰਨ ਵਾਲੇ ਇਸ ਪੁੱਤਰ ਦੇ ਮਨ ਵਿੱਚ ਕੀ ਚੱਲ ਰਿਹਾ ਸੀ ਇਹ ਤਾਂ ਕੋਈ ਨਹੀਂ ਦੱਸ ਸਕਦਾ, ਪਰ ਮਹੱਲ ਨੂੰ ਵਾਪਸ ਮੁੜਦੇ ਹੋਏ ਜਦੋਂ ਮੁੱਖ ਦਰਵਾਜੇ ਥੱਲਿਉਂ ਗੁਜਰਿਆ ਤਾਂ ਉੱਤੋਂ ਇੱਕ ਪੱਥਰ ਦੀ ਭਾਰੀ ਸਿਲ ਇਸਦੇ ਸਿਰ ਤੇ ਡਿੱਗੀ, ਜਿਸ ਨਾਲ ਕੰਵਰ ਜਖਮੀ ਹੋ ਕੇ ਡਿੱਗ ਪਿਆ। ਕੰਵਰ ਨੂੰ ਉਥੋਂ ਚੁਕਵਾ ਕੇ ਵਜੀਰ ਧਿਆਨ ਸਿੰਘ ਮਹੱਲ ਵਿੱਚ ਲੈ ਗਿਆ। ਉਥੇ ਕੀ ਹੋਇਆ, ਇਸ ਬਾਰੇ  ਇਤਿਹਾਸਕਾਰਾਂ ਦੇ ਵੱਖ ਵੱਖ ਵਿਚਾਰ ਹਨ। ਕਈਆਂ ਦਾ ਕਹਿਣਾ ਹੈ ਕਿ ਕੰਵਰ ਦੇ ਜ਼ਖਮ ਏਨੇ ਮਾਰੂ ਨਹੀਂ ਸਨ, ਵਜੀਰ ਧਿਆਨ ਸਿੰਘ ਨੇ ਉਸਨੂੰ ਮਹੱਲ ਵਿੱਚ ਖੜਨ ਤੋਂ ਬਾਅਦ ਉਸਦਾ ਸਿਰ ਕੰਧ ਨਾਲ ਮਾਰ ਮਾਰ ਉਸਨੂੰ ਜਾਨੋਂ ਮਾਰਿਆ। ਹੋਰਨਾ ਦਾ ਕਹਿਣਾ ਹੈ ਕਿ ਕੰਵਰ ਦੀ ਮੌਤ ਇੱਕ ਕੁਦਰਤੀ ਘਟਨਾ ਸੀ। ਇਸ ਦੇ ਹੱਕ ਵਿੱਚ ਉਹ ਇਹ ਦਲੀਲ ਦਿੰਦੇ ਹਨ ਕਿ ਇਸ ਹਾਦਸੇ ਵਿੱਚ ਰਾਜੇ ਗੁਲਾਬ ਸਿੰਘ ਦਾ ਆਪਣਾ ਪੁੱਤਰ ਊਧਮ ਸਿੰਘ ਵੀ ਮਾਰਿਆ ਗਿਆ ਸੀ, ਇਸ ਲਈ ਇਹ ਕਰਤੂਤ ਵਜੀਰ ਧਿਆਨ ਸਿੰਘ ਦੀ ਨਹੀਂ ਹੋ ਸਕਦੀ। ਇਸਦੇ ਜਵਾਬ ਵਿੱਚ ਵਜੀਰ ਤੇ ਕਤਲ ਦਾ ਇਲਜ਼ਾਮ ਲਾਉਣ ਵਾਲੇ ਇਹ ਕਹਿੰਦੇ ਹਨ ਕਿ ਡੋਗਰੇ ਉਸ ਤੋਂ ਏਨਾ ਡਰਦੇ ਅਤੇ ਉਸਨੂੰ ਏਨੀ ਨਫਰਤ ਕਰਦੇ ਸਨ ਕਿ ਉਸਨੂੰ ਮਾਰਨ ਲਈ ਉਹਨਾ ਨੇ ਆਪਣੇ ਪੁੱਤਰ/ਭਤੀਜੇ ਦੀ ਬਲੀ ਦੇ ਦਿੱਤੀ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਕੰਵਰ ਉਹਨਾ ਨੂੰ ਤਬਾਹ ਕਰਨ ਦੇ ਮਨਸੂਬੇ ਬਣਾ ਰਿਹਾ ਸੀ, ਉਹ ਦਿਨ ਬਦਿਨ ਪਰਜਾ ਵਿੱਚ ਹਰਮਨ ਪਿਆਰਾ ਹੁੰਦਾ ਜਾ ਰਿਹਾ ਸੀ, ਤਖਤ ਤੇ ਉਸਦੀ ਪਕੜ ਮਜ਼ਬੂਤ ਹੁੰਦੀ ਜਾ ਰਹੀ ਸੀ। ਇਹ ਗੱਲਾਂ ਡੋਗਰਿਆਂ ਦੇ ਭਵਿੱਖ ਲਈ ਸ਼ੁਭ ਨਹੀਂ ਸਨ।ਪਰ ਕੁਝ ਸਮੇ ਲਈ ਠੀਕ ਹੀ ਡੋਗਰੇ ਆਪਣਾ ਧਿਆਨ ਪੰਜਾਬ ਦੇ ਤਖਤ ਤੇ ਕਬਜ਼ਾ ਕਰਨ ਦੀਆਂ ਚਾਲਾਂ ਵਲੋਂ ਹਟਾ ਕਿ ਆਪਣੀਆਂ ਜਗੀਰਾਂ ਬਚਾਉਣ ਵੱਲ ਦੇਣ ਲੱਗ ਪਏ। ਪਰ ਉਹ ਉਸ ਸਮੇ ਨੂੰ ਉਡੀਕਣ ਲੱਗੇ ਜਦੋਂ ਉਹ ਕੰਵਰ ਤੋਂ ਛੁਟਕਾਰਾ ਪਾ ਸਕਣ। ਸ਼ਾਇਦ ਉਹ ਸਮਾ ਇਹੋ ਸੀ। ਕਿਸੇ ਆਮ ਆਦਮੀ ਲਈ ਵੀ ਇਹਨਾ ਹਲਾਤਾਂ ਵਿੱਚ ਇਸਨੂੰ ਇੱਕ ਕੁਦਰਤੀ ਘਟਨਾ ਮੰਨ ਲੈਣਾ ਬਹੁਤ ਅਸੰਭਵ ਜਿਹੀ ਗੱਲ ਹੈ। ਇਹ ਵੀ ਸੱਚ ਹੈ ਕਿ ਕਤਲ

ਦੀਆਂ ਸਾਜਿਸ਼ਾਂ ਰਚਣਾ ਅਤੇ ਉਹਨਾ ਨੂੰ ਅੰਜਾਮ ਦੇਣਾ ਡੋਗਰੇ ਭਰਾਵਾਂ ਲਈ ਕੋਈ ਵੱਡੀ ਗੱਲ ਨਹੀਂ ਸੀ।

# ਮਹਾਰਾਣੀ ਚੰਦ ਕੌਰ

ਆਪਣੇ ਪਿਤਾ ਤੋਂ ਤਖਤ ਖੋਣ ਵਾਲੇ ਇਸ ਵੀਹ ਸਾਲਾ ਨੌਜਵਾਨ ਨੂੰ ਤਖਤਾ ਹੀ ਨਸੀਬ ਹੋਇਆ, ਅਤੇ ਦੋ ਦਿਨ ਬਾਹਦ ਉਸਦੀ ਚਿਤਾ ਵੀ ਆਪਣੇ ਪਿਉ ਦੀ ਚਿਤਾ ਦੇ ਲਾਗੇ ਬਲਣ ਲੱਗੀ। ਕੰਵਰ ਦਾ ਸਸਕਾਰ ਦੋ ਦਿਨ ਬਾਹਦ ਕੀਤਾ ਗਿਆ ਕਿਉਂਕਿ ਵਜੀਰ ਧਿਆਨ ਸਿੰਘ ਨੇ ਸਰਦਾਰਾਂ ਅਤੇ ਮੁੱਖ ਦਰਬਾਰੀਆਂ ਨੂੰ ਇਸ ਗੱਲ ਲਈ ਰਾਜੀ ਕਰਦਾ ਲਿਆ ਸੀ ਕਿ ਜਿਨ੍ਹਾ ਚਿਰ ਇਹ ਫੈਸਲਾ ਨਹੀਂ ਹੋ ਜਾਂਦਾ ਕਿ ਹੁਣ ਮਹਾਰਾਜਾ ਕੌਣ ਬਣੇਗਾ ਕੰਵਰ ਦੀ ਮੌਤ ਨੂੰ ਗੁਪਤ ਰੱਖਿਆ ਜਾਵੇ। ਵਜੀਰ ਮਹਾਰਾਜੇ ਦੇ ਦੂਸਰੇ ਪੁੱਤਰ ਸ਼ੇਰ ਸਿੰਘ ਨੂੰ ਮਹਾਰਾਜਾ ਬਨਾਉਣ ਦਾ ਚਾਹਵਾਨ ਸੀ। ਸ਼ੇਰ ਸਿੰਘ ਇਸ ਸਮੇ ਲਹੌਰ ਵਿਚ ਮਯੂਦ ਨਹੀਂ ਸੀ। ਉਹ ਬਟਾਲੇ ਆਪਣੀ ਜਗੀਰ ਵਿੱਚ ਸੀ। ਸ਼ੇਰ ਸਿੰਘ ਦੀ ਆਪਣੇ ਭਰਾ ਖੜਕ ਸਿੰਘ ਅਤੇ ਉਸਦੇ ਪਰਵਾਰ ਨਾਲ ਨਹੀਂ ਬਣਦੀ ਸੀ ਕਿਉਂਕਿ ਉਹ ਉਸਦੀ ਇਹ ਕਹਿ ਕੇ ਭੰਡਣੀ ਕਰਦੇ ਸਨ ਕਿ ਉਹ ਮਹਾਰਾਜੇ ਦੀ ਅਸਲੀ ਔਲਾਦ ਹੀ ਨਹੀਂ ਸੀ, ਭਾਵੇਂ ਆਪਣੇ ਜਿਊਂਦੇ ਜੀ ਸ਼ੇਰੇ ਪੰਜਾਬ ਨੇ ਇਹ ਕਦੀ ਨਹੀਂ ਕਿਹਾ ਸੀ ਕਿ ਸ਼ੇਰ ਸਿੰਘ ਉਸਦਾ ਪੁੱਤਰ ਨਹੀਂ ਸੀ। ਇਸ ਲਈ ਸ਼ੇਰ ਸਿੰਘ ਜਿਆਦਾਤਰ ਲਹੌਰ ਤੋਂ ਦੂਰ ਆਪਣੀ ਨਾਨੀ ਸਰਦਾਰਨੀ ਸਦਾ ਕੌਰ ਦੀ ਮਿਸਲ ਵਿੱਚ ਬਟਾਲੇ ਹੀ ਰਹਿੰਦਾ ਸੀ।

ਖੜਕ ਸਿੰਘ ਤੋਂ ਬਾਅਦ ਮਹਾਰਾਜੇ ਦਾ ਸਭ ਤੋਂ ਵੱਡਾ ਪੁੱਤਰ ਹੋਣ ਕਰਕੇ ਤਖਤ ਤੇ ਹੱਕ ਉਸੇ ਦਾ ਬਣਦਾ ਸੀ। ਵਜੀਰ ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਸੁਨੇਹਾਂ ਭੇਜਕੇ ਲਹੌਰ ਮੰਗਵਾ ਲਿਆ। ਪਰ ਮਹਾਰਾਜੇ ਖੜਕ ਸਿੰਘ ਦੀ ਵਿਧਵਾ, ਮਹਾਰਾਣੀ ਚੰਦ ਕੌਰ, ਨੇ ਕਿਹਾ ਕਿ ਉਸਦੀ ਨੂੰਹ, ਕੰਵਰ ਨੌਨਿਹਾਲ ਸਿੰਘ ਦੀ ਪਤਨੀ, ਗਰਭਵਤੀ ਹੈ, ਅਤੇ ਬਾਲਕ ਦੇ ਜਨਮ ਹੋਣ ਤੱਕ ਉਹ ਖੁਦ ਰਾਜਕਾਜ ਦਾ ਕੰਮ ਚਲਾਉਣਾ ਚਾਹੁੰਦੀ ਹੈ। ਵਜੀਰ ਨੇ ਸਲਾਹ ਦਿੱਤੀ ਕਿ ਪੰਜਾਬ ਦੇ ਪੁਰਾਤਨ ਸਮੇ ਤੋਂ ਪ੍ਰਚਲਤ ਰਿਵਾਜ ਅਨੁਸਾਰ ਜੇ ਰਾਣੀ ਆਪਣੇ ਦਿਉਰ ਸ਼ੇਰ ਸਿੰਘ ਦੀ ਚਾਦਰ ਪੁਵਾ ਕੇ ਉਸ ਨਾਲ ਵਿਆਹ ਕਰ ਲਵੇ ਤਾਂ ਸਾਰੀ ਸਮੱਸਿਆ ਹੱਲ ਹੋ ਸਕਦੀ ਹੈ। ਪਰ ਮਹਾਰਾਣੀ ਚਾਦਰ ਪੁਵਾਉਣੀ ਤਾਂ ਦੂਰ, ਸ਼ੇਰ ਸਿੰਘ ਦੇ ਨਾਂ ਤੋਂ ਵੀ ਨਫਰਤ ਕਰਦੀ ਸੀ।

ਇਸ ਮੌਕੇ ਸੰਧਾਂਵਾਲੀਏ ਸਰਦਾਰਾਂ ਨੇ ਖੁੱਲ ਕੇ ਮਹਾਰਾਣੀ ਚੰਦ ਕੌਰ ਦੀ ਹਮਾਇਤ ਕੀਤੀ। ਕਈ ਹੋਰ ਅਸਰ ਰਸੂਖ ਵਾਲੇ ਸਰਦਾਰਾਂ ਵੀ ਉਸਦਾ ਪੱਖ ਲਿਆ। ਮਹਾਰਾਣੀ ਦੇ ਪੇਕੇ ਕਨੱਈਆ ਮਿਸਲ ਦੇ ਸਰਦਾਰ ਸਨ। ਨੌਨਿਹਾਲ ਸਿੰਘ ਦੀ ਪਤਨੀ, ਰਾਣੀ ਨਾਨਕੀ, ਅਟਾਰੀਵਾਲੇ ਸਰਦਾਰ ਸ਼ਾਮ ਸਿੰਘ ਦੀ ਬੇਟੀ ਸੀ। ਸੋ ਇਸ ਵਕਤ ਮਹਾਰਾਣੀ ਦਾ ਪਲੜਾ ਭਾਰੀ ਸੀ। ਸੋ ਵਜੀਰ ਦੀ ਸਲਾਹ ਮੰਨ ਕੇ ਸ਼ੇਰ ਸਿੰਘ ਵਾਪਸ ਬਟਾਲੇ ਚਲਾ ਗਿਆ, ਅਤੇ ਮਹਾਰਾਜਾ ਬਣਨ ਲਈ ਕਿਸੇ ਬਿਹਤਰ ਮੌਕੇ ਦੀ ਉਡੀਕ ਕਰਨ ਲੱਗਾ।

ਪੰਜਾਬੀਆਂ ਨੂੰ ਕਿਸੇ ਔਰਤ ਦੀ ਹਕੂਮਤ ਵਿੱਚ ਰਹਿਣ ਦੀ ਆਦਤ ਨਹੀਂ ਸੀ। ਇੱਕ ਔਰਤ

ਲਈ ਇਸ ਬਹਾਦਰ ਅਤੇ ਅਜ਼ਾਦ ਕੌਮ (ਜੋ ਕੇਵਲ ਆਪਣੇ ਗੁਰੂ ਦੇ ਹੁਕਮ ਦੀ ਪਬੰਦ ਸੀ) ਤੇ ਰਾਜ ਕਰਨਾ ਅੱਤ ਮੁਸ਼ਕਿਲ ਕੰਮ ਸੀ, ਉਹ ਵੀ ਕਿਸੇ ਐਸੀ ਔਰਤ ਲਈ ਜਿਸਨੂੰ ਰਾਜ ਪ੍ਰਬੰਧ ਦਾ ਕੋਈ ਅਨੁਭਵ ਨਾਂ ਹੋਏ। ਦਰਬਾਰ ਸਮੇ ਵੀ ਉਸਨੂੰ ਘੁੰਢ ਵਿੱਚ ਰਹਿਣਾ ਪੈਂਦਾ ਸੀ, ਅਤੇ ਸਾਰੀ ਗੱਲ ਬਾਤ ਗੋਲੀਆਂ ਦੇ ਰਾਹੀਂ ਕਰਨੀ ਪੈਂਦੀ ਸੀ। ਖਾਲਸਾ ਫੌਜ ਨੂੰ ਕਾਬੂ ਵਿੱਚ ਰੱਖਣਾ ਕਿਸੇ ਮਰਦ ਮਨੁੱਖ ਦਾ ਹੀ ਕੰਮ ਸੀ। ਫਿਰ ਰਾਣੀ ਦਾ ਆਪਣਾ ਵਜ਼ੀਰ ਵੀ ਤਨੋਂ ਮਨੋਂ ਉਸਦੇ ਨਾਲ ਨਹੀਂ ਸੀ। ਉਹ ਫੌਜੀ ਸਰਦਾਰਾਂ ਨੂੰ ਤਨਖਾਹਾਂ ਵਧਾਉਣ ਦਾ ਲਾਲਚ ਦੇ ਕੇ ਸ਼ੇਰ ਸਿੰਘ ਦੇ ਪੱਖ ਵਿੱਚ ਕਰਨ ਵਿੱਚ ਸਫਲ ਹੋ ਗਿਆ। ਜਲਦੀ ਹੀ ਫੌਜ ਸ਼ੇਰ ਸਿੰਘ ਦੇ ਹੱਕ ਵਿੱਚ ਹੋ ਗਈ।ਅੰਗਰੇਜ਼ਾਂ ਨੇ ਖੁੱਲ ਕੇ ਤਾਂ ਕੁਝ ਨਾਂ ਕਿਹਾ, ਪਰ ਇਹ ਇਸ਼ਾਰਾ ਜਰੂਰ ਕਰ ਦਿੱਤਾ ਕਿ ਜੇ ਉਹ ਲਹੌਰ ਦੇ ਤਖਤ ਤੇ ਕਾਬਜ ਹੋ ਜਾਵੇ ਤਾਂ ਉਹ ਉਸਨੂੰ ਮਹਾਰਾਜਾ ਸਵੀਕਾਰ ਕਰ ਲੈਣਗੇ। ਰਾਣੀ ਦਾ ਇਹ ਰਾਜ ਸਿਰਫ ਕੋਈ ਦੋ ਕੁ ਮਹੀਨੇ ਦਾ ਪ੍ਰਹੁਣਾ ਹੀ ਸਾਬਤ ਹੋਇਆ। ਵਜ਼ੀਰ ਧਿਆਨ ਸਿੰਘ ਲੰਮੀ ਛੁੱਟੀ ਲੈ ਕੇ ਜੰਮੂ ਚਲਾ ਗਿਆ। ਉਸਨੇ ਸ਼ੇਰ ਸਿੰਘ ਨੂੰ ਸੁਨੇਹਾ ਭੇਜ ਦਿੱਤਾ ਕਿ ਲੋਹਾ ਪੂਰਾ ਗਰਮ ਹੈ, ਹੁਣ ਸੱਟ ਮਾਰਨ ਦਾ ਮੌਕਾ ਆ ਗਿਆ ਹੈ। 14 ਜਨਵਰੀ 1841 ਨੂੰ ਸ਼ੇਰ ਸਿੰਘ ਫੌਜ ਲੈ ਕੇ ਲਹੌਰ ਪਹੁੰਚ ਗਿਆ, ਅਤੇ ਕਿਲੇ ਨੂੰ ਘੇਰਾ ਪਾ ਲਿਆ। ਕਿਲੇ ਦੀਆਂ ਫੌਜਾ ਦੀ ਕਮਾਨ ਰਾਜੇ ਗੁਲਾਬ ਸਿੰਘ ਦੇ ਹੱਥ ਸੀ। ਮਮੂਲੀ ਜਿਹੀ ਲੜਾਈ ਤੋਂ ਬਾਅਦ ਉਹ ਸੁਲਹਾ ਲਈ ਰਾਜੀ ਹੋ ਗਿਆ। ਸ਼ਰਤ ਇਹ ਕਿ ਉਸਨੂੰ ਚੁੱਪ ਚਾਪ ਕਿਲੇ ਵਿੱਚੋਂ ਨਿਕਲ ਕੇ ਜੰਮੂ ਜਾਣ ਦਿੱਤਾ ਜਾਏ। ਸ਼ੇਰ ਸਿੰਘ ਨੇ ਇਹ ਸ਼ਰਤ ਸਵੀਕਾਰ ਕਰ ਲਈ, ਅਤੇ 14 ਜਨਵਰੀ ਦੀ ਰਾਤ ਗੁਲਾਬ ਸਿੰਘ ਕਿਲੇ ਤੋਂ ਨਿਕਲ ਕੇ ਜੰਮੂ ਦੇ ਰਸਤੇ ਪੈ ਗਿਆ। ਕਿਲੇ ਵਿੱਚ ਜੋ ਖਜ਼ਾਨਾ ਸੀ, ਉਸਨੂੰ ਵੀ ਸਮੇਟ ਕੇ ਜੰਮੂ ਲੈ ਗਿਆ।

ਹੁਣ ਤੱਕ ਦੂਸਰਾ ਭਰਾ ਵੀ ਜੰਮੂ ਤੋਂ ਲਹੌਰ ਪਹੁੰਚ ਗਿਆ ਸੀ। ਦਿਉਰ ਭਰਜਾਈ ਵਿੱਚ ਸੁਲਹਾ ਕਰਵਾ ਦਿੱਤੀ। ਰਾਣੀ ਚੰਦ ਕੌਰ ਨੇ ਇੱਕ ਜਗੀਰ ਸਵੀਕਾਰ ਕਰਕੇ ਲਹੌਰ ਦਾ ਤਖਤ ਸ਼ੇਰ ਸਿੰਘ ਦੇ ਹਵਾਲੇ ਕਰ ਦਿੱਤਾ। ਛੇ ਮਹੀਨੇ ਦੇ ਅੰਦਰ ਅੰਦਰ ਹੀ ਸ਼ੇਰ ਸਿੰਘ ਅਤੇ ਵਜ਼ੀਰ ਨੇ ਰਾਣੀ ਨੂੰ ਗੋਲੀਆਂ ਹੱਥੋਂ ਮਰਵਾ ਕੇ ਆਪਣਾ ਰਸਤਾ ਸਾਫ ਕਰ ਲਿਆ। ਇਹ ਗੱਲ ਲੋਕਾਂ ਤੋਂ ਵੀ ਕੋਈ ਗੁੱਝੀ ਨਾਂ ਰਹੀ, ਜਿਸ ਤਰਾਂ ਸਮਕਾਲੀ ਕਵੀ ਸ਼ਾਹ ਮੁਹੰਮਦ ਲਿਖਦਾ ਹੈ:

**ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ, ਸ਼ੇਰ ਸਿੰਘ ਨੇ ਗਲੋਂ ਬਲਾ ਲਾਹੀ।**

# ਮਹਾਰਾਜਾ ਸ਼ੇਰ ਸਿੰਘ

ਸ਼ੇਰ ਸਿੰਘ ਨੇ ਫੌਜ ਨਾਲ ਤਨਖਾਹਾਂ ਵਧਾਉਣ ਦੇ ਵਾਹਦੇ ਤਾਂ ਕਰ ਲਏ ਸਨ, ਪਰ ਉਹ ਇਹ ਵਾਹਦੇ ਪੂਰੇ ਨਾਂ ਕਰ ਸਕਿਆ। ਖਜ਼ਾਨੇ ਵਿੱਚ ਪੈਸੇ ਨਹੀਂ ਸਨ। ਮਹਾਰਾਜੇ ਅਤੇ ਵਜ਼ੀਰ ਨੇ ਫੌਜੀਆਂ ਨੂੰ ਸਬਰ ਕਰਨ ਲਈ ਕਿਹਾ, ਪਰ ਫੌਜ ਨੂੰ ਸ਼ਾਹੀ ਪਰਵਾਰ ਦੀ ਇਸ ਖਾਨਾਜੰਗੀ ਸਮੇ ਆਪਣੀ ਅਸਲ ਤਾਕਤ ਦਾ ਪਤਾ ਲੱਗ ਚੁੱਕਾ ਸੀ,ਕਿ ਕਿਸੇ ਨੂੰ ਤਖਤ ਤੇ ਬਠਾਉਣਾ ਜਾਂ ਲਾਹੁਣਾ ਉਹਨਾ ਦੇ ਹੱਥ ਵੱਸ ਸੀ। ਉਹਨਾ ਨੇ ਹਵਸ ਪੂਰੀ ਕਰਨ ਲਈ ਅਮੀਰਾਂ ਅਤੇ ਸਰਦਾਰਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਕਲੱਰਕਾਂ ਜਾਂ ਹੋਰ ਸਰਕਾਰੀ ਅਫਸਰਾਂ ਤੇ ਉਹਨਾ ਨੂੰ ਆਪਣੀਆਂ ਤਨਖਾਹਾਂ ਅਤੇ ਹੋਰ ਭੱਤੇ ਹੜੱਪ

ਜਾਣ ਦਾ ਸ਼ੱਕ ਸੀ,ਉਹਨਾ ਤੋਂ ਗਿਣ ਗਿਣ ਕੇ ਬਦਲੇ ਲਏ। ਆਪਣੇ ਅਫਸਰਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰਨ ਲੱਗ ਪਏ। ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ ਵਾਲੀ ਹਾਲਤ ਹੋ ਗਈ। ਫੌਜੀਆਂ ਨੇ ਆਪਣੀ ਫੌਜ ਦੇ ਕਈ ਵਿਦੇਸ਼ੀ ਅਫਸਰ ਮਾਰ ਦਿੱਤੇ ਅਤੇ ਕਈਆਂ ਨੂੰ ਪੰਜਾਬ ਵਿੱਚੋਂ ਭੱਜ ਜਾਣ ਲਈ ਮਜ਼ਬੂਰ ਕੀਤਾ। ਮਾਰੇ ਜਾਣ ਵਾਲਿਆਂ ਵਿੱਚੋਂ ਕਰਨਲ ਫੌਲਕਸ ਅਤੇ ਮੇਜਰ ਫੋਰਡ ਸਨ। ਜਨਰਲ ਕੋਰਟ ਜਾਨ ਬਚਾ ਕੇ ਭੱਜ ਗਿਆ। ਜਨਰਲ ਐਵੀਟੇਬਲ ਨੂੰ ਅਫਗਾਨਿਸਤਾਨ ਵਿੱਚ ਸ਼ਰਣ ਲੈਣੀ ਪਈ। ਕਈ ਪੰਜਾਬੀ ਅਫਸਰ ਵੀ ਮਾਰੇ ਗਏ। ਕਸ਼ਮੀਰ ਦਾ ਗਵੱਰਨਰ ਮੀਹਾਂ ਸਿੰਘ ਅਤੇ ਅੰਮ੍ਰਿਤਸਰ ਦੇ ਕਿਲੇ ਦਾ ਫੌਜਦਾਰ ਸੋਭਾ ਸਿੰਘ ਮਾਰੇ ਗਏ। ਜਮਾਂਦਾਰ ਖੁਸ਼ਹਾਲ ਸਿੰਘ, ਉਸਦੇ ਭਤੀਜੇ ਤੇਜ ਸਿੰਘ ਅਤੇ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਆਪਣੀਆਂ ਜਾਨਾਂ ਬੜੀ ਮੁਸ਼ਕਿਲ ਨਾਲ ਬਚਾਈਆਂ।

ਮਹਾਰਾਜੇ ਸ਼ੇਰ ਸਿੰਘ ਨੇ ਇਸ ਅਰਾਜਕਤਾ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਨ ਦੀ ਬਜਾਏ ਆਪਣੇ ਆਪ ਨੂੰ ਹਲਾਤ ਦੇ ਹਵਾਲੇ ਕਰ ਦਿੱਤਾ। ਉਸਨੇ ਆਪਣੀਆਂ ਮੁਸੀਬਤਾਂ ਨੂੰ ਭੁਲਾਉਣ ਲਈ ਸ਼ਰਾਬ ਅਤੇ ਸ਼ਬਾਬ ਦਾ ਸਹਾਰਾ ਲਿਆ। ਸਤਲੁਜ ਤੋਂ ਪਾਰ ਅੰਗਰੇਜਾਂ ਨੂੰ ਆਪਣੇ ਜਸੂਸਾਂ ਰਾਹੀਂ ਪਲ ਪਲ ਦੀ ਖਬਰ ਮਿਲ ਰਹੀ ਸੀ। ਅੰਗਰੇਜ ਅਫਸਰਾਂ ਨੂੰ ਇਹ ਪਤਾ ਲੱਗ ਗਿਆ ਕਿ ਸਿੱਖ ਫੌਜ ਤੇ ਰਾਜ ਦਰਬਾਰ ਦਾ ਕੋਈ ਕੰਟਰੋਲ ਨਹੀਂ, ਅਤੇ ਹੋ ਸਕਦਾ ਹੈ ਉਹਨਾ ਨੂੰ ਇਸ ਫੌਜ ਨਾਲ ਲੜਾਈ ਕਰਨੀ ਪਵੇ। ਇਸ ਲਈ ਕਈ ਸੀਨੀਅਰ ਅਫਸਰਾਂ ਨੇ ਜੰਗ ਦੀਆਂ ਸਕੀਮਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ।

ਖਾਲਸਾ ਫੌਜਾਂ ਬਾਰੇ ਆਮ ਅੰਗਰੇਜ ਅਫਸਰਾਂ ਦੀ ਰਾਇ ਚੰਗੀ ਨਹੀਂ ਸੀ। ਉਹ ਸੋਚਦੇ ਸਨ ਕਿ ਸਿੱਖ ਫੌਜੀ ਸਿਰਫ ਲੁੱਟ ਮਾਰ ਅਤੇ ਬੁਰਸ਼ਾਗਰਦੀ ਹੀ ਕਰ ਸਕਦੇ ਸਨ, ਅਤੇ ਅੰਗਰੇਜ ਫੌਜ ਦੀ ਇੱਕ ਛੋਟੀ ਜਿਹੀ ਅਤੇ ਅਨੁਸ਼ਾਸ਼ਤ ਟੁਕੜੀ ਵੀ ਉਹਨਾ ਦੀ ਕਿਸੇ ਵੱਡੀ ਪਲਟਣ ਨੂੰ ਮਾਤ ਦੇ ਸਕਦੀ ਹੈ। ਉਹਨਾ ਦਾ ਇਹ ਭੁਲੇਖਾ ਫੇਰੂ ਸ਼ਹਿਰ ਅਤੇ ਸਭਰਾਵਾਂ ਦੀਆਂ ਜੰਗਾਂ ਨੇ ਹੀ ਦੂਰ ਕੀਤਾ। ਇਸ ਭੁਲੇਖੇ ਨੂੰ ਜਨਮ ਦਿੱਤਾ ਮੇਜਰ ਬਰਾਡਫੁੱਟ ਵਰਗੇ ਅਫਸਰਾਂ ਦੀਆਂ ਰਿਪੋਟਾਂ ਨੇ। ਇਸ ਮੇਜਰ ਨੂੰ ਸਿੱਖ ਦਰਬਾਰ ਵੱਲੋਂ ਅਫਗਾਨਿਸਤਾਨ ਦੇ ਤਖਤੋਂ ਲਾਹੇ ਗਏ ਦੋ ਬਾਦਸ਼ਾਹਾਂ ਸ਼ਾਹ ਜਮਾਨ ਅਤੇ ਸ਼ਾਹ ਸੁਜਾਅ ਦੀਆਂ ਬੇਗਮਾਂ ਨੂੰ ਪੰਜਾਬ ਦੇ ਰਸਤੇ ਅਫਗਾਨਿਸਤਾਨ ਲਿਜਾਉਣ ਦੀ ਆਗਿਆਾ ਮਿਲੀ ਸੀ। ਪੰਜਾਬ ਵਿੱਚੋਂ ਗੁਜਰਦੇ ਹੋਏ ਉਸਦੀ ਸੈਨਿਕ ਟੁਕੜੀ ਦਾ ਸਾਹਮਣਾ ਕੁਝ ਸਿੱਖ ਸੈਨਿਕਾਂ ਨਾਲ ਹੋਇਆ, ਜੋ ਉਸਦੀ ਆਪਣੀ ਨਦਾਨੀ ਅਤੇ ਅੜਬ ਸੁਭਾਅ ਕਾਰਨ ਹੋਇਆ। ਸਿੱਖ ਸੈਨਿਕਾਂ ਨੇ ਉਸਦਾ ਮੁਕਾਬਲਾ ਕੋਈ ਆਪਣੀ ਪੂਰੀ ਸ਼ਕਤੀ ਨਾਲ ਨਹੀਂ ਕੀਤਾ ਸੀ। ਇਸ ਘਟਨਾ ਤੋਂ ਇਸ 'ਸਿਆਣੇ' ਅਫਸਰ ਨੇ ਸਾਰੀ ਸਿੱਖ ਫੌਜ ਦੀ ਲੜਾਈ ਕਰਨ ਦੀ ਯੋਗਤਾ ਦਾ ਅਨੁਮਾਨ ਲਾ ਲਿਆ। ਅਸਲ ਖਾਲਸੇ ਕਿਸ ਤਰਾਂ ਲੜਦੇ ਹਨ, ਇਸ ਗੱਲ ਦਾ ਇਸ ਅਫਸਰ ਨੂੰ ਕੋਈ ਗਿਆਨ ਨਹੀਂ ਸੀ।

ਵਜੀਰ ਧਿਆਨ ਸਿੰਘ ਹਮੇਸ਼ਾਂ ਆਪਣੇ ਫਾਇਦੇ ਦੀ ਹੀ ਸੋਚਦਾ ਸੀ, ਅਤੇ ਕਿਸੇ ਦਾ ਵੀ ਪੱਕਾ ਵਫਾਦਾਰ ਨਹੀਂ ਸੀ। ਪਰ ਉਹ ਅੰਗਰੇਜਾਂ ਤੋਂ ਡਰਦਾ ਸੀ ਅਤੇ ਉਹਨਾ ਦਾ ਪੱਕਾ ਵਿਰੋਧੀ ਸੀ, ਕਿਉਂਕਿ ਉਹ ਜਾਣਦਾ ਸੀ ਕਿ ਜੇ ਕਦੀ ਅੰਗਰੇਜ ਪੰਜਾਬ ਵਿੱਚ ਆ ਵੜੇ ਤਾਂ ਉਸ ਵਰਗਿਆਂ ਦੀ ਸਰਦਾਰੀ ਖਤਮ। ਇਸ ਲਈ ਉਹ ਮਹਾਰਾਜੇ ਨੂੰ ਉਹਨਾ ਤੋਂ ਸਦਾ ਸਾਵਧਾਨ ਕਰਦਾ ਰਹਿੰਦਾ ਸੀ। ਸੰਧਾਂਵਾਲੀਏ ਸਰਦਾਰਾਂ ਨੇ ਮਹਾਰਾਜਾ ਬਣਦੇ ਸਮੇ ਸ਼ੇਰ ਸਿੰਘ ਦਾ ਵਿਰੋਧ ਕੀਤਾ ਸੀ। ਇਸ ਲਈ ਉਸਦੇ ਮਹਾਰਾਜਾ ਬਣਦੇ ਸਾਰ ਹੀ ਸਰਦਾਰ ਅਜੀਤ ਸਿੰਘ ਅਤੇ ਅਤਰ ਸਿੰਘ ਸਤਲੁਜੋਂ ਪਾਰ ਅੰਗਰੇਜਾਂ ਦੀ ਸ਼ਰਣ ਵਿੱਚ ਚਲੇ ਗਏ ਸਨ। ਸਰਦਾਰ ਲਹਿਣਾ ਸਿੰਘ ਅਤੇ ਕਿਹਰ ਸਿੰਘ ਕਾਬੂ ਆ ਗਏ, ਅਤੇ ਉਹਨਾ ਨੂੰ ਕੈਦ ਕਰ ਦਿੱਤਾ ਗਿਆ ਸੀ। ਅੰਗਰੇਜਾਂ ਨੂੰ ਪਤਾ ਸੀ ਕਿ ਸੰਧਾਂਵਾਲੀਏ ਵਜੀਰ ਦੇ ਵਿਰੋਧੀ ਸਨ। ਉਹਨਾ ਕਿਸੇ ਤਰਾਂ ਮਹਾਰਾਜੇ ਨੂੰ ਮਨਾ ਲਿਆ ਕਿ ਸੰਧਾਂਵਾਲੀਆਂ ਨੂੰ ਮਾਫ ਕਰ ਦਿੱਤਾ ਜਾਏ। ਭਾਈ ਰਾਮ ਸਿੰਘ ਅਤੇ ਗੁਰਮੁੱਖ ਸਿੰਘ ਜਿਹੇ ਸਿਆਣੇ ਸਰਦਾਰਾਂ, ਅਤੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਵੀ ਮਹਾਰਾਜੇ

ਨੂੰ ਇਹੋ ਸਲਾਹ ਦਿੱਤੀ ਕਿ ਖਾਨਦਾਨੀ ਵੈਰ ਵਿਰੋਧ ਨੂੰ ਭੁਲਾ ਕੇ ਸੰਧਾਂਵਾਲੀਆਂ ਨੂੰ ਮਾਫ ਕਰ ਦੇਣਾ ਚਾਹੀਦਾ ਹੈ। ਮਹਾਰਾਜੇ ਨੇ ਸੰਧਾਂਵਾਲੀਆਂ ਨੂੰ ਮਾਫ ਕਰ ਦਿੱਤਾ। ਅਜੀਤ ਸਿੰਘ ਅਤੇ ਅਤਰ ਸਿੰਘ ਨੂੰ ਵਾਪਸ ਪੰਜਾਬ ਆਉਣ ਦੀ ਇਜਾਜਤ ਦੇ ਦਿੱਤੀ, ਲਹਿਣਾ ਸਿੰਘ ਅਤੇ ਕਿਹਰ ਸਿੰਘ ਨੂੰ ਕੈਦ ਵਿੱਚੋਂ ਅਜਾਦ ਕਰ ਦਿੱਤਾ, ਸਭ ਸੰਧਾਂਵਾਲੀਆਂ ਦੇ ਅਹੁਦੇ ਉਹਨਾ ਨੂੰ ਵਾਪਸ ਕਰ ਦਿੱਤੇ। ਉਹਨਾ ਦੀਆਂ ਜਬਤ ਕੀਤੀਆਂ ਹੋਈਆਂ ਜਗੀਰਾਂ ਵੀ ਵਾਪਸ ਦੇ ਦਿੱਤੀਆਂ। ਮਹਾਰਾਜੇ ਨੇ ਸੋਚਿਆ ਹੁਣ ਸਭ ਖਾਨਦਾਨੀ ਵੈਰ ਵਿਰੋਧ ਖਤਮ ਹੋ ਗਏ ਹਨ, ਪਰ ਇਹ ਉਸਦੀ ਬਹੁਤ ਵੱਡੀ ਭੁੱਲ ਸੀ, ਜੋ ਉਸਨੂੰ ਜਲਦੀ ਹੀ ਆਪਣੀ ਜਾਨ ਨਾਲ ਚੁਕਾਉਣੀ ਪਈ।

ਸਰਦਾਰ ਅਜੀਤ ਸਿੰਘ ਨਵੰਬਰ 1842 ਵਿੱਚ ਲਹੌਰ ਵਾਪਸ ਆ ਗਿਆ। ਸ਼ੇਰ ਸਿੰਘ ਨੇ ਜੱਫੀਆਂ ਪਾ ਕੇ ਉਸਦਾ ਸਵਾਗਤ ਕੀਤਾ। ਸੰਧਾਂਵਾਲੀਆਂ ਦੇ ਵਾਪਸ ਆਉਣ ਤੋਂ ਬਾਅਦ ਮਹਾਰਾਜੇ ਅਤੇ ਉਸਦੇ ਪਰਵਾਰ ਨਾਲ ਉਹਨਾ ਦੀ ਸਾਂਝ ਹੋਰ ਗਹਿਰੀ ਹੋ ਗਈ। ਆਖਿਰ ਦੋਵੇਂ ਇੱਕੋ ਖਾਨਦਾਨ ਵਿੱਚੋਂ ਸਨ। ਸੋ ਇੱਕ ਦੂਸਰੇ ਨਾਲ ਖੂਬ ਚਾਚਾ ਜੀ, ਪੁੱਤਰ ਜੀ ਹੋਣ ਲੱਗ ਪਈ। ਮਹਾਰਾਜਾ ਉਹਨਾ ਨੂੰ ਆਪਣੇ ਸਮਝਦਾ ਸੀ, ਅਤੇ ਹੁਣ ਕਈ ਕੰਮਾਂ ਵਿੱਚ ਉਹਨਾ ਦੀ ਸਲਾਹ ਵੀ ਲੈਣ ਲੱਗ ਪਿਆ। ਖਾਸ ਕਰਕੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨਾਲ ਤਾਂ ਉਸਦਾ ਭਰਾਵਾਂ ਵਰਗਾ ਪਿਆਰ ਸੀ।

ਉਹਨਾ ਦੀ ਮਹਾਰਾਜੇ ਨਾਲ ਇਹ ਨਵੀਂ ਦੋਸਤੀ ਵਜੀਰ ਧਿਆਨ ਸਿੰਘ ਨੂੰ ਮੂਲ ਨਾ ਭਾਈ। ਪਰ ਹੋਰ ਕੋਈ ਚਾਰਾ ਨਾ ਵੇਖਕੇ ਚਲਾਕ ਵਜੀਰ ਨੇ ਵੀ ਸੰਧਾਂਵਾਲੀਆਂ ਨਾਲ ਦੋਸਤੀ ਪਾ ਲਈ। ਫਿਰ ਉਹ ਉਹਨਾ ਨੂੰ ਮਹਾਰਾਜੇ ਦੇ ਖਿਲਾਫ ਭੜਕਾਉਣ ਲੱਗ ਪਿਆ। ਉਸ ਕਿਹਾ ਕਿ ਮਹਾਰਾਜੇ ਨੇ ਤੁਹਾਨੂੰ ਜਾਨੋਂ-ਮਾਰਨ ਲਈ ਵਾਪਸ ਬੁਲਵਾਇਆ ਹੈ, ਅਤੇ ਜੇ ਤੁਸਾਂ ਕੁਝ ਨਾਂ ਕੀਤਾ ਤਾਂ ਜਰੂਰ ਮਾਰੇ ਜਾਉਗੇ। ਸੰਧਾਂਵਾਲੀਆਂ ਨੇ ਜੋ ਕੀਤਾ ਡਰ ਵੱਸ ਕੀਤਾ ਜਾਂ ਮਹਾਰਾਜੇ ਨਾਲ ਪੁਰਾਣੀ ਦੁਸ਼ਮਣੀ ਕੱਢਣ ਲਈ, ਇਹ ਕਹਿਣਾ ਤਾਂ ਮੁਸ਼ਕਿਲ ਹੈ, ਪਰ ਹੁਣ ਉਹਨਾ ਨੇ ਵਜੀਰ ਨਾਲ ਮਿਲਕੇ ਮਹਾਰਾਜੇ ਸ਼ੇਰ ਸਿੰਘ ਨੂੰ ਮਾਰਨ ਦੀ ਸਕੀਮ ਬਣਾ ਲਈ। ਪਰ ਇਹ ਸਕੀਮ ਸਾਰੀਆਂ ਧਿਰਾਂ ਲਈ ਬੜੀ ਘਾਤਕ ਸਾਬਤ ਹੋਈ।

15 ਸਤੰਬਰ 1843 ਵਾਲੇ ਦਿਨ ਸਰਦਾਰ ਅਜੀਤ ਸਿੰਘ ਦੀ ਫੌਜ ਦਾ ਮਹਾਰਾਜੇ ਨੇ ਲਹੌਰ ਦੇ ਸ਼ਾਲਾਮਾਰ ਬਾਗ ਵਿੱਚ ਨਰੀਖਣ ਕਰਨਾ ਸੀ। ਮਹਾਰਾਜੇ ਦੇ ਨਾਲ ਉਸਦਾ 10-11 ਸਾਲ ਦਾ ਪੁੱਤਰ ਕੰਵਰ ਪਰਤਾਪ ਸਿੰਘ ਵੀ ਬਾਗ ਵਿੱਚ ਗਿਆ ਹੋਇਆ ਸੀ। ਨਰੀਖਣ ਸਮੇ ਉਹ ਬਾਗ ਦੇ ਨਜਦੀਕ ਹੀ ਸ਼ਾਹ ਬਿਲਾਵਲ ਦੇ ਮਕਬਰੇ ਲਾਗੇ ਗਰੀਬਾਂ ਨੂੰ ਦਾਨ ਵੰਡ ਰਿਹਾ ਸੀ। ਆਪਣੀ ਫੌਜ ਕਤਾਰਬੰਦ ਕਰਕੇ ਅਜੀਤ ਸਿੰਘ ਮਹਾਰਾਜੇ ਨੂੰ ਸਲੂਟ ਕਰਨ ਲਈ ਉਸ ਸਟੇਜ ਵੱਲ ਵਧਿਆ ਜਿੱਥੇ ਮਹਾਰਾਜਾ ਫੌਜ ਦਾ ਨਰੀਖਣ ਕਰਨ ਲਈ ਤਿਆਰ ਖੜਾ ਸੀ। ਅਜੀਤ ਸਿੰਘ ਦੇ ਹੱਥ ਵਿੱਚ ਇੱਕ ਨਵੀਂ ਅੰਗਰੇਜੀ ਬੰਦੂਕ ਸੀ ਜੋ ਉਹ ਕਲਕੱਤੇ ਤੋਂ ਖਰੀਦ ਕੇ ਲਿਆਇਆ ਸੀ। ਮਹਾਰਾਜੇ ਨੂੰ ਸਲੂਟ ਕਰਨ ਬਾਅਦ ਅਜੀਤ ਸਿੰਘ ਨੇ ਬੰਦੂਕ ਦਾ ਮੂੰਹ ਅਚਾਨਕ ਮਹਾਰਾਜੇ ਦੀ ਛਾਤੀ ਵੱਲ ਕਰਕੇ ਦੋਵੇਂ ਘੋੜੇ ਨੱਪ ਦਿੱਤੇ। ਮਹਾਰਾਜੇ ਦੇ ਮੂੰਹੋਂ ਇਹੋ ਨਿਕਲਿਆ, 'ਇਹ ਕੀ ਦਗਾ?' ਅਤੇ ਉਹ ਉਥੇ ਹੀ ਢੇਰ ਹੋ ਗਿਆ। ਅਜੀਤ ਸਿੰਘ ਨੇ ਤਲਵਾਰ ਦਾ ਵਾਰ ਕਰਕੇ ਮਹਾਰਾਜੇ ਦਾ ਸਿਰ ਵੱਢ ਲਿਆ ਅਤੇ ਉਸਨੂੰ ਨੇਜੇ ਤੇ ਟੰਗ ਲਿਆ। ਉਸਦੇ ਸਾਥੀਆਂ ਨੇ ਜਲਦੀ ਹੀ ਮਹਾਰਾਜੇ ਦੇ ਬਾਡੀਗਾਰਡਾਂ ਨੂੰ ਵੀ ਪਾਰ ਉਤਾਰ ਦਿੱਤਾ।

ਅਜੀਤ ਸਿੰਘ ਦਾ ਚਾਚਾ ਲਹਿਣਾ ਸਿੰਘ ਵੀ ਬਾਗ ਵਿੱਚ ਹੀ ਸੀ। ਗੋਲੀ ਦੀ ਅਵਾਜ ਨਾਲ ਉਸਨੂੰ ਸਿਗਨਲ ਮਿਲ ਗਿਆ ਕਿ ਮਹਾਰਾਜੇ ਦੇ ਕਤਲ ਦਾ ਕਾਰਜ ਪੂਰਾ ਹੋ ਗਿਆ ਹੈ। ਪਹਿਲਾਂ ਬਣਾਈ ਸਕੀਮ ਅਨੁਸਾਰ ਉਹ ਸ਼ਾਹ ਬਿਲਾਵਲ ਦੇ ਮਕਬਰੇ ਵੱਲ ਗਿਆ। ਨੰਗੀ ਤਲਵਾਰ ਲੈ ਕੇ ਉਹ ਕੰਵਰ ਪਰਤਾਪ ਸਿੰਘ ਨੂੰ ਮਾਰਨ ਲਈ ਵਧਿਆ। ਲਹਿਣਾ ਸਿੰਘ ਸ਼ਰੀਕੇ ਵਜੋਂ ਉਸਦਾ ਬਾਬਾ (ਦਾਦੇ ਦਾ ਭਰਾ)

ਲੱਗਦਾ ਸੀ। ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ ਉਸਨੇ ਆਪਣੀ ਜਾਨ ਬਖਸ਼ਾਉਣ ਲਈ ਲਹਿਣਾ ਸਿੰਘ ਦੇ ਸਾਹਮਣੇ ਇਹ ਲਿਲਕੜੀ ਕੱਢੀ:

**ਮੈਂ ਤਾਂ ਕਰਾਂਗਾ ਬਾਬਾ ਜੀ ਟਹਿਲ ਤੇਰੀ, ਹੱਥ ਜੋੜ ਕੇ ਸੀਸ ਨਿਵਾਂਵਦਾ ਈ।**
**ਸ਼ਾਹ ਮੁਹੰਮਦਾ ਉਸ ਨਾਂ ਇੱਕ ਮੰਨੀ, ਤੇਗ ਮਾਰ ਕੇ ਸੀਸ ਉਡਾਂਵਦਾ ਈ।**

ਲਹਿਣਾ ਸਿੰਘ ਨੇ ਕੰਵਰ ਦਾ ਸਿਰ ਆਪਣੇ ਨੇਜ਼ੇ ਤੇ ਟੰਗ ਲਿਆ ਅਤੇ ਆਪਣੇ ਭਤੀਜੇ ਅਜੀਤ ਸਿੰਘ ਨਾਲ ਆਣ ਮਿਲਿਆ। ਇਹ ਦੋਵੇਂ ਚਾਚਾ ਭਤੀਜਾ ਆਪਣੇ ਸ਼ਰੀਕਾਂ ਦੇ ਸਿਰ ਲੈ ਕੇ ਕਿਲੇ ਵੱਲ ਗਏ। ਰਸਤੇ ਵਿੱਚ ਵਜ਼ੀਰ ਧਿਆਨ ਸਿੰਘ ਰਲ ਗਿਆ। ਕਿਲੇ ਅੰਦਰ ਆ ਕੇ ਲਹਿਣਾ ਸਿੰਘ ਨੇ ਵਜ਼ੀਰ ਨੂੰ ਪੁੱਛਿਆ ਕਿ ਹੁਣ ਕੌਣ ਬਾਦਸ਼ਾਹ ਅਤੇ ਕੌਣ ਵਜ਼ੀਰ ਹੋਵੇਗਾ, ਤਾਂ ਵਜ਼ੀਰ ਨੇ ਕਿਹਾ ਕਿ ਬਾਦਸ਼ਾਹ ਸ਼ੇਰੇ ਪੰਜਾਬ ਦਾ ਸਭ ਤੋਂ ਛੋਟਾ ਪੁੱਤਰ ਦਲੀਪ ਸਿੰਘ ਬਣੇਗਾ ਅਤੇ ਵਜ਼ੀਰ ਉਹ ਖੁਦ ਹੀ ਰਹੇਗਾ। ਢਾਡੀ ਸ਼ਾਇਦ ਇਸ ਖੂਨੀ ਸਾਕੇ ਨੂੰ ਹੋਰ ਰੋਚਕ ਬਣਾਉਣ ਲਈ ਇਹ ਕਹਿੰਦੇ ਹਨ: ਲਹਿਣਾ ਸਿੰਘ ਨੇ ਕਿਹਾ ਕਿ ਸ਼ਰੀਕਾਂ ਦਾ ਕਤਲ ਅਸਾਂ ਕੀਤਾ, ਵਿੱਚੋਂ ਸਾਨੂੰ ਕੀ ਹਾਸਲ ਹੋਇਆ? ਕੋਲ ਖਲੋਤੇ ਗਿਆਨੀ ਗੁਰਮੁੱਖ ਸਿੰਘ ਨਾਂ ਦੇ ਇੱਕ ਸਿਆਣੇ ਬੰਦੇ ਨੇ ਇਹ ਟਿੱਪਣੀ ਕੀਤੀ, 'ਜੇ ਨਵਾਂ ਕੜਾਹਾ ਲਈਏ, ਤਾਂ ਨਾਲ ਪੁਰਾਣਾ ਕੜਛਾ ਕਿਉਂ ਰਹਿਣ ਦਈਏ', ਭਾਵ ਇਹ ਕਿ ਜੇ ਮਹਾਰਾਜਾ ਨਵਾਂ ਬਣਾਉਣਾ ਹੈ ਤਾਂ ਪੁਰਾਣਾ ਵਜ਼ੀਰ ਰੱਖਣ ਦੀ ਕੀ ਲੋੜ ਹੈ। ਸੰਧਾਂਵਾਲੀਆਂ ਦੇ ਸਿਰ ਤੇ ਤਾਂ ਅੱਗੇ ਹੀ ਖੂਨ ਸਵਾਰ ਸੀ, ਉਹ ਰੋਹ ਵਿਚ ਸਨ। ਅਜੀਤ ਸਿੰਘ ਨੇ ਉਸੇ ਵੇਲੇ ਵਜ਼ੀਰ ਦਾ ਸਿਰ ਕਲਮ ਕਰ ਦਿੱਤਾ। ਸ਼ਾਇਦ ਸੰਧਾਂਵਾਲੀਆਂ ਨੇ ਇਹ ਸੋਚਿਆ ਕਿ ਜੇ ਬਾਦਸ਼ਾਹੀ ਨਹੀਂ ਤਾਂ ਕਮ ਸੇ ਕਮ ਉਹ ਵਜ਼ੀਰੀ ਦੇ ਹੱਕਦਾਰ ਤਾਂ ਹੈ ਹੀ ਸਨ।

ਛੇ ਸਾਲ ਦੇ ਦਲੀਪ ਸਿੰਘ ਨੂੰ ਉਸੇ ਵੇਲੇ ਮਹੱਲ ਤੋਂ ਤਲਬ ਕੀਤਾ ਗਿਆ। ਲਹਿਣਾ ਸਿੰਘ ਨੇ ਸ਼ੇਰ ਸਿੰਘ ਦੇ ਖੂਨ ਦਾ ਟਿੱਕਾ ਲਾ ਕੇ ਉਸਨੂੰ ਮਹਾਰਾਜਾ ਐਲਾਨ ਕਰ ਦਿੱਤਾ। ਨਵਾਂ ਵਜ਼ੀਰ ਲਹਿਣਾ ਸਿੰਘ ਨੇ ਖੁਦ ਬਣਨ ਦਾ ਫੈਸਲਾ ਕੀਤਾ। ਸ਼ਰੀਕਾਂ ਦਾ ਬਦਲਾ ਪੂਰਾ ਹੋਇਆ, ਪਰ ਉਹਨਾ ਨੂੰ ਪਤਾ ਨਹੀਂ ਸੀ ਕਿ ਹੋਣੀ ਉਹਨਾ ਦੇ ਸਿਰਾਂ ਤੇ ਵੀ ਮੰਡਰਾ ਰਹੀ ਹੈ। ਸੰਧਾਂਵਾਲੀਏ ਕਿਲੇ ਨੂੰ ਮੱਲ ਕੇ ਰਾਜ ਕਰਨ ਦੀ ਤਿਆਰੀ ਕਰਨ ਲੱਗ ਪਏ। ਉਹਨਾ ਨੂੰ ਇਲਮ ਨਹੀਂ ਸੀ ਕਿ ਬਾਹਰ ਖਤਰਨਾਕ ਦੁਸ਼ਮਣ ਬਦਲਾ ਲੈਣ ਦੀ ਤਿਆਰੀ ਕਰ ਰਹੇ ਸਨ।

ਵਜ਼ੀਰ ਧਿਆਨ ਸਿੰਘ ਦੇ ਕਤਲ ਦੀ ਖਬਰ ਜਦੋਂ ਉਸਦੇ ਪੁੱਤਰ ਹੀਰਾ ਸਿੰਘ ਅਤੇ ਭਰਾ ਸੁਚੇਤ ਸਿੰਘ ਨੂੰ ਮਿਲੀ ਤਾਂ ਉਹ ਫੌਰਨ ਲਹੌਰ ਛਾਉਣੀ ਵਿੱਚ ਜਾ ਵੜੇ, ਅਤੇ ਹਾਲ ਦੁਹਾਈ ਪਾ ਕੇ ਫੌਜ ਨੂੰ ਆਪਣੇ ਵੱਲ ਕਰ ਲਿਆ। ਫੌਜੀਆਂ ਨੂੰ ਕਿਹਾ ਕਿ ਸੰਧਾਂਵਾਲੀਏ ਗੱਦਾਰ ਹਨ, ਉਹਨਾ ਤੁਹਾਡੇ ਰਾਜੇ ਅਤੇ ਵਜ਼ੀਰ ਨੂੰ ਧੋਖੇ ਨਾਲ ਮਾਰ ਦਿੱਤਾ ਹੈ, ਅਤੇ ਜੇ ਤੁਸੀਂ ਉਹਨਾ ਨੂੰ ਸਜ਼ਾ ਦੇਣ ਵਿੱਚ ਸਾਡੀ ਸਹਾਇਤਾ ਕਰੋ ਤਾਂ ਅਸੀਂ ਤੁਹਾਡੀਆਂ ਤਨਖਾਹਾਂ ਵਧਾ ਦਿਆਂ ਗੇ। ਫੌਜ ਮਹਾਰਾਜੇ ਅਤੇ ਵਜ਼ੀਰ ਦੇ ਕਤਲ ਬਾਰੇ ਸੁਣ ਕੇ ਗੁੱਸੇ ਅਤੇ ਜੋਸ਼ ਵਿਚ ਆ ਗਈ, ਅਤੇ ਉਹਨਾ ਨੇ ਹੀਰਾ ਸਿੰਘ ਦਾ ਪੂਰਾ ਸਾਥ ਦਿੱਤਾ। ਹੀਰਾ ਸਿੰਘ ਵੀ ਬੜਾ ਜੋਸ਼ੀਲਾ ਨੌਜਵਾਨ ਸੀ। ਉਸਨੂੰ ਆਪਣੇ ਪਿਉ ਦੇ ਕਤਲ ਦਾ ਬਹੁਤ ਗੁੱਸਾ ਸੀ। ਉਸਨੇ ਫੌਜ ਨਾਲ ਕਿਲੇ ਨੂੰ ਘੇਰ ਲਿਆ। ਕਿਲੇ ਤੇ ਭਾਰੀ ਗੋਲਾ ਬਾਰੀ ਕੀਤੀ ਗਈ। ਸੰਧਾਂਵਾਲੀਆਂ ਨੇ ਮੁਕਾਬਲਾ ਤਾਂ ਕੀਤਾ, ਪਰ ਉਹਨਾ ਦੀ ਫੌਜ ਗਿਣਤੀ ਵਿੱਚ ਘੱਟ ਅਤੇ ਹਥਿਆਰਾਂ ਵਿੱਚ ਹਮਲਾਵਰ ਫੌਜ ਤੋਂ ਕਾਫੀ ਕਮਜ਼ੋਰ ਸੀ। ਕਿਲੇ ਤੇ ਦੋ ਦਿਨ ਗੋਲਾ ਬਾਰੀ ਹੁੰਦੀ ਰਹੀ। ਅਗਲੀ ਸ਼ਾਮ ਨੂੰ ਹੀਰਾ ਸਿੰਘ ਦੀ ਫੌਜ ਨੇ ਹਮਲਾ ਕਰਕੇ ਕਿਲੇ ਤੇ ਕਬਜ਼ਾ ਕਰ ਲਿਆ। ਜ਼ਖਮੀ ਲਹਿਣਾ ਸਿੰਘ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਅਤੇ ਅਜੀਤ ਸਿੰਘ ਕਿਲੇ ਦੀ ਕੰਧ ਟੱਪਦਾ ਹੋਇਆ ਮਾਰਿਆ ਗਿਆ। ਸੰਧਾਂਵਾਲੀਆਂ ਦੇ ਹੋਰ ਵੀ ਕਈ ਸਾਥੀ ਮਾਰ ਦਿੱਤੇ ਗਏ। ਉਹਨਾ ਵਿਚੋਂ ਇੱਕੋ ਹੀ ਮੁਖੀ ਸਰਦਾਰ ਚਤਰ ਸਿੰਘ ਬਚਿਆ, ਜੋ ਉਸ ਵਕਤ ਕਿਲੇ ਵਿੱਚ ਨਹੀਂ ਸੀ। ਉਸਨੇ ਕਿਲੇ ਤੇ ਹੀਰਾ ਸਿੰਘ ਦੇ ਕਬਜ਼ਾ ਸੁਣਿਆ ਤਾਂ ਚੁੱਪ ਚਾਪ ਸਤਲੁਜ

ਪਾਰ ਕਰਕੇ ਅੰਗਰੇਜ਼ਾਂ ਦੇ ਇਲਾਕੇ ਵਿੱਚ ਚਲਾ ਗਿਆ। ਫੌਜ ਨੇ ਦਲੀਪ ਸਿੰਘ ਨੂੰ ਮਹਾਰਾਜਾ ਮੰਨ ਲਿਆ, ਅਤੇ ਹੀਰਾ ਸਿੰਘ ਨੂੰ ਵਜ਼ੀਰ ਬਣਾ ਦਿੱਤਾ।

# ਵਜ਼ੀਰ ਹੀਰਾ ਸਿੰਘ

ਫੌਜ ਨੇ ਦਲੀਪ ਸਿੰਘ ਨੂੰ ਮਹਾਰਾਜਾ ਮੰਨ ਲਿਆ, ਅਤੇ ਹੀਰਾ ਸਿੰਘ ਨੂੰ ਵਜ਼ੀਰ। ਪਰ ਅਸਲੀ ਤਾਕਤ ਦਰਬਾਰ ਦੇ ਹੱਥਾਂ ਵਿੱਚੋਂ ਨਿਕਲ ਕੇ ਫੌਜ ਦੇ ਹੱਥ ਵਿੱਚ ਚਲੀ ਗਈ। ਸੰਧਾਂਵਾਲੀਆਂ ਦੀਆਂ ਜਗੀਰਾਂ ਜ਼ਬਤ ਹੋ ਗਈਆਂ, ਉਹਨਾ ਦੀਆਂ ਹਵੇਲੀਆਂ ਢਾਹ ਦਿੱਤੀਆਂ ਗਈਆਂ। ਸਰਦਾਰ ਅਤਰ ਸਿੰਘ ਜਾਨ ਬਚਾ ਕੇ ਸਤਲੁਜ ਦੇ ਪਾਰ ਭੱਜ ਗਿਆ।

ਪੰਜਾਬ ਨੂੰ ਨਵਾਂ ਮਹਾਰਾਜਾ ਅਤੇ ਨਵਾਂ ਵਜ਼ੀਰ ਤਾਂ ਮਿਲ ਗਿਆ, ਅਤੇ ਸੰਧਾਂਵਾਲੀਆਂ ਦੀ ਤਾਕਤ ਵੀ ਖਤਮ ਹੋ ਗਈ, ਪਰ ਦਰਬਾਰ ਵਿੱਚ ਨਵੀਂ ਧੜੇਬੰਦੀ ਪੈਦਾ ਹੋ ਗਈ। ਮਹਾਰਾਜਾ ਅਜੇ ਬਾਲਕ ਸੀ। ਉਸਦੀ ਮਾਂ ਰਾਣੀ ਜਿੰਦਾਂ ਇੱਕ ਖ਼ੂਬਸੂਰਤ, ਪਰ ਅੱਤ ਚਲਾਕ ਅਤੇ ਮੂੰਹ ਜ਼ੋਰ ਔਰਤ ਸੀ। ਉਸਦਾ ਭਰਾ ਜਵਾਹਰ ਸਿੰਘ ਇੱਕ ਅਯਾਸ਼ ਆਦਮੀ ਸੀ। ਪਰ ਮਹਾਰਾਣੀ ਦਾ ਭਰਾ ਅਤੇ ਮਹਾਰਾਜੇ ਦਾ ਮਾਮਾ ਹੋਣ ਦੇ ਨਾਤੇ ਉਹ ਵੀ ਦਰਬਾਰ ਦੇ ਕੰਮਾਂ ਵਿੱਚ ਦਖਲ ਦੇਣ ਲੱਗ ਪਿਆ, ਅਤੇ ਇੱਕ ਤਰਾਂ ਬਾਲਕ ਮਹਾਰਾਜੇ ਦਾ ਰਖਵਾਲਾ ਅਤੇ ਸਲਾਹਕਾਰ ਬਣ ਗਿਆ। ਹੀਰਾ ਸਿੰਘ ਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਉਸਦੀ ਵਜ਼ੀਰੀ ਦੇ ਕੰਮ ਵਿੱਚ ਕੋਈ ਹੋਰ ਦਖਲਅੰਦਾਜ਼ੀ ਕਰੇ। ਜਵਾਹਰ ਸਿੰਘ ਅਤੇ ਹੀਰਾ ਸਿੰਘ ਇੱਕ ਦੂਸਰੇ ਨੂੰ ਭਰਪੂਰ ਨਫਰਤ ਕਰਦੇ ਸਨ। ਫਿਰ ਨਫਰਤ ਵੱਸ ਜਵਾਹਰ ਸਿੰਘ ਨੇ ਇੱਕ ਅਜਿਹੀ ਕਰਤੂਤ ਕੀਤੀ ਕਿ ਵਜ਼ੀਰ ਨੂੰ ਉਸਦੇ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ।

ਜਵਾਹਰ ਸਿੰਘ ਨੇ ਆਪਣੇ ਭਣੇਵੇਂ ਮਹਾਰਾਜੇ ਦਲੀਪ ਸਿੰਘ ਨੂੰ ਫੌਜੀ ਸਰਦਾਰਾਂ ਦੇ ਸਾਹਮਣੇ ਲਿਜਾ ਕੇ ਇਹ ਧਮਕੀ ਦਿੱਤੀ ਕਿ ਜੇ ਡੋਗਰਿਆਂ ਨੂੰ ਪੰਜਾਬ ਵਿਚੋਂ ਬਾਹਰ ਨਾਂ ਕੱਢਿਆ ਗਿਆ ਤਾਂ ਉਹ ਮਹਾਰਾਜੇ ਨੂੰ ਲੈ ਕੇ ਸਤਲੁਜੋਂ ਪਾਰ ਅੰਗਰੇਜ਼ਾਂ ਕੋਲ ਚਲਾ ਜਾਵੇਗਾ। ਹੀਰਾ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਜਵਾਹਰ ਸਿੰਘ ਨੂੰ ਕੈਦ ਵਿੱਚ ਸੁਟ ਦਿੱਤਾ। ਪਰ ਇਹ ਵਜ਼ੀਰ ਹੀਰਾ ਸਿੰਘ ਦੀਆਂ ਮੁਸੀਬਤਾਂ ਦਾ ਅੰਤ ਨਹੀਂ ਸੀ, ਕਿਉਂਕਿ ਮਹਾਰਾਜੇ ਰਣਜੀਤ ਸਿੰਘ ਦੇ ਦੋ ਪੁੱਤਰ ਕਸ਼ਮੀਰਾ ਸਿੰਘ ਅਤੇ ਪਿਸ਼ੌਰਾ ਸਿੰਘ ਜੀਵਤ ਸਨ। ਉਹ ਦੋਵੇਂ ਹੀ ਦਲੀਪ ਸਿੰਘ ਤੋਂ ਉਮਰੋਂ ਵੱਡੇ ਸਨ। ਹੁਣ ਉਹਨਾ ਨੇ ਵੀ ਪੰਜਾਬ ਦੇ ਤਖ਼ਤ ਲਈ ਆਪਣੀ ਦਾਹਵੇਦਾਰੀ ਜਾਹਰ ਕੀਤੀ। ਉਹਨਾ ਦੀ ਇਹ ਦਾਹਵੇਦਾਰੀ ਕੋਈ ਗਲਤ ਵੀ ਨਹੀਂ ਸੀ, ਕਿਉਂ ਕਿ ਉਹ ਉਮਰ ਵਿੱਚ ਦਲੀਪ ਸਿੰਘ ਤੋਂ ਵੱਡੇ ਸਨ। ਇਹ ਸਭ ਰਾਣੀ ਜਿੰਦਾਂ ਦੀ ਚਲਾਕੀ ਹੀ ਸੀ ਕਿ ਉਸਨੇ ਦਲੀਪ ਸਿੰਘ ਦੇ ਸਭ ਤੋਂ ਛੋਟੇ ਹੋਣ ਦੇ ਬਾਵਜੂਦ ਉਸਨੂੰ ਮਹਾਰਾਜਾ ਬਣਵਾ ਦਿੱਤਾ ਸੀ।

ਵਜ਼ੀਰ ਹੀਰਾ ਸਿੰਘ ਦਾ ਆਪਣਾ ਚਾਚਾ ਸੁਚੇਤ ਸਿੰਘ ਵੀ ਵਜ਼ੀਰ ਬਣਨਾ ਚਾਹੁੰਦਾ ਸੀ। ਹੀਰਾ ਸਿੰਘ ਦੇ ਸਾਹਮਣੇ ਕਈ ਮੁਸ਼ਕਿਲਾਂ ਸਨ, ਪਰ ਉਹ ਇੱਕ ਹੁਸ਼ਿਆਰ ਅਤੇ ਉਦਮੀ ਵਿਅੱਕਤੀ ਸੀ, ਸੋ ਉਸਨੇ ਹਰ ਮੁਸ਼ਕਿਲ ਦਾ ਸਾਹਮਣਾ ਬੜੀ ਦਲੇਰੀ ਅਤੇ ਸਮਝਦਾਰੀ ਨਾਲ ਕੀਤਾ। ਭਾਵੇਂ ਹੀਰਾ ਸਿੰਘ ਨੇ ਹਰ ਸੰਭਵ ਕੋਸ਼ਿਸ਼ ਕੀਤੀ ਕਿ ਉਹ ਫੌਜ ਦੀਆਂ ਮੰਗਾਂ ਪੂਰੀਆਂ ਕਰ ਸਕੇ, ਪਰ ਫੌਜ ਅਜੇ ਵੀ ਸੰਤੁਸ਼ਟ

ਨਹੀਂ ਸੀ। ਹਰ ਪਲਟਣ ਨੇ ਆਪਣੀ ਪੰਜ ਮੈਂਬਰੀ ਪੰਚਾਇਤ ਬਣਾਈ ਹੋਈ ਸੀ। ਉਹਨਾ ਦੇ ਕਮਾਂਡਰ ਜੋ ਵੀ ਹੁਕਮ ਦਿੰਦੇ ਉਹਨਾ ਦੀ ਪਾਲਣਾ ਤਾਂ ਹੀ ਹੁੰਦੀ ਜੇ ਪੰਚਾਇਤ ਮੰਨਜ਼ੂਰੀ ਦਿੰਦੀ। ਖਾਲਸਾ ਫੌਜ ਨੇ ਭਾਵੇਂ ਅੰਗਰੇਜਾਂ ਖਿਲਾਫ ਅਜੇ ਕੋਈ ਕਾਰਵਾਈ ਨਹੀਂ ਕੀਤੀ ਸੀ, ਫਿਰ ਵੀ ਅੰਗਰੇਜ ਸਰਹੱਦ ਤੇ ਹੋਰ ਫੌਜ ਭੇਜਕੇ ਆਪਣੀ ਪੁਜੀਸ਼ਨ ਲਗਾਤਾਰ ਮਜ਼ਬੂਤ ਕਰ ਰਹੇ ਸਨ। ਇਸ ਨਾਲ ਸਿੱਖ ਫੌਜ ਦਾ ਇਹ ਡਰ ਪੱਕਾ ਹੋ ਗਿਆ ਕਿ ਅੰਗਰੇਜ ਪੰਜਾਬ ਤੇ ਹਮਲਾ ਕਰਨਾ ਚਾਹੁੰਦੇ ਸਨ। ਹੀਰਾ ਸਿੰਘ ਨੇ ਵੀ ਕਸੂਰ ਹੋਰ ਫੌਜ ਤੈਨਾਤ ਕਰਕੇ ਆਪਣੀ ਸਰਹੱਦ ਨੂੰ ਹੋਰ ਮਜ਼ਬੂਤ ਕੀਤਾ।

ਕੰਵਰ ਕਸ਼ਮੀਰਾ ਸਿੰਘ ਨੇ ਸਿਆਲਕੋਟ ਵਿੱਚ ਲਹੌਰ ਦਰਬਾਰ ਦੇ ਵਿਰੁੱਧ ਬਗਾਵਤ ਦਾ ਐਲਾਨ ਕਰ ਦਿੱਤਾ। ਹੀਰਾ ਸਿੰਘ ਨੇ ਆਪਣੇ ਚਾਚੇ ਗੁਲਾਬ ਸਿੰਘ ਨੂੰ ਫੌਜ ਦੇ ਕੇ ਸਿਆਲਕੋਟ ਭੇਜਿਆ, ਅਤੇ ਉਸਨੇ ਕੰਵਰਾਂ ਨੂੰ ਸਿਆਲਕੋਟ ਵਿੱਚੋਂ ਖਦੇੜ ਦਿੱਤਾ। ਉਹ ਭੱਜ ਕੇ ਭਾਈ ਬੀਰ ਸਿੰਘ ਕੋਲ ਨੌਰੰਗਾਬਾਦ ਚਲੇ ਗਏ, ਜਿੱਥੇ ਸਤਲੁਜ ਦੇ ਕਿਨਾਰੇ ਉਸਦਾ ਆਪਣਾ ਗੁਰਦੁਆਰਾ ਸੀ। ਭਾਈ ਕੋਲ ਕੁਝ ਪੈਦਲ ਸੈਨਿਕ ਅਤੇ ਘੋੜ ਸਵਾਰ ਵੀ ਸਨ। ਭਾਈ ਬੀਰ ਸਿੰਘ ਇੱਕ ਮਹੱਤਵਪੂਰਨ ਸਿੱਖ ਸੰਤ ਸੀ, ਅਤੇ ਸਿੱਖ ਸੰਗਤ ਵਿੱਚ ਉਸਦਾ ਬਹੁਤ ਸਤਕਾਰ ਸੀ। ਔਖੇ ਵੇਲੇ ਜਨ ਸ਼ਧਾਰਨ ਸਿੱਖ ਭਾਈ ਸਾਹਿਬ ਦੀ ਸਲਾਹ ਜਾਂ ਅਸੀਸ ਲੈਣ ਅਕਸਰ ਜਾਂਦੇ ਸਨ। ਕੰਵਰਾਂ ਦੇ ਭਾਈ ਬੀਰ ਸਿੰਘ ਕੋਲ ਸ਼ਰਣ ਲੈਣ ਦਾ ਮਸਲਾ ਬੜਾ ਨਾਜ਼ਕ ਸੀ। ਕਈ ਸਿੱਖ ਫੌਜੀ ਵੀ ਉਹਨਾ ਨਾਲ ਹਮਦਰਦੀ ਰੱਖਦੇ ਸਨ ਕਿਉਂਕਿ ਉਹ ਮਹਾਰਾਜੇ ਰਣਜੀਤ ਸਿੰਘ ਦੀ ਸੰਤਾਨ ਸਨ। ਸੋ ਹੀਰਾ ਸਿੰਘ ਨੇ ਬੜੀ ਸਮਝਦਾਰੀ ਵਰਤ ਕੇ ਕੰਵਰਾਂ ਨੂੰ ਮਨਾ ਲਿਆ। ਉਹਨਾ ਦੀਆਂ ਜਗੀਰਾਂ ਵਾਪਸ ਕਰ ਦਿੱਤੀਆਂ, ਅਤੇ ਚੰਗੀਆਂ ਪੈਨਸ਼ਨਾਂ ਵੀ ਲਾ ਦਿੱਤੀਆਂ। ਸਿੱਖ ਫੌਜੀਆਂ ਦੀ ਇੱਕ ਹੋਰ ਮੰਗ ਪੂਰੀ ਕਰਦੇ ਹੋਏ ਉਸਨੇ ਜਵਾਹਰ ਸਿੰਘ ਨੂੰ ਵੀ ਕੈਦ ਵਿੱਚੋਂ ਛੁਟਕਾਰਾ ਦੇ ਦਿੱਤਾ।

ਅਗਲੀ ਸਮੱਸਿਆ ਉਸਦੇ ਚਾਚੇ ਸੁਚੇਤ ਸਿੰਘ ਦੀ ਸੀ। ਸੁਚੇਤ ਸਿੰਘ ਨੇ ਵੇਖਿਆ ਕਿ ਉਸਦਾ ਭਤੀਜਾ ਛੋਟੀ ਜਿਹੀ ਉਮਰ ਵਿੱਚ ਹੀ ਪੰਜਾਬ ਦਾ ਵਜ਼ੀਰ ਬਣ ਗਿਆ ਹੈ, ਉਸਦਾ ਭਰਾ ਗੁਲਾਬ ਸਿੰਘ ਜੰਮੂ ਦਾ ਰਾਜਾ ਸੀ, ਪਰ ਉਸਦੀ ਆਪਣੀ ਕੋਈ ਜਿਆਦਾ ਪੁੱਛ ਗਿੱਛ ਨਹੀਂ ਸੀ, ਤਾਂ ਉਹ ਈਰਖਾ ਵੱਸ ਹੋ ਕਿ ਆਪਣੇ ਹੀ ਭਤੀਜੇ ਨੂੰ ਵਜ਼ੀਰੀਉਂ ਲਾਹ ਕੇ ਆਪ ਵਜ਼ੀਰ ਬਣਨ ਦੀਆਂ ਕੋਸ਼ਿਸ਼ਾਂ ਵਿੱਚ ਲੱਗ ਗਿਆ। ਉਸਨੂੰ ਉਮੀਦ ਸੀ ਕਿ ਜੇ ਉਹ ਹੀਰਾ ਸਿੰਘ ਦੀ ਜਗ੍ਹਾ ਆਪਣੀ ਵਜ਼ੀਰੀ ਦਾ ਦਾਅਵਾ ਪੇਸ਼ ਕਰੇ ਤਾਂ ਫੌਜ ਉਸਦੀ ਹਮਾਇਤ ਕਰੇਗੀ, ਕਿਉਂਕਿ ਉਸ ਵੇਖਿਆ ਸੀ ਕਿ ਫੌਜ ਨਵੇਂ ਵਜ਼ੀਰ ਤੋਂ ਕੋਈ ਜਿਆਦਾ ਖੁਸ਼ ਨਹੀਂ ਸੀ। ਉਸਦਾ ਭਰਾ ਗੁਲਾਬ ਸਿੰਘ ਵੀ ਉਸਦੇ ਪੱਖ ਵਿੱਚ ਸੀ, ਕਿਉਂਕਿ ਸੁਚੇਤ ਸਿੰਘ ਦੀ ਆਪਣੀ ਕੋਈ ਔਲਾਦ ਨਹੀਂ ਸੀ, ਅਤੇ ਉਸਨੇ ਗੁਲਾਬ ਸਿੰਘ ਦੇ ਪੁੱਤਰ ਰਣਬੀਰ ਸਿੰਘ ਨੂੰ ਗੋਦ ਲਿਆ ਹੋਇਆ ਸੀ। ਸੋ 26 ਮਾਰਚ 1844 ਨੂੰ ਸੁਚੇਤ ਸਿੰਘ ਲਹੌਰ ਆਇਆ ਅਤੇ ਦਰਬਾਰ ਵਿੱਚ ਇਹ ਮੰਗ ਕੀਤੀ ਕਿ ਵਜ਼ੀਰ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਵਜ਼ੀਰੀਉਂ ਲਾਹ ਕੇ ਉਸਨੂੰ (ਧਿਆਨ ਸਿੰਘ ਦੇ ਭਰਾ) ਨੂੰ ਵਜ਼ੀਰ ਬਣਾਇਆ ਜਾਏ।

ਫੌਜ ਵਲੋਂ ਜਿਸ ਹਮਾਇਤ ਦੀ ਸੁਚੇਤ ਸਿੰਘ ਨੂੰ ਆਸ ਸੀ ਉਹ ਉਸਨੂੰ ਨਾਂ ਮਿਲੀ, ਤਾਂ ਉਸਨੇ ਲਹੌਰ ਵਿੱਚੋਂ ਭੱਜ ਜਾਣ ਵਿੱਚ ਹੀ ਭਲਾਈ ਸਮਝੀ। ਪਰ ਇਸ ਤੋਂ ਪਹਿਲਾਂ ਕਿ ਉਹ ਦੂਰ ਚਲਾ ਜਾਂਦਾ, ਹੀਰਾ ਸਿੰਘ ਨੇ ਫੌਜ ਨਾਲ ਉਸਦਾ ਪਿੱਛਾ ਕੀਤਾ, ਅਤੇ ਵਜ਼ੀਰੀ ਦੇ ਚਾਹਵਾਨ ਇਸ ਚਾਚੇ ਦਾ ਕੰਮ ਤਮਾਮ ਕਰ ਦਿੱਤਾ।ਪਰ ਫਿਰ ਇੱਕ ਨਵੀਂ ਸਮੱਸਿਆ ਹੋਰ ਖੜੀ ਹੋ ਗਈ। ਨੌਰੰਗਾਬਾਦ ਵਾਲਾ ਭਾਈ ਬੀਰ ਸਿੰਘ ਇੱਕ ਕੱਟੜ ਸਿੱਖ ਸੀ। ਉਸਦਾ ਸਿੱਖ ਸੰਗਤ ਵਿੱਚ ਬੜਾ ਮਾਣ ਤਾਣ ਸੀ। ਰਾਜੇ ਅਤੇ ਰਾਜ ਕੁਮਾਰ ਤੱਕ ਉਸਦੀ ਸਲਾਹ ਲੈਂਦੇ ਸਨ। ਉਹ ਜੰਮੂ ਦੇ ਡੋਗਰਿਆਂ ਦੇ ਸਿੱਖ ਦਰਬਾਰ ਵਿੱਚ ਵਧਦੇ ਅਸਰ ਰਸੂਖ ਤੋਂ ਬਿਲਕੁਲ ਖੁਸ਼ ਨਹੀਂ ਸੀ। ਉਹ ਉਹਨਾ ਦਾ ਕੱਟੜ ਵਿਰੋਧੀ ਸੀ। ਸੰਧਾਂਵਾਲੀਆ ਸਰਦਾਰ

ਅਤਰ ਸਿੰਘ, ਜੋ ਸ਼ੇਰ ਸਿੰਘ ਦੇ ਕਤਲ ਤੋਂ ਬਾਅਦ ਹੋਏ ਘਲੂਘਾਰੇ ਸਮੇਂ ਲਕਕੇ ਸਤਲੁਜੋਂ ਪਾਰ ਅੰਗਰੇਜ਼ਾਂ ਕੋਲ ਚਲਾ ਗਿਆ ਸੀ, 2 ਮਈ 1844 ਨੂੰ ਆਪਣੀ ਫੌਜ ਲੈ ਕੇ ਭਾਈ ਬੀਰ ਸਿੰਘ ਕੋਲ ਨੌਰੰਗਾਬਾਦ ਆ ਗਿਆ। ਕੰਵਰ ਕਸ਼ਮੀਰਾ ਸਿੰਘ ਅਤੇ ਪਿਸ਼ੌਰਾ ਸਿੰਘ ਵੀ ਫਿਰ ਨੌਰੰਗਾਬਾਦ ਪਹੁੰਚ ਗਏ, ਅਤੇ ਇਸ ਡੋਗਰੇ ਵਜ਼ੀਰ ਨੂੰ ਪੰਜਾਬ ਵਿੱਚੋਂ ਭਜਾ ਕੇ ਪੰਜਾਬ ਦੇ ਤਖ਼ਤ ਤੇ ਕਬਜ਼ਾ ਕਰਨ ਦੀਆਂ ਸਕੀਮਾਂ ਬਣਨ ਲੱਗੀਆਂ। ਅਸਲ ਵਿੱਚ ਕੋਈ ਵੀ ਪੰਜਾਬੀ, ਅਤੇ ਖਾਸ ਕਰਕੇ ਸਿੱਖ, ਡੋਗਰਿਆਂ ਨੂੰ ਪਸੰਦ ਨਹੀਂ ਕਰਦਾ ਸੀ, ਕਿਉਂਕਿ ਪੰਜਾਬੀ ਉਹਨਾ ਨੂੰ ਵਿਦੇਸ਼ੀ ਸਮਝਦੇ ਸਨ। ਉਹ ਕਿਸੇ ਵਦੇਸ਼ੀ ਨੂੰ ਆਪਣੇ ਤੇ ਹਕੂਮਤ ਕਰਦੇ ਹੋਏ ਵੇਖ ਕੇ ਖੁਸ਼ ਨਹੀਂ ਸਨ। ਉਹ ਚਾਹੁੰਦੇ ਸਨ ਕਿ ਜਿਨ੍ਹੀ ਜਲਦੀ ਇਹ ਡੋਗਰੇ ਆਪਣੇ ਮੁਲਖ ਜੰਮੂ ਚਲੇ ਜਾਣ ਉਹਨਾ ਹੀ ਚੰਗਾ ਹੈ।

ਅਤਰ ਸਿੰਘ ਸੰਧਾਂਵਾਲੀਆ ਇੱਕ ਮੰਨਿਆ ਹੋਇਆ ਜਰਨੈਲ ਸੀ। ਮਹਾਰਾਜੇ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਨੇ ਕਈ ਮੁਹਿੰਮਾਂ ਵਿੱਚ ਹਿੱਸਾ ਲਿਆ ਸੀ। ਸ਼ੇਰੇ ਪੰਜਾਬ ਇਸਦੀ ਬਹੁਤ ਕਦਰ ਕਰਦਾ ਸੀ। ਇਸ ਨਾਲ ਨਿੱਪਟਣ ਲਈ ਬੜੀ ਸਾਵਧਾਨੀ ਦੀ ਲੋੜ ਸੀ। ਲਹੌਰ ਦਰਬਾਰ ਅਤੇ ਖਾਸ ਕਰਕੇ ਡੋਗਰਿਆਂ ਦੇ ਖਿਲਾਫ ਇਹ ਬਗਾਵਤ ਦਾ ਕੇਂਦਰ ਬਿੰਦੂ ਬਣ ਗਿਆ। ਹੀਰਾ ਸਿੰਘ ਨੇ ਫੌਜ ਨੂੰ ਯਾਦ ਕਰਵਾਇਆ ਕਿ ਇਹ ਸਰਦਾਰ ਉਹਨਾ ਸੰਧਾਂਵਾਲੀਆਂ ਦਾ ਚਾਚਾ ਸੀ ਜਿਨ੍ਹਾਂ ਨੇ ਮਹਾਰਾਜੇ ਸ਼ੇਰ ਸਿੰਘ ਅਤੇ ਉਸਦੇ ਪੁੱਤਰ ਦਾ ਏਨੀ ਬੇਦਰਦੀ ਨਾਲ ਕਤਲ ਕੀਤਾ ਸੀ। ਉਸਨੇ ਇਹ ਵੀ ਕਿਹਾ ਕਿ ਇਹ ਸਰਦਾਰ ਅੰਗਰੇਜ਼ਾਂ ਦਾ ਮਹਿਮਾਨ ਰਹਿ ਚੁੱਕਾ ਹੈ, ਅਤੇ ਇਹ ਉਹਨਾ ਨਾਲ ਮਿਲਿਆ ਹੋਇਆ ਹੈ, ਅਤੇ ਜੇ ਇਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋ ਗਿਆ ਤਾਂ ਇਹ ਪੰਜਾਬ ਨੂੰ ਅੰਗਰੇਜ਼ਾਂ ਕੋਲ ਗਿਰਵੀ ਰੱਖ ਦਵੇਗਾ। ਫੌਜੀਆਂ ਨੇ ਹੀਰਾ ਸਿੰਘ ਦਾ ਪੱਖ ਲੈਣ ਦਾ ਫੈਸਲਾ ਕੀਤਾ-ਫਿਰ ਤਨਖਾਹ ਵੀ ਤਾਂ ਉਹਨਾ ਨੂੰ ਉਹੋ ਹੀ ਦਿੰਦਾ ਸੀ।

ਵਜ਼ੀਰ ਹੀਰਾ ਸਿੰਘ ਨੇ ਲਹੌਰ ਤੋਂ ਇੱਕ ਫੌਜ ਭੇਜੀ, ਜਿਸ ਨੇ ਨੌਰੰਗਾਬਾਦ ਜਾ ਕੇ ਭਾਈ ਬੀਰ ਸਿੰਘ ਦੇ ਡੇਰੇ ਨੂੰ ਘੇਰਾ ਪਾ ਲਿਆ। ਇਸ ਫੌਜ ਦਾ ਜਰਨੈਲ ਇੱਕ ਡੋਗਰਾ ਸਰਦਾਰ, ਲਾਭ ਸਿੰਘ ਸੀ। ਭਾਈ ਨੇ ਸੁਲਹਾ ਦੀ ਪੇਸ਼ਕਸ਼ ਕੀਤੀ। ਲਾਭ ਸਿੰਘ ਨੇ ਉਸ ਕੋਲ ਦੋ ਦੂਤ ਭੇਜੇ, ਸਰਦਾਰ ਗੁਲਾਬ ਸਿੰਘ ਕਲਕੱਤੀਆ ਅਤੇ ਬਾਗ ਸਿੰਘ ਮੁਗਰੀ। ਉਹਨਾ ਨੇ ਸੁਲਹਾ ਦੀ ਸ਼ਰਤ ਇਹ ਰੱਖੀ ਕਿ ਭਾਈ ਬੀਰ ਸਿੰਘ ਆਪਣੇ ਆਪ ਨੂੰ ਬਗਾਵਤੀਆਂ ਤੋਂ ਅਲੱਗ ਕਰ ਲਵੇ। ਫਿਰ ਫੌਜ ਚਤਰ ਸਿੰਘ ਨਾਲ ਆਪੇ ਨਿੱਪਟ ਲਵੇਗੀ। ਭਾਈ ਦੇ ਡੇਰੇ ਵਿੱਚ ਜਦੋਂ ਇਹ ਗੱਲ ਬਾਤ ਚੱਲ ਰਹੀ ਸੀ ਤਾਂ ਸਰਦਾਰ ਚਤਰ ਸਿੰਘ ਰੋਹ ਵਿੱਚ ਆ ਗਿਆ ਅਤੇ ਉਸਨੇ ਇਹ ਦੋਵੇਂ ਦੂਤ ਮਾਰ ਦਿੱਤੇ। ਡੇਰੇ ਉੱਤੇ ਗੋਲਾ ਬਾਰੀ ਸ਼ੁਰੂ ਹੋ ਗਈ। ਜੋ ਲੜਾਈ ਹੋਈ ਉਸ ਵਿੱਚ ਭਾਈ ਬੀਰ ਸਿੰਘ, ਸਰਦਾਰ ਚਤਰ ਸਿੰਘ ਸੰਧਾਂਵਾਲੀਆ ਅਤੇ ਕੰਵਰ ਕਸ਼ਮੀਰਾ ਸਿੰਘ ਮਾਰੇ ਗਏ। ਇਸੇ ਗੱਲ ਦਾ ਜ਼ਿਕਰ ਸ਼ਾਹ ਮੁਹੰਮਦ ਵੀ ਕਰਦਾ ਹੈ, ਜਦੋਂ ਉਹ ਖਾਲਸਾ ਫੌਜੀਆਂ ਨੂੰ ਇਹ ਤੂੜ ਮਾਰਦੇ ਹੋਏ ਦਰਸਾਉਂਦਾ ਹੈ:

**ਬੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ, ਨਹੀਂ ਕੋਈ ਛੱਡਿਆ ਸਾਧ ਤੇ ਸੰਤ ਮੀਆਂ।**

ਪਰ ਇਸ ਗੱਲ ਦਾ ਖਾਲਸਾ ਫੌਜੀਆਂ ਨੂੰ ਉਸ ਸਮੇ ਬਹੁਤ ਅਫਸੋਸ ਹੋਇਆ। ਭਾਈ ਬੀਰ ਸਿੰਘ ਦਾ ਸਿੱਖ ਸੰਗਤਾਂ ਬਹੁਤ ਸਨਮਾਨ ਕਰਦੀਆਂ ਸਨ। ਉਸਨੂੰ ਗੁਰੂਆਂ ਵਾਂਗ ਪੂਜਦੀਆਂ ਸਨ। ਫਿਰ ਉਹਨਾ ਨੇ ਮਹਾਰਾਜੇ ਦੇ ਪੁੱਤਰ ਦੇ ਖੂਨ ਨਾਲ ਵੀ ਆਪਣੇ ਹੱਥ ਰੰਗੇ ਸਨ। ਉਹਨਾ ਨੂੰ ਵਜ਼ੀਰ ਹੀਰਾ ਸਿੰਘ ਤੇ ਬਹੁਤ ਗੁੱਸਾ ਆਇਆ ਕਿ ਇਹ ਕੰਮ ਉਸੇ ਨੇ ਉਹਨਾ ਤੋਂ ਕਰਵਾਇਆ ਸੀ। ਪਰ ਹੀਰਾ ਸਿੰਘ ਵੀ ਪੂਰਾ ਔਸਤਰ ਸੀ। ਉਸਨੇ ਫੌਜੀਆਂ ਨੂੰ ਵਧੇਰੇ ਤਨਖਾਹਾਂ ਅਤੇ ਹੋਰ ਇਨਾਮ ਦਾ ਲਾਲਚ ਦੇ ਕੇ ਮਨਾ ਲਿਆ। ਸਤਲੁਜ ਪਾਰੋਂ ਖਬਰਾਂ ਆ ਰਹੀਆਂ ਸਨ ਕਿ ਅੰਗਰੇਜ ਜੰਗ ਦੀਆਂ ਤਿਆਰੀਆਂ ਕਰ ਰਹੇ ਸਨ। ਐਸੇ ਖਤਰਨਾਕ ਸਮੇ ਇੱਕ ਦ੍ਰਿੜ ਇਰਾਦੇ ਵਾਲੇ ਵਜ਼ੀਰ ਦੀ ਲੋੜ ਸੀ। ਸੋ ਜਲਦੀ

ਹੀ ਫੌਜੀ ਸ਼ਾਂਤ ਹੋ ਗਏ।

ਲੜਾਈ ਤੋਂ ਬਾਅਦ ਕੰਵਰ ਕਸ਼ਮੀਰਾ ਸਿੰਘ ਦੀ ਪਤਨੀ ਅਤੇ ਉਸਦੇ ਬੱਚੇ ਲਾਭ ਸਿੰਘ ਦੇ ਕਾਬੂ ਆ ਗਏ ਸਨ। ਉਸਨੇ ਉਹਨਾ ਨਾਲ ਬਦਸਲੂਕੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਫੌਜੀਆਂ ਨੇ ਉਸਨੂੰ ਵਰਜਿਆ, ਅਤੇ ਕੰਵਰ ਦੇ ਪਰਵਾਰ ਨੂੰ ਸੁਰੱਖਿਅਤ ਲਹੌਰ ਪਹੁੰਚਾਇਆ। ਕੰਵਰ ਪਿਸ਼ੌਰਾ ਸਿੰਘ ਨੇ ਲਹੌਰ ਦਰਬਾਰ ਨਾਲ ਸੁਲਹਾ ਕਰਕੇ ਆਪਣੀ ਜਾਨ ਬਚਾ ਲਈ, ਅਤੇ ਲਹੌਰ ਆ ਗਿਆ।

ਵਜੀਰ ਹੀਰਾ ਸਿੰਘ ਚੁਸਤ ਬੰਦਾ ਸੀ। ਪਰ ਉਸਦੀਆਂ ਜਿਆਦਾਤਰ ਸਫਲਤਾਵਾਂ ਪਿੱਛੇ ਉਸਦੇ ਗੁਰੂ ਜਾਂ ਉਸਤਾਦ ਪੰਡਤ ਜੱਲੇ ਦਾ ਹੱਥ ਸੀ। ਉਹ ਹੀਰਾ ਸਿੰਘ ਲਈ ਉਹੋ ਸਥਾਨ ਰੱਖਦਾ ਸੀ ਜੋ ਅਰਸਤੂ ਸਿਕੰਦਰ ਲਈ, ਜਾਂ ਚਾਣਕੀਆ ਚੰਦਰ ਗੁਪਤ ਲਈ। ਇਹ ਪੰਡਤ ਬੜਾ ਚਲਾਕ ਵਿਅੱਕਤੀ ਸੀ, ਅਤੇ ਕਿਸ ਨੂੰ ਗੁੜ ਅਤੇ ਕਿਸ ਨੂੰ ਜਹਿਰ ਦੇ ਕੇ ਮਾਰਨਾ ਹੈ, ਇਸਨੂੰ ਖੂਬ ਪਤਾ ਸੀ। ਹੀਰਾ ਸਿੰਘ ਹਰ ਕੰਮ ਵਿੱਚ ਇਸਦੀ ਸਲਾਹ ਲੈਂਦਾ ਸੀ।

ਪਰ ਕਈ ਵਾਰ ਹੱਦੋਂ ਵੱਧ ਚੁਸਤੀ ਜਾਂ ਚਲਾਕੀ ਇਨਸਾਨ ਨੂੰ ਲੈ ਡੁਬਦੀ ਹੈ। ਕਹਿੰਦੇ ਹਨ ਨਾ ਕਿ ਬਹੁਤੇ ਤਾਰੂ ਹੀ ਡੁਬਦੇ ਹਨ। ਇਸ ਤਾਰੂ ਨੂੰ ਆਪਣੀ ਸਮਝਦਾਰੀ ਤੇ ਏਨਾ ਹੰਕਾਰ ਹੋ ਗਿਆ ਕਿ ਕਿਸੇ ਦੀ ਵੀ ਲਾਹ ਪਾਹ ਕਰ ਦਿੰਦਾ। ਵਜੀਰ ਇਸਦੀ ਹਰ ਗੱਲ ਵਿੱਚ ਹਾਂ ਨਾਲ ਹਾਂ ਮਿਲਾਉਂਦਾ ਸੀ। ਕਈ ਸਰਦਾਰ ਇਸ ਦੇ ਦੁਸ਼ਮਣ ਬਣ ਗਏ ਸਨ। ਸਿੱਖਾਂ ਦੇ ਸੁਭਾਅ ਤੋਂ ਇਹ ਚੰਗੀ ਤਰਾਂ ਜਾਣੂ ਨਹੀਂ ਸੀ।

ਮਹਾਰਾਣੀ ਜਿੰਦਾਂ ਕਾਫੀ ਬਦਨਾਮ ਹੋ ਚੁੱਕੀ ਸੀ। ਉਸ ਬਾਰੇ ਕਈ ਝੂਠੀਆਂ ਸੱਚੀਆਂ ਅਫਵਾਹਾਂ ਉੱਡਦੀਆਂ ਰਹਿੰਦੀਆਂ ਸਨ। ਕਿਹਾ ਜਾ ਰਿਹਾ ਸੀ ਕਿ ਉਸਦੀ ਲਾਲ ਸਿੰਘ ਨਾਂ ਦੇ ਇੱਕ ਪੂਰਬੀਏ ਸਰਦਾਰ ਨਾਲ ਯਾਰੀ ਹੈ। ਜੱਲਾ ਹੰਕਾਰੀ ਅਤੇ ਮੂੰਹਫੱਟ ਸੀ। ਉਸਨੇ ਭਰੇ ਦਰਬਾਰ ਵਿੱਚ ਮਹਾਰਾਣੀ ਦੀ ਨਿਖੇਦੀ ਕੀਤੀ।

ਮਹਾਰਾਣੀ ਨੇ ਅੱਥਰੂ ਸੁੱਟ ਕੇ ਸਿੱਖ ਸਰਦਾਰਾਂ ਨੂੰ ਆਪਣੀ ਬੇਜਤੀ ਦਾ ਬਦਲਾ ਲੈਣ ਦੀ ਪੁਕਾਰ ਕੀਤੀ। ਸਿੱਖ ਸਰਦਾਰ ਤਾਂ ਅੱਗੇ ਹੀ ਜੱਲੇ ਅਤੇ ਹੀਰਾ ਸਿੰਘ ਨਾਲ ਈਰਖਾ ਕਰਦੇ ਸਨ। ਉਹਨਾ ਨੂੰ ਮੌਕਾ ਮਿਲ ਗਿਆ ਕਿ ਉਹ ਇਹਨਾ ਤੋਂ ਛੁਟਕਾਰਾ ਪਾ ਸਕਣ। ਉਹਨਾ ਨੇ ਵਜੀਰ ਅਤੇ ਉਸਦੇ ਗੁਰੂ ਜੱਲੇ ਨੂੰ ਮਾਰਨ ਦਾ ਇਰਾਦਾ ਕਰ ਲਿਆ। ਇਹਨਾ ਨੂੰ ਵੀ ਪਤਾ ਲੱਗ ਗਿਆ ਕਿ ਹੋਣੀ ਸਿਰ ਤੇ ਕੂਕ ਰਹੀ ਹੈ। 21 ਦਸੰਬਰ ਦੀ ਰਾਤ ਨੂੰ ਇਹ ਆਪਣੇ ਕੁਝ ਵਫਾਦਾਰ ਸਾਥੀ ਨਾਲ ਲੈ ਕੇ, ਅਤੇ ਖਜਾਨੇ ਦਾ ਕਾਫੀ ਮਾਲ ਸਮੇਟ ਕੇ ਲਹੌਰ ਤੋਂ ਚੁਪ ਚਾਪ ਨਿਕਲ ਕੇ ਜੰਮੂ ਦੇ ਰਸਤੇ ਪੈ ਗਏ। ਪਰ ਸਿੱਖ ਸਰਦਾਰ ਵੀ ਸਾਵਧਾਨ ਸਨ। ਉਹਨਾ ਨੂੰ ਪਤਾ ਲੱਗ ਗਿਆ। ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਅਤੇ ਸੇਵਾ ਸਿੰਘ ਮਜੀਠੀਏ ਨੇ ਫੌਜ ਲੈ ਕੇ ਇਹਨਾ ਦਾ ਪਿੱਛਾ ਕੀਤਾ, ਅਤੇ ਜੰਮੂ ਪਹੁੰਚਣ ਤੋਂ ਕਾਫੀ ਪਹਿਲਾਂ ਹੀ ਇਹਨਾ ਨੂੰ ਜਾ ਦਬੋਚਿਆ। ਦੋਵੇਂ ਗੁਰੂ ਚੇਲਾ ਇਕੱਠੇ ਹੀ ਪ੍ਰਲੋਕ ਰਵਾਨਾ ਹੋਏ।

ਪੰਜਾਬ ਵਿੱਚ ਇਹਨਾ ਵਦੇਸ਼ੀਆਂ ਦੀ ਮੌਤ ਦਾ ਕਿਸੇ ਨੇ ਵੀ ਕੋਈ ਸੋਗ ਨਾ ਮਨਾਇਆਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਡੋਗਰੇ ਵਜੀਰਾਂ ਨੇ ਸਿੱਖ ਰਾਜ ਲਈ ਕਈ ਬੇਤਰੀਨ ਸੇਵਾਵਾਂ ਨਿਭਾਈਆਂ, ਪਰ ਸਿੱਖ ਅੱਜ ਵੀ ਇਹਨਾ ਡੋਗਰਿਆਂ ਨੂੰ ਕਿਸੇ ਸੇਵਾ ਲਈ ਨਹੀਂ, ਸਗੋਂ ਆਪਣੇ ਰਾਜ ਦੀ ਬਰਬਾਦੀ ਲਈ ਹੀ ਯਾਦ ਕਰਦੇ ਹਨ। ਮਹਾਰਾਜੇ ਰਣਜੀਤ ਸਿੰਘ ਨੇ ਵਜੀਰ ਧਿਆਨ ਸਿੰਘ ਦੀ ਯੋਗਤਾ ਦੀ ਚੰਗੀ ਵਰਤੋਂ ਕੀਤੀ। ਅਤੇ ਜਿਨ੍ਹਾਂ ਚਿਰ ਉਹ ਸ਼ੇਰ ਜਿਉਂਦਾ ਸੀ, ਉਹਨਾ ਚਿਰ ਉਸਨੇ ਸਿਰਫ ਸੇਵਾ ਹੀ ਕੀਤੀ। ਕੋਈ ਮਾੜੀ ਹਰਕਤ ਕਰਨ ਦੀ ਉਸਦੀ ਹਿੰਮਤ ਹੀ ਨਾ ਪਈ। ਪਰ ਕਹਿੰਦੇ ਹਨ ਕਿ ਮਰਦ ਦੀ ਮਾਇਆ ਅਤੇ ਬੋਹੜ ਦੀ ਛਾਇਆ ਉਸਦੇ ਨਾਲ ਹੀ ਚਲੀ ਜਾਂਦੀ ਹੈ। ਖੜਕ ਸਿੰਘ ਅਤੇ ਸ਼ੇਰ ਸਿੰਘ ਵਰਗੇ ਕਮਜੋਰ ਮਹਾਰਾਜੇ ਇਹੋ ਜਿਹੇ ਚਲਾਕ ਵਜੀਰ ਨਾਲ ਨਿੱਪਟ ਨਾ ਸੱਕੇ। ਹੀਰਾ ਸਿੰਘ

ਵੀ ਜਿਨ੍ਹਾ ਚਿਰ ਵਜੀਰ ਰਿਹਾ, ਉਸਨੇ ਹਰ ਸਮੱਸਿਆ ਦਾ ਬੜੀ ਸਮਝਦਾਰੀ ਨਾਲ ਸਾਹਮਣਾ ਕੀਤਾ, ਪਰ ਮਹਾਰਾਜਾ ਇੱਕ ਬਾਲਕ ਸੀ, ਉਸਦੀ ਮਾਂ ਚਾਲਬਾਜ ਔਰਤ ਸੀ। ਮਹਾਰਾਜੇ ਦਾ ਮਾਮਾ ਦਖਲਅੰਦਾਜੀ ਕਰਦਾ ਸੀ, ਫੌਜ ਕਾਬੂ ਤੋਂ ਬਾਹਰ ਸੀ, ਸਰਹੱਦ ਤੇ ਅੰਗਰੇਜ ਜੰਗ ਦੀ ਤਿਆਰੀ ਕਰ ਰਹੇ ਸਨ। ਸਿੱਖ ਸਰਦਾਰ ਉਸਨੂੰ ਪਰਾਇਆ ਸਮਝਦੇ ਸਨ। ਐਸੇ ਹਲਾਤਾਂ ਵਿੱਚ ਇਹ ਸਗੋਂ ਹੈਰਾਨੀ ਵਾਲੀ ਗੱਲ ਹੈ ਕਿ ਉਹ ਦੋ ਸਾਲ ਵਜੀਰੀ ਕਰਦਾ ਰਿਹਾ। ਉਸਦੇ ਗੁਰੂ ਪੰਡਤ ਜੱਲੇ ਦੀ ਹੈਂਕੜ ਵੀ ਉਸਦੇ ਅੰਤ ਲਈ ਬਹੁਤ ਹੱਦ ਤੱਕ ਜ਼ੁੰਮੇਵਾਰ ਸੀ।

## ਮਹਾਰਾਣੀ ਜਿੰਦਾਂ ਅਤੇ ਵਜੀਰ ਜਵਾਹਰ ਸਿੰਘ

ਹੀਰਾ ਸਿੰਘ ਦੀ ਅਚਾਨਕ ਮੌਤ ਨਾਲ ਕੁਝ ਸਮੇ ਲਈ ਤਾਂ ਦਰਬਾਰ ਦੇ ਕੰਮ ਵਿੱਚ ਰੁਕਾਵਟ ਪੈ ਗਈ, ਪਰ ਫਿਰ ਹੌਲੀ ਹੌਲੀ ਮਹਾਰਾਣੀ ਜਿੰਦਾਂ ਨੇ ਆਪਣੇ ਭਰਾ ਜਵਾਹਰ ਸਿੰਘ ਅਤੇ ਮਿਸਰ ਲਾਲ ਸਿੰਘ ਦੀ ਸਹਾਇਤਾ ਨਾਲ ਦਰਬਾਰ ਦਾ ਕੰਮ ਚਲਾਉਣਾ ਸ਼ੁਰੂ ਕਰ ਲਿਆ। ਬਾਅਦ ਵਿੱਚ 14 ਮਈ 1845 ਨੂੰ ਜਵਾਹਰ ਸਿੰਘ ਨੂੰ ਭਰੇ ਦਰਬਾਰ ਵਿੱਚ ਵਜੀਰ ਥਾਪ ਦਿੱਤਾ ਗਿਆ। ਕੰਵਰ ਪਿਸ਼ੌਰਾ ਸਿੰਘ ਫਿਰ ਅੰਗਰੇਜਾਂ ਨੂੰ ਛੱਡ ਕੇ ਪੰਜਾਬ ਆ ਗਿਆ, ਪਰ ਉਸਨੇ ਕੋਈ ਗੜਬੜ ਕਰਨ ਦੀ ਕੋਸ਼ਿਸ਼ ਨਾਂ ਕੀਤੀ। ਫੌਜੀਆਂ ਦੀ ਤਨਖਾਹ ਵਿੱਚ ਅੱਧੇ ਰੁਪੱਈਏ ਦਾ ਵਾਧਾ ਕੀਤਾ ਗਿਆ, ਅਤੇ ਉਹ ਕੁਝ ਸਮੇ ਲਈ ਸ਼ਾਂਤ ਹੋ ਗਏ।

SIKHBOOKCLUB.COM

ਉੱਤਰ-ਪੱਛਮ ਸਰਹੱਦ ਦੇ ਬਾਰਕਜਾਈ ਪਠਾਨ ਕਬੀਲਿਆਂ ਨੂੰ ਗੁਲਾਬ ਸਿੰਘ ਬਗਾਵਤ ਲਈ ਉਕਸਾਅ ਰਿਹਾ ਸੀ। ਫੌਜ ਨੂੰ ਵੀ ਆਹਰੇ ਲਾਈ ਰੱਖਣਾ ਜਰੂਰੀ ਸੀ, ਨਹੀਂ ਤਾਂ ਵਿਹਲੀ ਫੌਜ ਦਰਬਾਰ ਲਈ ਮੁਸੀਬਤ ਦਾ ਕਾਰਨ ਹੀ ਬਣਦੀ ਸੀ। ਸੋ ਫੌਜ ਨੂੰ ਜੰਮੂ ਤੇ ਚੜਾਈ ਕਰਨ ਦਾ ਹੁਕਮ ਮਿਲਿਆ।

ਰਾਜਾ ਗੁਲਾਬ ਸਿੰਘ ਅਜੀਬ ਆਦਮੀ ਸੀ। ਸ਼ਰਾਰਤ ਕਰਨ ਤੋਂ ਬਾਜ ਵੀ ਨਹੀਂ ਆਉਂਦਾ ਸੀ, ਕਿਸੇ ਦਾ ਪੱਕਾ ਵਫਾਦਾਰ ਵੀ ਨਹੀਂ ਸੀ, ਜੇ ਦੁਸ਼ਮਣ ਨੂੰ ਕਮਜੋਰ ਵੇਖਦਾ ਤਾਂ ਉਸਦਾ ਖੂਬ ਨੁਕਸਾਨ ਕਰਦਾ, ਆਪਣੇ ਫਾਇਦੇ ਲਈ ਕਿਸੇ ਦੋਸਤ ਦੀ ਪਿੱਠ ਵਿੱਚ ਛੁਰਾ ਮਾਰਨ ਤੋਂ ਬਿਲਕੁਲ ਦਰੇਗ ਨਹੀਂ ਕਰਦਾ ਸੀ, ਕੋਈ ਨਾ ਕੋਈ ਪੰਗਾ ਲਈ ਹੀ ਰੱਖਦਾ ਸੀ, ਕਦੀ ਵੀ ਸ਼ਾਂਤੀ ਨਾਲ ਚੁੱਪ ਨਹੀਂ ਬੈਠ ਸਕਦਾ ਸੀ। ਕੁੱਤਿਆਂ ਨਾਲ ਸ਼ਿਕਾਰ ਕਰਨਾ, ਅਤੇ ਖਰਗੋਸ਼ਾਂ ਨਾਲ ਮਿਲ ਕੇ ਕੁੱਤਿਆਂ ਨੂੰ ਝਕਾਨੀਆਂ ਦੇਣੀਆਂ ਉਸਦੇ ਸੁਭਾਅ ਦਾ ਹਿੱਸਾ ਸੀ।ਸੰਖੇਪ ਵਿੱਚ ਇਹ ਕਿ ਉਹ ਇੱਕ ਦੋਗਲਾ ਆਦਮੀ ਸੀ। ਜੇ ਦੁਸ਼ਮਣ ਕਮਜੋਰ ਤਾਂ ਉਹ ਸ਼ੇਰ, ਜੇ ਦੁਸ਼ਮਣ ਤਾਕਤਵਰ ਤਾਂ ਉਹ ਬਿੱਲੀ।

ਹੁਣ ਜਦੋਂ ਉਸ ਵੇਖਿਆ ਕਿ ਖਾਲਸਾ ਫੌਜ ਉਸ ਤੋਂ ਤਾਕਤਵਰ ਹੈ ਤਾਂ ਉਸ ਬਿੱਲੀ ਵਾਲੀ ਚਲਾਕੀ ਕੀਤੀ-ਜਿਸ ਤਰਾਂ ਮੌਕਾ ਆਉਣ ਤੇ ਬਿੱਲੀ ਸ਼ੇਰ ਦੀ ਮਾਸੀ ਬਣ ਜਦੀ ਹੈ। ਉਸਨੂੰ ਪਤਾ ਸੀ ਕਿ ਹੁਣ ਪੰਜਾਬ ਦਾ ਮਾਲਕ ਲਹੌਰ ਦਰਬਾਰ ਨਹੀਂ, ਖਾਲਸਾ ਫੌਜ ਸੀ। ਉਹ ਖਾਲਸਾ ਫੌਜ ਦਾ ਸਾਹਮਣਾ ਕਰਨ ਦੀ ਬਜਾਏ ਸਰਦਾਰਾਂ ਦੇ ਸਾਹਮਣੇ ਗਲ ਵਿੱਚ ਪੱਲਾ ਪਾ ਕੇ ਖਲੋ ਗਿਆ। ਉਹਨਾ ਅੱਗੇ ਖਿਮਾ ਜਾਚਨਾ ਕੀਤੀ, ਫੌਜੀ ਪੰਚਾਇਤਾਂ ਨੂੰ ਤੋਹਫੇ ਦਿੱਤੇ। ਸਰਦਾਰਾਂ ਨੇ ਉਸਨੂੰ ਪੈਂਤੀ ਲੱਖ ਰੁਪੱਈਆ ਜੁਰਮਾਨਾ ਲਾਇਆ। ਕੁਝ ਲੱਖ ਰੁਪੱਈਆ ਉਸ ਤਾਰ ਵੀ ਦਿੱਤਾ। ਬਾਕੀ ਰਕਮ ਜਲਦੀ ਦੇਣ ਦਾ ਇਕਰਾਰ ਕੀਤਾ।

ਪਰ ਉਸਦਾ ਇੱਕ ਭਰੋਸੇਮੰਦ ਸਾਥੀ, ਬਚਨਾ, ਉਸਦਾ ਸਾਥ ਛੱਡ ਕੇ ਖਾਲਸਾ ਫੌਜ ਨਾਲ ਆ ਮਿਲਿਆ। ਬਚਨਾ ਉਸਦੇ ਸਭ ਗੁੱਝੇ ਭੇਤ ਜਾਣਦਾ ਸੀ। ਉਸਨੇ ਹੀ ਫੌਜੀ ਸਰਦਾਰਾਂ ਨੂੰ ਉਸਦੇ ਛੁਪੇ ਖਜਾਨਿਆਂ ਬਾਰੇ ਜਾਣਕਾਰੀ ਦਿੱਤੀ ਸੀ। ਗੁਲਾਬ ਸਿੰਘ ਨੂੰ ਬਚਨੇ ਤੇ ਬੜਾ ਗੁੱਸਾ ਸੀ। ਖਾਲਸਾ ਫੌਜ ਲਹੌਰ ਲਈ ਵਾਪਸ ਮੁੜੀ ਤਾਂ ਬਚਨਾ ਵੀ ਉਸਦੇ ਨਾਲ ਸੀ। ਰਾਤ ਕੱਟਣ ਲਈ ਫੌਜ ਨੇ ਪੜਾਅ ਕੀਤਾ ਤਾਂ ਗੁਲਾਬ ਸਿੰਘ ਨੇ ਆਪਣੇ ਆਦਮੀ ਭੇਜ ਕੇ ਆਪਣੀ ਸਾਰੀ ਰਕਮ ਵਾਪਸ ਲੁੱਟ ਲਈ। ਬਚਨਾ ਵੀ ਮਾਰਿਆ ਗਿਆ। ਇੱਕ ਸਰਦਾਰ ਫਤਹਿ ਸਿੰਘ ਮਾਨ ਅਤੇ ਖਾਲਸਾ ਫੌਜ ਦੇ ਕਈ ਹੋਰ ਫੌਜੀ ਵੀ ਮਾਰੇ ਗਏ। ਸਰਦਾਰਾਂ ਨੂੰ ਬੜਾ ਗੁੱਸਾ ਆਇਆ। ਉਹ ਫੌਜ ਮੋੜਕੇ ਫਿਰ ਜੰਮੂ ਪਹੁੰਚ ਗਏ। ਗੁਲਾਬ ਸਿੰਘ ਨੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਦੀ ਕੋਸ਼ਿਸ਼ ਕੀਤੀ, ਕਿਹਾ ਕਿ ਇਹ ਉਸਦੇ ਸੈਨਿਕਾਂ ਦਾ ਨਹੀਂ, ਸਗੋਂ ਧਾੜਵੀਆਂ ਦਾ ਕੰਮ ਹੈ। ਪਰ ਸਰਦਾਰਾਂ ਨੇ ਉਸਨੂੰ ਫੜਕੇ ਲਹੌਰ ਲੈ ਆਂਦਾ। ਲਹੌਰ ਵਿੱਚ ਕਈ ਅਸਰ ਰਸੂਖ ਵਾਲੇ ਸਰਦਾਰ ਉਸਦੇ ਮਿੱਤਰ ਸਨ। ਉਸਨੇ ਕਿਹਾ ਕਿ ਉਹ ਬੇਕਸੂਰ ਹੈ, ਪਰ ਫਿਰ ਵੀ ਜੇ ਉਸ ਕੋਲੋਂ ਕੋਈ ਭੁੱਲ ਚੁੱਕ ਹੋ ਗਈ ਹੋਵੇ ਤਾਂ ਉਹ ਖਿਮਾ ਦਾ ਜਾਚਕ ਹੈ। ਉਸਨੂੰ ਹੁਣ 68 ਲੱਖ ਰੁਪੱਈਆ ਜੁਰਮਾਨਾ ਲਾਇਆ ਗਿਆ, ਅਤੇ ਉਸਦੇ ਕਈ ਇਲਾਕੇ ਉਸਦੀ ਜਗੀਰ ਵਿੱਚੋਂ ਵਾਪਸ ਲੈ ਲਏ ਗਏ। ਸੋ ਇਸ ਤਰਾਂ ਇਸ ਸ਼ਾਤਰ ਮਨੁੱਖ ਨੇ ਆਪਣੇ ਆਪ ਨੂੰ ਝੁਕਾ ਕੇ ਨਾ ਸਿਰਫ ਆਪਣੀ ਜਾਨ ਹੀ ਬਚਾ ਲਈ, ਸਗੋਂ ਆਪਣੀ ਜਗੀਰ ਦਾ ਵੱਡਾ ਹਿੱਸਾ ਵੀ। ਪਰ ਅਜੇ ਉਸ ਕਈ ਹੋਰ ਕਰਤੂਤਾਂ ਕਰਨੀਆਂ ਹਨ।

ਖਾਲਸਾ ਫੌਜ ਭਾਵੇਂ ਦਰਬਾਰ ਦੀ ਜਿਆਦਾ ਪਰਵਾਹ ਨਹੀਂ ਕਰਦੀ ਸੀ, ਪਰ ਜਿਸ ਗੱਲ ਨੂੰ ਰੈਜਮੰਟਾਂ ਦੇ ਪੰਚ ਸਵੀਕਾਰ ਕਰ ਲੈਂਦੇ ਸਨ ਉਸਤੇ ਪੂਰੇ ਜੋਰ ਸ਼ੋਰ ਨਾਲ ਅਮਲ ਹੁੰਦਾ ਸੀ। ਤਾਂ ਈ ਤੇ ਫੌਜ ਨੇ ਗੁਲਾਬ ਸਿੰਘ ਵਰਗੇ ਵੱਡੇ ਅਤੇ ਮਾਣਮੱਤੇ ਸਰਦਾਰ ਦੇ ਗੋਡੇ ਲਵਾ ਦਿੱਤੇ ਸਨ। ਫਿਰ ਵਾਰੀ ਆਈ ਮੁਲਤਾਨ ਦੇ ਗਵੱਰਨਰ ਮੂਲ ਰਾਜ ਦੀ। ਉਸਨੇ ਕਈ ਚਿਰ ਤੋਂ ਨਜਰਾਨਾ ਨਹੀਂ ਦਿੱਤਾ ਸੀ। ਉਸਦਾ ਕਹਿਣਾ ਸੀ ਕਿ ਨਜਰਾਨਾ ਬਹੁਤ ਵੱਧ ਹੈ, ਅਤੇ ਏਨਾ ਨਜਰਾਨਾ ਦੇਣਾ ਉਸਦੇ ਵੱਸ ਦੀ ਗੱਲ ਨਹੀਂ ਸੀ। ਸੋ ਹੁਣ ਫੌਜ ਨੇ ਮੁਲਤਾਨ ਦਾ ਰੁੱਖ ਕੀਤਾ। ਮੂਲ ਰਾਜ ਨੇ ਖਾਲਸਾ ਫੌਜ ਦੇ ਇਰਾਦੇ ਵੇਖੇ ਤਾਂ ਗਵੱਰਨਰੀ ਖੁਵਾਉਣ ਨਾਲੋਂ ਨਜਰਾਨਾ ਦੇਣਾ ਹੀ ਬਿਹਤਰ ਸਮਝਿਆ।

ਲਹੌਰ ਦਰਬਾਰ ਦੀ ਅਗਲੀ ਸਮੱਸਿਆ ਸੀ: ਕੰਵਰ ਪਿਸ਼ੌਰਾ ਸਿੰਘ। ਮਹਾਰਾਜੇ ਰਣਜੀਤ ਸਿੰਘ ਦਾ ਪੁੱਤਰ ਹੋਣ ਕਰਕੇ ਲੋਕ ਉਸਦੀ ਇਜਤ ਕਰਦੇ ਸਨ। ਉਹ ਮਹਾਰਾਜੇ ਦਲੀਪ ਸਿੰਘ ਤੋਂ ਉਮਰ ਵਿੱਚ ਵੱਡਾ ਸੀ, ਅਤੇ ਇਸ ਨਾਤੇ ਲਹੌਰ ਦੇ ਤਖਤ ਤੇ ਦਲੀਪ ਸਿੰਘ ਨਾਲੋਂ ਆਪਣਾ ਹੱਕ ਵਧੇਰੇ ਸਮਝਦਾ ਸੀ। ਪਹਿਲਾਂ ਵੀ ਇੱਕ ਦੋ ਵਾਰ ਉਸਨੇ ਤਖਤ ਹਾਸਲ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਸੀ, ਪਰ ਆਪਣੀ ਕੋਈ ਦਾਲ ਗਲਦੀ ਨਾ ਵੇਖਕੇ ਚੁੱਪ ਚਾਪ ਬੈਠ ਜਾਂਦਾ ਸੀ। ਹੁਣ ਇੱਕ ਵਾਰ ਫਿਰ ਉਸਨੇ ਆਪਣੀ ਕਿਸਮਤ ਅਜਮਾਉਣ ਦਾ ਫੈਸਲਾ ਕੀਤਾ।

ਉਸਦੀ ਜਗੀਰ ਸਿਆਲਕੋਟ ਵਿੱਚ ਸੀ, ਜਿੱਥੇ ਉਸ ਕੋਲ ਥੋੜੀ ਜਿਹੀ ਆਪਣੀ ਫੌਜ ਵੀ ਸੀ। ਉਸਨੇ ਸਿਆਲਕੋਟ ਵਿੱਚ ਆਪਣੇ ਮਹਾਰਾਜਾ ਹੋਣ ਦਾ ਐਲਾਨ ਕਰ ਦਿੱਤਾ, ਅਤੇ ਖਾਲਸਾ ਫੌਜ ਨੂੰ ਆਪਣੇ ਝੰਡੇ ਥੱਲੇ ਇਕੱਠੇ ਹੋਣ ਦੀ ਅਪੀਲ ਕੀਤੀ। ਇੱਕ ਖਾਲਸਾ ਬਰਗੇਡ ਦੀ ਉਸਨੂੰ ਹਮਾਇਤ ਹਾਸਲ ਹੋ ਵੀ ਗਈ। ਇਹ ਬਰਗੇਡ ਉਹੋ ਸੀ ਜਿਸਨੇ ਵਜੀਰ ਹੀਰਾ ਸਿੰਘ ਦੇ ਹੁਕਮ ਅਨੁਸਾਰ ਸਰਦਾਰ ਜਵਾਹਰ ਸਿੰਘ ਨੂੰ ਕੈਦ ਕਰਨ ਵਿੱਚ ਆਪਣੀ ਡਿਊਟੀ ਨਿਭਾਈ ਸੀ, ਜਦੋਂ ਉਸਨੇ ਆਪਣੇ ਭਣੇਵੇਂ ਨੂੰ ਨਾਲ ਲੈ ਕੇ ਅੰਗਰੇਜਾਂ ਕੋਲ ਜਾਣ ਦੀ ਧਮਕੀ ਦਿੱਤੀ ਸੀ। ਜਵਾਹਰ ਸਿੰਘ ਨੇ ਵਜੀਰ ਬਣਦੇ ਸਾਰ ਇਸ ਬਰਗੇਡ ਦੇ ਕਮਾਂਡਰ ਦਾ ਨੱਕ ਕੰਨ ਵਢਵਾ ਦਿੱਤਾ ਸੀ। ਕੰਵਰ ਪਿਸ਼ੌਰਾ ਸਿੰਘ ਨੂੰ ਗੁਲਾਬ ਸਿੰਘ ਦੀ ਹਲਾਸ਼ੇਰੀ ਵੀ ਸੀ, ਜੋ ਹੁਣ ਪਹਾੜਾਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਿਹਾ ਸੀ, ਅਤੇ ਆਪਣੀਆਂ

ਪੁਰਾਣੀਆਂ ਕਰਤੂਤਾਂ ਤੇ ਉੱਤਰ ਆਇਆ ਸੀ। ਉਂਜ ਉਸਨੇ ਕੰਵਰ ਦੀ ਕੋਈ ਫੌਜੀ ਇਮਦਾਦ ਨਹੀਂ ਕੀਤੀ ਸੀ। ਸਿਰਫ ਚੁਆਤੀ ਹੀ ਲਾਈ ਸੀ।

ਕੰਵਰ ਨੂੰ ਉਮੀਦ ਸੀ ਕਿ ਉਸਦੀ ਪੁਕਾਰ ਸੁਣਕੇ ਲੋਕ ਉਸਦੀ ਇਮਦਾਦ ਲਈ ਹੁੰਮ ਹੁਮਾ ਕੇ ਪਾਹੁੰਚਣਗੇ, ਪਰ ਉਸਦੀ ਕਿਸੇ ਨਾ ਸੁਣੀ। ਉਸਨੇ ਜੂਨ 1845 ਨੂੰ ਸਿਆਲਕੋਟ ਛੱਡ ਦਿੱਤਾ। ਆਸਰੇ ਅਤੇ ਇਮਦਾਦ ਦੀ ਭਾਲ ਵਿਚ ਉਹ ਜਗ੍ਹਾ ਜਗ੍ਹਾ ਫਿਰਨ ਲੱਗਾ। ਜੁਲਾਈ ਮਹੀਨੇ ਦੇ ਅੰਤ ਵਿੱਚ ਉਸਨੇ ਅਚਾਨਕ ਹਮਲਾ ਕਰਕੇ ਅਟਕ ਦੇ ਕਿਲੇ ਤੇ ਕਬਜਾ ਕਰ ਲਿਆ। ਇੱਕ ਵਾਰ ਫਿਰ ਉਸਨੇ ਆਪਣੇ ਆਪ ਨੂੰ ਪੰਜਾਬ ਦਾ ਮਹਾਰਾਜਾ ਐਲਾਨ ਕਰ ਦਿੱਤਾ, ਅਤੇ ਅਫਗਾਨਿਸਤਾਨ ਦੇ ਸੁਲਤਾਨ ਦੋਸਤ ਮੁਹੰਮਦ ਨਾਲ ਸੰਧੀ ਦੀਆਂ ਗੱਲਾਂ ਕਰਨ ਲੱਗ ਪਿਆ। ਪਰ ਪੰਜਾਬ ਦੇ ਲੋਕ ਅਜੇ ਉਸਦੀ ਛੱਤਰ ਛਾਇਆ ਥੱਲੇ ਆਉਣ ਲਈ ਤਿਆਰ ਨਹੀਂ ਸਨ, ਭਾਵੇਂ ਸ਼ੇਰੇ ਪੰਜਾਬ ਦਾ ਪੁੱਤਰ ਹੋਣ ਕਰਕੇ ਉਹ ਉਸ ਨਾਲ ਹਮਦਰਦੀ ਰੱਖਦੇ ਸਨ।

ਸੋ ਹੁਣ ਲਹੌਰ ਤੋਂ ਇੱਕ ਫੌਜ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੀ ਕਮਾਨ ਹੇਠ ਕੰਵਰ ਦੀ ਜਿੰਦਗੀ ਅਤੇ ਮੌਤ ਦਾ ਫੈਸਲਾ ਕਰਨ ਲਈ ਚੜੀ। ਡੇਰਾ ਇਸਮਾਈਲ ਖਾਨ ਦਾ ਗਵੱਰਨਰ ਸਰਦਾਰ ਫਤਹਿ ਖਾਨ ਟਿਵਾਣਾ ਸੀ। ਕੁਝ ਵਕਤ ਪਹਿਲਾਂ ਹੀ ਉਸਨੇ ਵੀ ਖਾਲਸਾ ਰਾਜ ਦੇ ਖਿਲਾਫ ਬਗਾਵਤ ਕੀਤੀ ਸੀ, ਪਰ ਹਾਰ ਖਾ ਕੇ ਅਤੇ ਆਪਣਾ ਇੱਕ ਪੁੱਤਰ ਮਰਵਾ ਕੇ ਹਥਿਆਰ ਸੁੱਟ ਦਿੱਤੇ ਸਨ। ਮਾਫੀ ਮੰਗ ਕੇ ਉਸਨੇ ਅੱਗੇ ਵਫਾਦਾਰ ਰਹਿਣ ਦਾ ਇਕਰਾਰ ਕੀਤਾ ਹੋਇਆ ਸੀ। ਹੁਣ ਉਹ ਵੀ ਆਪਣੀ ਫੌਜ ਲੈ ਕੇ ਲਹੌਰ ਦਰਬਾਰ ਦੀ ਸਹਾਇਤਾ ਲਈ ਆਣ ਪਾਹੁੰਚਿਆ।

ਅਟਕ ਦੇ ਕਿਲੇ ਨੂੰ ਏਡੀ ਵੱਡੀ ਸੈਨਾ ਨੇ ਘੇਰ ਲਿਆ ਤਾਂ ਕੰਵਰ ਨੇ ਪੰਜਾਬ ਦਾ ਮਹਾਰਾਜਾ ਬਣਨ ਦਾ ਸੁਫਨਾ ਤਿਆਗ ਦਿੱਤਾ। 30 ਅਗੱਸਤ ਵਾਲੇ ਦਿਨ ਉਸ ਹਥਿਆਰ ਸੁੱਟ ਦਿੱਤੇ, ਅਤੇ ਆਪਣੇ ਆਪ ਨੂੰ ਸਰਦਾਰ ਚਤਰ ਸਿੰਘ ਦੇ ਹਵਾਲੇ ਕਰ ਦਿੱਤਾ। ਉਸਨੂੰ ਲਹੌਰ ਲਿਜਾਣ ਦਾ ਹੁਕਮ ਹੋਇਆ। ਪਰ ਕੰਵਰ ਦੀ ਕਿਸਮਤ ਵਿਚ ਲਹੌਰ ਦੁਬਾਰਾ ਵੇਖਣਾ ਨਹੀਂ ਸੀ। ਫਤਹਿ ਖਾਨ ਟਿਵਾਣੇ ਨੇ ਉਸਦਾ ਕਤਲ ਕਰ ਦਿੱਤਾ। ਫੌਜ ਦਾ ਸ਼ੱਕ ਵਜੀਰ ਜਵਾਹਰ ਸਿੰਘ ਤੇ ਸੀ, ਕਿ ਇਹ ਕਤਲ ਉਸਦੀ ਸ਼ਹਿ ਨਾਲ ਹੋਇਆ ਹੈ। ਸੁਭਾਵਿਕ ਹੈ ਕਿ ਜਵਾਹਰ ਸਿੰਘ ਨੇ ਇਸ ਕਤਲ ਵਿੱਚ ਆਪਣਾ ਕੋਈ ਹੱਥ ਹੋਣ ਤੋਂ ਇਨਕਾਰ ਕੀਤਾ। ਹੋ ਸਕਦਾ ਹੈ ਕਿ ਫਤਹਿ ਖਾਨ ਟਿਵਾਣਾ ਨੇ ਇਹ ਕੰਮ ਆਪਣੀ ਮਰਜੀ ਨਾਲ ਕੀਤਾ ਹੋਵੇ, ਕਿ ਇਸ ਨਾਲ ਵਜੀਰ ਬਹੁਤ ਖੁਸ਼ ਹੋਵੇਗਾ। ਪਰ ਇਸ ਕਤਲ ਦੇ ਸਿੱਟੇ ਬੜੇ ਗੰਭੀਰ ਨਿਕਲਣ ਵਾਲੇ ਸਨ।

ਫੌਜ ਪਹਿਲਾਂ ਹੀ ਜਵਾਹਰ ਸਿੰਘ ਤੇ ਖੁੱਸ਼ ਨਹੀਂ ਸੀ। ਉਹ ਇੱਕ ਅਯਾਸ਼ ਅਤੇ ਗੈਰ ਜ਼ੁੰਮੇਵਾਰ ਇਨਸਾਨ ਸੀ। ਕੋਈ ਵੀ ਕੰਮ ਸੋਚ ਵਿਚਾਰ ਕੇ ਨਹੀਂ ਕਰਦਾ ਸੀ। ਗੁੱਸੇ ਅਤੇ ਰੋਹ ਵਿੱਚ ਆ ਕੇ ਕਈ ਗਲਤ ਕੰਮ ਕਰ ਜਾਂਦਾ ਸੀ। ਉਸਦੇ ਹੱਕ ਵਿੱਚ ਇੱਕ ਇਹੋ ਗੱਲ ਇਹ ਸੀ ਕਿ ਉਹ ਮਹਾਰਾਣੀ ਦਾ ਭਰਾ ਸੀ। ਇਸ ਤੋਂ ਪਹਿਲਾਂ ਉਸਨੇ ਜਦੋਂ ਮਹਾਰਾਜੇ ਨੂੰ ਲੈ ਕੇ ਅੰਗਰੇਜਾਂ ਕੋਲ ਜਾਣ ਦੀ ਧਮਕੀ ਦਿੱਤੀ ਸੀ ਤਾਂ ਲੋਕਾਂ ਨੇ, ਅਤੇ ਖਾਸ ਕਰਕੇ ਫੌਜ ਨੇ ਇਸ ਗੱਲ ਦਾ ਬਹੁਤ ਗੁੱਸਾ ਕੀਤਾ ਸੀ, ਕਿਉਂਕਿ ਅੰਗਰੇਜਾਂ ਨੂੰ ਪੰਜਾਬੀ ਆਪਣਾ ਦੁਸ਼ਮਣ ਸਮਝਦੇ ਸਨ। ਉਸਦਾ ਇਹ ਆਖਰੀ ਗੁਨਾਂਹ ਊਠ ਤੇ ਲੱਦੇ ਗਏ ਆਖਰੀ ਤਿਨਕੇ ਵਾਲੀ ਗੱਲ ਸੀ। ਲੋਕ ਸਮਝਦੇ ਸਨ ਕਿ ਮਹਾਰਾਜੇ ਦੇ ਪਰਵਾਰ ਦੇ ਖੂਨ ਨਾਲ ਹੱਥ ਰੰਗ ਕੇ ਇਸ ਬੜਾ ਮਾੜਾ ਕਰਮ ਕੀਤਾ ਸੀ। ਇਸ ਤੋਂ ਪਹਿਲਾਂ ਹੀਰਾ ਸਿੰਘ ਅਤੇ ਜੱਲੇ ਨੇ ਵੀ ਆਪਣੀਆਂ ਜਾਨਾ ਇਸ ਲਈ ਗੁਵਾਈਆਂ ਸਨ ਕਿ ਉਹਨਾ ਨੇ ਮਹਾਰਾਣੀ ਜਿੰਦਾਂ ਦੀ ਸ਼ਾਨ ਦੇ ਖਿਲਾਫ ਗੱਲਾਂ ਕੀਤੀਆਂ ਸਨ। ਰਣਜੀਤ ਸਿੰਘ ਦਾ ਪਰਵਾਰ ਕੁਝ ਵੀ ਕਰੇ ਸਭ ਮਾਫ ਸੀ। ਸ਼ੇਰੇ ਪੰਜਾਬ ਦੇ ਨਾਂ ਦਾ ਜਾਦੂ ਹੀ ਅਜਿਹਾ ਸੀ। ਖਾਲਸਾ ਫੌਜ ਨੂੰ ਵਜੀਰ ਦੀ ਰੱਤੀ ਮਾਤਰ ਵੀ ਪਰਵਾਹ ਨਹੀਂ ਸੀ। ਕੋਈ ਵੀ ਕੰਮ

ਕਰਨ ਲਈ ਵਜ਼ੀਰ ਦੀ ਮੰਨਜ਼ੂਰੀ ਇੱਕ ਰਸਮ ਮਾਤਰ ਸੀ। ਫੌਜ ਉਹੋ ਕੰਮ ਕਰਦੀ ਜੋ ਉਹਨਾ ਦੀ ਸੀਮਤ ਸੂਝ ਮੁਤਾਬਕ ਸਿੱਖ ਪੰਥ ਦੇ ਹੱਕ ਵਿੱਚ ਹੁੰਦਾ ਸੀ। ਹੀਰਾ ਸਿੰਘ ਦੀ ਮੌਤ ਤੋਂ ਬਾਅਦ ਜੋ ਵੀ ਹੁਕਮ ਦਿੱਤਾ ਜਾਂਦਾ ਉਹ ਪੰਥ ਖਾਲਸਾ ਦੇ ਨਾਂ ਹੇਠ ਦਿੱਤਾ ਜਾਂਦਾ ਸੀ, ਨਾ ਕਿ ਲਹੌਰ ਦਰਬਾਰ ਦੇ ਨਾਂ ਤੇ। ਇਸ ਗੱਲ ਤੇ ਅੰਗਰੇਜ਼ ਵੀ ਹੈਰਾਨ ਸਨ, ਕਿਉਂਕਿ ਹੁਣ ਤੱਕ ਉਹਨਾ ਦਾ ਵਾਹ ਰਾਜਿਆਂ ਜਾਂ ਸਰਕਾਰਾਂ ਨਾਲ ਪਿਆ ਸੀ, ਨਾ ਕਿ ਕਿਸੇ ਸਮੁੱਚੀ ਕੌਮ ਜਾਂ ਧਰਮ ਨਾਲ।

ਖੈਰ ਹੁਣ ਵਜ਼ੀਰ ਜਵਾਹਰ ਸਿੰਘ ਨੂੰ ਪੰਥ ਖਾਲਸਾ ਦੇ ਸਾਹਮਣੇ ਆਪਣੀ ਸਫਾਈ ਦੇਣ ਲਈ ਪੇਸ਼ ਹੋਣ ਦਾ ਹੁਕਮ ਹੋਇਆ। ਪਰ ਅਸਲ ਵਿੱਚ ਪੰਥ ਨੂੰ ਉਸਦੇ ਦੋਸ਼ੀ ਹੋਣ ਦਾ ਯਕੀਨ ਹੋ ਚੁੱਕਾ ਸੀ, ਅਤੇ ਉਸਨੂੰ ਮੌਤ ਦੀ ਸਜ਼ਾ ਦੇਣ ਦਾ ਫੈਸਲਾ ਹੋ ਚੁੱਕਾ ਸੀ। 21 ਸਤੰਬਰ 1845 ਵਾਲੇ ਦਿਨ ਵਜ਼ੀਰ ਜਵਾਹਰ ਸਿੰਘ ਹਾਥੀ ਤੇ ਸਵਾਰ ਹੋ ਕੇ ਫੌਜ ਸਾਹਮਣੇ ਪੇਸ਼ ਹੋਇਆ। ਹੌਦੇ ਵਿੱਚ ਉਸਦੇ ਨਾਲ ਉਸਦਾ ਭਣੇਵਾਂ ਮਹਾਰਾਜਾ ਦਲੀਪ ਸਿੰਘ ਸੀ। ਉਸਦੇ ਪਿੱਛੇ ਉਸਦੀ ਭੈਣ ਮਹਾਰਾਣੀ ਜਿੰਦਾਂ ਵੀ ਪਾਲਕੀ ਵਿੱਚ ਸਵਾਰ ਹੋ ਕੇ ਪਹੁੰਚ ਗਈ।


ਵਜ਼ੀਰ ਕਤਾਰਬੰਦ ਫੌਜ ਦੇ ਸਾਹਮਣੇ ਆਪਣੀ ਬੇਗੁਨਾਹੀ ਦੀ ਦੁਹਾਈ ਪੌਣ ਲੱਗਾ। ਸਰਦਾਰਾਂ ਨੂੰ ਇਨਾਮਾਂ ਦਾ ਲਾਲਚ ਦੇਣ ਲੱਗਾ। ਪਰ ਫੌਜੀ ਪੰਚ ਤਾਂ ਜਿਵੇਂ ਬੋਲੇ ਹੋ ਚੁੱਕੇ ਸਨ। ਉਹਨਾ ਸਖਤੀ ਨਾਲ ਜਵਾਹਰ ਸਿੰਘ ਨੂੰ ਚੁੱਪ ਹੋਣ ਲਈ ਕਿਹਾ, ਅਤੇ ਹੁਕਮ ਦਿੱਤਾ ਕਿ ਉਹ ਮਹਾਰਾਜੇ ਨੂੰ ਹਾਥੀ ਤੋਂ ਉਤਾਰ ਕੇ ਉਸਨੂੰ ਉਹਨਾ ਦੇ ਹਵਾਲੇ ਕਰ ਦੇਵੇ। ਮਹਾਰਾਜੇ ਨੂੰ ਹੌਦੇ ਵਿੱਚੋਂ ਉਤਾਰ ਕੇ ਲਾਗਲੇ ਟੈਂਟ ਵਿੱਚ ਭੇਜ ਦਿੱਤਾ ਗਿਆ।

ਇੱਕ ਫੌਜੀ ਟੁੱਕੜੀ ਨੂੰ ਮੌਤ ਦੀ ਸਜ਼ਾ ਨੂੰ ਅੰਜਾਮ ਦੇਣ ਦਾ ਹੁਕਮ ਹੋਇਆ। ਕਈ ਬੰਦੂਕਾਂ ਦਾ ਇਕੱਠਾ ਫਾਇਰ ਹੋਇਆ, ਅਤੇ ਜਵਾਹਰ ਸਿੰਘ ਦਾ ਮੁਰਦਾ ਸਰੀਰ ਭੂਮੀ ਤੇ ਆ ਡਿੱਗਾ। ਉਸਦੀ ਭੈਣ ਜਿੰਦਾਂ ਵੈਣ ਪਾਉਣ ਲੱਗੀ। ਉਹ ਦੁਹੱਥੜਾਂ ਮਾਰ ਮਾਰ ਕੇ ਪਿੱਟਣ ਲੱਗੀ। ਉਸਦੇ ਕੇਸ ਖੁੱਲਕੇ ਖਿੰਡ ਗਏ। ਉਹ ਫੌਜ ਨੂੰ ਕੋਸਣ ਲੱਗੀ। ਫੌਜ ਤੋਂ ਬਦਲਾ ਲੈਣ ਦੀਆਂ ਧਮਕੀਆਂ ਦੇਣ ਲੱਗੀ। ਸ਼ਾਹ ਮੁਹੰਮਦ ਉਸਦੇ ਵੈਣਾਂ ਨੂੰ ਇਸ ਤਰਾਂ ਬਿਆਨ ਕਰਦਾ ਹੈ:

> ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ, ਸਾਰੇ ਦੇਸ਼ ਦੇ ਵਿੱਚ ਚਾ ਤੁਰਨ ਵਾਰਾਂ।
> ਛੱਡਾਂ ਨਹੀਂ ਲਹੌਰ ਵਿੱਚ ਵੜਨ ਜੋਗੇ, ਸਣੇ ਵੱਡਿਆਂ ਅਫਸਰਾਂ ਜਮਾਂਦਾਰਾਂ।
> ਪਏ ਰੁਲਣਗੇ ਵਿੱਚ ਪਰਦੇਸ ਮੁਰਦੇ, ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ।

# ਵਜ਼ੀਰ ਲਾਲ ਸਿੰਘ

ਵਜ਼ੀਰ ਜਵਾਹਰ ਸਿੰਘ ਦੀ ਮੌਤ ਤੋਂ ਬਾਹਦ ਨਾ ਤਾਂ ਕਈ ਦਿਨ ਦਰਬਾਰ ਲੱਗਾ ਅਤੇ ਨਾ ਹੀ ਕਿਸੇ ਨੇ ਵਜ਼ੀਰੀ ਦੀ ਦਾਹਵੇਦਾਰੀ ਪੇਸ਼ ਕੀਤੀ। ਫੌਜੀ ਪੰਚਾਂ ਨੇ ਗੁਲਾਬ ਸਿੰਘ ਨੂੰ ਜੰਮੂ ਤੋਂ ਤਲਬ ਕੀਤਾ, ਅਤੇ ਉਸਨੂੰ ਵਜ਼ੀਰੀ ਪੇਸ਼ ਕੀਤੀ, ਪਰ ਡੋਗਰਾ ਬੜਾ ਹੰਢਿਆ ਵਰਤਿਆ ਬੰਦਾ ਸੀ। ਉਸ ਹੱਥ ਜੋੜਕੇ ਇਸ ਸੇਵਾ ਤੋਂ ਮਾਫੀ ਲੈ ਲਈ ਅਤੇ ਕਿਹਾ ਕਿ ਉਹ ਛੇ ਮਹੀਨੇ ਤੋਂ ਵੱਧ ਜੀਣਾ ਚਾਹੁੰਦਾ ਹੈ। ਉਸਦੀ ਗੱਲ ਠੀਕ ਵੀ ਸੀ ਕਿਉਂਕਿ ਉਹਨੀ ਦਿਨੀ ਵਜ਼ੀਰ ਬਣਨ ਤੋਂ ਬਾਅਦ ਲਹੌਰ ਦੇ ਵਜ਼ੀਰ ਦੀ ਔਸਤ




ਸਤਲੁਜ ਦੀਆਂ ਜੰਗਾਂ ਵਾਲਾ ਖੇਤਰ 1845-46

ਜ਼ਿੰਦਗੀ ਕੋਈ ਛੇ ਕੁ ਮਹੀਨੇ ਹੀ ਸੀ।

ਇਸ ਤਾਕਤਵਰ ਅਤੇ ਬੇਮੁਹਾਰੀ ਫੌਜ ਦਾ ਸਰਦਾਰ ਕੌਣ ਬਣੇ, ਜਿਸਨੇ ਕੁਝ ਹੀ ਮਹੀਨਿਆਂ ਵਿੱਚ ਉਸ ਵਰਗੇ ਤਾਕਤਵਰ ਜਗੀਰਦਾਰ ਨੂੰ ਜੰਮੂ ਤੋਂ ਬੰਨ ਕੇ ਲੈ ਆਂਦਾ ਸੀ, ਮੁਲਤਾਨ ਦੇ ਗਵੱਰਨਰ ਦੇ ਗੋਡੇ ਲਵਾ ਦਿੱਤੇ ਸਨ, ਮਹਾਰਾਜੇ ਦੇ ਭਰਾ ਪਿਸ਼ੌਰੇ ਨੂੰ ਮੁਕਾ ਲਿਆ ਸੀ, ਰਾਜ ਦੇ ਸਭ ਤੋਂ ਉੱਚੇ ਅਹੁਦੇਦਾਰ ਨੂੰ ਮੌਤ ਦੀ ਸਜਾ ਦਿੱਤੀ ਸੀ, ਜਿਸ ਫੌਜ ਤੋਂ ਪਠਾਨ ਵੀ ਕੰਬਦੇ ਸਨ। ਹੁਣ ਕੋਈ ਵੀ ਮਰਦ ਅਜਿਹਾ ਨਹੀਂ ਸੀ ਜੋ ਇਸ ਔਖਰੀ ਫੌਜ ਨੂੰ ਨੱਥ ਪਾ ਸਕੇ।

ਪਰ ਕੁਝ ਦਿਨਾ ਬਾਅਦ ਮਹਾਰਾਣੀ ਨੇ ਦਰਬਾਰ ਲਾਉਣਾ ਸ਼ੁਰੂ ਕਰ ਦਿੱਤਾ। ਉਹ ਆਪ ਪਰਦੇ ਵਿੱਚ ਰਹਿੰਦੀ ਸੀ ਅਤੇ ਜੋ ਵੀ ਹੁਕਮ ਦੇਣਾ ਹੁੰਦਾ ਆਪਣੀ ਗੋਲੀ ਮੰਗਲਾ ਦੇ ਰਾਹੀਂ ਦੇ ਦਿੰਦੀ। ਫੌਜ ਨੂੰ ਤਨਖਾਹ ਦੇਣ ਦੀ ਜੁੰਮੇਵਾਰੀ ਦਿਵਾਨ ਦੀਨਾ ਨਾਥ ਦੀ ਸੀ। ਸਤਲੁਜ ਦੇ ਪਾਰ ਅੰਗਰੇਜ ਜੰਗ ਦੀ ਤਿਆਰੀ ਕਰ ਰਹੇ ਸਨ। ਦਿੱਲੀ, ਮੇਰਠ, ਅੰਬਾਲੇ ਅਤੇ ਸ਼ਿਮਲੇ ਦੀਆਂ ਪਹਾੜੀਆਂ ਤੋਂ ਲਗਾਤਾਰ ਹੋਰ ਫੌਜ, ਤੋਪਾਂ ਅਤੇ ਗੋਲਾ ਬਰੂਦ ਲੁਧਿਆਣੇ ਅਤੇ ਫਿਰੋਜਪੁਰ ਪਹੁੰਚ ਰਿਹਾ ਸੀ। ਬੇੜੀਆਂ ਦਾ ਪੁਲ ਬਣਾਇਆ ਜਾ ਰਿਹਾ ਸੀ। ਪਿਛਲੇ ਹੀ ਸਾਲ ਲਾਰਡ ਐਲਨਬਰਾ ਦੀ ਜਗ੍ਹਾ ਨਵਾਂ ਗਵੱਰਨਰ ਜਨਰਲ ਆ ਗਿਆ ਸੀ, ਅਤੇ ਇਹ ਸੀ ਲਾਰਡ ਹੈਨਰੀ ਹਾਰਡਿੰਗ। ਇਹ ਖੁਦ ਇੱਕ ਬਹਾਦਰ ਅਤੇ ਮੰਝਿਆ ਹੋਇਆ ਜਰਨੈਲ ਸੀ। ਵਾਟਰਲੂ ਦੀ ਜੰਗ ਲੜ ਚੁੱਕਾ ਸੀ, ਜਿੱਥੇ ਉਸਦੀ ਇੱਕ ਬਾਂਹ ਵੱਢੀ ਗਈ ਸੀ। ਟੁੰਡਾ ਹੋਣ ਕਰਕੇ ਪੰਜਾਬੀ ਇਸ ਨੂੰ ਟੁੰਡਾ ਲਾਟ ਕਹਿਣ ਲੱਗ ਪਏ ਸਨ। ਅੰਗਰੇਜੀ ਸੈਨਾ ਦਾ ਕਮਾਂਡਰ-ਇਨ-ਚੀਫ, ਜਨਰਲ ਹੱਗ ਗੱਫ ਸੀ। ਉਹ ਵੀ ਨੈਪੋਲੀਅਨ ਨਾਲ ਹੋਈਆਂ ਜੰਗਾਂ ਵਿੱਚ ਲੜ ਚੁੱਕਾ ਸੀ। ਸੱਤਰ ਸਾਲ ਦਾ ਬੁਢਾ, ਇੱਕ ਨਿਡੱਰ ਅਤੇ ਅਨੁਭਵੀ ਜਰਨੈਲ ਸੀ।

ਜੰਗ ਦੀਆਂ ਇਹ ਤਿਆਰੀਆਂ ਵੇਖਕੇ ਸਿੱਖ ਫੌਜ ਵੀ ਰੋਹ ਵਿੱਚ ਸੀ। ਖਾਲਸਾ ਫੌਜੀ ਰਣਜੀਤ ਸਿੰਘ ਦੀ ਮੜੀ ਤੇ ਜਾ ਕੇ ਲੜਨ ਮਰਨ ਦੀਆਂ ਕਸਮਾਂ ਖਾਹ ਰਹੇ ਸਨ। ਮਹਾਰਾਣੀ ਦੇ ਵੱਸ ਦੀ ਕੋਈ ਗੱਲ ਨਹੀਂ ਰਹੀ ਸੀ। ਪਰ ਉਸਨੇ ਇਹ ਇਰਾਦਾ ਕਰ ਲਿਆ ਕਿ ਖਾਲਸਾ ਫੌਜ ਨੂੰ ਅੰਗਰੇਜ ਸੈਨਾ ਨਾਲ ਭਿੜਾਉਣਾ ਹੈ, ਤਾਂਕਿ ਇਸਦਾ ਹੰਕਾਰ ਤੋੜਿਆ ਜਾ ਸੱਕੇ। ਫਿਰ ਉਸਨੇ ਆਪਣੇ ਭਰਾ ਦੀ ਮੌਤ ਦਾ ਬਦਲਾ ਵੀ ਤਾਂ ਲੈਣਾ ਸੀ

ਨਵੰਬਰ 1845 ਵਿੱਚ ਮਹਾਰਾਣੀ ਨੇ ਫੌਜੀ ਪੰਚਾਂ ਦੀ ਸਹਿਮਤੀ ਨਾਲ ਆਪਣੇ ਚਹੇਤੇ ਲਾਲ ਸਿੰਘ ਨੂੰ ਵਜੀਰ ਅਤੇ ਉਸਦੇ ਭਰਾ ਤੇਜ ਸਿੰਘ ਨੂੰ ਫੌਜ ਦਾ ਕਮਾਂਡਰ-ਇਨ-ਚੀਫ ਨਿਯੁਕਤ ਕਰ ਦਿੱਤਾ। ਫੌਜੀ ਪੰਚਾਂ ਨੇ ਵੀ ਵੇਖਿਆ ਕਿ ਲੜਾਈ ਸਿਰ ਤੇ ਹੈ। ਲੜਾਈ ਸਮੇ ਕਈ ਹਥਿਆਰਾਂ, ਰਸਦ, ਅਤੇ ਹੋਰ ਸਾਜੋ ਸਮਾਨ ਦੀ ਲੋੜ ਪੈਂਦੀ ਹੀ। ਇਸ ਸਭ ਦਾ ਪ੍ਰਬੰਧ ਕੋਈ ਜੁੰਮੇਵਾਰ ਵਿਅੱਕਤੀ ਹੀ ਕਰ ਸਕਦਾ ਹੈ। ਹੋਰ ਕੋਈ ਸਰਦਾਰ ਵਜੀਰ ਜਾਂ ਸੈਨਾਪਤੀ ਬਣਨ ਦਾ ਚਾਹਵਾਨ ਨਹੀਂ ਸੀ, ਸੋ ਫੌਜ ਨੇ ਰਾਣੀ ਦੇ ਇਹਨਾ ਚਹੇਤਿਆਂ ਨੂੰ ਇਹ ਅਹੁਦੇ ਦੇਣੇ ਸਵੀਕਾਰ ਕਰ ਲਏ।

ਰਾਣੀ ਨੇ ਵੇਖ ਲਿਆ ਕਿ ਫੌਜ ਨੂੰ ਕਾਬੂ ਵਿੱਚ ਰੱਖਣ ਦੀ ਕੋਸ਼ਿਸ਼ ਕਰਨੀ ਬੇਕਾਰ ਹੈ। ਜਨ ਸਧਾਰਣ ਵੀ ਫੌਜੀਆਂ ਦੀ ਬੁਰਸ਼ਾਗਰਦੀ ਤੋਂ ਬਹੁਤੇ ਖੁਸ਼ ਨਹੀਂ ਸਨ, ਜਿਵੇਂ ਕਿ ਸ਼ਾਹ ਮੁਹੰਮਦ ਕਹਿੰਦਾ ਹੈ:

ਕੇਹਾ ਬੁਰਛਿਆਂ ਆਣ ਅੰਧੇਰ ਪਾਇਆ, ਜਿਹੜਾ ਬਹੇ ਗੱਦੀ ਉਹਨੂੰ ਮਾਰ ਲੈਂਦੇ।
ਕੜੇ ਕੈਂਠੇ ਇਨਾਮ ਰੁਪਏ ਬਾਰਾਂ, ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਕਈ ਤੁਰੇ ਨੀ ਕਿਲੇ ਦੀ ਲੁਟ ਕਰਕੇ, ਕਈ ਸ਼ਹਿਰ ਦੇ ਲੁੱਟ ਬਜਾਰ ਲੈਂਦੇ।
ਸ਼ਾਹ ਮੁਹੰਮਦਾ ਚੜੇ ਮਝੈਲ ਬੂਹੇ, ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ।

ਹੋਰ:

ਪਿੱਛੇ ਇੱਕ ਸਰਕਾਰ ਦੇ ਖੇਡ ਵਿਗੜੀ, ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁਤਰ ਜਿਉਂ ਬਾਜ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।

ਕਈ ਜੋਸ਼ੀਲੇ ਨੌਜਵਾਨ ਅੰਗਰੇਜ਼ਾਂ ਨਾਲ ਜੰਗ ਕਰਨ ਲਈ ਉਤਾਵਲੇ ਸਨ। ਉਹ ਕਹਿੰਦੇ ਕਿ ਇਸ ਤੋਂ ਪਹਿਲਾਂ ਕਿ ਅੰਗਰੇਜ ਉਹਨਾ ਤੇ ਹਮਲਾ ਕਰਨ, ਉਹ ਖੁਦ ਉਸਤੇ ਹਮਲਾ ਕਰਕੇ ਉਹਨਾ ਨੂੰ ਪੰਜਾਬ ਵਿੱਚੋਂ ਹੀ ਕੀ, ਹਿੰਦੋਸਤਾਨ ਵਿੱਚੋਂ ਹੀ ਭਜਾ ਦੇਣਗੇ। ਉਹਨਾ ਦੀਆਂ ਫੜਾਂ ਇਸ ਪਰਕਾਰ ਸਨ:

ਜਬਤ ਕਰਾਂਗੇ ਮਾਲ ਫਰੰਗੀਆਂ ਦੇ, ਉਥੋਂ ਲਿਆਵਾਂਗੇ ਦੌਲਤਾਂ ਬੋਰੀਆਂ ਨੀ।
ਪਿੱਛੋਂ ਵੜਾਂਗੇ ਉਹਨਾ ਦੇ ਸਿਤਰ ਖਾਨੇ, ਫੈਨ ਲਿਆਵਾਂਗੇ ਉਹਨਾ ਦੀਆਂ ਗੋਰੀਆਂ ਨੀ।

ਹੁਣ ਮਹਾਰਾਣੀ ਵੀ ਫੌਜ ਨੂੰ ਹਮਲੇ ਲਈ ਉਕਸਾਉਣ ਲੱਗੀ। ਕਹਿੰਦੇ ਹਨ ਨਾ ਜੇ ਕੋਈ ਦੁਸ਼ਮਣ ਫਾਹ ਲੈਣਾ ਚਾਹੁੰਦਾ ਹੋਵੇ ਤਾਂ ਉਸਨੂੰ ਲੰਮੀ ਰੱਸੀ ਦਿਉ। ਉਸਨੂੰ ਇੱਕੋ ਰਸਤਾ ਨਜਰ ਆਇਆ ਕਿ ਫੌਜ ਨੂੰ ਅੰਗਰੇਜਾਂ ਨਾਲ ਲੜਾ ਕੇ ਤਬਾਹ ਕਰਵਾਇਆ ਜਾਵੇ। ਉਸ ਭੋਲੀ ਨੂੰ ਇਹ ਪਤਾ ਨਹੀਂ ਸੀ ਕਿ ਫੌਜ ਦੇ ਨਾਲ ਨਾਲ ਉਸਦਾ ਰਾਜ ਵੀ ਤਬਾਹ ਹੋ ਜਾਏਗਾ। ਰਣਜੀਤ ਸਿੰਘ ਨੂੰ ਪਤਾ ਸੀ ਕਿ ਅੰਗਰੇਜਾਂ ਨਾਲ ਲੜਨ ਦਾ ਮਤਲਬ ਕੀ ਹੈ, ਇਸ ਲਈ ਉਸਨੇ ਹਮੇਸ਼ਾਂ ਉਹਨਾ ਨਾਲ ਸੁਲਹਾ ਰੱਖੀ ਸੀ। ਕਹਿੰਦੇ ਹਨ ਇੱਕ ਵਾਰ ਕਿਸੇ ਨੇ ਉਸਨੂੰ ਹਿੰਦੋਸਤਾਨ ਦਾ ਨਕਸ਼ਾ ਵਿਖਾਇਆ। ਉਸ ਵਿੱਚ ਅੰਗਰੇਜੀ ਰਾਜ ਲਾਲ ਰੰਗ ਵਿੱਚ ਵਿਖਾਇਆ ਗਿਆ ਸੀ। ਉੱਤਰ-ਪੱਛਮੀ ਗੁੱਠ ਵਿੱਚ ਥੋੜਾ ਜਿਹਾ ਭਾਗ ਲਾਲ ਰੰਗ ਵਿੱਚ ਨਹੀਂ ਸੀ। ਜਦੋਂ ਮਹਾਰਾਜੇ ਨੇ ਇਸਦਾ ਮਤਲਬ ਪੁੱਛਿਆ ਤਾਂ ਉਸਨੂੰ ਦੱਸਿਆ ਗਿਆ ਕਿ ਅੰਗਰੇਜੀ ਇਲਾਕਾ ਲਾਲ ਰੰਗ ਵਿੱਚ ਹੈ। ਉਸ ਇਹ ਟਿੱਪਣੀ ਕੀਤੀ: ਇੱਕ ਦਿਨ ਸਭ ਲਾਲ ਹੋ ਜਾਏਗਾ।

ਅੰਗਰੇਜ਼ਾਂ ਅਤੇ ਸਿੰਘਾਂ ਦਾ ਯੁੱਧ ਹੋਣਾ ਹੁਣ ਲੱਗ ਭੱਗ ਤੈਹ ਹੋ ਗਿਆ ਹੈ। ਇਸ ਯੁੱਧ ਵਿੱਚ ਲੜਨ ਵਾਲੀਆਂ ਫੌਜਾਂ ਅਤੇ ਇਸ ਵਿੱਚ ਵਰਤੇ ਜਾਣ ਵਾਲੇ ਹਥਿਆਰਾਂ ਤੇ ਇੱਕ ਨਜਰ ਮਾਰ ਲਈਏ ਤਾਂ ਚੰਗੀ ਗੱਲ ਹੋਵੇਗੀ।

## ਫੌਜਾਂ ਅਤੇ ਹਥਿਆਰ

ਮਿਸਲਾਂ ਦੇ ਜਮਾਨੇ ਵਿੱਚ ਪੰਜਾਬੀ ਨੌਜਵਾਨ ਘੋੜ ਸਵਾਰ ਸੈਨਿਕ ਬਣਨਾ ਵਧੇਰੇ ਪਸੰਦ ਕਰਦੇ ਸਨ। ਉਹ ਪੈਦਲ ਸੈਨਿਕਾਂ ਨੂੰ ਘੋੜ ਸਵਾਰਾਂ ਤੋਂ ਨੀਵਾਂ ਸਮਝਦੇ ਸਨ। ਮਹਾਰਾਜੇ ਰਣਜੀਤ ਸਿੰਘ ਨੇ ਆਪਣੇ ਗੋਰੇ ਜਰਨੈਲਾਂ ਅਲਾਰਡ, ਵੈਂਚੂਰਾ, ਅਤੇ ਐਵੀਟੇਬਲ ਵਗੈਰਾ ਦੀ ਮੱਦਦ ਨਾਲ ਪੈਦਲ ਸੈਨਾਂ ਦੀਆਂ ਰੈਜਮੈਂਟਾਂ ਤਿਆਰ ਕੀਤੀਆਂ, ਅਤੇ ਕੁਝ ਕੁ ਸਾਲਾਂ ਵਿੱਚ ਹੀ ਸਿੱਖ ਮੰਝੇ ਹੋਏ ਪੈਦਲ ਸੈਨਿਕ ਵੀ ਬਣ ਗਏ।

ਲਹੌਰ ਵਿੱਚ ਤੋਪਾਂ ਬਨਾਉਣ ਵਾਲੇ ਕਈ ਮਾਹਿਰ ਲੁਹਾਰ ਸਨ। ਸਿੱਖ ਸੈਨਾ ਦੀਆਂ ਤੋਪਾਂ ਕਾਫੀ ਉੱਚ ਕੋਟੀ ਦੀਆਂ ਸਨ ਅਤੇ ਉਹਨਾਂ ਦਾ ਗੋਲਾ ਵੀ ਅੰਗਰੇਜੀ ਤੋਪਾਂ ਤੋਂ ਕੁਝ ਭਾਰਾ ਹੀ ਸੀ। ਅੰਗਰੇਜੀ ਤੋਪਾਂ ਦਾ ਗੋਲਾ 9 ਪੌਂਡ (4 ਕਿੱਲੋ), ਅਤੇ 12 ਪੌਂਡ (5.5 ਕਿੱਲੋ) ਸੀ। ਬਾਅਦ ਵਿੱਚ ਅੰਗਰੇਜਾਂ ਨੇ

ਵੀ ਆਪਣੀਆਂ ਤੋਪਾਂ ਦਾ ਬੋਰ ਮੋਕਲਾ ਕਰ ਲਿਆ ਤਾਂਕਿ ਉਹ ਜਿਆਦਾ ਵਜਨੀ ਗੋਲਾ ਦਾਗ ਸਕਣ। ਸਿੱਖ ਸੈਨਾ ਦੇ ਜਿਆਦਾਤਰ ਤੋਪਚੀ ਪਠਾਨ ਸਨ।

1845 ਵਿੱਚ ਖਾਲਸਾ ਫੌਜ ਵਿੱਚ 35 ਇੰਨਫੈਂਟਰੀ (ਪੈਦਲ ਸੈਨਾ) ਰੈਜਮੈਂਟਾਂ ਸਨ, ਜਿਨ੍ਹਾ ਵਿੱਚ ਕੁੱਲ 30000-35000 ਸੈਨਿਕ ਸਨ। ਘੋੜ ਸਵਾਰਾਂ (ਰਸਾਲਾ) ਦੀ ਗਿਣਤੀ ਕੋਈ 15000 ਸੀ। ਤੋਪਖਾਨੇ ਕੋਲ ਕੋਈ 200 ਤੋਪਾਂ ਸਨ। ਇਸ ਤੋਂ ਇਲਾਵਾ ਸਰਦਾਰਾਂ ਅਤੇ ਜਗੀਰਦਾਰਾਂ ਦੀਆਂ ਫੌਜਾਂ ਨੂੰ ਮਿਲਾ ਕੇ ਕੁੱਲ ਇੱਕ ਕੁ ਲੱਖ ਖਾਲਸਾ ਫੌਜੀ ਮੈਦਾਨ ਵਿੱਚ ਉਤਾਰੇ ਜਾ ਸਕਦੇ ਸਨ। ਸਰਦਾਰਾਂ ਅਤੇ ਜਗੀਰਦਾਰਾਂ ਦੇ ਸ਼ਿਪਾਹੀ ਅਨੁਸਾਸ਼ਣ ਅਤੇ ਫੌਜੀ ਸਿਖਲਾਈ ਵਿੱਚ ਪੱਕੇ ਫੌਜੀਆਂ ਤੋਂ ਕਾਫੀ ਨੀਵੇਂ ਦਰਜੇ ਦੇ ਸਨ।

ਅਸਲ ਵਿੱਚ ਇੱਕ ਲੱਖ ਫੌਜੀਆਂ ਨੂੰ ਕਿਸੇ ਇੱਕ ਮੈਦਾਨ ਵਿੱਚ ਉਤਾਰਨਾ ਲੱਗ ਭੱਗ ਅਸੰਭਵ ਸੀ। ਕੈਪਟਨ ਕੁਨਿੰਘਮ ਅਨੁਸਾਰ ਜਿਸ ਸਿੱਖ ਫੌਜ ਨੇ ਅੰਗਰੇਜੀ ਸੈਨਾ ਨਾਲ ਯੁੱਧ ਕਰਨ ਲਈ ਸਤਲੁਜ ਪਾਰ ਕੀਤਾ ਉਸਦੀ ਗਿਣਤੀ 40000 ਤੋਂ ਵੱਧ ਨਹੀਂ ਸੀ। ਪਰ ਆਮ ਇਤਹਾਸਕਾਰ ਇਸਦੀ ਗਿਣਤੀ 50000 ਦੇ ਲੱਗ ਭੱਗ ਦਸਦੇ ਹਨ। ਖਾਲਸਾ ਫੌਜ ਵਿੱਚ ਕਾਫੀ ਗਿਣਤੀ ਵਿੱਚ ਹਿੰਦੂ, ਪੰਜਾਬੀ ਮੁਸਲਮਾਨ ਅਤੇ ਅਤੇ ਪਠਾਨ ਵੀ ਸਨ। ਇਸਦੇ ਕਈ ਕਮਾਂਡਰ ਵੀ ਹਿੰਦੂ ਅਤੇ ਮੁਸਲਮਾਨ ਸਨ। ਇਹ ਫੌਜ ਇੱਕ ਪੰਜਾਬੀ ਫੌਜ ਸੀ।

ਖਾਲਸਾ ਫੌਜ ਦੇ ਮੁੱਖ ਕਮਾਂਡਰ ਇਹ ਸਨ: ਜਨਰਲ ਪਰਤਾਪ ਸਿੰਘ ਪੱਟੀਵਾਲਾ, ਜਨਰਲ ਜਵਾਲਾ ਸਿੰਘ, ਸਰਦਾਰ ਲਹਿਣਾ ਸਿੰਘ ਮਜੀਠਆ, ਜਨਰਲ ਬਿਸ਼ਨ ਸਿੰਘ, ਜਨਰਲ ਗੁਲਾਬ ਸਿੰਘ ਪਹੂਵਿੰਡੀਆ, ਜਨਰਲ ਮਹਿਤਾਬ ਸਿੰਘ ਮਜੀਠੀਆ, ਜਨਰਲ ਪੌਂਕਲ ਸਿੰਘ, ਦਿਵਾਨ ਅਯੁਦਿਆ ਪਰਸਾਦ, ਦਿਵਾਨ ਯੋਧਾ ਰਾਮ, ਜਨਰਲ ਕਾਹਨ ਸਿੰਘ ਮਾਨ, ਸਰਦਾਰ ਨਿਹਾਲ ਸਿੰਘ ਆਹਲੂਵਾਲੀਆ, ਕੈਪਟਨ ਕੁਲਦੀਪ ਸਿੰਘ, ਕਮਾਂਡੰਟ ਭਾਗ ਸਿੰਘ, ਕਮਾਂਡੰਟ ਸ਼ਿਵ ਪਰਸਾਦ, ਸਰਦਾਰ ਕਿਸ਼ਨ ਸਿੰਘ, ਜਨਰਲ ਕਿਸ਼ਨ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਮੀਆਂ ਪਿਰਥੀ ਸਿੰਘ, ਜਨਰਲ ਮੇਵਾ ਸਿੰਘ, ਕਰਨਲ ਅਮੀਰ ਚੰਦ, ਜਵਾਹਰ ਮੱਲ ਮਿਸਤਰੀ, ਕਮਾਂਡੰਟ ਮਖੂ ਸਿੰਘ ਅੰਮ੍ਰਿਤਸਰੀਆ, ਸ਼ੇਖ ਇਮਾਮੁਦੀਨ, ਸ਼ੇਖ ਗੁਲਾਮ ਮੁਹਿਉਦੀਨ, ਇਲਾਹੀ ਬਖਸ਼ ਅਤੇ ਕਮਾਂਡੰਟ ਮਜ਼ਹਰ ਅਲੀ। ਖਾਲਸਾ ਫੌਜ ਦਾ ਕਮਾਂਡਰ-ਇਨ-ਚੀਫ ਜਾਂ ਸੈਨਾਪਤੀ ਸਰਦਾਰ ਤੇਜ ਸਿੰਘ ਸੀ। ਵਜੀਰ ਲਾਲ ਸਿੰਘ ਵੀ ਫੌਜ ਦੇ ਨਾਲ ਸੀ।

ਇਸ ਯੁੱਧ ਵਿੱਚ ਭਾਗ ਲੈਣ ਵਾਲੀ ਅੰਗਰੇਜੀ ਫੌਜ ਵਿੱਚ ਗੋਰੇ ਸ਼ਿਪਾਹੀ ਆਪਣੀ ਫੌਜ ਦਾ ਚੌਥਾ ਕੁ ਹਿੱਸਾ ਹੀ ਸਨ। ਬਾਕੀ ਸ਼ਿਪਾਹੀ ਹਿੰਦੋਸਤਾਨੀ ਸਨ। ਅਫਸਰ ਲੱਗ ਭੱਗ ਸਾਰੇ ਹੀ ਗੋਰੇ ਸਨ। ਅੰਗਰੇਜੀ ਸੈਨਾ ਦਾ ਕਮਾਂਡਰ-ਇਨ-ਚੀਫ ਲਾਰਡ ਗੱਫ ਸੀ। ਇਸਨੂੰ ਪੰਜਾਬੀ ਜੰਗੀ ਲਾਟ ਵੀ ਕਹਿੰਦੇ ਸਨ। ਉਸ ਸਮੇ ਦਾ ਗਵੱਰਨਰ-ਜਨਰਲ ਲਾਰਡ ਹੈਨਰੀ ਹਾਰਡਿੰਗ ਸੀ। ਉਹ ਵੀ ਇੱਕ ਪੁਰਾਣਾ ਜਰਨੈਲ ਸੀ। ਜੰਗਾਂ ਸਮੇ ਉਹ ਅਕਸਰ ਫੌਜ ਦੇ ਨਾਲ ਹੀ ਰਹਿੰਦਾ ਸੀ। ਫੇਰੂ ਸ਼ਹਿਰ ਦੀ ਜੰਗ ਸਮੇ ਉਸਨੇ ਆਪਣੇ ਸਰਵੁੱਚ ਆਹੁਦੇ ਦੇ ਬਾਵਜੂਦ ਆਪਣੇ ਕਮਾਂਡਰ-ਇਨ-ਚੀਫ ਦੇ ਅਧੀਨ ਰਹਿ ਕੇ ਜੰਗ ਲੜਿਆ। ਇਸਦੀ ਇੱਕ ਬਾਂਹ ਵੱਡੀ ਹੋਈ ਹੋਣ ਕਰਕੇ ਇਸਨੂੰ ਟੁੰਡਾ ਲਾਟ ਵੀ ਕਹਿੰਦੇ ਸਨ।

ਇਹਨਾ ਜੰਗਾਂ ਵਿੱਚ ਲੜਨ ਵਾਲੀਆਂ ਫੌਜਾਂ ਅਤੇ ਵਰਤੇ ਗਏ ਹਥਿਆਰਾਂ ਦੀ ਜਾਣਕਾਰੀ ਇਹਨਾ ਜੰਗਾਂ ਦੀ ਕਾਰਵਾਹੀ ਨੂੰ ਸਮਝਣ ਲਈ ਸਹਾਈ ਹੋਵੇਗੀ। ਅੰਗਰੇਜੀ ਸੈਨਾ ਦੇ ਪੈਦਲ ਫੌਜੀਆਂ ਕੋਲ ਬਰਾਉਨ ਬੈੱਸ ਨਾਂ ਦੀ ਬੰਦੂਕ ਸੀ। ਇਸਦਾ ਭਾਰ 4.5 ਕਿੱਲੋ ਸੀ ਅਤੇ ਇਸਦੀ ਮਾਰੂ ਦੂਰੀ (ਰੇਂਜ) 300 ਫੁੱਟ ਸੀ। ਇਹ ਇੱਕ ਮਿੰਟ ਵਿੱਚ 3-4 ਗੋਲੀਆਂ ਫਾਇਰ ਕਰ ਸਕਦੀ ਸੀ। ਇੱਕ ਗੋਲੀ ਚਲਾਉਣ ਤੋਂ ਬਾਅਦ ਗੋਲੀ ਫਿਰ ਭਰਨੀ ਪੈਂਦੀ ਸੀ। ਫੌਜੀ ਕਮਾਂਡਰ ਅਕਸਰ ਆਪਣੇ ਫੌਜੀਆਂ ਨੂੰ ਦੁਸ਼ਮਣ ਦੇ ਬਿਲਕੁਲ ਕੋਲ ਪਹੁੰਚਣ ਤੇ ਹੀ ਗੋਲੀ ਚਲਾਉਣ ਦਾ ਹੁਕਮ ਦਿੰਦੇ ਸਨ। ਖਾਲਸਾ ਫੌਜ ਕੋਲ ਵੀ

ਇਸੇ ਤਰਾਂ ਦੀ ਹੀ ਬੰਦੂਕ ਸੀ। ਤੋਪਾਂ ਦੀ ਮਾਰੂ ਦੂਰੀ (ਰੇਂਜ) ਕੋਈ 2500 ਫੁੱਟ ਸੀ, ਅਤੇ ਇਹ 2.7, 4 ਜਾਂ 5.5 ਕਿਲੋ ਦਾ ਗੋਲਾ ਦਾਗਦੀਆਂ ਸਨ। ਇਹ ਗੋਲੇ ਠੋਸ ਹੁੰਦੇ ਸਨ, ਅਤੇ ਕਿਸੇ ਫੁੱਟਬਾਲ ਵਾਂਗ ਗੋਲ। ਦੁਸ਼ਮਣ ਦੇ ਨਜ਼ਦੀਕ ਆਉਣ ਤੇ ਇੱਕ ਦੂਸਰੀ ਤਰਾਂ ਦਾ ਗੋਲਾ ਦਾਗਿਆ ਜਾ ਸਕਦਾ ਸੀ, ਜਿਸ ਨੂੰ ਗਰੇਪ ਸ਼ਾਟ ਕਿਹਾ ਜਾਂਦਾ ਸੀ, ਯਾਨੀ ਕੰਕਰਾਂ ਵਾਲਾ ਗੋਲਾ। ਇਸ ਗੋਲੇ ਵਿੱਚ ਲੋਹੇ ਦੀਆਂ ਛੋਟੀਆਂ ਛੋਟੀਆਂ ਗੋਲੀਆਂ ਭਰੀਆਂ ਹੁੰਦੀਆਂ ਸਨ, ਜੋ ਗੋਲ ਚੱਲਣ ਸਮੇ ਖਿੱਲਰ ਜਾਂਦੀਆਂ ਸਨ, ਅਤੇ ਦੁਸ਼ਮਣ ਦੀਆਂ ਟੁਕੜੀਆਂ ਲਈ ਬਹੁਤ ਮਾਰੂ ਸਾਬਤ ਹੁੰਦੀਆਂ ਸਨ। ਇੱਕ ਤੋਪ ਦਾ ਭਾਰ ਕੋਈ 800 ਕਿੱਲੋ ਸੀ। ਤੋਪਾਂ ਨੂੰ ਪਹੀਏ ਲੱਗੇ ਹੁੰਦੇ ਸਨ, ਅਤੇ ਇੱਕ ਤੋਪ ਨੂੰ ਖਿੱਚਣ ਲਈ ਇੱਕ ਦੇ ਪਿੱਛੇ ਇੱਕ, ਘੋੜਿਆਂ ਦੀਆਂ ਤਿੰਨ ਜੋੜੀਆਂ ਦੀ ਲੋੜ ਪੈਂਦੀ ਸੀ। ਘੋੜ-ਤੋਪਾਂ ਫੀਲਡ ਤੋਪਾਂ ਤੋਂ ਕੁਝ ਹਲਕੀਆਂ ਹੁੰਦੀਆਂ ਸਨ। ਜੰਗ ਦੇ ਸਮੇ ਇਹਨਾ ਤੋਪਾਂ ਨੂੰ ਲੋੜ ਅਨੁਸਾਰ ਇੱਕ ਤੋਂ ਦੂਸਰੀ ਜਗ੍ਹਾ ਲਿਜਾਇਆ ਜਾ ਸਕਦਾ ਸੀ।ਇਹ ਤੋਪਾਂ ਸਿਰਫ ਅੰਗਰੇਜੀ ਸੈਨਾ ਕੋਲ ਹੀ ਸਨ। ਖਾਲਸੇ ਕੋਲ ਸਿਰਫ ਫੀਲਡ ਤੋਪਾਂ ਹੀ ਸਨ। ਫੀਲਡ ਤੋਪਾਂ ਦੇ ਤੋਪਚੀ ਪੈਦਲ ਚਲਦੇ ਸਨ। ਘੋੜਿਆਂ ਨੂੰ ਕੇਵਲ ਤੋਪਾਂ ਖਿੱਚਣ ਲਈ ਹੀ ਵਰਤਿਆ ਜਾਂਦਾ ਸੀ। ਤੋਪ ਰੈਜਮੰਟਾਂ ਬੈਟਰੀਆਂ ਵਿੱਚ ਵੰਡੀਆਂ ਹੁੰਦੀਆਂ ਸਨ। ਹਰ ਬੈਟਰੀ ਵਿੱਚ 5-6 ਤੋਪਾਂ ਹੁੰਦੀਆਂ ਸਨ। ਬੈਟਰੀ ਵਿੱਚ 3-4 ਅਫਸਰ ਅਤੇ ਲੱਗ ਭੱਗ 50 ਸੈਨਿਕ ਹੁੰਦੇ ਸਨ। ਫੀਲਡ ਤੋਪਾਂ ਨੂੰ ਦੁਸ਼ਮਣ ਦੇ ਤੋਪ ਖਾਨੇ ਅਤੇ ਉਸਦੀ ਪੈਦਲ ਸੈਨਾ ਦੇ ਖਿਲਾਫ ਵਰਤਿਆ ਜਾਂਦਾ ਸੀ। ਘੋੜ ਤੋਪਾਂ ਨੂੰ ਜਿਆਦਾਤਰ ਘੋੜ ਸਵਾਰ ਸੈਨਾ ਦੀ ਇਮਦਾਦ ਲਈ ਵਰਤਿਆ ਜਾਂਦਾ ਸੀ। ਮਾਰਚ ਕਰਨ ਸਮੇ ਸੈਨਾ ਦੀਆਂ ਟੁਕੜੀਆਂ ਇੱਕ ਦੂਸਰੀ ਦੇ ਪਿੱਛੇ ਤੁਰਦੀਆਂ ਸਨ, ਪਰ ਹਮਲੇ ਵੇਲੇ ਕਤਾਰਾਂ ਬਣਾ ਕੇ ਇੱਕ ਦੇ ਪਿੱਛੇ ਦੂਸਰੀ ਕਤਾਰ ਹਮਲਾ ਕਰਨ ਲਈ ਅੱਗੇ ਵਧਦੀ ਸੀ। ਉਸ ਸਮੇ ਸੈਂਟਰ ਵਿੱਚ ਪੈਦਲ ਸੈਨਾ ਦੀਆਂ ਕਤਾਰਾਂ ਹੁੰਦੀਆਂ ਸਨ। ਤੋਪ ਖਾਨਾ ਉਹਨਾ ਦੇ ਮੂਹਰੇ ਗੋਲਾ ਬਾਰੀ ਕਰਦਾ ਹੋਇਆ ਅੱਗੇ ਵਧਦਾ ਸੀ। ਘੋੜ ਸਵਾਰ ਟੁਕੜੀਆਂ ਪੈਦਲ ਫੌਜ ਦੀਆਂ ਕਤਾਰਾਂ ਦੇ ਦੋਵੇਂ ਸਿਰਿਆਂ ਤੇ ਅਗਾਂਹ ਵਧਦਾ ਸੀ, ਤਾਂਕਿ ਦੁਸ਼ਮਣ ਦੀ ਫੌਜ ਜੇ ਹਮਲਾਵਰ ਫੌਜ ਦੇ ਵੱਖੀਆਂ ਤੇ ਹਮਲਾ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸਨੂੰ ਰੋਕਿਆ ਜਾ ਸਕੇ।

ਦੁਸ਼ਮਣ ਦੇ 200-300 ਫੁੱਟ ਦੂਰ ਪਾਹੁੰਚਣ ਤੇ ਪੈਦਲ ਸੈਨਾ ਤੋਪਾਂ ਨੂੰ ਪਿਛਾਂਹ ਛੱਡ ਕੇ ਦੁਸ਼ਮਣ ਤੇ ਗੋਲੀਆਂ ਵਰਾਉਂਦੀ ਹੋਈ ਹਮਲਾ ਕਰ ਦਿੰਦੀ ਸੀ। ਦੁਸ਼ਮਣ ਦੇ ਮੋਰਚਿਆਂ ਤੇ ਪਾਹੁੰਚ ਕੇ ਹੱਥੋ ਹੱਥੀ ਲੜਾਈ ਸ਼ੁਰੂ ਹੋ ਜਾਂਦੀ ਸੀ, ਜਿਸ ਵਿੱਚ ਬੰਦੂਕਾਂ, ਤਲਵਾਰਾਂ ਅਤੇ ਨੇਜਿਆਂ ਦੀ ਵਰਤੋਂ ਹੁੰਦੀ ਸੀ। ਬੰਦੂਕ ਦੇ ਅੱਗੇ ਇੱਕ ਫੁੱਟ ਤੋਂ ਕੁਝ ਲੰਮੀ ਛੁਰੀ ਫਿੱਟ ਹੁੰਦੀ ਸੀ, ਜਿਸਨੂੰ ਬੁਵਾਨਿੰਟ ਕਹਿੰਦੇ ਸਨ। ਜਿਸ ਨੂੰ ਹੱਥੋ ਹੱਥੀ ਲੜਾਈ ਸਮੇ ਵਰਤਿਆ ਜਾਂਦਾ ਸੀ।

ਜੋ ਸੈਨਾ ਹਮਲੇ ਦਾ ਸਾਹਮਣਾ ਕਰ ਰਹੀ ਹੁੰਦੀ ਸੀ, ਉਹ ਆਪਣੇ ਮੋਰਚੇ ਮੱਲ ਕੇ ਹਮਲਾਵਰਾਂ ਦੇ ਨਜਦੀਕ ਆਉਣ ਦਾ ਇੰਤਜ਼ਾਰ ਕਰਦੀ ਸੀ। ਤੋਪਾਂ ਦੇ ਪਿੱਛੇ ਪੈਦਲ ਸੈਨਿਕ, ਅਤੇ ਘੋੜ ਸਵਾਰ ਫੌਜ ਤੈਨਾਤ ਹੁੰਦੀ ਸੀ। ਹਮਲਾਵਰਾਂ ਦੇ ਨਜਦੀਕ ਪਾਹੁੰਚਣ ਤੇ ਪਹਿਲਾਂ ਤੋਪਾਂ ਨਾਲ, ਅਤੇ ਕਾਫੀ ਪਾਸ ਆਉਣ ਤੇ ਗੋਲੀਆਂ ਨਾਲ ਜਵਾਬ ਦਿੱਤਾ ਜਾਂਦਾ ਸੀ। ਜੇ ਹਮਲਾਵਰ ਮੋਰਚਿਆਂ ਤੱਕ ਪਾਹੁੰਚ ਜਾਣ ਤਾਂ ਹੱਥੋ ਹੱਥ ਦੀ ਲੜਾਈ ਸ਼ੁਰੂ ਹੋ ਜਾਂਦੀ ਸੀ। ਜੇ ਹਮਲਾਵਰਾਂ ਦਾ ਹਮਲਾ ਕੰਮਜੋਰ ਪੈ ਜਾਵੇ ਤਾਂ ਉਹਨਾ ਤੇ ਜਵਾਬੀ ਹਮਲਾ ਵੀ ਹੋ ਸਕਦਾ ਸੀ। ਇਹਨਾ ਜੰਗਾਂ ਵਿੱਚ ਆਮ ਕਰਕੇ ਖਾਲਸਾ ਫੌਜ ਨੇ ਹਮਲਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸੀ, ਸਿਰਫ ਹਮਲੇ ਦਾ ਟਾਕਰਾ ਹੀ ਕੀਤਾ ਸੀ।

ਪੈਦਲ ਸੈਨਾ ਦੀ ਸਭ ਤੋਂ ਛੋਟੀ ਟੁਕੜੀ ਨੂੰ ਸੈਕਸ਼ਨ ਕਹਿੰਦੇ ਹਨ। ਇਸ ਵਿੱਚ 10 ਸੈਨਿਕ ਹੁੰਦੇ ਹਨ। ਇਸਦੀ ਕਮਾਨ ਇੱਕ ਸਾਰਜੰਟ ਜਾਂ ਸੂਬੇਦਾਰ ਕਰਦਾ ਹੈ। ਤਿੰਨ ਸੈਕਸ਼ਨ ਮਿਲਾਕੇ ਇੱਕ ਪਲਟੂਨ ਬਣਦੀ ਹੈ, ਜਿਸਦੀ ਕਮਾਨ ਇੱਕ ਲੈਫਟੀਨੈਂਟ ਕਰਦਾ ਹੈ। ਤਿੰਨ ਪਲਟੂਨਾ ਨੂੰ ਮਿਲਾਕੇ ਇੱਕ ਕੰਪਨੀ

ਬਣਦੀ ਹੈ, ਜਿਸ ਵਿੱਚ ਕੋਈ 100 ਕੁ ਸੈਨਿਕ ਹੁੰਦੇ ਹਨ। ਕੰਪਨੀ ਦੀ ਕਮਾਨ ਮੇਜਰ/ ਕੈਪਟਨ ਕਰਦਾ ਹੈ। 7-10 ਕੰਪਨੀਆਂ ਨੂੰ ਮਿਲਾਕੇ ਇੱਕ ਬਟਾਲੀਅਨ ਜਾਂ ਰੈਜੀਮੈਂਟ ਬਣਦੀ ਹੈ, ਅਤੇ ਰੈਜੀਮੈਂਟ ਦੀ ਕਮਾਨ ਕਰਨਲ ਕਰਦਾ ਹੈ। ਅਤੇ 3-4 ਰੈਜੀਮੈਂਟ ਮਿਲ ਕੇ ਇੱਕ ਬਰਗੇਡ ਬਣਦੀ ਹੈ, ਜਿਸਦਾ ਕਮਾਂਡਰ ਇੱਕ ਬਰਗੇਡੀਅਰ ਹੁੰਦਾ ਹੈ। 2-3 ਬਰਗੇਡਾਂ ਨਾਲ ਮਿਲਕੇ ਇੱਕ ਡਵੀਜਨ ਬਣਦੀ ਹੈ, ਜਿਸ ਵਿੱਚ 7000-10000 ਸੈਨਿਕ ਹੁੰਦੇ ਹਨ, ਅਤੇ ਇਸਦੀ ਕਮਾਨ ਇੱਕ ਮੇਜਰ-ਜਨਰਲ ਕਰਦਾ ਹੈ। 2-3 ਡਵੀਜਨਾਂ ਦੇ ਮਿਲਣ ਨਾਲ ਕੋਰ ਬਣਦੀ ਹੈ, ਜਿਸਦੀ ਕਮਾਨ ਇੱਕ ਲੈਫਟੀਨੈਂਟ ਜਨਰਲ ਦੇ ਹੱਥ ਹੁੰਦੀ ਹੈ। 2-3 ਕੋਰਾਂ ਦੇ ਮਿਲਣ ਨਾਲ ਇੱਕ ਫੌਜ ਬਣਦੀ ਹੈ, ਜਿਸਦੀ ਕਮਾਨ ਇੱਕ ਜਨਰਲ ਕਰਦਾ ਹੈ। ਕੁਲ ਮਿਲਾ ਕੇ ਇੰਨਫੈਂਟਰੀ ਦਾ ਪ੍ਰਬੰਧ ਅਜੋਕੇ ਸਮੇ ਵਿੱਚ ਵੀ ਇਹੋ ਹੀ ਹੈ।

# ਮੁਦਕੀ ਤੋਂ ਪਹਿਲਾਂ

ਖਾਲਸਾ ਫੌਜ ਨੇ 11 ਦਸੰਬਰ 1845 ਨੂੰ ਕਸੂਰ ਦੇ ਨੇੜੇ ਸਤਲੁਜ ਪਾਰ ਕੀਤਾ। ਦਰਿਆ ਪਾਰ ਕਰਨ ਤੋਂ ਬਾਅਦ ਇਹ ਫੌਜ ਦੋ ਹਿਸਿਆਂ ਵਿੱਚ ਵੰਡੀ ਗਈ। ਕੋਈ 15000 ਪੈਦਲ ਸੈਨਿਕ, ਘੋੜ ਸਵਾਰ, ਅਤੇ ਤੋਪਾਂ ਲੈ ਕੇ ਸੈਨਾਪਤੀ ਤੇਜ ਸਿੰਘ ਫਿਰੋਜਪੁਰ ਛਾਉਣੀ ਵੱਲ ਵਧਿਆ। ਉਸਨੇ ਛਾਉਣੀ ਨੂੰ ਘੇਰਾ ਤਾਂ ਪਾ ਲਿਆ, ਪਰ ਅੰਗਰੇਜੀ ਫੌਜ ਤੇ ਹਮਲਾ ਕਰਨ ਦਾ ਹੁਕਮ ਨਾ ਦਿੱਤਾ। ਸਿਰਫ ਘੇਰਾ ਪਾ ਕੇ ਬੈਠਾ ਰਿਹਾ। ਫਿਰੋਜਪੁਰ ਵਿੱਚ ਉਸ ਸਮੇ ਸਿਰਫ 7000 ਅੰਗਰੇਜੀ ਫੌਜ ਸੀ, ਅਤੇ ਜੇ ਤੇਜ ਸਿੰਘ ਹਮਲਾ ਕਰਨ ਦੀ ਹਿੰਮਤ ਕਰਦਾ ਤਾਂ ਸ਼ਾਇਦ ਇਸ ਫੌਜ ਨੂੰ ਹਰਾ ਸਕਦਾ ਸੀ, ਪਰ ਉਸ ਅਜਿਹਾ ਕੁਝ ਵੀ ਨਾ ਕੀਤਾ। ਫੌਜ ਦਾ ਵੱਡਾ ਭਾਗ, ਜਿਸਦੀ ਕਮਾਨ ਵਜੀਰ ਲਾਲ ਸਿੰਘ ਖੁਦ ਕਰ ਰਿਹਾ ਸੀ, ਫਿਰੋਜਪੁਰ ਤੋਂ 15-16 ਕਿਲੋਮੀਟਰ ਦੱਖਣ-ਪੂਰਬ ਵਿੱਚ ਫੇਰੂ ਸ਼ਹਿਰ ਦੇ ਪਿੰਡ ਕੋਲ ਮੋਰਚੇ ਲਾ ਕੇ ਬੈਠ ਗਈ। ਵਜੀਰ ਲਾਲ ਸਿੰਘ ਆਪ 10000-12000 ਫੌਜ ਅਤੇ ਤੋਪਾਂ ਲੈ ਕੇ ਮੁਦਕੀ ਪਹੁੰਚ ਗਿਆ, ਜੋ ਫਿਰੋਜਪੁਰ ਤੋਂ 30 ਕੁ ਕਿਲੋਮੀਟਰ ਦੂਰ ਲੁਧਿਆਣੇ ਤੋਂ ਆਉਣ ਵਾਲੀ ਸੜਕ ਉੱਪਰ ਹੈ, ਤਾਂਕਿ ਉਹ ਲੁਧਿਆਣੇ ਤੋਂ ਫਿਰੋਜਪੁਰ ਦੀ ਇਮਦਾਦ ਲਈ ਆ ਰਹੀ ਅੰਗਰੇਜੀ ਫੌਜ ਨੂੰ ਰੋਕ ਸਕੇ। ਅੰਗਰੇਜੀ ਫੌਜ ਅਤੇ ਖਾਲਸੇ ਦੀ ਪਹਿਲੀ ਟੱਕਰ ਇਥੇ ਮੁਦਕੀ ਦੇ ਅਸਥਾਨ ਤੇ ਹੀ ਹੋਈ।

ਪਰ ਇਸ ਤੋਂ ਪਹਿਲਾਂ ਇਹ ਵੇਖ ਲਈਏ ਕਿ ਜੰਗ ਤੋਂ ਕੁਝ ਮਹੀਨੇ ਪਹਿਲਾਂ ਅੰਗਰੇਜ ਕੀ ਕਰ ਰਹੇ ਸਨ। ਸਰਹੱਦ ਤੇ ਉਸ ਸਮੇ ਅੰਗਰੇਜਾਂ ਦੀਆਂ ਦੋ ਮੁੱਖ ਛਾਉਣੀਆਂ ਸਨ: ਲੁਧਿਆਣਾ ਅਤੇ ਫਿਰੋਜਪੁਰ। ਅੰਗਰੇਜਾਂ ਨੇ ਅੰਦਾਜਾ ਲਾਇਆ ਕਿ ਖਾਲਸੇ ਦਾ ਪਹਿਲਾ ਨਿਸ਼ਾਨਾ ਫਿਰੋਜਪੁਰ ਹੀ ਹੋਏਗਾ। ਸੋ ਲੁਧਿਆਣੇ, ਅੰਬਾਲੇ ਅਤੇ ਮੇਰਠ ਤੋਂ ਆਉਣ ਵਾਲੀਆਂ ਅੰਗਰੇਜੀ ਫੌਜਾਂ ਦੀ ਮੰਜਲ ਫਿਰੋਜਪੁਰ ਹੀ ਸੀ। 1845 ਦਾ ਸਾਰਾ ਸਾਲ ਅੰਗਰੇਜ ਇਹਨਾ ਦੋ ਸਰਹੱਦੀ ਛਾਉਣੀਆਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਲੱਗੇ ਰਹੇ ਸਨ। ਫਿਰੋਜਪੁਰ ਛਾਉਣੀ ਦੀ ਕਮਾਨ ਇਸ ਸਮੇ ਮੇਜਰ ਜਨਰਲ ਸਰ ਜੋਹਨ ਲਿਟਲਰ ਹੱਥ ਸੀ। ਇਹ ਇੱਕ ਬਹੁਤ ਹੀ ਸਿਆਣਾ ਅਤੇ ਲਾਇਕ ਜਰਨੈਲ ਸੀ। ਉਸ ਕੋਲ ਇੱਕ ਰੈਜਮੈਂਟ ਗੋਰੇ ਫੌਜੀਆਂ ਦੀ (ਨੰਬਰ 62) ਸੀ, ਅਤੇ ਸੱਤ ਰੈਜਮੈਂਟਾਂ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ। ਹਿੰਦੋਸਤਾਨੀ ਰੈਜਮੈਂਟਾਂ ਦੀ ਅਗਵਾਈ ਗੋਰੇ ਅਫਸਰ ਹੀ ਕਰਦੇ ਸਨ। ਉਹਨੀ ਦਿਨੀ ਹਿੰਦੋਸਤਾਨੀ ਸਿਰਫ ਵਾਰੰਟ

ਅਫਸਰ ਦੇ ਆਹੁਦੇ ਤੱਕ ਹੀ ਪਹੁੰਚ ਸਕਦੇ ਸਨ, ਜੋ ਇੱਕ ਸੈਕੰਡ ਲੈਫਟੀਨੈਂਟ ਤੋਂ ਵੀ ਨੀਵਾਂ ਸੀ। ਇਸ ਛਾਉਣੀ ਕੋਲ 6 ਫੀਲਡ ਤੋਪਾਂ, ਅਤੇ 6 ਘੋੜ-ਤੋਪਾਂ ਸਨ। ਘੋੜ ਸੈਨਾ ਨੂੰ ਮਿਲਾ ਕੇ ਇਥੇ ਕੁੱਲ 7000 ਫੌਜ ਸੀ।

ਲੁਧਿਆਣੇ ਦੀ ਛਾਉਣੀ ਵਿੱਚ 5000 ਸ਼ਿਪਾਹੀ ਸਨ। ਇਥੇ ਇੱਕ ਛੋਟਾ ਜਿਹਾ ਕਿਲਾ ਵੀ ਸੀ-ਪਰ ਫਿਰੋਜਪੁਰ ਵਿੱਚ ਕੋਈ ਕਿਲਾ ਨਹੀਂ ਸੀ। ਲੁਧਿਆਣੇ ਛਾਉਣੀ ਦੀ ਕਮਾਨ ਬਰਗੇਡੀਅਰ ਵੀਲਰ ਕਰ ਰਿਹਾ ਸੀ। ਇਥੇ ਪੰਜ ਰੈਜਮੰਟਾਂ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ। ਗੋਰੇ ਸ਼ਿਪਾਹੀਆਂ ਦੀ ਕੋਈ ਰੈਜਮੰਟ ਨਹੀਂ ਸੀ। ਇਹਨਾ ਦੋ ਸਰਹੱਦੀ ਛਾਉਣੀਆਂ ਤੋਂ ਪਿਛੇ ਅੰਬਾਲਾ ਛਾਉਣੀ ਸੀ, ਜੋ ਲੁਧਿਆਣੇ ਤੋਂ ਕੋਈ 130 ਕਿਲੋਮੀਟਰ, ਅਤੇ ਫਿਰੋਜਪੁਰ ਤੋਂ ਕੋਈ 260 ਕਿਲੋਮੀਟਰ ਸੀ। ਲੁਧਿਆਣੇ ਅਤੇ ਫਿਰੋਜਪੁਰ ਵਿਚਲੀ ਸਿੱਧੀ ਦੂਰੀ ਲੱਗ ਭੱਗ 130 ਕਿਲੋਮੀਟਰ ਹੈ। ਅੰਬਾਲੇ ਵਿੱਚ ਇਸ ਸਮੇ ਤਿੰਨ ਰੈਜਮੰਟਾਂ ਗੋਰੇ ਸ਼ਿਪਾਹੀਆਂ ਦੀਆਂ, ਅਤੇ ਪੰਜ ਰੈਜਮੰਟਾਂ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ। ਅੰਬਾਲੇ ਵਿੱਚ ਤਿੰਨ ਰੈਜਮੰਟਾਂ ਘੋੜ ਸਵਾਰਾਂ ਦੀਆਂ ਵੀ ਸਨ। ਕਸੌਲੀ ਅਤੇ ਸੁਬਾਥੂ ਨਾਂ ਦੇ ਪਹਾੜੀ ਸਟੇਸ਼ਨਾ ਤੇ ਵੀ ਇੱਕ ਇੱਕ ਪੈਦਲ ਸੈਨਾ ਦੀ ਰੈਜਮੰਟ ਸੀ। ਅੰਬਾਲੇ, ਕਸੌਲੀ ਅਤੇ ਸੁਬਾਥੂ ਵਿੱਚਲੀ ਕੁੱਲ ਫੌਜ ਦੀ ਗਿਣਤੀ ਲੱਗ ਭੱਗ 10000 ਸੀ। ਇਸ ਤਰਾਂ ਫਿਰੋਜਪੁਰ, ਲੁਧਿਆਣੇ ਅਤੇ ਅੰਬਾਲੇ ਵਿੱਚਲੀ ਕੁੱਲ ਫੌਜ ਦੀ ਗਿਣਤੀ ਕੋਈ 22000 ਸੀ।

ਅੰਬਾਲੇ ਤੋਂ ਹੋਰ ਪਿਛੇ ਵੱਡੀ ਛਾਉਣੀ ਮੇਰਠ ਸੀ। ਇਥੇ ਕੁੱਲ 9000 ਸੈਨਿਕ ਅਤੇ 26 ਤੋਪਾਂ ਸਨ। ਤਿੰਨ ਘੋੜ ਸਵਾਰ ਰੈਜਮੰਟਾਂ ਵੀ ਸਨ। ਇੱਕ ਗੋਰੀ ਰੈਜਮੰਟ ਅਤੇ ਕਈ ਹਿੰਦੋਸਤਾਨੀ ਰੈਜਮੰਟਾਂ ਸਨ। ਇੱਕ ਰੈਜਮੰਟ ਇੰਜਿਨੀਅਰਾਂ ਦੀ ਵੀ ਸੀ- ਇੰਜਿਨੀਅਰਾਂ ਦਾ ਮੁੱਖ ਕੰਮ ਉਸ ਸਮੇ ਦਰਿਆਵਾਂ ਤੇ ਬੇੜੀਆਂ ਦੇ ਪੁਲ ਬਨਾਉਣੇ, ਅਤੇ ਕਿਲੇ ਤੋੜਨ ਵਿੱਚ ਸਹਾਇਤਾ ਕਰਨੀ ਹੁੰਦਾ ਸੀ। ਕਮਾਂਡਰ-ਇਨ-ਚੀਫ ਦੇ ਹੁਕਮ ਅਨੁਸਾਰ ਅੰਬਾਲੇ, ਮੇਰਠ ਅਤੇ ਪਹਾੜੀ ਸਟੇਸ਼ਨਾਂ ਦੀਆਂ ਫੌਜਾਂ ਨੂੰ ਲੋੜ ਪੈਣ ਤੇ ਪੰਜਾਬ ਵੱਲ ਫੌਰਨ ਮਾਰਚ ਕਰਨ ਦਾ ਹੁਕਮ ਸੀ। ਮੇਰਠ ਦੇ ਕੋਲ ਹੀ ਅੰਗਰੇਜਾਂ ਕੋਲ ਇੱਕ ਗੋਰਖਾ ਅਤੇ ਇੱਕ ਗੜਵਾਲੀ ਸ਼ਿਪਾਹੀਆਂ ਦੀ ਰੈਜਮੰਟ ਵੀ ਸੀ।

ਅੰਗਰੇਜੀ ਏਜੰਟ ਮੇਜਰ ਬਰਾਡਫੁੱਟ ਨੇ 20 ਨਵੰਬਰ 1845 ਨੂੰ ਲਾਰਡ ਗੱਫ ਨੂੰ ਇਹ ਸੂਚਨਾ ਦਿੱਤੀ ਕਿ ਲਹੌਰ ਦਰਬਾਰ ਨੇ ਯੁੱਧ ਦਾ ਨਿਰਣਾ ਲੈ ਲਿਆ ਹੈ, ਅਤੇ ਇਹ ਕਿ ਖਾਲਸਾ ਫੌਜ ਦੀਆਂ ਪੰਜ ਡਵੀਜਨਾ ਸਤਲੁਜ ਵੱਲ ਰਵਾਨਾ ਹੋਣ ਨੂੰ ਤਿਆਰ ਹਨ। ਗੱਫ ਨੇ 3000 ਫੌਜ ਨੂੰ ਮੇਰਠ ਤੋਂ ਪੰਜਾਬ ਲਈ ਰਵਾਨਾ ਹੋਣ ਦਾ ਹੁਕਮ ਦੇ ਦਿੱਤਾ, ਅਤੇ ਇਸ ਗੱਲ ਦੀ ਸੂਚਨਾ ਗਵੱਰਨਰ ਜਨਰਲ ਨੂੰ ਵੀ ਭੇਜ ਦਿੱਤੀ। ਪਰ ਲਾਰਡ ਹਾਰਡਿੰਗ ਨੂੰ ਸ਼ਾਇਦ ਹਾਲੀ ਵੀ ਇਹ ਉਮੀਦ ਸੀ, ਕਿ ਯੁੱਧ ਟਾਲਿਆ ਜਾ ਸਕਦਾ ਹੈ। ਉਸਨੇ ਜੰਗੀ ਲਾਟ ਦਾ ਇਹ ਹੁਕਮ ਰੱਦ ਕਰ ਦਿੱਤਾ, ਅਤੇ ਮੇਰਠ ਵਾਲੀ ਫੌਜ ਪੰਜ ਦਿਨ ਬਾਅਦ ਰਸਤੇ ਵਿੱਚੋਂ ਹੀ ਆਪਣੀ ਛਾਉਣੀ ਵਿੱਚ ਵਾਪਸ ਚਲੀ ਗਈ।


ਦਸੰਬਰ ਮਹੀਨੇ ਦੇ ਸ਼ੁਰੂ ਵਿੱਚ ਲਾਰਡ ਹਾਰਡਿੰਗ ਲੁਧਿਆਣੇ ਅਤੇ ਲਾਰਡ ਗੱਫ ਅੰਬਾਲੇ ਸੀ। 12 ਦਸੰਬਰ 1845 ਨੂੰ ਲਾਰਡ ਹਾਰਡਿੰਗ ਨੂੰ ਖਾਲਸਾ ਫੌਜ ਦੇ ਸਤਲੁਜ ਪਾਰ ਕਰਨ ਦੀ ਖਬਰ ਮਿਲੀ। ਉਹ ਉਸੇ ਦਿਨ ਹੀ ਜਨਰਲ ਵੀਲਰ ਦੀ ਲੁਧਿਆਣੇ ਵਾਲੀ ਫੌਜ ਨੂੰ ਲੈ ਕੇ ਫਿਰੋਜਪੁਰ ਲਈ ਚੱਲ ਪਿਆ। 13 ਦਸੰਬਰ ਨੂੰ ਉਸਨੇ ਜੰਗ ਦੀ ਘੋਸ਼ਨਾ ਕਰ ਦਿੱਤੀ। ਜੰਗੀ ਲਾਟ ਨੇ ਅੰਬਾਲੇ ਤੋਂ ਫੌਜ ਲੈ ਕੇ ਏਨੀ ਤੇਜੀ ਨਾਲ ਮਾਰਚ ਕੀਤੀ ਕਿ ਉਹ ਰਾਜਪੁਰਾ, ਸਰਹਿੰਦ, ਇਸਰੋ, ਲਟਾਲਾ ਅਤੇ ਵਧਨੀ ਹੁੰਦਾ ਹੋਇਆ, ਲਾਰਡ ਹਾਰਡਿੰਗ ਨੂੰ ਫਿਰੋਜਪੁਰ ਤੋਂ ਪਹਿਲਾਂ ਹੀ ਬਸੀਨ ਦੇ ਸਥਾਨ ਤੇ ਆ ਮਿਲਿਆ। ਇਹ ਮਾਰਚ ਇੱਕ ਅਦੁੱਤੀ ਕਾਰਨਾਮਾ ਸੀ। ਗੱਫ ਦੀ ਸੈਨਾ ਨੇ ਏਡਾ ਲੰਮਾ ਸਫਰ ਸਿਰਫ ਪੰਜ ਦਿਨਾ ਵਿੱਚ ਤਹਿ ਕਰ ਲਿਆ ਸੀ।

17 ਦਸੰਬਰ ਨੂੰ ਹਾਰਡਿੰਗ ਅਤੇ ਗੱਫ ਦੀ ਇਹ ਮਿਲੀ ਜੁਲੀ ਫੌਜ ਚੜਿੱਕ ਪਹੁੰਚ ਗਈ, ਜੋ ਬਸੀਨ ਤੋਂ ਥੋੜੀ ਹੀ ਦੂਰ ਸੀ, ਤਾਂਕਿ ਥੱਕੇ ਹੋਏ ਸ਼ਿਪਾਹੀ ਕੁਝ ਅਰਾਮ ਕਰ ਲੈਣ। 18 ਦਸੰਬਰ ਨੂੰ ਇਹ ਫੌਜ ਮੁਦਕੀ ਪਾਹੁੰਚ ਗਈ। ਇਸ ਸੱਤ ਦਿਨਾ ਦੇ ਸਫਰ ਵਿੱਚ ਜੋ ਮੁਸੀਬਤਾਂ ਪੇਸ਼ ਆਈਆਂ ਉਹਨਾ ਦਾ ਜਿਕਰ ਇਸ ਫੌਜ ਦੇ ਕਈ ਅਫਸਰਾਂ ਨੇ ਆਪਣੀਆਂ ਡਾਇਰੀਆਂ ਵਿੱਚ ਕੀਤਾ। ਉਹਨਾ ਕਿਹਾ ਕਿ ਇਸ ਸਫਰ ਦੁਰਾਨ ਫੌਜ ਨੂੰ ਕਦੀ ਵਾਹੇ ਹੋਏ ਖੇਤਾਂ, ਕਦੀ ਸੰਘਣੀਆਂ ਝਾੜੀਆਂ ਵਾਲੇ ਜੰਗਲਾਂ, ਅਤੇ ਕਈ ਰੇਤਲੇ ਥਲਾਂ ਵਿੱਚੋਂ ਲੰਘਣਾ ਪਿਆ। ਘੱਟਾ ਏਨਾ ਕਿ ਬੰਦੇ ਨੂੰ ਬੰਦਾ ਵਿਖਾਈ ਨਹੀਂ ਦਿੰਦਾ ਸੀ। ਕਈ ਵਾਰ ਫੌਜੀਆਂ ਨੂੰ ਸਾਰਾ ਦਿਨ ਖਾਣਾ ਨਸੀਬ ਨਹੀਂ ਹੁੰਦਾ ਸੀ। ਖਾਣਾ ਖਾਣ ਲਈ ਪੜਾ ਕੀਤਾ ਜਾਂਦਾ ਤਾਂ ਕਈ ਵਾਰ ਇਹ ਪਤਾ ਲੱਗਦਾ ਕਿ ਹਾਲੀ ਪਤੀਲੇ ਨਹੀਂ ਪਾਹੁੰਚੇ ਸਨ, ਇਸ ਲਈ ਖਾਣਾ ਪੱਕ ਹੀ ਨਹੀਂ ਸਕਦਾ ਸੀ। ਭੁੱਖ, ਘੱਟੇ ਅਤੇ ਥਕਾਵਟ ਨਾਲ ਫੌਜੀਆਂ ਦਾ ਬੁਰਾ ਹਾਲ ਸੀ।

# ਮੁਦਕੀ ਦੀ ਜੰਗ

ਮੁਦਕੀ ਵਿੱਚ ਕੋਈ 12000 ਖਾਲਸਾ ਫੌਜ ਸੀ, 2000 ਪੈਦਲ ਸੈਨਾ ਅਤੇ 10000 ਘੋੜ ਸਵਾਰ। ਇਸ ਸੈਨਾ ਦਾ ਮਿਸ਼ਨ ਸੀ ਲੁਧਿਆਣੇ ਅਤੇ ਅੰਬਾਲੇ ਵੱਲੋਂ ਫਿਰੋਜਪੁਰ ਦੀ ਇਮਦਾਦ ਲਈ ਆਉਂਦੀ ਅੰਗਰੇਜੀ ਸੈਨਾ ਨੂੰ ਰੋਕਣਾ। 18 ਦਸੰਬਰ ਨੂੰ ਜਦੋਂ ਅੰਗਰੇਜੀ ਸੈਨਾ ਮੁਦਕੀ ਪਹੁੰਚੀ ਤਾਂ ਲਾਰਡ ਗੱਫ ਨੇ ਵੇਖਿਆ ਕਿ ਉਸਦੇ ਰਸਤੇ ਵਿੱਚ ਇਹ ਸੈਨਾ ਖੜੀ ਹੈ। ਇਸ ਸਿੱਖ ਸੈਨਾ ਦੀ ਕਮਾਨ ਵਜੀਰ ਲਾਲ ਸਿੰਘ ਆਪ ਕਰ ਰਿਹਾ ਸੀ।

ਗੱਫ ਨੇ ਤੁਰੰਤ ਆਪਣੀ ਸੈਨਾ ਨੂੰ ਹਮਲੇ ਲਈ ਕਤਾਰਬੰਦ ਕਰ ਲਿਆ, ਅਤੇ ਖਾਲਸਾ ਫੌਜ ਤੇ ਹਮਲਾ ਕਰ ਦਿੱਤਾ। ਅੰਗਰੇਜੀ ਸੈਨਾ ਦੀ ਅਗਲੀ ਕਤਾਰ ਵਿੱਚ ਤੋਪਾਂ ਅਤੇ ਘੋੜ ਸਵਾਰ ਸਨ। ਇਹਨਾ ਦੀ ਅਗਵਾਈ ਲਾਰਡ ਗੱਫ ਆਪ ਕਰ ਰਿਹਾ ਸੀ। ਤੋਪਖਾਨਾ ਇਸ ਕਤਾਰ ਦੇ ਸੈਂਟਰ ਵਿੱਚ ਸੀ। ਤੋਪਖਾਨੇ ਦੇ ਖੱਬੇ ਪਾਸੇ ਬਰਗੇਡੀਅਰ ਮੈਕਟੀਅਰ ਦੀਆਂ ਦੋ ਘੋੜ ਸਵਾਰ ਰੈਜਮੈਂਟਾਂ ਸਨ। ਤੋਪਖਾਨੇ ਦੇ ਸੱਜੇ ਪਾਸੇ ਬਰਗੇਡੀਅਰ ਗੱਫ ਅਤੇ ਬਰਗੇਡੀਅਰ ਵਾਈਟ ਦੇ ਘੋੜ ਸਵਾਰ ਸਨ। ਇਸ ਪਹਿਲੀ ਕਤਾਰ ਦੇ ਪਿੱਛੇ ਦੂਸਰੀ ਕਤਾਰ ਪੈਦਲ ਸੈਨਾ ਦੀ ਸੀ। ਇਸ ਕਤਾਰ ਵਿੱਚ ਸੱਜੇ ਪਾਸੇ ਬਰਗੇਡੀਅਰ ਵੀਲਰ ਦੀਆਂ ਤਿੰਨ ਰੈਜਮੈਂਟਾਂ ਸਨ, ਜੋ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ। ਵੀਲਰ ਦੇ ਖੱਬੇ ਹੱਥ ਬਰਗੇਡੀਅਰ ਬੋਲਟਨ ਦੀਆਂ ਤਿੰਨ ਰੈਜਮੈਂਟਾਂ ਸਨ। ਇਹਨਾ ਵਿੱਚ ਇੱਕ ਰੈਜਮੈਂਟ ਗੋਰੇ ਫੌਜੀਆਂ ਦੀ ਅਤੇ ਦੋ ਰੈਜਮੈਂਟਾਂ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ। ਬੋਲਟਨ ਦੇ ਖੱਬੇ ਹੱਥ ਬਰਗੇਡੀਅਰ ਗਿਲਬਰਟ ਦੀਆਂ ਤਿੰਨ ਰੈਜਮੈਂਟਾਂ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ। ਸਭ ਤੋਂ ਖੱਬੇ ਬਰਗੇਡੀਅਰ ਵਾਲਸ ਦੀਆਂ ਦੋ ਰੈਜਮੈਂਟਾਂ ਗੋਰੇ ਸ਼ਿਪਾਹੀਆਂ ਦੀਆਂ, ਅਤੇ ਇੱਕ ਰੈਜਮੈਂਟ ਹਿੰਦੋਸਤਾਨੀ ਸ਼ਿਪਾਹੀਆਂ ਦੀ ਸੀ। ਖਾਲਸਾ ਫੌਜ ਆਪਣੇ ਮੋਰਚੇ ਮੱਲ ਕੇ ਇਸ ਹਮਲੇ ਦਾ ਜਵਾਬ ਦੇਣ ਲਈ ਖੜੀ ਸੀ। 800 ਗੱਜ ਦੀ ਦੂਰੀ ਤੇ ਪਹੁੰਚ ਕੇ ਲਾਰਡ ਗੱਫ ਨੇ ਤੋਪਾਂ ਨੂੰ ਗੋਲੇ ਦਾਗਣ ਦਾ ਹੁਕਮ ਦਿੱਤਾ। ਤੋਪਾਂ ਅੱਗ ਵਰਾਉਣ ਲੱਗੀਆਂ। ਅੱਗੋਂ ਖਾਲਸਾ ਤੋਪਾਂ ਨੇ ਵੀ ਗੋਲਿਆਂ ਦਾ ਜਵਾਬ ਗੋਲਿਆਂ ਨਾਲ ਦਿੱਤਾ। ਵਜੀਰ ਲਾਲ ਸਿੰਘ ਹਮਲਾ ਸ਼ੁਰੂ ਹੁੰਦੇ ਹੀ ਭੱਜਕੇ ਫੇਰੂ ਸ਼ਹਿਰ ਜਾ ਵੜਿਆ।




ਮੁਦਕੀ 18 ਦਸੰਬਰ 1845

ਅੰਗਰੇਜੀ ਤੋਪਖਾਨਾ ਹੋਰ ਅੱਗੇ ਵਧਿਆ। ਹੁਣ ਲਾਰਡ ਗੱਫ ਨੇ ਆਪਣੇ ਘੋੜ ਸਵਾਰਾਂ ਨੂੰ ਖਾਲਸੇ ਦੀਆਂ ਸੱਜੀਆਂ ਅਤੇ ਖੱਬੀਆਂ ਵੱਖੀਆਂ ਤੇ ਹਮਲਾ ਕਰਨ ਦਾ ਹੁਕਮ ਦਿੱਤਾ। ਬਰਗੇਡੀਅਰ ਗੱਫ ਅਤੇ ਵਾਈਟ ਨੇ ਆਪਣੇ ਘੋੜ ਸਵਾਰਾਂ ਨਾਲ ਖਾਲਸੇ ਦੀ ਸੱਜੀ ਅਤੇ ਮੈਕਟੀਅਰ ਨੇ ਖੱਬੀ ਵੱਖੀ ਤੇ ਹਮਲਾ ਕਰ ਦਿੱਤਾ। ਇਹ ਹਮਲੇ ਏਨੇ ਤੇਜ ਸਨ ਕਿ ਘੋੜ ਸਵਾਰ ਸਿੱਖ ਫੌਜ ਦੇ ਪਿੱਛਲੇ ਪਾਸੇ ਤੱਕ ਜਾ ਪਹੁੰਚੇ। ਸਿੱਖ ਫੌਜ ਵਿੱਚ ਖਲਬਲੀ ਮੱਚ ਗਈ, ਸੈਨਾਪਤੀ ਤਾਂ ਪਹਿਲਾਂ ਹੀ ਫਰਾਰ ਹੋ ਚੁੱਕਾ ਸੀ। ਸਰਦਾਰਾਂ ਨੇ ਜਿਨ੍ਹਾ ਹੋ ਸਕਿਆ ਫੌਜ ਦਾ ਉਤਸ਼ਾਹ ਵਧਾਇਆ। ਸਿੱਖ ਬਹੁਤ ਬਹਾਦਰੀ ਨਾਲ ਲੜੇ। ਖੂਬ ਹੱਥੋ ਹੱਥ ਦੀ ਲੜਾਈ ਹੋਈ। ਤੋਪਖਾਨੇ ਨੂੰ ਪਿਛੇ ਛੱਡ ਕੇ ਅੰਗਰੇਜੀ ਪੈਦਲ ਸੈਨਾ ਨੇ ਖਾਲਸੇ ਦੇ ਮੋਰਚਿਆਂ ਤੇ ਹੱਲਾ ਬੋਲ ਦਿੱਤਾ। ਸਿੱਖ ਪੂਰੇ ਦਿਲੋ ਜਾਨ ਨਾਲ ਲੜੇ। ਤੋਪਚੀ ਆਪਣੀਆਂ ਤੋਪਾਂ ਨੂੰ ਬਚਾਉਂਦੇ ਹੋਏ ਲੜ ਮਰੇ। ਸਿੱਖ ਪੈਦਲ ਫੌਜੀ ਵੀ ਬੜੀ ਬਹਾਦਰੀ ਨਾਲ ਲੜੇ। ਪਰ ਸਿੱਖ ਘੋੜ ਸਵਾਰਾਂ ਦੀ ਕਾਰਗੁਜਾਰੀ ਇਸ ਜੰਗ ਵਿੱਚ ਕੋਈ ਬਹੁਤ ਚੰਗੀ ਨਹੀਂ ਸੀ। ਨਾ ਹੀ ਫੌਜੀ ਟੁਕੜੀਆਂ ਵਿੱਚ ਤਾਲ ਮੇਲ ਰੱਖਣ ਵਾਲਾ ਕੋਈ ਮੁੱਖ ਸੈਨਾਪਤੀ ਹੀ ਸੀ। ਇਸ ਸੈਨਾ ਦਾ ਮੁੱਖੀ ਤਾਂ ਜੰਗ ਸ਼ੁਰੂ ਹੁੰਦੇ ਹੀ ਲੜਾਈ ਦੇ ਮੈਦਾਨ ਵਿੱਚੋਂ ਭੱਜ ਗਿਆ ਹੋਇਆ ਸੀ। ਅਖੀਰ ਸਿੱਖ ਸੈਨਾ ਦੇ ਪੈਰ ਉੱਖੜ ਗਏ, ਅਤੇ ਸੈਨਿਕ ਭੱਜ ਕੇ ਫੇਰੂ ਸ਼ਹਿਰ ਵੱਲ ਜਾਣ ਲੱਗ ਪਏ।

ਇਸ ਜੰਗ ਵਿੱਚ ਅੰਗਰੇਜਾਂ ਨੇ ਪਹਿਲੀ ਵਾਰ ਖਾਲਸੇ ਦਾ ਲੋਹਾ ਚੱਖਿਆ, ਅਤੇ ਉਹਨਾ ਨੂੰ ਪਤਾ ਲੱਗਾ ਕਿ ਖਾਲਸੇ ਨਾਲ ਲੜਨਾ ਕਿਨ੍ਹਾ ਮਹਿੰਗਾ ਪੈਣ ਵਾਲਾ ਸੀ। ਖਾਲਸੇ ਨੂੰ ਵੀ ਪਤਾ ਲੱਗ ਗਿਆ ਕਿ ਅੰਗਰੇਜ ਕਿਸ ਮਿੱਟੀ ਦੇ ਬਣੇ ਹੋਏ ਸਨ। ਸਿੱਖ ਫੌਜ ਦਾ ਇਸ ਜੰਗ ਵਿੱਚ ਭਾਰੀ ਨੁਕਸਾਨ ਹੋਇਆ। ਸਿੱਖ ਜਰਨੈਲ ਜੇਮਲ ਸਿੰਘ ਅਕਾਲੀ ਇਸ ਜੰਗ ਸ਼ਹੀਦ ਹੋਇਆ। ਅੰਗਰੇਜਾਂ ਦਾ ਵੀ ਕਾਫੀ ਜਾਨੀ ਨੁਕਸਾਨ ਹੋਇਆ। ਉਹਨਾ ਦੇ ਕਈ ਸੀਨੀਅਰ ਅਫਸਰ ਇਸ ਜੰਗ ਵਿੱਚ ਮਾਰੇ ਗਏ। ਕੁਆਟਰ ਮਾਸਟਰ ਜਨਰਲ ਰੋਬਰਟ ਸੇਲ ਦੇ ਪੱਟ ਉੱਤੇ ਗੋਲਾ ਵੱਜਾ, ਜਿਸ ਨਾਲ ਉਹ ਬਾਅਦ ਵਿੱਚ ਮਰ ਗਿਆ। ਬਰਗੇਡੀਅਰ ਮੈਕਾਸਕਿਲ ਛਾਤੀ ਵਿੱਚ ਗੋਲੀ ਖਾ ਕੇ ਮਰਿਆ। ਬਰਗੇਡੀਅਰ ਬੋਲਟਨ ਵੀ ਮਾਰਿਆ ਗਿਆ। ਬਰਗੇਡੀਅਰ ਮੈਕਟੀਅਰ ਅਤੇ ਵੀਲਰ ਗੰਭੀਰ ਰੂਪ ਵਿੱਚ ਜਖਮੀ ਹੋਏ। ਲੈਫਟੀਨੈਂਟ ਕਰਨਲ ਬੋਰਨ ਵੀ ਜਖਮੀ ਹੋ ਗਿਆ। ਕਈ ਮੇਜਰ, ਕੈਪਟਨ ਅਤੇ ਲੈਫਟੀਨੈਂਟ ਵੀ ਮਾਰੇ ਗਏ ਜਾਂ ਜਖਮੀ ਹੋ ਗਏ। 13 ਗੋਰੇ ਅਫਸਰ, ਦੋ ਹਿੰਦੋਸਤਾਨੀ ਅਫਸਰ, ਅਤੇ 200 ਸੈਨਿਕ ਮਾਰੇ ਗਏ। ਸਿੱਖ ਫੌਜ ਦਾ ਇਸ ਤੋਂ ਕਿਤੇ ਵਧੇਰੇ ਨੁਕਸਾਨ ਹੋਇਆ। 17 ਸਿੱਖ ਤੋਪਾਂ ਅੰਗਰੇਜਾਂ ਦੇ ਹੱਥ ਲੱਗੀਆਂ। ਇਸ ਜੰਗ ਤੋਂ ਬਾਅਦ ਕਈ ਕਮਜ਼ੋਰ ਦਿਲ ਵਾਲੇ ਸੈਨਿਕ ਅਤੇ ਘੋੜ-ਚੜੇ ਘਰਾਂ ਨੂੰ ਭੱਜ ਗਏ। ਸ਼ਾਹ ਮੁਹੰਮਦ ਵੀ ਇਹਨਾ ਡਰਪੋਕਾਂ ਤੇ ਵਿਅੰਗ ਕਰਨੇ ਨਾ ਰਹਿ ਸੱਕਿਆ:

ਸ਼ਾਹ ਮੁਹੰਮਦਾ ਪਿੰਡ ਨੂੰ ਉੱਨ ਨੱਠੇ, ਤੋਪਾਂ ਸਭ ਆਏ ਉਥੇ ਛੱਡ ਮੀਆਂ।

ਇਹਨਾ ਜੰਗਾਂ ਦੁਰਾਨ ਕਈ ਅੰਗਰੇਜਾਂ ਨੇ ਇਹ ਸ਼ਕਾਇਤ ਕੀਤੀ ਕਿ ਸਿੱਖ ਕਈ ਵਾਰ ਉਹਨਾ ਦੇ ਜਖਮੀਆਂ ਨੂੰ ਕਤਲ ਕਰ ਦਿੰਦੇ ਸਨ। ਹੋ ਸਕਦਾ ਹੈ ਅਜਿਹੀਆਂ ਕੁਝ ਘਟਨਾਵਾਂ ਵਾਪਰੀਆਂ ਹੋਣ, ਪਰ ਸਿੱਖ ਸਰਦਾਰਾਂ ਦੀ ਫਿਰਾਖ ਦਿਲੀ ਦੀ ਇੱਕ ਮਿਸਾਲ ਇੱਕ ਅੰਗਰੇਜ ਅਫਸਰ ਨੇ ਖੁਦ ਦਿੱਤੀ ਹੈ: ਇੱਕ ਅੰਗਰੇਜ ਅਫਸਰ, ਲੈਫਟੀਨੈਂਟ ਬਿਡੱਲਫ ਦਰਿਆ ਪਾਰ ਕਰਦਾ ਹੋਇਆ ਸਿੱਖ ਸੈਨਿਕਾਂ ਦੇ ਕਾਬੂ ਆ ਗਿਆ। ਸੈਨਿਕਾਂ ਨੇ ਉਸਨੂੰ ਆਪਣੇ ਸਰਦਾਰ ਸਾਹਮਣੇ ਪੇਸ਼ ਕੀਤਾ ਤਾਂ ਉਸਨੇ ਕਿਹਾ ਕਿ ਉਹ ਛੁੱਟੀ ਕੱਟਕੇ ਵਾਪਸ ਆਪਣੀ ਰੈਜਮੈਂਟ ਵਿੱਚ ਜਾ ਰਿਹਾ ਸੀ। ਸਰਦਾਰ ਨੇ ਨਾਂ ਸਿਰਫ ਉਸਨੂੰ ਰਿਹਾ ਹੀ ਕੀਤਾ, ਸਗੋਂ ਉਸ ਨਾਲ ਆਪਣੇ ਭਰਾ ਨੂੰ ਭੇਜਿਆ ਕਿ ਉਸਨੂੰ ਸੁਰੱਖਿਅਤ ਫਿਰੋਜਪੁਰ ਪਹੁੰਚਾ ਕੇ ਆਵੇ। ਇਸ ਅਫਸਰ ਨੂੰ ਲਾਰਡ ਗੱਫ ਨੇ ਫੇਰੂ ਸ਼ਹਿਰ ਦੇ ਜੰਗ ਵਿੱਚ ਲੜਨ ਦੀ ਇਜਾਜਤ ਨਾ ਦਿੱਤੀ ਕਿਉਂਕਿ ਉਸਤੇ ਦੁਸ਼ਮਣ ਦਾ ਇਹਸਾਨ ਸੀ।

ਮੁਦਕੀ ਦੀ ਜੰਗ ਵਿੱਚੋਂ ਜੋ ਸਿੱਖ ਸੈਨਿਕ ਬਚ ਗਏ ਉਹਨਾ ਵਿੱਚੋਂ ਕਈ ਤਾਂ ਆਪਣੇ ਘਰਾਂ ਨੂੰ ਚਲੇ ਗਏ, ਅਤੇ ਬਾਕੀ ਫੇਰੂ ਸਹਿਰ ਆਪਣੀ ਸੈਨਾ ਵਿੱਚ ਵਾਪਸ ਚਲੇ ਗਏ। ਲਾਰਡ ਗੱਫ ਨੇ ਫਿਰੋਜਪੁਰ ਜਨਰਲ ਲਿਟਲਰ ਨੂੰ ਹੁਕਮ ਭੇਜਿਆ ਕਿ ਉਹ ਤੇਜ ਸਿੰਘ ਨੂੰ ਚਕਮਾ ਦੇ ਕੇ ਆਪਣੀ ਡਵੀਜਨ ਲੈ ਕੇ ਉਸ ਨਾਲ ਮਿਲ ਜਾਵੇ। ਤੇਜ ਸਿੰਘ ਨੇ ਆਪਣੀ ਲਾਹਪਰਵਾਹੀ ਜਾਂ ਗੱਦਾਰੀ ਕਾਰਨ ਇਸ ਫੌਜ ਨੂੰ ਆਪਣੇ ਘੇਰੇ ਵਿੱਚੋਂ ਨਿਕਲ ਜਾਣ ਦਿੱਤਾ। ਗੱਫ ਆਪਣੀ ਫੌਜ ਨੂੰ ਲੈ ਕੇ ਮੁਦਕੀ ਤੋਂ ਫੇਰੂ ਸ਼ਹਿਰ ਲਈ ਰਵਾਨਾ ਹੋ ਗਿਆ, ਅਤੇ ਲਿਟਲਰ ਫਿਰੋਜਪੁਰ ਤੋਂ ਆਪਣੀ ਡਵੀਜਨ ਲੈ ਕੇ 21 ਦਸੰਬਰ ਬਾਅਦ ਦੁਪਹਿਰ ਗੱਫ ਕੋਲ ਪਹੁੰਚ ਗਿਆ।


# ਫੇਰੂ ਸ਼ਹਿਰ ਦੀ ਜੰਗ ਤੋਂ ਪਹਿਲਾਂ

18 ਦਸੰਬਰ ਦੀ ਮੁਦਕੀ ਦੀ ਜੰਗ ਤੋਂ ਬਾਅਦ ਗੱਫ ਦੀ ਫੌਜ ਨੇ 19 ਦਸੰਬਰ ਨੂੰ ਮੁਦਕੀ ਵਿੱਚ ਹੀ ਅਰਾਮ ਕੀਤਾ। ਮਰੇ ਹੋਏ ਅਫਸਰਾਂ ਅਤੇ ਸੈਨਿਕਾਂ ਦਾ ਸਸਕਾਰ ਕੀਤਾ ਗਿਆ, ਅਤੇ ਜਖਮੀਆਂ ਦੀ ਮਲਮਪੱਟੀ ਹੋਈ। ਗੱਫ ਦੇ ਹੁਕਮ ਅਨੁਸਾਰ ਕਸੌਲੀ ਅਤੇ ਸੁਬਾਥੂ ਦੀਆਂ ਰੈਜਮੈਂਟਾਂ ਵੀ ਫਿਰੋਜਪੁਰ ਲਈ ਰਵਾਨਾ ਹੋ ਚੁਕੀਆਂ ਸਨ। ਇਹ ਦੋਵੇਂ ਰੈਜਮੈਂਟਾਂ ਗੋਰੇ ਸੈਨਿਕਾਂ ਦੀਆਂ ਸਨ। ਅੰਗਰੇਜਾਂ ਦਾ ਟਰਾਂਸਪੋਰਟ ਅਤੇ ਸਪਲਾਈ ਮਹਿਕਮਾ ਬੜਾ ਵਧੀਆ ਸੀ। ਇਹਨਾ ਰੈਜਮੈਂਟਾਂ ਨੂੰ ਜਲਦੀ ਤੋਂ ਜਲਦੀ ਫਿਰੋਜਪੁਰ ਪਹੁੰਚਣ ਲਈ ਹਰ ਸਹੂਲਤ ਮੁਹੱਈਆ ਕਰਵਾਈ ਗਈ। ਇਹ ਰੈਜਮੈਂਟਾਂ ਮਾਰੋ ਮਾਰ ਕਰਦੀਆਂ ਹੋਈਆਂ 18 ਦਸੰਬਰ ਦੀ ਸ਼ਾਮ ਨੂੰ ਮੁਦਕੀ ਦੇ ਨਜਦੀਕ ਪਹੁੰਚ ਗਈਆਂ। 9 ਦਿਨਾ ਵਿੱਚ ਇਹਨਾ ਨੇ 200 ਮੀਲ ਦਾ ਸਫਰ ਤਹਿ ਕੀਤਾ ਸੀ। ਮੁਦਕੀ ਦੇ ਨਜਦੀਕ ਪਹੁੰਚ ਕੇ ਇਹਨਾ ਨੇ ਤੋਪਾਂ ਚੱਲਣ ਦੀ ਅਵਾਜ ਸੁਣੀ, ਅਤੇ ਇਹਨਾ ਦੇ ਅਫਸਰਾਂ ਨੇ ਜੰਗ ਵਿੱਚ ਸ਼ਾਮਲ ਹੋਣ ਲਈ ਆਪਣੀ ਚਾਲ ਤੇਜ ਕਰ ਲਈ, ਪਰ ਇਹਨਾ ਦੇ ਪਹੁੰਚਣ ਤੱਕ ਲੜਾਈ ਖਤਮ ਹੋ ਗਈ।

19 ਦਸੰਬਰ ਸਵੇਰੇ ਹੀ ਇਹ ਦੋਵੇਂ ਰੈਜਮੈਂਟਾਂ ਲਾਰਡ ਗੱਫ ਕੋਲ ਮੁਦਕੀ ਪਹੁੰਚ ਗਈਆਂ। ਹੋਰ ਕਈ ਦਿਨਾ ਤੱਕ ਗੱਫ ਨੂੰ ਹੋਰ ਫੌਜ ਆਉਣ ਦੀ ਕੋਈ ਉਮੀਦ ਨਹੀ ਸੀ, ਇਸ ਲਈ ਹੁਣ ਉਸਨੇ ਖਾਲਸੇ ਤੇ ਫਿਰ ਹਮਲਾ ਕਰਨ ਦੀ ਤਿਆਰੀ ਕਰ ਲਈ। ਹਰ ਇੱਕ ਸਿਪਾਹੀ ਨੂੰ 60 ਗੋਲੀਆਂ ਦਿੱਤੀਆਂ ਗਈਆਂ-ਉਸ ਸਮੇ ਦੀਆਂ ਗੋਲੀਆਂ ਸੱਚਮੁੱਚ ਹੀ ਗੋਲ ਹੁੰਦੀਆਂ ਸਨ। ਇੱਕ ਗੋਲੀ ਚਲਾਉਣ ਤੋਂ ਬਾਅਦ ਚੈਂਬਰ ਵਿੱਚ ਫਿਰ ਗੋਲੀ ਅਤੇ ਬਰੂਦ ਭਰਨਾ ਪੈਂਦਾ ਸੀ। ਇੱਕ ਅਨੁਭਵੀ ਸੈਨਿਕ ਇੱਕ ਮਿੰਟ ਵਿੱਚ 3-4 ਗੋਲੀਆਂ ਚਲਾ ਸਕਦਾ ਸੀ।

ਹਰ ਇੱਕ ਸੈਨਿਕ ਨੂੰ ਦੋ ਦਿਨ ਦਾ ਸੁੱਕਾ ਰਾਸ਼ਨ ਆਪਣੀ ਪਿੱਠ ਪਿੱਛੇ ਲਟਕਾਏ ਹੋਏ ਪਿੱਠੂ ਵਿੱਚ ਲਿਜਾਉਣ ਦਾ ਹੁਕਮ ਹੋਇਆ। ਇੱਕ ਪਾਣੀ ਦੀ ਬੋਤਲ ਵੀ ਲੱਕ ਵਾਲੀ ਬੈੱਲਟ ਨਾਲ ਲਟਕਾਈ ਜਾਂਦੀ ਸੀ। ਅੰਗਰੇਜੀ ਸੈਨਿਕਾਂ ਦੀਆਂ ਪੈਂਟਾਂ ਗਹਿਰੇ ਨੀਲੇ ਰੰਗ ਦੀਆਂ ਅਤੇ ਜੈਕਟਾਂ ਲਾਲ ਰੰਗ ਦੀਆਂ ਸਨ। ਸਿਰ ਦੇ ਉੱਪਰੋਂ ਪਿੱਛੇ ਵੱਲ ਧੌਣ ਤੇ ਇੱਕ ਕਪੜਾ ਲਟਕਿਆ ਹੁੰਦਾ ਸੀ, ਅਤੇ ਸਿਰ ਤੇ ਟੋਪ ਹੁੰਦਾ ਸੀ। ਪੈਰੀਂ ਭਾਰੇ ਬੂਟ।

ਲਾਰਡ ਗੱਫ ਦੇ ਹੁਕਮ ਅਨੁਸਾਰ ਮੁਦਕੀ ਵਾਲੇ ਸਿਪਾਹੀਆਂ ਨੂੰ 20 ਦਸੰਬਰ ਦੀ ਰਾਤ ਨੂੰ 2




ਮੁਦਕੀ-18 ਦਸੰਬਰ/ਫੇਰੂ ਸ਼ਹਿਰ-21 ਦਸੰਬਰ 1845

ਵਜੇ ਉਠਾਇਆ ਗਿਆ। ਤਿੰਨ ਵਜੇ ਤੱਕ ਤੰਬੂ ਵਗੈਰਾ ਲਾਹ ਕੇ ਊਠਾਂ ਤੇ ਲੱਧ ਦਿੱਤੇ ਗਏ, ਤੋਪਾਂ ਮੂਹਰੇ ਘੋੜੇ ਜੋਅ ਦਿੱਤੇ ਗਏ, ਅਤੇ ਤੜਕੇ ਚਾਰ ਵਜੇ ਇਹ ਫੌਜ ਫੇਰੂ ਸ਼ਹਿਰ ਲਈ ਰਵਾਨਾ ਹੋ ਗਈ, ਜੋ ਇਥੋਂ ਕੋਈ 10 ਮੀਲ ਦੂਰ ਸੀ। ਮੁਦਕੀ ਦੀ ਇਹ ਫੌਜ ਤਿੰਨ ਡਵੀਜਨਾ ਵਿੱਚ ਵੰਡੀ ਹੋਈ ਸੀ, ਜਿਨ੍ਹਾ ਦੀ ਕਮਾਨ ਇਹ ਜਰਨੈਲ ਕਰ ਰਹੇ ਸਨ: ਮੇਜਰ ਜਨਰਲ ਸਰ ਹੈਰੀ ਸਮਿੱਥ, ਮੇਜਰ ਜਨਰਲ ਵਾਲਟਰ ਹੇਲੇ ਗਿਲਬਰਟ ਅਤੇ ਬਰਗੇਡੀਅਰ ਜਨਰਲ ਵਾਲਸ।

ਦਿਨ ਦੇ ਸਾਢੇ ਦਸ ਵਜੇ ਇਸ ਫੌਜ ਦੀਆਂ ਅਗਲੀਆਂ ਟੁਕੜੀਆਂ ਨੂੰ ਸਿੱਖ ਮੋਰਚੇ ਨਜਰ ਆਉਣੇ ਸ਼ੁਰੂ ਹੋ ਗਏ ਸਨ, ਪਰ ਮੇਜਰ ਜਨਰਲ ਲਿਟਲਰ ਦੀ ਡਵੀਜਨ ਕਿਤੇ ਨਜ਼ਰ ਨਹੀਂ ਆ ਰਹੀ ਸੀ। ਜਸੂਸਾਂ ਨੇ ਖਬਰ ਦਿੱਤੀ ਕਿ ਇਹ ਫੌਜ ਜਿਆਦਾ ਦੂਰ ਨਹੀਂ ਸੀ, ਅਤੇ 2-3 ਘੰਟੇ ਵਿੱਚ ਫੇਰੂ ਸ਼ਹਿਰ ਪਹੁੰਚ ਜਾਏਗੀ।

ਭਾਰਤ ਦਾ ਗਵੱਰਨਰ ਜਨਰਲ ਲਾਰਡ ਹੈਨਰੀ ਹਾਰਡਿੰਗ ਵੀ ਇਸ ਫੌਜ ਦੇ ਨਾਲ ਸੀ। ਉਹ ਖੁਦ ਇੱਕ ਅਨੁਭਵੀ ਜਰਨੈਲ ਸੀ, ਨਪੋਲੀਅਨ ਨਾਲ ਹੋਈਆਂ ਜੰਗਾਂ ਵਿੱਚ ਲੜ ਚੁੱਕਿਆ ਸੀ। ਉਹ ਕਈ ਸਾਲ ਪਹਿਲਾਂ ਫੌਜ ਵਿੱਚੋਂ ਰਟਾਇਰ ਹੋ ਚੁੱਕਾ ਸੀ, ਪਰ ਅੱਜ ਉਸਨੇ ਆਪਣੇ ਕਮਾਂਡਰ-ਇਨ-ਚੀਫ ਦੇ ਅਧੀਨ ਰਹਿ ਕੇ ਜੰਗ ਵਿੱਚ ਲੜਨ ਦੀ ਪੇਸ਼ਕਸ਼ ਕੀਤੀ। ਲਾਰਡ ਗੱਫ ਨੇ ਖੁਸ਼ੀ ਨਾਲ ਉਸਦੀ ਇਹ ਪੇਸ਼ਕਸ਼ ਸਵੀਕਾਰ ਕਰ ਲਈ ਅਤੇ ਉਸਨੂੰ ਨਾਇਬ ਸੈਨਾਪਤੀ ਥਾਪ ਦਿੱਤਾ।

ਮਿਸਰੀਵਾਲਾ ਪਿੰਡ ਕੋਲ ਪਹੁੰਚ ਕੇ ਲਾਰਡ ਗੱਫ ਨੇ ਆਪਣੀ ਫੌਜ ਨੂੰ ਰੁਕਣ ਦਾ ਹੁਕਮ ਦਿੱਤਾ, ਤਾਂਕਿ ਸੈਨਿਕ ਨਾਸਤਾ ਕਰ ਸਕਣ। ਆਪ ਘੋੜੇ ਤੇ ਸਵਾਰ ਹੋ ਕੇ ਜੰਗੀ ਲਾਟ ਅੱਗੇ ਗਿਆ ਤਾਂਕਿ ਸਿੱਖ ਮੋਰਚਿਆਂ ਦਾ ਜਾਇਜਾ ਲੈ ਸਕੇ। ਉਸ ਵੇਖਿਆ ਕਿ ਸਿੱਖ ਫੌਜ ਪਾਸ ਦੇ ਫੇਰੂ ਸ਼ਹਿਰ ਪਿੰਡ ਕੋਲ ਮੋਰਚੇ ਮੱਲ ਕੇ ਖੜੀ ਹੈ। ਇਹ ਮੋਰਚੇ ਘੋੜੇ ਦੀ ਖੁਰੀ ਦੇ ਅਕਾਰ ਵਿੱਚ ਸਨ। ਇਸ ਖੁਰੀ ਦਾ ਬੰਦ ਸਿਰਾ ਅੰਗਰੇਜੀ ਫੌਜ ਦੇ ਸਾਹਮਣੇ ਦੱਖਣ ਵੱਲ ਸੀ। ਇਸੇ ਦਿਸ਼ਾ ਵੱਲੋਂ ਹੀ ਅੰਗਰੇਜੀ ਫੌਜ ਨੇ ਹਮਲਾ ਕਰਨਾ ਸੀ। ਸਭ ਤੋਂ ਮੂਹਰੇ ਸਿੱਖ ਤੋਪਾਂ ਸਨ। ਤੋਪਾਂ ਦੇ ਵਿੱਚਲੇ ਥਾਵਾਂ ਤੇ ਅਤੇ ਉਹਨਾ ਦੇ ਪਿੱਛੇ ਸਿੱਖ ਪੈਦਲ ਫੌਜ ਤੈਨਾਤ ਸੀ। ਤੋਪਾਂ ਅਤੇ ਪੈਦਲ ਸੈਨਾ ਤੋਂ ਕੁਝ ਹੀ ਦੂਰੀ ਤੇ ਘੋੜ ਸਵਾਰ ਸਨ। ਤੋਪਾਂ ਦੇ ਸਾਹਮਣੇ ਮੋਰਚੇ ਪੁੱਟੇ ਹੋਏ ਸਨ। ਇਹ ਹਮਲਾਵਰ ਸੈਨਾ ਲਈ ਰੁਕਾਵਟ ਤਾਂ ਜਰੂਰ ਸਨ, ਪਰ ਇਹਨਾ ਦੀ ਵਜ੍ਹਾ ਨਾਲ ਸਿੱਖ ਤੋਪਾਂ ਲੋੜ ਪੈਣ ਤੇ ਅੱਗੇ ਨਹੀਂ ਜਾ ਸਕਦੀਆਂ ਸਨ। ਆਪਣੀ ਮਜੂਦਾ ਜਗ੍ਹਾ ਤੇ ਰਹਿ ਕੇ ਹੀ ਫਾਇਰ ਕਰ ਸਕਦੀਆਂ ਸਨ।

ਇਹ ਸਿੱਖ ਫੌਜ ਗਿਣਤੀ ਵਿੱਚ ਕੋਈ 25000-30000 ਹਜਾਰ ਸੀ। ਇਸ ਫੌਜ ਦਾ ਕਮਾਂਡਰ ਵਜੀਰ ਲਾਲ ਸਿੰਘ ਸੀ, ਜੋ ਮੁਦਕੀ ਦੀ ਜੰਗ ਸਮੇ ਭੱਜ ਕੇ ਇਥੇ ਫੇਰੂ ਸ਼ਹਿਰ ਆ ਗਿਆ ਸੀ। ਸੈਨਾਪਤੀ ਤੇਜ ਸਿੰਘ ਫਿਰੋਜਪੁਰ ਅੰਗਰੇਜਾਂ ਦੇ ਖਾਲੀ ਮੋਰਚਿਆਂ ਨੂੰ ਘੇਰਾ ਪਾਈ ਬੈਠਾ ਸੀ। ਅੰਗਰੇਜ ਫੌਜ ਦੀ ਗਿਣਤੀ 20000-25000 ਸੀ, ਅਤੇ ਇਸ ਦੀ ਕਮਾਨ ਕਈ ਅਨੁਭਵੀ ਜਰਨੈਲਾਂ ਦੇ ਹੱਥ ਸੀ।

ਲਾਰਡ ਗੱਫ ਨੇ ਵੇਖਿਆ ਕਿ ਦਿਨ ਦੇ ਗਿਆਰਾਂ ਵੱਜ ਚੁਕੇ ਹਨ, ਅਤੇ ਲਿਟਲਰ ਦੀ ਫੌਜ ਪਹੁੰਚਣ ਲਈ ਸਮਾ ਲੱਗਣਾ ਹੈ। 21 ਦਸੰਬਰ ਦਾ ਦਿਨ ਸਾਲ ਦਾ ਸਭ ਤੋਂ ਛੋਟਾ ਦਿਨ ਹੁੰਦਾ ਹੈ। ਜੇ ਲਿਟਲਰ ਦੀ ਫੌਜ ਉਡੀਕੀ ਜਾਵੇ ਤਾਂ ਹਮਲਾ ਸ਼ੁਰੂ ਕਰਨ ਵਿੱਚ ਕਾਫੀ ਸਮਾ ਲੱਗ ਸਕਦਾ ਸੀ, ਕਿਉਂਕਿ ਫੌਜ ਨੂੰ ਹਮਲੇ ਲਈ ਕਤਾਰਬੰਦ ਕਰਨ ਲਈ ਵੀ 2-3 ਘੰਟੇ ਲੱਗ ਜਾਣੇ ਸਨ- ਫੌਜ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਲਈ ਜਦੋਂ ਮਾਰਚ ਕਰਦੀ ਹੈ ਤਾਂ ਫੌਜੀ ਟੁਕੜੀਆਂ ਇੱਕ ਦੂਸਰੀ ਦੇ ਪਿੱਛੇ ਚਲਦੀਆਂ ਹਨ, ਪਰ ਜੰਗ ਸਮੇ ਹਮਲਾ ਕਰਨ ਲਈ ਸਾਰੀ ਫੌਜ ਕਤਾਰਾਂ ਬੰਨ ਕੇ ਦੁਸ਼ਮਣ ਵੱਲ ਵਧਦੀ ਹੈ। ਇਹਨਾ ਕਤਾਰਾਂ ਵਿੱਚ ਫੌਜੀ ਇੱਕ ਦੂਸਰੇ ਦੇ ਪਿੱਛੇ ਨਹੀਂ ਸਗੋਂ ਇੱਕ ਦੂਸਰੇ ਦੇ ਸੱਜੇ ਖੱਬੇ ਹੁੰਦੇ ਹਨ। ਸੋਚ ਵਿਚਾਰ ਕੇ ਲਾਰਡ ਗੱਫ ਨੇ ਇਹ ਫੈਸਲਾ ਕੀਤਾ ਕਿ ਹਮਲਾ ਫੌਰਨ ਕੀਤਾ ਜਾਵੇ। ਲਿਟਲਰ ਦੀ ਫੌਜ

ਮੈਦਾਨ ਵਿੱਚ ਪਾਹੁੰਚਣ ਤੇ ਇਸ ਲੜਾਈ ਵਿੱਚ ਸ਼ਾਮਲ ਹੋ ਸਕਦੀ ਸੀ। ਆਪਣੇ ਇਸ ਫੈਸਲੇ ਦੀ ਸੂਚਨਾ ਲਾਰਡ ਗੱਫ ਨੇ ਗਵੱਰਨਰ ਜਨਰਲ ਨੂੰ ਵੀ ਦਿੱਤੀ। ਹੈਨਰੀ ਹਾਰਡਿੰਗ ਨੇ ਆਪਣੇ ਕਮਾਂਡਰ-ਇਨ-ਚੀਫ ਦੇ ਅਧੀਨ ਜੰਗ ਕਰਨਾ ਸਵੀਕਾਰ ਤਾਂ ਕਰ ਲਿਆ ਸੀ, ਪਰ ਹੁਣ ਉਸਨੇ ਲਾਰਡ ਗੱਫ ਦੇ ਇਸ ਅਹਿਮ ਫੈਸਲੇ ਨੂੰ ਰੱਦ ਕਰ ਦਿੱਤਾ। ਉਸ ਕਿਹਾ ਕਿ ਹਮਲਾ ਲਿਟਲਰ ਦੇ ਪਹੁੰਚਣ ਤੇ ਹੀ ਕੀਤਾ ਜਾਵੇ। ਗੱਫ ਕੋਲ ਆਪਣੇ ਗਵੱਰਨਰ ਜਨਰਲ ਦਾ ਇਹ ਫੈਸਲਾ ਮੰਨ ਲੈਣ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਹੀਂ ਸੀ।

ਪਰ ਟੁੰਡੇ ਲਾਟ ਦੇ ਇਸ ਫੈਸਲੇ ਦੇ ਉਸਦੀ ਸੈਨਾ ਲਈ ਬੜੇ ਗੰਭੀਰ ਸਿੱਟੇ ਨਿਕਲਣੇ ਸਨ, ਕਿਉਂਕਿ ਲਿਟਲਰ ਦੇ ਪਹੁੰਚਣ ਵਿੱਚ ਦੋ ਘੰਟੇ ਹੋਰ ਲੱਗ ਗਏ, ਅਤੇ ਹਮਲਾ ਸ਼ਾਮ ਦੇ ਚਾਰ ਵਜੇ ਆਰੰਭ ਹੋਇਆ, ਜਦੋਂ ਸਿਰਫ ਡੇਢ ਘੰਟਾ ਦਿਨ ਹੀ ਬਾਕੀ ਰਹਿ ਗਿਆ ਸੀ। ਰਾਤ ਦੇ ਹਨੇਰੇ ਵਿੱਚ ਅੰਗਰੇਜ਼ਾਂ ਨੂੰ ਜੋ ਮੁਸੀਬਤਾਂ ਝਲਣੀਆਂ ਪਈਆਂ ਉਹ ਗਵੱਰਨਰ ਜਨਰਲ ਦੇ ਇਸ ਫੈਸਲੇ ਦਾ ਹੀ ਨਤੀਜਾ ਸਨ।

ਕਿਹਾ ਗਿਆ ਕਿ ਟੁੰਡਾ ਲਾਟ ਸਾਰੇ ਹਿੰਦੋਸਤਾਨ ਦੀ ਸੁਰੱਖਿਆ ਲਈ ਜੁੰਮੇਵਾਰ ਸੀ। ਉਹ ਵੇਖ ਚੁੱਕਾ ਸੀ ਕਿ ਸਿੱਖ ਕਿਨ੍ਹੀ ਬਹਾਦਰੀ ਅਤੇ ਸਖਤੀ ਨਾਲ ਲੜਦੇ ਹਨ। ਇਸ ਲਈ ਉਸ ਇਹੋ ਠੀਕ ਸਮਝਿਆ ਕਿ ਜੋ ਫੌਜ ਪਾਹੁੰਚਣ ਵਾਲੀ ਸੀ ਉਸਨੂੰ ਉਡੀਕ ਲੈਣ ਵਿੱਚ ਹੀ ਸਮਝਦਾਰੀ ਹੈ। ਇਸ ਲਈ ਉਸਨੇ ਉਸ ਸਮੇ ਜੋ ਫੈਸਲਾ ਲਿਆ ਉਹ ਸਹੀ ਸੀ। ਅੰਗਰੇਜ ਇਤਿਹਾਸਕਾਰ ਅੱਜ ਤੱਕ ਇਹ ਫੈਸਲਾ ਨਹੀਂ ਕਰ ਸਕੇ ਕਿ ਕੌਣ ਸਹੀ ਅਤੇ ਕੌਣ ਗਲਤ ਸੀ।


SIKHBOOKCLUB.COM

## ਫੇਰੂ ਸ਼ਹਿਰ ਦੀ ਜੰਗ-21ਦਸੰਬਰ 1845

ਅਖੀਰ ਦਿਨ ਦੇ ਇੱਕ ਵਜੇ ਗੱਫ ਅਤੇ ਲਿਟਲਰ ਦਾ ਮਿਲਾਪ ਹੋ ਹੀ ਗਿਆ। ਫੌਜੀ ਟੁਕੜੀਆਂ ਨੂੰ ਕਤਾਰਬੰਦ ਕਰਨ ਵਿੱਚ ਤਿੰਨ ਘੰਟੇ ਹੋਰ ਲੱਗ ਗਏ। ਤੋਪ ਦਾ ਪਹਿਲਾ ਗੋਲਾ ਸ਼ਾਮ ਚਾਰ ਵਜੇ ਦਾਗਿਆ ਗਿਆ। ਅੰਗਰੇਜੀ ਤੋਪਾਂ ਖਾਲਸੇ ਦੇ ਮੋਰਚਿਆਂ ਤੋਂ ਲੋੜੀਂਦੀ ਦੂਰੀ (ਕੋਈ 800 ਗਜ) ਤੇ ਪਾਹੁੰਚੀਆਂ ਤਾਂ ਉਹਨਾ ਨੇ ਸਿੱਖ ਮੋਰਚਿਆਂ ਤੇ ਭਾਰੀ ਬੰਬਾਰੀ ਕੀਤੀ। ਪੈਦਲ ਸੈਨਿਕ ਤੋਪਾਂ ਦੇ ਪਿੱਛੇ ਪਿੱਛੇ ਚੱਲ ਰਹੇ ਸਨ। ਅੱਗੋਂ ਸਿੱਖ ਤੋਪਾਂ ਨੇ ਵੀ ਚੰਗੀ ਅੱਗ ਵਰ੍ਹਾਈ। ਅੰਗਰੇਜ ਇਤਿਹਾਸਕਾਰਾਂ ਅਨੁਸਾਰ ਖਾਲਸੇ ਦਾ ਗੋਲਾ ਅੰਗਰੇਜੀ ਗੋਲੇ ਨਾਲੋਂ ਵਧੇਰੇ ਵਜਨੀ ਸੀ।

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁਧੇ, ਤੋਪਾਂ ਚੱਲੀਆਂ ਨੀ ਵਾਂਗ ਤੋੜਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ, ਗੰਜ ਲਾਹ ਸੁੱਟੇ ਉਹਨਾ ਗੋਰਿਆਂ ਦੇ।
ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸਾਂ ਲਾਜ ਅੰਗਰੇਜ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ, ਹਿੰਦੋਸਤਾਨੀ ਤੇ ਪੂਰਬੀ ਦੱਖਣੀ ਜੀ।

ਸ਼ਾਹ ਮੁਹੰਮਦ ਦੇ ਇਹ ਬੈਂਤ ਫੇਰੂ ਸ਼ਹਿਰ ਦੀ ਜੰਗ ਦਾ ਸਹੀ ਨਜ਼ਾਰਾ ਪੇਸ਼ ਕਰਦੇ ਹਨ। ਜਦੋਂ ਦੋਂਵੇਂ ਫੌਜਾਂ ਕੋਈ 200 ਗਜ ਦੀ ਵਿੱਥ ਤੇ ਸਨ, ਤਾਂ ਗੱਫ ਨੇ ਆਪਣੀ ਪੈਦਲ ਸੈਨਾ ਨੂੰ ਹਮਲਾ ਕਰਨ ਦਾ ਹੁਕਮ ਦਿੱਤਾ। ਹਮਲਾ ਕਰਨ ਸਮੇ ਅੰਗਰੇਜੀ ਸੈਨਾ ਹੇਠ ਲਿਖੇ ਅਨੁਸਾਰ ਕਤਾਰਬੰਦ ਸੀ: ਜਨਰਲ ਲਿਟਲਰ ਦੀ ਡਵੀਜਨ ਹਮਲਾਵਰ ਫੌਜ ਦੇ ਖੱਬੇ ਪਾਸੇ ਸੀ। ਇਸ ਡਵੀਜਨ ਵਿੱਚ ਖੱਬੇ ਪਾਸੇ ਬਰਗੇਡੀਅਰ




ਫੇਰੂ ਸ਼ਹਿਰ ਤੇ ਹਮਲਾ (21 ਦਸੰਬਰ 1845) ਅੰਗਰੇਜ਼ੀ ਫੌਜ

ਐਲਬਰਨਹੈਮ ਦੀ ਬਰਗੇਡ, ਅਤੇ ਸੱਜੇ ਪਾਸੇ ਬਰਗੇਡੀਅਰ ਰੀਡ ਦੀ ਡਵੀਜਨ ਸੀ। ਐਲਬਰਨਹੈਮ ਦੇ ਖੱਬੇ ਹੱਥ ਫੀਲਡ ਤੋਪਾਂ ਸਨ, ਅਤੇ ਪਿੱਛੇ ਬਰਗੇਡੀਅਰ ਹੈਰੀਅਟ ਦੇ ਘੋੜ ਸਵਾਰ ਸਨ। ਰੀਡ ਦੇ ਸੱਜੇ ਪਾਸੇ ਘੋੜ-ਤੋਪਾਂ ਸਨ ਅਤੇ ਉਹਨਾ ਦੇ ਪਿੱਛੇ ਘੋੜ ਸਵਾਰ ਸਨ। ਫੌਜ ਦੇ ਸੈਂਟਰ ਵਾਲੀ ਡਵੀਜਨ ਦੀ ਕਮਾਨ ਲਾਰਡ ਹੈਨਰੀ ਹਾਰਡਿੰਗ, ਉਰਫ ਟੁੰਡਾ ਲਾਟ ਆਪ ਕਰ ਰਿਹਾ ਸੀ। ਇਸ ਡਵੀਜਨ ਵਿਚ ਖੱਬੇ ਪਾਸੇ ਬਰਗੇਡੀਅਰ ਵਾਲਸ ਦੀ ਬਰਗੇਡ ਸੀ ਅਤੇ ਸੱਜੇ ਪਾਸੇ ਬਰਗੇਡੀਅਰ ਬਰੁੱਕ ਦੀਆਂ ਫੀਲਡ ਤੋਪਾਂ ਅਤੇ ਘੋੜ-ਤੋਪਾਂ ਸਨ। ਹਮਲਾਵਰ ਫੌਜ ਦੇ ਸੱਜੇ ਸਿਰੇ ਤੇ ਜਨਰਲ ਗਿਲਬਰਟ ਦੀ ਡਵੀਜਨ ਸੀ। ਇਸ ਡਵੀਜਨ ਵਿਚ ਖੱਬੇ ਹੱਥ ਬਰਗੇਡੀਅਰ ਮੈਕਲਾਰਨ ਦੀ ਬਰਗੇਡ ਸੀ ਅਤੇ ਸੱਜੇ ਹੱਥ ਬਰਗੇਡੀਅਰ ਟੇਲਰ ਦੀ ਬਰਗੇਡ ਸੀ। ਬਰਗੇਡੀਅਰ ਟੇਲਰ ਦੇ ਸੱਜੇ ਪਾਸੇ ਘੋੜ-ਤੋਪਾਂ ਅਤੇ ਕੁਝ ਪਿੱਛੇ ਬਰਗੇਡੀਅਰ ਵਾਈਟ ਦੇ ਘੋੜ ਸਵਾਰ ਸਨ। ਜਨਰਲ ਹੈਰੀ ਸਮਿੱਥ ਦੀ ਡਵੀਜਨ ਨੂੰ ਰਿਜ਼ਰਵ ਫੌਜ ਦੇ ਤੌਰ ਤੇ ਪਿੱਛੇ ਰਹਿ ਕੇ ਲੋੜ ਪੈਣ ਤੇ ਅੱਗੇ ਆਉਣ ਦਾ ਹੁਕਮ ਹੋਇਆ। ਕਮਾਂਡਰ-ਇਨ-ਚੀਫ ਲਾਰਡ ਗੱਫ ਦੇ ਹੱਥ ਓਵਰਆਲ ਕਮਾਨ ਸੀ। ਉਹ ਲੜਾਈ ਸਮੇ ਇਸ ਹਮਲਾਵਰ ਫੌਜ ਦੇ ਕਿਸੇ ਵੀ ਹਿੱਸੇ ਵੱਲ ਵੀ ਜਾ ਸਕਦਾ ਸੀ।

ਪੈਦਲ ਸੈਨਾ ਨੂੰ ਹਮਲਾ ਕਰਨ ਦਾ ਹੁਕਮ ਹੋਇਆ ਤਾਂ ਗਿਲਬਰਟ ਦੀ ਡਵੀਜਨ ਨੇ ਖਾਲਸਾ ਫੌਜ ਦੇ ਮੋਰਚੇ ਦੇ ਸੱਜੇ ਭਾਗ ਤੇ ਹਮਲਾ ਕਰ ਦਿੱਤਾ। ਬਰਗੇਡੀਅਰ ਰੀਡ ਆਪਣੀ ਬਰਗੇਡ ਨਾਲ ਸਿੱਖ ਮੋਰਚੇ ਦੇ 150 ਗਜ ਤੇ ਪਹੁੰਚ ਗਿਆ। ਇਸਦੀ ਬਰਗੇਡ ਵਿੱਚ ਇੱਕ ਗੋਰੀ ਰੈਜਮੈਂਟ (ਨੰਬਰ 62) ਅਤੇ ਦੋ ਹਿੰਦੋਸਤਾਨੀ ਰੈਜਮੈਂਟਾਂ ਸਨ। ਰੀਡ ਦੇ ਸੈਨਿਕ ਗੋਲੀਆਂ ਵਰ੍ਹਾਉਂਦੇ ਹੋਏ ਖਾਲਸਾ ਮੋਰਚੇ ਵੱਲ ਵਧੇ, ਲੱਗਦਾ ਸੀ ਕਿ ਇਹ ਸੈਨਿਕ ਸਿੱਖ ਮੋਰਚਾ ਫਤਹਿ ਕਰ ਲੈਣਗੇ, ਪਰ ਖਾਲਸਾ ਤੋਪਾਂ ਨੇ ਏਨੀ ਸਖਤ ਗੋਲਾਬਾਰੀ ਕੀਤੀ, ਕਿ ਹਿੰਦੋਸਤਾਨੀ ਸਿਪਾਹੀ ਤਾਂ ਡਾਡਾਂ ਮਾਰਦੇ ਹੋਏ ਭੱਜ ਗਏ, ਅਤੇ ਗੋਰੇ ਫੌਜੀ ਉਥੇ ਹੀ ਖੜੇ ਮਾਰ ਖਾਂਦੇ ਰਹੇ। ਗੋਲਾਬਾਰੀ ਏਨੀ ਸਖਤ ਸੀ ਕਿ ਕੁਝ ਮਿੰਟਾਂ ਵਿੱਚ ਹੀ 7 ਅਫਸਰ ਅਤੇ 97 ਸੈਨਿਕ ਮਾਰੇ ਗਏ। 11 ਅਫਸਰ ਅਤੇ 184 ਜਵਾਨ ਜਖਮੀ ਹੋ ਗਏ। ਲਿਟਲਰ ਅਤੇ ਰੀਡ ਨੇ ਸੈਨਿਕਾਂ ਦੀ ਬਹੁਤ ਹੌਸਲਾ ਅਫਜਾਈ ਕੀਤੀ ਪਰ ਸਿੱਖ ਤੋਪਾਂ ਦੇ ਗੋਲਿਆਂ ਅਤੇ ਸੈਨਿਕਾਂ ਦੀਆਂ ਗੋਲੀਆਂ ਸਾਹਮਣੇ ਉਹਨਾ ਦੀ ਕੋਈ ਪੇਸ਼ ਨਾ ਗਈ। ਫਿਰ ਸਿੱਖ ਘੋੜ ਸਵਾਰਾਂ ਨੇ ਰੀਡ ਦੀ ਸੈਨਾ ਤੇ ਹਮਲਾ ਕਰ ਦਿੱਤਾ। ਜੇ ਰੀਡ ਆਪਣੇ ਫੌਜੀਆਂ ਨੂੰ ਪਿੱਛੇ ਹਟਣ ਦਾ ਹੁਕਮ ਨਾ ਦਿੰਦਾ ਤਾਂ ਖਾਲਸਾ ਘੋੜ ਸਵਾਰਾਂ ਨੇ ਉਹਨਾ ਸਭ ਨੂੰ ਮਾਰ ਮੁਕਾਉਣਾ ਸੀ। 62 ਨੰਬਰ ਗੋਰੀ ਰੈਜਮੈਂਟ ਦਾ ਬਹੁਤ ਜਾਨੀ ਨੁਕਸਾਨ ਹੋਇਆ। ਅਸਲ ਵਿੱਚ ਅੰਗਰੇਜੀ ਸ਼ਿਪਾਹੀਆਂ ਦਾ ਨੁਕਸਾਨ ਹਿੰਦੋਸਤਾਨੀ ਸ਼ਿਪਾਹੀਆਂ ਤੋਂ ਹਮੇਸ਼ਾਂ ਹੀ ਵੱਧ ਹੁੰਦਾ ਸੀ। ਇਹ ਇਸ ਕਾਰਨ ਕਿ ਉਹ ਹਮਲਾ ਕਰਨ ਵਿੱਚ ਮੋਹਰੀ ਹੁੰਦੇ ਸਨ। ਪਰ ਅੰਗਰੇਜਾਂ ਨੂੰ ਸ਼ੱਕ ਸੀ ਕਿ ਸਿੱਖ ਗੋਰੇ ਫੌਜੀਆਂ ਨੂੰ ਖਾਸ ਤੌਰ ਤੇ ਨਿਸ਼ਾਨਾ ਬਣਾਉਂਦੇ ਸਨ, ਕਿਉਂਕਿ ਉਹਨਾ ਦਾ ਇਹ ਸੋਚਣਾ ਸੀ ਕਿ ਜੇ ਗੋਰੇ ਫੌਜੀਆਂ ਦੇ ਪੈਰ ਉੱਖੜ ਜਾਣ ਤਾਂ ਹਿੰਦੋਸਤਾਨੀ ਸ਼ਿਪਾਹੀ ਬਿਨਾ ਲੜੇ ਹੀ ਭੱਜ ਜਾਂਦੇ ਸਨ। ਜਨਰਲ ਲਿਟਲਰ ਦੀ ਦੂਸਰੀ ਬਰਗੇਡ ਜਿਸਦੀ ਕਮਾਨ ਬਰਗੇਡੀਅਰ ਐਲਬਰਨਹੈਮ ਕਰ ਰਿਹਾ ਸੀ, ਅਤੇ ਜਿਸ ਵਿਚਲੀਆਂ ਤਿੰਨੇ ਰੈਜਮੈਂਟਾਂ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਸਨ, ਉਸਦਾ ਕੋਈ ਖਾਸ ਨੁਕਸਾਨ ਨਹੀਂ ਹੋਇਆ ਸੀ, ਸੋ ਜਾਹਿਰ ਹੈ ਕਿ ਇਸ ਬਰਗੇਡ ਨੇ ਲੜਾਈ ਵਿੱਚ ਰੀਡ ਦੀ ਬਰਗੇਡ ਦੀ ਕੋਈ ਖਾਸ ਸਹਾਇਤਾ ਨਹੀਂ ਕੀਤੀ ਸੀ। ਲਿਟਲਰ ਦੇ ਹਮਲੇ ਦੀ ਅਸਫਲਤਾ ਦੀ ਖਬਰ ਖਾਲਸੇ ਨੇ ਬੋਲੇ ਸੋ ਨਿਹਾਲ ਦੇ ਨਾਹਰਿਆਂ ਨਾਲ ਅੰਗਰੇਜੀ ਫੌਜ ਲਈ ਅਨਾਊਂਸ ਕਰ ਦਿੱਤੀ। ਖਾਲਸਾ ਫਿਰ ਚੜਦੀ ਕਲਾ ਵਿੱਚ ਸੀ, ਪਰ ਅੰਗਰੇਜ ਪੂਰੀ ਤਰਾਂ ਹਾਰੇ ਨਹੀਂ ਸਨ। ਅੰਗਰੇਜੀ ਫੌਜ ਦੇ ਸੱਜੇ ਵਿੰਗ ਨੇ ਖਾਲਸਾ ਮੋਰਚੇ ਦੇ ਖੱਬੇ ਹਿੱਸੇ ਤੇ ਹਮਲਾ ਕੀਤਾ। ਇਹ ਜਨਰਲ ਗਿਲਬਰਟ ਦੀ ਡਵੀਜਨ ਸੀ। ਇਸ ਡਵੀਜਨ ਵਿੱਚ ਸੱਜੇ ਪਾਸੇ ਬਰਗੇਡੀਅਰ ਵਾਲਸ ਦੀ ਬਰਗੇਡ ਸੀ। ਇਸ ਹਮਲੇ ਵਿੱਚ

ਵੀ ਸਭ ਤੋਂ ਮੂਹਰੇ ਦੋ ਗੋਰੇ ਫੌਜੀਆਂ ਵਾਲੀਆਂ ਰੈਜਮੈਂਟਾਂ ਸਨ। ਇਹ ਸਨ ਨੰਬਰ 29 ਅਤੇ ਨੰਬਰ ੮0 ਰੈਜਮੈਂਟਾਂ। ਇਹਨਾ ਦੇ ਨਾਲ 41 ਨੰਬਰ ਹਿੰਦੋਸਤਾਨੀ ਰੈਜਮੇਂਟ ਵੀ ਸੀ। ਇਹਨਾ ਨਾਲ ਲਾਰਡ ਗੱਫ ਖੁਦ ਸੀ।

ਗੋਰੇ ਫੌਜੀ ਖਾਲਸੇ ਦੀਆਂ ਗੋਲੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਲਗਾਤਾਰ ਸਿੱਖ ਤੋਪਾਂ ਦੇ ਨਜਦੀਕ ਜਾ ਰਹੇ ਸਨ। ਕਈ ਵਾਰ ਉਹਨਾ ਦੀਆਂ ਕਤਾਰਾਂ ਵਿੱਚ ਖਾਲਸੇ ਦੀਆਂ ਗੋਲੀਆਂ ਨਾਲ ਪਾੜੇ ਪੈ ਜਾਂਦੇ, ਜਿਵੇਂ ਕਿਸੇ ਪੁਰਾਣੀ ਕੰਧ ਵਿੱਚ ਹੜ ਦੇ ਪਾਣੀ ਨਾਲ ਪੈ ਜਾਂਦੇ ਹਨ। ਪਰ ਉਹਨਾ ਦੇ ਹੋਰ ਫੌਜੀ ਅੱਗੇ ਵਧਕੇ ਇਹ ਪਾੜੇ ਭਰ ਦਿੰਦੇ, ਹਮਲਾਵਰ ਲਾਈਨ ਨੂੰ ਟੁੱਟਣ ਨਾ ਦਿੰਦੇ। ਅੰਗਰੇਜਾਂ ਦੇ ਕਈ ਅਫਸਰ ਅਤੇ ਫੌਜੀ ਖਾਲਸੇ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ। ਬਰਗੇਡੀਅਰ ਟੇਲਰ ਸਭ ਤੋਂ ਅੱਗੇ ਸੀ। ਉਸਨੂੰ ਗੋਲੀ ਲੱਗੀ ਅਤੇ ਉਹ ਜਖਮੀ ਹੋ ਕੇ ਡਿੱਗ ਪਿਆ। ਫੌਜੀ ਉਸਨੂੰ ਚੁੱਕ ਕੇ ਪਿੱਛੇ ਲੈ ਗਏ। ਅਖੀਰ ਗੋਰੇ ਫੌਜੀ ਸਿੱਖ ਤੋਪਾਂ ਤੱਕ ਪਹੁੰਚ ਹੀ ਗਏ। ਪਰ ਤੋਪਾਂ ਦੀ ਰੱਖਿਆ ਲਈ ਸਿੱਖ ਪੈਦਲ ਸੈਨਿਕ ਤਿਆਰ ਖੜੇ ਸਨ। ਉਹਨਾ ਆਪਣੀਆਂ ਕ੍ਰਿਪਾਨਾ ਨਾਲ ਗੋਰਿਆਂ ਦਾ ਟਾਕਰਾ ਕੀਤਾ। ਗੋਰੇ ਆਪਣੀਆਂ ਬੰਦੂਕਾਂ ਅੱਗੇ ਲੱਗੇ ਹੋਏ ਸੰਗੀਨਾ ਨਾਲ ਉਹਨਾ ਨੂੰ ਚੀਰਨ ਲਈ ਦੌੜੇ। ਇੱਕ ਅੰਗਰੇਜ ਅਫਸਰ ਨੇ ਬਾਅਦ ਵਿੱਚ ਲਿਖਿਆ ਕਿ ਸਿੱਖ ਉਹਨਾ ਦੀਆਂ ਤਿੱਖੀਆਂ ਸੰਗੀਨਾ ਨੂੰ ਖੱਬੇ ਹੱਥ ਨਾਲ ਰੋਕ ਕੇ ਸੱਜੇ ਨਾਲ ਸਿਰੀ ਸਾਹਿਬ ਦਾ ਵਾਰ ਕਰਕੇ ਉਹਨਾ ਦੀ ਧੌਣ ਲਾਹ ਦਿੰਦੇ ਸਨ।

ਬਹੁਤ ਗਹਿ ਗੱਚ ਲੜਾਈ ਹੋਈ। ਪਰ ਗੋਰੇ ਅੱਜ ਇਸ ਜੰਗ ਵਿੱਚੋਂ ਹਾਰ ਕੇ ਭੱਜ ਜਾਣ ਲਈ ਨਹੀਂ ਆਏ ਸਨ। ਉਹਨਾ ਪੂਰਾ ਮੁਕਾਬਲਾ ਕੀਤਾ। ਲੋਹੇ ਦੀਆਂ ਜਾਲੀਦਾਰ ਸੰਜੋਆਂ ਵਾਲੇ ਇੱਕ ਨਿਹੰਗਾਂ ਦੇ ਜਥੇ ਨੇ ੮0 ਨੰਬਰ ਰੈਜਮੇਂਟ ਦੇ ਕਈ ਗੋਰਿਆਂ ਦਾ ਘਾਣ ਕੀਤਾ, ਪਰ ਅਖੀਰ ਉਹ ਲੜਦੇ ਹੋਏ ਖੁਦ ਵੀ ਮਾਰੇ ਗਏ।

ਬਰਗੇਡੀਅਰ ਟੇਲਰ ਦੀ ਬਰਗੇਡ ਦੇ ਨਾਲ ਹੀ ਬਰਗੇਡੀਅਰ ਮੈਕਲਾਰਨ ਦੀ ਬਰਗੇਡ ਨੇ ਹਮਲਾ ਕੀਤਾ। ਇਸ ਹਮਲੇ ਵਿੱਚ ਮੂਹਰੇ ਨੰਬਰ 1 ਗੋਰੀ ਰੈਜਮੈਂਟ ਸੀ। ਇਸ ਦਾ ਸਾਥ ਦੋ ਹਿੰਦੋਸਤਾਨੀ ਰੈਜਮੈਂਟਾਂ ਦੇ ਰਹੀਆਂ ਸਨ। ਨੰਬਰ ਇੱਕ ਰੈਜਮੇਂਟ ਦੀ ਅਗਵਾਹੀ ਮੇਜਰ ਬਿਰਲ ਕਰ ਰਿਹਾ ਸੀ। ਉਸਨੇ ਆਪਣੇ ਫੌਜੀਆਂ ਨੂੰ ਆਪਣਾ ਫਾਇਰ ਰੋਕ ਕੇ ਰੱਖਣ ਲਈ ਕਿਹਾ। ਜਦੋਂ ਉਹ ਸਿੱਖ ਤੋਪਾਂ ਦੇ ਬਿਲਕੁਲ ਕੋਲ ਪਹੁੰਚ ਗਏ ਤਾਂ ਉਸ ਗੋਲੀ ਚਲਾਉਣ ਦਾ ਹੁਕਮ ਦਿੱਤਾ। ਉਸਦੇ ਕਈ ਅਫਸਰ ਅਤੇ ਫੌਜੀ ਮਾਰੇ ਗਏ, ਪਰ ਉਸਨੇ ਕੋਈ ਪ੍ਰਵਾਹ ਨਾ ਕੀਤੀ ਅਤੇ ਹਮਲਾ ਜਾਰੀ ਰੱਖਿਆ। ਤੋਪਾਂ ਕੋਲ ਪਹੁੰਚ ਕੇ ਅੰਗਰੇਜ ਸੰਗੀਨਾ ਅਤੇ ਖਾਲਸਾ ਤਲਵਾਰਾਂ ਦੀ ਖੂਬ ਟੱਕਰ ਹੋਈ। ਭਾਰੀ ਗਿਣਤੀ ਵਿੱਚ ਸਿੱਖ ਫੌਜੀ ਮਾਰੇ ਗਏ। ਗਿਲਬਰਟ ਦਾ ਹਮਲਾ ਬੜਾ ਜਬਰਦਸਤ ਸੀ। ਪਰ ਇਸ ਤੋਂ ਬਾਅਦ ਖਾਲਸੇ ਦੇ ਇਸ ਮੋਰਚੇ ਤੇ ਅੰਗਰੇਜ ਘੋੜ ਸਵਾਰਾਂ ਨੇ ਹਮਲਾ ਕਰ ਦਿੱਤਾ।

ਇਹਨਾ ਘੋੜ ਸਵਾਰਾਂ ਦੀ ਅਗਵਾਹੀ ਬਰਗੇਡੀਅਰ ਵਾਈਟ ਕਰ ਰਿਹਾ ਸੀ। ਇਹ ਗੋਲੀਆਂ ਦੀ ਬੁਛਾੜ ਵਿੱਚੋਂ ਲੰਘਦੇ ਹੋਏ ਸਿੱਖ ਮੋਰਚੇ ਵੱਲ ਵਧੇ। ਖਾਲਸਾ ਸਿਪਾਹੀਆਂ ਨੇ ਇਹਨਾ ਦਾ ਰਸਤਾ ਰੋਕਿਆ, ਅਤੇ ਆਪਣੀਆਂ ਤਲਵਾਰਾਂ ਨਾਲ ਕਈਆਂ ਨੂੰ ਵੱਢ ਸੁਟਿਆ, ਪਰ ਇਹ ਘੋੜ ਸਵਾਰ ਰੋਕਣੇ ਬੜੇ ਹੀ ਮੁਸ਼ਕਿਲ ਸਨ। ਇਹਨਾ ਦੇ ਸਾਹਮਣੇ ਜੋ ਵੀ ਆਏ ਇਹਨਾ ਨੇ ਆਪਣੀਆਂ ਤਲਵਾਰਾਂ ਨਾਲ ਉਹਨਾ ਦੇ ਸਿਰ ਲਾਹ ਦਿੱਤੇ। ਸਿੱਖ ਤੋਪਚੀ ਵੀ ਮਾਰੇ ਗਏ। ਅੰਗਰੇਜਾਂ ਨੇ ਖਾਲਸੇ ਦੇ ਇਸ ਮੋਰਚੇ ਤੇ ਕਬਜਾ ਕਰ ਲਿਆ। ਇਹ ਹਮਲਾ 3 ਲਾਈਟ ਡਰਾਗੂਨ ਨਾਂ ਦੀ ਘੋੜ ਸਵਾਰ ਰੈਜਮੈਂਟ ਨੇ ਕੀਤਾ ਸੀ। ਅੰਗਰੇਜੀ ਮਿਲਟਰੀ ਇਤਿਹਾਸ ਵਿੱਚ ਇਸ ਹਮਲੇ ਦੀ ਭਰਪੂਰ ਪ੍ਰਸੰਸਾ ਕੀਤੀ ਗਈ।

ਹੁਣ ਬਰਗੇਡੀਅਰ ਵਾਲਸ ਦੀ ਡਵੀਜਨ ਨੂੰ ਹਮਲਾ ਕਰਨ ਦਾ ਹੁਕਮ ਮਿਲਿਆ। ਇਹਨਾ ਨੇ ਸਿੱਖ ਮੋਰਚੇ ਦੇ ਸੈਂਟਰ ਵਾਲੇ ਭਾਗ ਤੇ ਹਮਲਾ ਕੀਤਾ। ਇਸ ਡਵੀਜਨ ਵਿੱਚ ਦੋ ਬਰਗੇਡਾਂ ਸਨ। ਖੱਬੇ

ਪਾਸੇ ਵਾਲੀ ਬਰਗੇਡ ਕਰਨਲ ਟੇਲਰ ਦੀ ਸੀ। ਇਸ ਵਿੱਚ ਇੱਕ ਗੋਰੇ ਫੌਜੀਆਂ ਦੀ ਰੈਜਮੈਂਟ (ਨੰਬਰ 9) ਅਤੇ ਇੱਕ ਹਿੰਦੋਸਤਾਨੀ ਰੈਜਮੈਂਟ (ਨੰਬਰ 26) ਸੀ। ਇਸਦੇ ਸੱਜੇ ਦੂਸਰੀ ਬਰਗੇਡ ਸੀ। ਇਸ ਵਿੱਚ ਵੀ ਇੱਕ ਗੋਰੇ ਫੌਜੀਆਂ ਦੀ ਰੈਜਮੈਂਟ (ਨੰਬਰ 2) ਅਤੇ ਇੱਕ ਹਿੰਦੋਸਤਾਨੀ ਰੈਜਮੈਂਟ (ਨੰਬਰ 73) ਸੀ। ਇਹ ਰੈਜਮੈਂਟਾਂ ਕਤਾਰ ਬਣਾ ਕੇ ਸਿੱਖ ਮੋਰਚਿਆਂ ਵੱਲ ਵਧੀਆਂ। ਪਰ ਇਸ ਸਮੇ ਇੱਕ ਵੱਡਾ ਧਮਾਕਾ ਹੋਇਆ। ਖਾਲਸੇ ਦੇ ਗੋਲੇ ਬਰੂਦ ਦੇ ਇੱਕ ਵੱਡੇ ਭੰਡਾਰ ਨੂੰ ਅੱਗ ਲੱਗ ਗਈ ਸੀ। ਇਸ ਧਮਾਕੇ ਨਾਲ ਕਾਫੀ ਅੰਗਰੇਜ ਅਤੇ ਖਾਲਸਾ ਫੌਜੀ ਮਾਰੇ ਗਏ।

ਧੂਆਂ ਅਤੇ ਘੱਟਾ ਏਨਾ ਫੈਲ ਗਿਆ ਕਿ ਅੰਗਰੇਜ ਫੌਜੀਆਂ ਨੂੰ ਸਾਹਮਣੇ ਕੁਝ ਵੀ ਵਿਖਾਈ ਨਹੀਂ ਦੇ ਰਿਹਾ ਸੀ। 9 ਨੰਬਰ ਰੈਜਮੈਂਟ ਦੇ ਗੋਰੇ ਫੌਜੀ ਇਸ ਘੱਟੇ ਅਤੇ ਧੂਏਂ ਵਿੱਚੋਂ ਲੰਘਦੇ ਹੋਏ ਸਿੱਖ ਤੋਪਾਂ ਦੇ ਸਾਹਮਣੇ ਪਹੁੰਚ ਗਏ। ਕਰਨਲ ਟੇਲਰ ਆਪ ਮੂਹਰੇ ਸੀ, ਅਤੇ ਉੱਚੀ ਅਵਾਜ ਵਿੱਚ ਚੀਕਦਾ ਹੋਇਆ ਆਪਣੀ ਫੌਜ ਨੂੰ ਹਲਾਸ਼ੇਰੀ ਦੇ ਰਿਹਾ ਸੀ। ਪਰ ਟੇਲਰ ਜਲਦੀ ਹੀ ਗੋਲੀ ਵੱਜਣ ਨਾਲ ਧਰਾਸ਼ਾਹੀ ਹੋ ਗਿਆ। ਹੋਰ ਵੀ ਕਈ ਅਫਸਰ ਮਾਰੇ ਗਏ। ਹੁਣ ਸਭ ਤੋਂ ਸੀਨੀਅਰ ਅਫਸਰ ਕੈਪਟਨ ਬੋਰਟਨ ਰਹਿ ਗਿਆ ਸੀ। ਉਹ ਵੀ ਜਖਮੀ ਸੀ, ਪਰ ਉਸਨੇ ਆਪਣੇ ਜਖਮਾਂ ਦੀ ਪ੍ਰਵਾਹ ਨਾ ਕੀਤੀ। ਆਪਣੀ ਫੌਜ ਨੂੰ ਫਿਰ ਇਕੱਠਾ ਕੀਤਾ, ਅਤੇ ਖਾਲਸਾ ਤੋਪਚੀਆਂ ਤੇ ਟੁੱਟ ਪਿਆ। ਤੋਪਚੀ ਆਪਣੀਆਂ ਤੋਪਾਂ ਦੀ ਰੱਖਿਆ ਕਰਦੇ ਹੋਏ ਕੱਟ ਮਰੇ। ਤੋਪਾਂ ਤੇ ਅੰਗਰੇਜਾਂ ਦਾ ਕਬਜ਼ਾ ਹੋ ਗਿਆ।

ਜਨਰਲ ਹੈਰੀ ਸਮਿੱਥ ਦੀ ਦੀ ਡਵੀਜਨ ਨੂੰ ਰਾਖਵੀਂ ਫੌਜ ਵਜੋਂ ਪਿੱਛੇ ਰੱਖਿਆ ਗਿਆ ਸੀ। ਪਰ ਜਦੋਂ ਲਾਰਡ ਗੱਫ ਨੇ ਵੇਖਿਆ ਕਿ ਜਨਰਲ ਲਿਟਲਰ ਦਾ ਹਮਲਾ ਨਾਕਾਮ ਹੋ ਗਿਆ ਹੈ ਤਾਂ ਉਸਨੇ ਹੈਰੀ ਸਮਿੱਥ ਨੂੰ ਖਾਲਸੇ ਦੇ ਉਸ ਮੋਰਚੇ ਤੇ ਹਮਲਾ ਕਰਨ ਦਾ ਹੁਕਮ ਦਿੱਤਾ। ਇਹ ਮੋਰਚਾ ਸਿੱਖ ਸੈਨਾ ਦੇ ਸੱਜੇ ਭਾਗ ਵਾਲਾ ਸੀ, ਜਿੱਥੋਂ ਕੁਝ ਸਮਾ ਪਹਿਲੋਂ ਹੀ ਲਿਟਲਰ ਦੀ ਸੈਨਾ ਦੰਦ ਖੱਟੇ ਕਰਵਾ ਕੇ ਪਿੱਛੇ ਹਟੀ ਸੀ। ਹੁਣ ਹੈਰੀ ਸਮਿੱਥ ਨੇ ਇਸ ਮੋਰਚੇ ਤੇ ਪੂਰੇ ਜੋਸ਼ ਨਾਲ ਹਮਲਾ ਕੀਤਾ। ਹੈਰੀ ਸਮਿੱਥ ਦੇ ਅਧੀਨ ਦੋ ਬਰਗੇਡਾਂ ਸਨ। ਖੱਬੇ ਹੱਥ ਬਰਗੇਡੀਅਰ ਰਿਆਨ ਅਤੇ ਸੱਜੇ ਹੱਥ ਬਰਗੇਡੀਅਰ ਹਿੱਕਸ ਦੀ ਬਰਗੇਡ ਸੀ। ਇਹ ਸੈਨਾ ਹਮਲੇ ਲਈ ਅੱਗੇ ਵਧੀ ਤਾਂ ਇਸਨੂੰ ਸਖਤ ਗੋਲਾਬਾਰੀ ਦਾ ਸਾਹਮਣਾ ਕਰਨਾ ਪਿਆ। ਪਰ ਹੈਰੀ ਹਾਰ ਮੰਨਣ ਵਾਲਿਆਂ ਵਿੱਚੋਂ ਨਹੀਂ ਸੀ। ਉਸਦੀਆਂ ਤੋਪਾਂ ਨੇ ਵੀ ਸਿੱਖ ਮੋਰਚੇ ਤੇ ਭਾਰੀ ਗੋਲਾਬਾਰੀ ਕੀਤੀ, ਅਤੇ ਉਸਦੇ ਸੈਨਿਕ ਸਿੱਖ ਤੋਪਾਂ ਵਿੱਚਲੇ ਪਾੜਿਆਂ ਵਿੱਚ ਧੁੱਸ ਦੇ ਕੇ ਵੜ ਗਏ। ਬੜੇ ਘਮਸਾਣ ਦਾ ਯੁੱਧ ਹੋਇਆ। ਹੈਰੀ ਆਪ ਅੱਗੇ ਵਧਕੇ ਆਪਣੇ ਸੈਨਿਕਾਂ ਨੂੰ ਹਲਾਸ਼ੇਰੀ ਦੇ ਰਿਹਾ ਸੀ, 'ਜਵਾਨੋ ਦੁਸ਼ਮਣ ਦਾ ਖਾਤਮਾਂ ਕਰ ਦਿਉ, ਅੱਜ ਜਿੱਤ ਤੁਹਾਡੀ ਹੀ ਹੋਏਗੀ'। ਕਈ ਅਫਸਰ ਅਤੇ ਸੈਨਿਕ ਮਾਰੇ ਗਏ। ਮੇਜਰ ਬਰਾਡਫੁੱਟ ਵੀ ਇਸ ਹਮਲੇ ਵਿੱਚ ਸ਼ਾਮਲ ਸੀ। ਉਸਦੀ ਛਾਤੀ ਵਿੱਚ ਗੋਲੀ ਵੱਜੀ, ਅਤੇ ਉਹ ਡਿੱਗਦਾ ਹੀ ਮਰ ਗਿਆ। ਇਹ ਉਹੋ ਅਫਸਰ ਸੀ ਜੋ ਯੁੱਧ ਤੋਂ ਪਹਿਲਾਂ ਲਹੌਰ ਵਿੱਚ ਅੰਗਰੇਜਾਂ ਦਾ ਏਜੰਟ ਸੀ।

ਜਨਰਲ ਹੈਰੀ ਸਮਿੱਥ ਨੇ ਬਰਗੇਡੀਅਰ ਰਿਆਨ ਦੀ ਫੌਜ ਨਾਲ ਖਾਲਸਾ ਫੌਜ ਦਾ ਮੋਰਚਾ ਤੋੜ ਕੇ ਫੇਰੂ ਸ਼ਹਿਰ ਪਿੰਡ ਤੇ ਕਬਜ਼ਾ ਕਰ ਲਿਆ। ਖਾਲਸਾ ਫੌਜ ਪਿੰਡ ਖਾਲੀ ਕਰਕੇ ਪਿੱਛੇ ਹਟ ਗਈ। ਪਰ ਹੈਰੀ ਦੀ ਦੂਸਰੀ ਬਰਗੇਡ ਜਿਸਦੀ ਕਮਾਨ ਬਰਗੇਡੀਅਰ ਹਿੱਕਸ ਕਰ ਰਿਹਾ ਸੀ, ਉਹ ਉਸਤੋਂ ਅਲੱਗ ਹੋ ਗਈ, ਕਿਉਂਕਿ ਹੁਣ ਤੱਕ ਕਾਫੀ ਹਨੇਰਾ ਹੋ ਗਿਆ ਸੀ। ਪਰ ਹਿੱਕਸ ਦੀ ਸੈਨਾ ਦਾ ਜਨਰਲ ਗਿਲਬਰਟ ਦੀ ਇੱਕ ਗੋਰੀ ਰੈਜਮੈਂਟ (ਨੰਬਰ 1) ਨਾਲ ਮਿਲਾਪ ਹੋ ਗਿਆ। ਇਹ ਰੈਜਮੈਂਟ ਜਨਰਲ ਗਿਲਬਰਟ ਦੀ ਡਵੀਜਨ ਦਾ ਹਿੱਸਾ ਸੀ, ਪਰ ਇਹ ਵੀ ਆਪਣੀ ਡਵੀਜਨ ਤੋਂ ਅਲੱਗ ਹੋ ਗਈ ਸੀ। ਅਫਸਰਾਂ ਨੇ ਇਹਨਾ ਸੈਨਿਕਾਂ ਨੂੰ ਕਤਾਰਬੰਦ ਕਰਕੇ ਸਿੱਖ ਮੋਰਚੇ ਤੇ ਹੱਲਾ ਬੋਲ ਦਿੱਤਾ। ਇਹਨਾ ਦਾ ਹੱਲਾ ਕਾਮਯਾਬ ਰਿਹਾ , ਅਤੇ ਸਿੱਖ ਆਪਣੇ ਮੋਰਚੇ ਛੱਡ ਕੇ ਪਿੱਛੇ ਹਟ ਗਏ।

ਫਿਰ ਇਸ ਮਿਲੀ ਜੁਲੀ ਸੈਨਾ ਨੂੰ ਹੁਕਮ ਮਿਲਿਆ ਕਿ ਫੇਰੂ ਸ਼ਹਿਰ ਪਿੰਡ ਤੇ ਕਬਜ਼ਾ ਕਰੋ। ਇਹ ਫ਼ੌਜ ਫੇਰੂ ਸ਼ਹਿਰ ਵੱਲ ਵਧੀ। ਪਰ ਇਹ ਹਾਲੇ ਕੁਝ ਹੀ ਦੂਰ ਗਏ ਸਨ ਕਿ ਇੱਕ ਵੱਡਾ ਧਮਾਕਾ ਹੋਇਆ, ਜਿਸਦਾ ਜਿਕਰ ਪਹਿਲਾਂ ਵੀ ਕੀਤਾ ਜਾ ਚੁੱਕਾ ਹੈ। ਘੱਟੇ ਅਤੇ ਧੂਏਂ ਵਿੱਚੋਂ ਲੰਘਦੇ ਹੋਏ ਇਹ ਪਿੰਡ ਵਿੱਚ ਪਹੁੰਚੇ ਤਾਂ ਇਹਨਾ ਵੇਖਿਆ ਕਿ ਪਿੰਡ ਪਹਿਲਾਂ ਹੀ ਅੰਗਰੇਜ਼ੀ ਸੈਨਾ ਦੇ ਕਬਜ਼ੇ ਵਿੱਚ ਹੈ। ਇਹ ਪਿੱਛੇ ਹਟ ਕੇ ਆਪਣੀ ਸੈਨਾਂ ਵਿੱਚ ਵਾਪਸ ਪਰਤ ਆਏ।

ਇਸ ਘੱਟੇ ਅਤੇ ਧੂਏਂ ਵਿੱਚ ਨੰਬਰ 9 ਰੈਜਮੈਂਟ ਦੇ ਦੋ ਅਫਸਰ ਲੈਫਟੀਨੈਂਟ ਡਾਂਟ ਅਤੇ ਮੇਜਰ ਬਰਨਵੈੱਲ ਆਪਣੀ ਰੈਜਮੈਂਟ ਤੋਂ ਅਲੱਗ ਹੋ ਗਏ। ਨੰਬਰ 1 ਰੈਜਮੈਂਟ ਦੇ ਕੁਝ ਗੋਰੇ ਸ਼ਿਪਾਹੀ ਵੀ ਧਮਾਕਾ ਹੋਣ ਸਮੇ ਆਪਣੀ ਰੈਜਮੈਂਟ ਤੋਂ ਅਲੱਗ ਹੋ ਗਏ ਸਨ। ਇਹਨਾ ਦੇ ਅਫਸਰਾਂ ਨੇ ਇਹਨਾ ਨੂੰ ਇਕੱਠਾ ਕੀਤਾ। ਨੰਬਰ 9 ਰੈਜਮੈਂਟ ਦੇ ਸ਼ਿਪਾਹੀ ਵੀ ਡਾਂਟ ਅਤੇ ਬਰਨਵੈੱਲ ਸਮੇਤ ਇਹਨਾ ਨਾਲ ਆ ਮਿਲੇ। ਇਹ ਟੋਲੀ ਵੀ ਫੇਰੂ ਸ਼ਹਿਰ ਵਿੱਚ ਗਈ। ਪਿਆਸੇ ਹੋਣ ਕਾਰਨ ਇਹ ਇੱਕ ਖੂਹ ਵੱਲ ਪਾਣੀ ਪੀਣ ਗਏ ਤਾਂ ਇੱਕ ਸਿੱਖ ਫੌਜੀ ਟੁਕੜੀ ਨੇ ਇਹਨਾ ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਲੈਫਟੀਨੈਂਟ ਮੈਕਸਨ ਨੇ ਆਪਣੀ ਰੈਜਮੈਂਟ ਦਾ ਝੰਡਾ ਚੁੱਕਿਆ ਹੋਇਆ ਸੀ। ਉਸਨੂੰ ਗੋਲੀ ਲੱਗੀ ਅਤੇ ਉਹ ਝੰਡੇ ਸਮੇਤ ਜਮੀਨ ਤੇ ਡਿੱਗ ਪਿਆ। ਲੈਫਟੀਨੈਂਟ ਪਰਸੀ ਭੱਜ ਕੇ ਗਿਆ ਅਤੇ ਉਸਨੇ ਇਹ ਝੰਡਾ ਚੁੱਕ ਲਿਆਂਦਾ। ਉਸਦੇ ਸਾਥੀਆਂ ਨੇ ਉਸਦੀ ਬੜੀ ਪ੍ਰਸੰਸਾ ਕੀਤੀ। ਫਿਰ ਲੈਫਟੀਨੈਂਟ ਗ੍ਰੇਨਵਿਲ ਆਪਣੇ ਸਾਥੀਆਂ ਨਾਲ ਗਿਆ, ਅਤੇ ਸਿੱਖਾਂ ਦੀ ਉਸ ਪੁਜੀਸ਼ਨ ਤੇ ਕਬਜਾ ਕਰ ਲਿਆ।

ਹੁਣ ਤੱਕ ਦਿਨ ਡੁੱਬ ਚੁੱਕਾ ਸੀ, ਅਤੇ ਹਨੇਰਾ ਪਸਰਨ ਲੱਗ ਪਿਆ ਸੀ, ਪਰ ਲੜਾਈ ਅਜੇ ਵੀ ਚੱਲ ਰਹੀ ਸੀ। ਬਰੂਦੀ ਧਮਾਕੇ ਹੋ ਰਹੇ ਸਨ। ਇਸ ਰੌਲੇ ਗੌਲੇ ਵਿੱਚ ਕਈ ਸ਼ਿਪਾਹੀ ਆਪਣੇ ਹੀ ਸਾਥੀਆਂ ਦੀ ਗੋਲੀ ਦਾ ਸ਼ਿਕਾਰ ਹੋ ਰਹੇ ਸਨ। ਲਾਰਡ ਗੱਫ ਨੇ ਇਸ ਗੱਲ ਵਿੱਚ ਹੀ ਭਲਾਈ ਸਮਝੀ ਕਿ ਫੌਜ ਨੂੰ ਪਿੱਛੇ ਹਟਾ ਲਿਆ ਜਾਏ। ਉਸਨੇ ਸਾਰੀ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ। ਅੰਗਰੇਜੀ ਸੈਨਾ ਸਿੱਖ ਮੋਰਚਿਆਂ ਤੋਂ 300 ਗੱਜ ਪਿੱਛੇ ਹਟਕੇ ਰਾਤ ਕੱਟਣ ਦੀ ਤਿਆਰੀ ਕਰਨ ਲੱਗੀ। ਫੌਜੀ ਰੈਜਮੈਂਟਾਂ ਦੀ ਸ਼ਨਾਖਤ ਕੀਤੀ ਗਈ, ਅਤੇ ਜੋ ਫੌਜੀ ਆਪਣੀਆਂ ਰੈਜਮੈਂਟਾਂ ਤੋਂ ਵਿੱਛੜ ਗਏ ਸਨ, ਉਹਨਾ ਦਾ ਮਿਲਾਪ ਕਰਵਾਇਆ ਗਿਆ।

ਜਨਰਲ ਹੈਰੀ ਸਮਿੱਥ ਨੇ ਆਪਣੀ ਫੌਜ ਨਾਲ ਫੇਰੂ ਸ਼ਹਿਰ ਪਿੰਡ ਤੇ ਕਬਜਾ ਕੀਤਾ ਹੋਇਆ ਸੀ। ਉਸਨੂੰ ਬਾਅਦ ਵਿੱਚ ਹੋਰ ਕੋਈ ਹੁਕਮ ਨਹੀਂ ਮਿਲਿਆ ਸੀ। ਉਹ ਰਾਤ ਪਿੰਡ ਵਿੱਚ ਹੀ ਬੈਠਾ ਰਿਹਾ। ਉਸਨੂੰ ਕੋਈ ਪਤਾ ਨਹੀਂ ਸੀ ਕਿ ਫੌਜ ਜਿੱਤੀ ਸੀ ਜਾਂ ਹਾਰੀ ਸੀ। ਕਮਾਂਡਰ-ਇਨ-ਚੀਫ ਨੂੰ ਵੀ ਕੋਈ ਪਤਾ ਨਹੀਂ ਸੀ ਕਿ ਹੈਰੀ ਸਮਿੱਥ ਕਿੱਥੇ ਹੈ।

ਜਨਰਲ ਲਿਟਲਰ ਦੀ ਫੌਜ ਪਿੱਛੇ ਹਟ ਕੇ ਮਿਸਰੀਵਾਲੇ ਦੇ ਪਿੰਡ ਕੋਲ ਡੇਰੇ ਲਾ ਕੇ ਬੈਠ ਗਈ। ਇਸ ਡਵੀਜਨ ਬਾਰੇ ਵੀ ਕਮਾਂਡਰ-ਇਨ-ਚੀਫ ਨੂੰ ਕੋਈ ਖਬਰ ਨਹੀਂ ਸੀ। ਮੈਕਲਾਰਨ ਦੀ ਬਰਗੇਡ ਦਾ ਇੱਕ ਵੱਡਾ ਹਿੱਸਾ ਉਸ ਤੋਂ ਅਲੱਗ ਹੋ ਗਿਆ ਸੀ। ਇਹ ਫੇਰੂ ਸ਼ਹਿਰ ਵਿੱਚ ਗਏ ਤਾਂ ਇਹਨਾ ਦਾ ਮਿਲਾਪ ਹੈਰੀ ਸਮਿੱਥ ਦੇ ਸੈਨਿਕਾਂ ਨਾਲ ਹੋ ਗਿਆ। ਰਾਤ ਉਹਨਾ ਨੇ ਫੇਰੂ ਸ਼ਹਿਰ ਵਿੱਚ ਹੀ ਗੁਜਾਰੀ।

ਇਸ ਲੜਾਈ ਵਿੱਚ ਖਾਲਸੇ ਦਾ ਭਾਰੀ ਨੁਕਸਾਨ ਹੋਇਆ, ਪਰ ਅੰਗਰੇਜ ਸੈਨਿਕਾਂ ਦਾ ਵੀ ਬੁਰਾ ਹਾਲ ਸੀ। ਜੋ ਮਰ ਗਏ ਉਹ ਤਾਂ ਸਭ ਮੁਸੀਬਤਾਂ ਤੋਂ ਸੁਰਖਰੂ ਹੋ ਗਏ, ਪਰ ਜੋ ਜਿੰਦਾ ਸਨ, ਉਹਨਾ ਦਾ ਹਾਲ ਬੜਾ ਮਾੜਾ ਸੀ। ਉਨਾ ਵਿੱਚੋਂ ਬਹੁਤ ਸਾਰੇ ਬੁਰੀ ਤਰਾਂ ਜਖਮੀ ਸਨ। ਅੰਗਰੇਜ ਸੈਨਿਕਾਂ ਨੂੰ ਪਿਛਲੀ ਰਾਤ 2 ਵਜੇ ਉਠਾਇਆ ਗਿਆ ਸੀ। ਮਮੂਲੀ ਜਿਹੇ ਨਾਸਤੇ ਤੋਂ ਇਲਾਵਾ ਉਹਨਾ ਨੂੰ ਖਾਣ ਲਈ ਕੁਝ ਵੀ ਨਸੀਬ ਨਹੀਂ ਹੋਇਆ ਸੀ। ਉਹਨਾ ਕੋਲ ਪੀਣ ਲਈ ਵੀ ਪਾਣੀ ਨਹੀਂ ਸੀ। ਹੱਡ ਸੇਕਣ ਲਈ ਅੱਗ ਬਾਲਦੇ ਤਾਂ ਖਾਲਸਾ ਗੋਲੀਆਂ ਦੀ ਬੁਛਾੜ ਕਰ ਦਿੰਦਾ।

ਅੰਗਰੇਜ਼ ਫੌਜ ਦੇ ਪਿੱਛੇ ਹਟਦੇ ਹੀ ਸਿੱਖ ਫੌਜ ਨੇ ਆਪਣੇ ਮੋਰਚੇ ਫਿਰ ਮੱਲ ਲਏ। ਥੋੜੀ ਬਹੁਤ ਗੋਲਾਬਾਰੀ ਸਾਰੀ ਰਾਤ ਚੱਲਦੀ ਰਹੀ। ਖਾਲਸੇ ਦੇ ਬੋਲੇ ਸੋ ਨਿਹਾਲ ਦੇ ਜੈਕਾਰੇ ਅੰਗਰੇਜ਼ਾਂ ਦੇ ਕੰਨਾ ਤੇ ਬਹੁਤ ਭਾਰੀ ਸਨ। ਇੱਕ ਅੰਗਰੇਜ਼ ਅਫ਼ਸਰ ਦੀ ਇਹ ਟਿੱਪਣੀ ਬਾਅਦ ਵਿੱਚ ਬਹੁਤ ਮਸ਼ਹੂਰ ਹੋਈ: 'ਉਸ ਰਾਤ ਹਿੰਦੋਸਤਾਨ ਦੀ ਤਕਦੀਰ ਕਿਸਮਤ ਦੇ ਛਾਬੇ ਵਿੱਚ ਪਈ ਝੂਲ ਰਹੀ ਸੀ। ਅੰਗਰੇਜ਼ ਗੰਭੀਰ ਖਤਰੇ ਵਿੱਚ ਸਨ। ਉਹ ਹੈਰਾਨ ਪਰੇਸ਼ਾਨ ਸਨ। ਉਹਨਾ ਨੂੰ ਨਹੀਂ ਸੀ ਪਤਾ ਕਿ ਕੱਲ ਕੀ ਹੋਣ ਵਾਲਾ ਹੈ। ਕੈਪਟਨ ਕੁਨਿੰਘਮ ਜੋ ਇਸ ਸਮੇ ਅੰਗਰੇਜ਼ ਫੌਜ ਦੇ ਨਾਲ ਸੀ, ਲਿੱਖਦਾ ਹੈ: 'ਹਿੰਦੋਸਤਾਨੀ ਸ਼ਿਪਾਹੀ ਤੇ ਅੰਗਰੇਜ਼ ਨੂੰ ਬਹੁਤ ਭਰੋਸਾ ਸੀ। ਹਿੰਦੋਸਤਾਨ ਵਿੱਚ ਹੁਣ ਤੱਕ ਜੋ ਵੀ ਜੰਗਾਂ ਹੋਈਆਂ ਸਨ, ਉਸ ਬੜੀ ਬਹਾਦਰੀ ਨਾਲ ਲੜੀਆਂ ਸਨ। ਅੰਗਰੇਜ਼ ਅੱਜ ਤੱਕ ਹਿੰਦੋਸਤਾਨ ਵਿੱਚ ਸ਼ਾਇਦ ਹੀ ਕੋਈ ਜੰਗ ਹਾਰੇ ਸਨ। ਹਿੰਦੋਸਤਾਨੀ ਸ਼ਿਪਾਹੀ ਅੰਗਰੇਜ਼ਾਂ ਨੂੰ ਅਜਿੱਤ ਸਮਝਦਾ ਸੀ। ਉਸ ਵੇਖਿਆ ਸੀ ਕਿ ਹਰ ਜੰਗ ਵਿੱਚ ਜਿੱਤ ਅੰਤ ਨੂੰ ਅੰਗਰੇਜ਼ਾਂ ਦੀ ਹੀ ਹੁੰਦੀ ਸੀ। ਪਰ ਸਿੱਖਾਂ ਨਾਲ ਹੋਈਆਂ ਇਹਨਾ ਜੰਗਾਂ ਨੇ ਸ਼ਿਪਾਹੀ ਦੇ ਇਸ ਵਿਸ਼ਵਾਸ਼ ਨੂੰ ਹਿਲਾ ਕੇ ਰੱਖ ਦਿੱਤਾ। ਅੰਗਰੇਜ਼ਾਂ ਦਾ ਵੀ ਭਾਰਤ ਵਿੱਚ ਹੁਣ ਤੱਕ ਏਡੇ ਸੱਖਤ ਦੁਸ਼ਮਣ ਨਾਲ ਵਾਸਤਾ ਨਹੀਂ ਪਿਆ ਸੀ। ਅੰਗਰੇਜ਼ਾਂ ਵੇਖ ਲਿਆ ਕਿ ਉਹ ਅਜਿੱਤ ਨਹੀਂ ਸਨ। ਹਾਰ ਉਹਨਾ ਨੂੰ ਵੀ ਹੋ ਸਕਦੀ ਹੈ। ਕੁਝ ਹੀ ਘੰਟਿਆਂ ਵਿੱਚ ਵਦੇਸ਼ੀ ਧਰਤੀ ਦੇ ਇਹਨਾ ਹੋਣਹਾਰ ਪੁੱਤਰਾਂ ਨੇ ਵੇਖ ਲਿਆ ਕਿ ਉਹਨਾ ਦੀ ਯੁੱਧ ਕਲਾ ਹੋਰਨਾ ਨੇ ਵੀ ਸਿੱਖ ਲਈ ਹੈ। ਉਹ ਉਹਨਾ ਵਰਗੇ ਹਥਿਆਰਾਂ ਨਾਲ ਹੀ ਲੜ ਰਹੇ ਹਨ। ਉਸ ਯਾਦਗਰੀ ਰਾਤ ਅੰਗਰੇਜ਼ ਜਿਸ ਜ਼ਮੀਨ ਤੇ ਖੜੇ ਸਨ, ਉਸਦੇ ਮਾਲਕ ਨਹੀਂ ਸਨ। ਅੰਗਰੇਜ਼ੀ ਸ਼ਿਪਾਹੀ ਠੰਡ ਅਤੇ ਡਰ ਨਾਲ ਕੰਬਦਾ ਹੋਇਆ ਸਵੇਰ ਦੀ ਉਡੀਕ ਕਰ ਰਿਹਾ ਸੀ'।

ਇਸ ਜੰਗ ਵਿੱਚ ਭਾਗ ਲੈਣ ਵਾਲਾ ਇੱਕ ਹੋਰ ਅੰਗਰੇਜ਼ੀ ਅਫਸਰ ਜੋ ਬਾਅਦ ਵਿੱਚ ਜਨਰਲ ਦੇ ਰੈਂਕ ਤੱਕ ਪਹੁੰਚਿਆ, ਲਿੱਖਦਾ ਹੈ ਕਿ 'ਉਹ ਰਾਤ ਸੱਚਮੁੱਚ ਡਰ ਅਤੇ ਨਿਰਾਸ਼ਾ ਦੀ ਰਾਤ ਸੀ। ਹਿੰਦੋਸਤਾਨ ਵਿੱਚ ਉਸ ਸਮੇ ਤੱਕ ਅੰਗਰੇਜ਼ ਕਦੀ ਵੀ ਹਾਰ ਦੇ ਏਨੇ ਨਿਕਟ ਨਹੀਂ ਆਏ ਸਨ, ਜਿਨ੍ਹੇ ਉਸ ਰਾਤ। ਹਾਰ ਵੀ ਅਜਿਹੀ, ਜਿਸ ਨਾਲ ਸਰਵਨਾਸ ਹੋ ਸਕਦਾ ਸੀ। ਸਿੱਖ ਲੱਗਭੱਗ ਆਪਣੇ ਸਾਰੇ ਮੋਰਚਿਆਂ ਤੇ ਦੁਬਾਰਾ ਕਾਬਜ਼ ਹੋ ਚੁੱਕੇ ਸਨ। ਸਾਡੀਆਂ ਫੌਜਾਂ ਇੱਕ ਵੱਡੇ ਮੈਦਾਨ ਵਿੱਚ ਖਿੱਲਰੀਆਂ ਹੋਈਆਂ ਸਨ। ਫੌਜੀ ਟੁਕੜੀਆਂ ਵਿੱਚ ਕੋਈ ਤਾਲਮੇਲ ਨਹੀਂ ਸੀ।

ਲਾਰਡ ਗੱਫ ਨੂੰ ਨਪੋਲੀਅਨ ਨਾਲ ਹੋਈ ਇੱਕ ਜੰਗ ਤੋਂ ਬਾਅਦ ਇਨਾਮ ਵਜੋਂ ਇੱਕ ਸੁੰਦਰ ਤਲਵਾਰ ਮਿਲੀ ਸੀ। ਇਹ ਤਲਵਾਰ ਕਦੀ ਸ਼ਹਿਨਸ਼ਾਹ ਨਪੋਲੀਅਨ ਕੋਲ ਸੀ। ਲਾਰਡ ਗੱਫ ਇੱਕ ਕੀਮਤੀ ਖਜ਼ਾਨੇ ਵਾਂਗ ਇਸ ਨੂੰ ਹਮੇਸ਼ਾਂ ਆਪਣੇ ਕੋਲ ਰੱਖਦਾ ਸੀ। ਪਰ ਇਸ ਰਾਤ ਉਸਨੇ ਇਹ ਤਲਵਾਰ ਆਪਣੇ ਪੁੱਤਰ ਨੂੰ ਦੇ ਕੇ ਮੁਦਕੀ ਭੇਜ ਦਿੱਤਾ। ਸ਼ਾਇਦ ਉਸਨੂੰ ਇਹ ਡਰ ਸੀ ਕਿ ਜੇ ਕੱਲ ਦੀ ਲੜਾਈ ਵਿੱਚ ਹਾਰ ਹੋਈ ਤਾਂ ਇਹ ਬੇਸ਼ਕੀਮਤੀ ਤੋਹਫਾ ਸਿੱਖਾਂ ਦੇ ਹੱਥ ਲੱਗ ਜਾਏਗਾ। ਗੱਫ ਨੇ ਆਪਣੇ ਪੁੱਤਰ ਨੂੰ ਇਹ ਤਾਕੀਦ ਵੀ ਕੀਤੀ ਕਿ ਜੇ ਹਾਰ ਹੋਈ ਤਾਂ ਉਸਦੇ ਸਭ ਨਿਜੀ ਪੱਤਰਾਂ ਨੂੰ ਜਲਾ ਕੇ ਖਤਮ ਕਰ ਦਿੱਤਾ ਜਾਏ।

ਰਾਬਰਟ ਕੌਸਟ ਨਾਂ ਦਾ ਇੱਕ ਅਫਸਰ ਜੋ ਉਸ ਸਮੇ ਮੁਦਕੀ ਵਿੱਚ ਸੀ, ਆਪਣੀ ਡਾਇਰੀ ਵਿੱਚ ਇਹ ਲਿੱਖਦਾ ਹੈ: 'ਗਵੱਰਨਰ ਜਨਰਲ ਵੱਲੋਂ 22 ਦਸੰਬਰ ਦੀ ਸਵੇਰ ਨੂੰ ਇਹ ਖਬਰ ਆਈ ਕਿ ਕੱਲ ਕੀਤਾ ਗਿਆ ਹਮਲਾ ਅਸੱਫਲ ਹੋ ਗਿਆ ਹੈ। ਹਲਾਤ ਬਹੁਤ ਖਤਰਨਾਕ ਹਨ। ਜੇ ਅੱਜ ਹੋਣ ਵਾਲਾ ਹਮਲਾ ਵੀ ਨਾਕਾਮ ਰਿਹਾ, ਤਾਂ ਸਮਝੋ ਸਾਰਾ ਖੇਲ ਖਤਮ, ਇਸ ਲਈ ਸਾਰੇ ਸਰਕਾਰੀ ਪੇਪਰ ਜਲਾ ਦਿੱਤੇ ਜਾਣ। ਪਰ ਮਿਸਟਰ ਕਰੀ ਨੇ ਇਸ ਗੱਲ ਨੂੰ ਗੁਪਤ ਹੀ ਰਹਿਣ ਦਿੱਤਾ'। ਜਰਮਨੀ ਦਾ ਇੱਕ ਰਾਜ ਕੁਮਾਰ ਵੀ ਇਸ ਸਮੇ ਗਵੱਰਨਰ ਜਨਰਲ ਦੇ ਨਾਲ ਸੀ। ਇਸਦਾ ਨਾਮ ਸੀ ਪ੍ਰਿੰਸ ਵਾਲਡੀਮਾਰ,

ਅਤੇ ਇਹ ਇੰਗਲੈਂਡ ਦੇ ਸ਼ਾਹੀ ਪਰਵਾਰ ਦਾ ਦੋਹਤਾ ਸੀ। ਇਸਦੇ ਕੁਝ ਦੋਸਤ ਵੀ ਨਾਲ ਸਨ, ਅਤੇ ਉਹਨਾ ਵਿੱਚੋਂ ਇੱਕ ਇਸ ਜੰਗ ਵਿੱਚ ਵਿੱਚ ਲੜਦਾ ਹੋਇਆ ਮਾਰਿਆ ਗਿਆ ਸੀ। ਵਾਲਡੀਮਾਰ ਵੀ ਅਗਲੇ ਦਿਨ ਦੇ ਜੰਗ ਵਿੱਚ ਲੜਨਾ ਚਾਹੁੰਦਾ ਸੀ। ਪਰ ਲਾਰਡ ਹੈਨਰੀ ਹਾਰਡਿੰਗ ਨੇ ਵੇਖ ਲਿਆ ਸੀ ਕਿ ਸਿੱਖਾਂ ਨਾਲ ਜੰਗ ਕਰਨਾ ਕੋਈ ਬੱਚਿਆਂ ਦਾ ਖੇਲ ਨਹੀਂ ਸੀ। ਉਹ ਪ੍ਰਿੰਸ ਦੀ ਜਾਨ ਖਤਰੇ ਵਿੱਚ ਪਾਉਣੀ ਨਹੀਂ ਚਾਹੁੰਦਾ ਸੀ, ਇਸ ਲਈ ਉਸਨੇ ਪ੍ਰਿੰਸ ਦੇ ਨਾਂਹ ਨਾਂਹ ਕਰਦੇ ਹੋਏ ਵੀ ਉਸਨੂੰ ਮੁਦਕੀ ਭੇਜ ਦਿੱਤਾ।

ਇਹਨਾ ਸਭ ਲੱਛਣਾ ਤੋਂ ਤਾਂ ਇਹੋ ਲੱਗਦਾ ਹੈ ਕਿ ਅੰਗਰੇਜ਼ਾਂ ਨੂੰ ਅਗਲੇ ਦਿਨ ਹੋਣ ਵਾਲੀ ਲੜਾਈ ਵਿੱਚ ਜਿੱਤ ਦੀ ਆਸ ਬਹੁਤ ਹੀ ਘੱਟ ਸੀ। ਸਿੱਖਾਂ ਦਾ ਵੀ ਬੇਸ਼ੱਕ ਭਾਰੀ ਨੁਕਸਾਨ ਹੋਇਆ ਸੀ, ਪਰ ਉਹਨਾ ਨੇ ਆਪਣੇ ਮੋਰਚੇ ਫਿਰ ਮੱਲ ਲਏ ਸਨ। ਉਹਨਾ ਨੂੰ ਫਿਰੋਜਪੁਰ ਤੋਂ ਹੋਰ ਫੌਜ ਪਹੁੰਚਣ ਦੀ ਵੀ ਉਮੀਦ ਸੀ, ਜਦੋਂ ਕਿ ਅੰਗਰੇਜ ਫੌਜ ਥੱਕੀ ਹੋਈ ਸੀ, ਅਫਸਰ ਨਿਰਾਸ਼ ਸਨ। ਫੌਜੀ ਰੈਜੀਮੈਂਟਾਂ ਵਿੱਚ ਪੂਰਾ ਤਾਲਮੇਲ ਨਹੀਂ ਸੀ। ਹੈਰੀ ਸਮਿੱਥ ਫੇਰੂ ਸ਼ਹਿਰ ਦੇ ਪਿੰਡ ਵਿੱਚ ਬੈਠਾ ਹੋਇਆ ਸੀ। ਉਸਦੇ ਅਤੇ ਉਸਦੇ ਕਮਾਂਡਰ-ਇਨ-ਚੀਫ ਵਿੱਚ ਕੋਈ ਸੰਪਰਕ ਨਹੀਂ ਸੀ। ਦਿਨ ਚੜਨ ਤੋਂ ਪਹਿਲਾਂ ਹੀ ਉਸਨੇ ਖਾਲਸਾ ਫੌਜ ਦੇ ਮੋਰਚਿਆਂ ਵਿੱਚ ਇੱਕ ਪਾੜਾ ਵੇਖ ਕੇ ਆਪਣੀ ਫੌਜ ਨੂੰ ਫੇਰੂ ਸ਼ਹਿਰ ਵਿੱਚੋਂ ਬਾਹਰ ਕੱਢ ਲਿਆ, ਅਤੇ ਲਿਟਲਰ ਨਾਲ ਜਾ ਮਿਲਿਆ, ਜੋ ਮਿਸਰੀਵਾਲਾ ਪਿੰਡ ਵਿੱਚ ਡੇਰਾ ਜਮਾਈ ਬੈਠਾ ਸੀ।

SIKHBOOKCLUB.COM

## ਫੇਰੂ ਸ਼ਹਿਰ-22 ਦਸੰਬਰ 1845

ਅਖੀਰ 21 ਦਸੰਬਰ ਦੀ ਅਭੁੱਲ ਰਾਤ ਖਤਮ ਹੋਈ। ਦਿਨ ਚੜਿਆ। ਸਵੇਰ ਦੇ ਘੁਸਮੁਸੇ ਵਿੱਚ ਲਾਰਡ ਗੱਫ ਦੀ ਫੌਜ ਹਮਲੇ ਲਈ ਕਤਾਰਬੰਦ ਹੋਈ। ਇਸ ਕਤਾਰ ਦੇ ਸੱਜੇ ਪਾਸੇ ਦੀ ਕਮਾਨ ਲਾਰਡ ਗੱਫ ਨੇ ਆਪ ਸੰਭਾਲ ਲਈ, ਅਤੇ ਖੱਬੇ ਪਾਸੇ ਦੀ ਲਾਰਡ ਹੈਨਰੀ ਹਾਰਡਿੰਗ ਨੇ। ਗਿਲਬਰਟ ਅਤੇ ਵਾਲਸ ਆਪਣੀ ਆਪਣੀ ਡਵੀਜਨ ਦੀ ਅਗਵਾਹੀ ਕਰ ਰਹੇ ਸਨ। ਫੀਲਡ ਤੋਪਾਂ ਪੈਦਲ ਸੈਨਾ ਦੇ ਅੱਗੇ ਤੈਨਾਤ ਹੋ ਗਈਆਂ, ਅਤੇ ਘੋੜ ਤੋਪਾਂ ਦੋਵਾਂ ਸਿਰਿਆਂ ਤੇ। ਤੋਪਖਾਨਾ ਗੋਲਾਬਾਰੀ ਕਰਦਾ ਹੋਇਆ ਅੱਗੇ ਵਧਿਆ। ਇਸ ਦੇ ਪਿੱਛੇ ਪੈਦਲ ਸਿਪਾਹੀ ਆਪਣਾ ਫਾਇਰ ਰੋਕ ਕੇ ਰੱਖਦੇ ਹੋਏ ਅੱਗੇ ਵਧੇ।

ਪਹਿਲੇ ਦਿਨ ਦੀ ਲੜਾਈ ਵਿੱਚ ਖਾਲਸੇ ਦੀਆਂ ਕਈ ਤੋਪਾਂ ਜਾਂ ਤਾਂ ਅੰਗਰੇਜਾਂ ਦੇ ਕਬਜੇ ਵਿੱਚ ਆ ਗਈਆਂ ਸਨ, ਜਾਂ ਬੇਕਾਰ ਕਰ ਦਿੱਤੀਆਂ ਗਈਆਂ ਸਨ-ਤੋਪਾਂ ਦੇ ਬਰੂਦ ਵਾਲੇ ਖਾਨੇ ਵਿੱਚ ਇੱਕ ਬਰੀਕ ਮੋਰੀ ਹੁੰਦੀ ਸੀ, ਜਿਸ ਰਾਹੀਂ ਤੋਪ ਨੂੰ ਫਾਇਰ ਕਰਨ ਲਈ ਬਰੂਦ ਨੂੰ ਅੱਗ ਲਾਈ ਜਾਂਦੀ ਸੀ। ਤੋਪ ਨੂੰ ਬੇਕਾਰ ਕਰਨ ਲਈ ਇਸ ਮੋਰੀ ਵਿੱਚ ਕਿੱਲ ਠੋਕ ਕੇ ਇਸਨੂੰ ਬੰਦ ਕਰ ਦਿੱਤਾ ਜਾਂਦਾ ਸੀ, ਤਾਂਕਿ ਤੋਪ ਫਾਇਰ ਨਾ ਕਰ ਸਕੇ। ਫੌਜ ਦੇ ਕੁਝ ਸਿਪਾਹੀ ਕਿੱਲ ਅਤੇ ਹਥੌੜੇ ਲੈ ਕੇ ਇਸ ਕੰਮ ਲਈ ਤਿਆਰ ਰੱਖੇ ਜਾਂਦੇ ਸਨ। ਅੰਗਰੇਜੀ ਵਿੱਚ ਇਸ ਨੂੰ ਕਹਿੰਦੇ ਸਨ: ਸਪਾਈਕਿੰਗ ਦੀ ਗੰਨ। ਜੇ ਤੋਪ ਨੂੰ ਲਿਜਾਉਣਾ ਮੁਸ਼ਕਿਲ ਹੁੰਦਾ ਤਾਂ ਉਸਨੂੰ ਇਹ ਤਰੀਕਾ ਵਰਤ ਕੇ ਬੇਕਾਰ ਕਰ ਦਿੱਤਾ ਜਾਂਦਾ ਸੀ। ਸੋ ਖਾਲਸਾ ਫੌਜ ਕੋਲ ਅੰਗਰੇਜੀ ਤੋਪਾਂ ਦਾ ਮੁਕਾਬਲਾ ਕਰਨ ਲਈ ਲੋੜੀਂਦੀਆਂ ਤੋਪਾਂ ਨਹੀਂ ਸਨ। ਜਲਦੀ

ਹੀ ਅੰਗਰੇਜ਼ ਖਾਲਸਾ ਮੋਰਚਿਆਂ ਤੱਕ ਪਹੁੰਚ ਗਏ। ਪੈਦਲ ਸੈਨਿਕਾਂ ਦੀ ਲੜਾਈ ਸ਼ੁਰੂ ਹੋ ਗਈ। ਅੰਗਰੇਜ਼ਾਂ ਦਾ ਪਲੜਾ ਭਾਰੀ ਸੀ, ਪਰ ਉਸ ਸਮੇਂ ਕੁਝ ਘੋੜ ਸਵਾਰਾਂ ਨੇ ਖਬਰ ਦਿੱਤੀ ਕਿ ਫਿਰੋਜ਼ਪੁਰ ਵਾਲੇ ਪਾਸਿਉਂ ਇੱਕ ਹੋਰ ਸਿੱਖ ਫੌਜ ਆ ਰਹੀ ਹੈ। ਇਸ ਖਬਰ ਨੇ ਅੰਗਰੇਜ਼ੀ ਸੈਨਾ ਨੂੰ ਹੈਰਾਨ ਪਰੇਸ਼ਾਨ ਕਰ ਦਿੱਤਾ।

ਘੱਟੇ ਦੇ ਬੱਦਲ ਉਡਾਉਂਦੀ ਹੋਈ ਇਹ ਸੈਨਾ ਜਲਦੀ ਹੀ ਫੇਰੂ ਸ਼ਹਿਰ ਪਹੁੰਚ ਗਈ। ਇਹ ਤੇਜ ਸਿੰਘ ਦੀ ਉਹੋ ਸੈਨਾ ਸੀ, ਜੋ ਫਿਰੋਜ਼ਪੁਰ ਨੂੰ ਘੇਰਾ ਪਾ ਕੇ ਬੈਠੀ ਰਹੀ ਸੀ, ਜਦੋਂ ਕਿ ਜਨਰਲ ਲਿਟਲਰ ਉਸਨੂੰ ਚਕਮਾ ਦੇ ਕੇ ਫਿਰੋਜ਼ਪੁਰੋਂ ਨਿਕਲ ਗਿਆ ਸੀ। ਤੇਜ ਸਿੰਘ ਨੇ ਸਾਰਾ ਦਿਨ ਕੁਝ ਨਾ ਕੀਤਾ, ਜਦੋਂ ਕਿ ਫੇਰੂ ਸ਼ਹਿਰ ਵਿੱਚ ਘਮਸਾਨ ਦਾ ਯੁੱਧ ਹੋ ਰਿਹਾ ਸੀ। ਸਿੱਖ ਅਤੇ ਹੋਰ ਭਾਰਤੀ ਇਤਿਹਾਸਕਾਰ ਤਾਂ ਇਹ ਕਹਿੰਦੇ ਹਨ ਕਿ ਤੇਜ ਸਿੰਘ ਗੱਦਾਰ ਸੀ, ਉਸਨੇ ਜਾਣ ਬੁਝ ਕੇ ਲਿਟਲਰ ਨੂੰ ਫਿਰੋਜ਼ਪੁਰ ਤੋਂ ਬਚਕੇ ਨਿਕਲਣ ਦਿੱਤਾ। ਕੈਪਟਨ ਕੁਨਿੰਘਮ ਦਾ ਵੀ ਇਹੋ ਕਹਿਣਾ ਹੈ। ਕਹਿੰਦੇ ਹਨ ਕਿ ਤੇਜ ਸਿੰਘ ਫਿਰੋਜ਼ਪੁਰ ਵਿੱਚ ਅੰਗਰੇਜ਼ੀ ਏਜੰਟ ਕੈਪਟਨ ਨਿਕੋਲਸਨ ਦੇ ਸੰਪਰਕ ਵਿੱਚ ਸੀ। ਉਸਦੀ ਮਹਾਰਾਣੀ ਅਤੇ ਭਰਾ, ਵਜ਼ੀਰ ਲਾਲ ਸਿੰਘ ਵੀ ਖਾਲਸੇ ਦੀ ਹਾਰ ਹੀ ਚਾਹੁੰਦੇ ਸਨ। ਪਰ ਇਹ ਤਿੰਨੇ ਖਾਲਸਾ ਫੌਜ ਦੇ ਡਰ ਵਜੋਂ ਖੁੱਲੇ ਤੌਰ ਤੇ ਗੱਦਾਰੀ ਕਰਨੋ ਡਰਦੇ ਸਨ, ਪਰ ਇਹਨਾ ਨੂੰ ਜਦੋਂ ਵੀ ਮੌਕਾ ਮਿਲਦਾ ਇਹ ਅੰਦਰਖਾਨੇ ਫੌਜ ਨੂੰ ਹਰਾਉਣ ਲਈ ਕੁਝ ਵੀ ਕਰਨ ਤੋਂ ਨਹੀਂ ਹਿਚਕਚਾਉਂਦੇ ਸਨ।

ਪਰ ਜ਼ਿਆਦਾਤਰ ਅੰਗਰੇਜ਼ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਨਹੀ ਹਨ। ਉਹਨਾ ਅਨੁਸਾਰ ਇਹ ਤੇਜ ਸਿੰਘ ਦੀ ਇੱਕ ਗਲਤੀ ਸੀ, ਜੋ ਉਸਦੀ ਸੈਨਿਕ ਅਯੋਗਤਾ ਅਤੇ ਅਨੁਭਵ ਦੀ ਕਮੀ ਕਾਰਨ ਸੀ। ਉਹਨਾ ਦੀ ਇਹ ਗੱਲ ਸਮਝ ਵਿੱਚ ਆ ਜਾਂਦੀ ਹੈ, ਕਿਉਂਕਿ ਉਹਨਾ ਲਈ ਇਹ ਗੱਲ ਸਵੀਕਾਰ ਕਰਨਾ ਬਹੁਤ ਹੀ ਮੁਸ਼ਕਿਲ ਹੈ ਕਿ ਉਹਨਾ ਨੇ ਇਹ ਜੰਗ ਆਪਣੀ ਬਹਾਦਰੀ ਨਾਲ ਨਹੀਂ ਬਲਕਿ ਸਿੱਖ ਫੌਜ ਦੇ ਜਰਨੈਲਾਂ ਦੀ ਗੱਦਾਰੀ ਕਾਰਨ ਜਿੱਤੀ ਸੀ।

ਸਚਾਈ ਕੁਝ ਵੀ ਹੋਵੇ ਪ੍ਰੰਤੂ ਤੇਜ ਸਿੰਘ ਦੀ ਅਗਲੀ ਕਾਰਵਾਈ ਤੋਂ ਇਹ ਸ਼ੱਕ ਹੋਰ ਵੀ ਪੱਕਾ ਹੋ ਜਾਂਦਾ ਹੈ ਕਿ ਉਹ ਸਿੱਖ ਫੌਜ ਦੀ ਜਿੱਤ ਨਹੀਂ ਚਾਹੁੰਦਾ ਸੀ। ਇਹੋ ਇਰਾਦਾ ਉਸਦੇ ਭਰਾ ਲਾਲ ਸਿੰਘ ਦਾ ਸੀ। ਰਾਣੀ ਜਿੰਦਾਂ ਤਾਂ ਪੰਜਾਬਣਾ ਨੂੰ ਰੰਡੀਆਂ ਕਰਨ ਦਾ ਫੈਸਲਾ ਕਰ ਹੀ ਚੁੱਕੀ ਸੀ।

ਫੇਰੂ ਸ਼ਹਿਰ ਫਿਰੋਜ਼ਪੁਰ ਤੋਂ ਕੋਈ ਜਿਆਦਾ ਦੂਰ ਨਹੀਂ ਸੀ। ਸ਼ਾਮ ਨੂੰ ਖਾਲਸਾ ਫੌਜੀਆਂ ਨੇ ਤੋਪਾਂ ਚੱਲਣ ਦੀ ਅਵਾਜ਼ ਸੁਣੀ ਤਾਂ ਉਹਨਾ ਨੂੰ ਪਤਾ ਲੱਗਾ ਕਿ ਫੇਰੂ ਸ਼ਹਿਰ ਦੀ ਜੰਗ ਸ਼ੁਰੂ ਹੋ ਚੁੱਕੀ ਹੈ। ਫਿਰੋਜ਼ਪੁਰ ਛਾਉਣੀ ਦੀ ਸੂਹ ਲਈ ਤਾਂ ਪਤਾ ਲੱਗਾ ਕਿ ਪੰਛੀ ਤਾਂ ਪਿੰਜਰੇ ਵਿੱਚੋਂ ਉੱਡ ਚੁੱਕਾ ਹੈ, ਅਤੇ ਉਹ ਖਾਲੀ ਪਿੰਜਰੇ ਨੂੰ ਘੇਰਾ ਪਾਈ ਬੈਠੇ ਹਨ। ਲਿਟਲਰ ਜਾ ਚੁੱਕਾ ਸੀ। ਉਹ ਤਾਂ ਫੇਰੂ ਸ਼ਹਿਰ ਪਹੁੰਚ ਕੇ ਖਾਲਸੇ ਨਾਲ ਯੁੱਧ ਕਰ ਰਿਹਾ ਸੀ। ਇਹ ਪਤਾ ਲੱਗਣ ਤੇ ਵੀ ਤੇਜ ਸਿੰਘ ਨੇ ਕੁਝ ਨਾ ਕੀਤਾ। ਉਸਨੇ ਫਿਰ ਵੀ ਰਾਤ ਫਿਰੋਜ਼ਪੁਰ ਹੀ ਕੱਟੀ। ਜੇ ਉਸਨੂੰ ਸਿੱਖ ਸਰਦਾਰਾਂ ਦਾ ਡਰ ਨਾ ਹੁੰਦਾ ਤਾਂ ਉਹ ਸ਼ਾਇਦ ਅਗਲੇ ਦਿਨ ਵੀ ਫਿਰੋਜ਼ਪੁਰ ਹੀ ਬੈਠਾ ਰਹਿੰਦਾ।

ਅਗਲੇ ਦਿਨ ਜਦੋਂ ਤੇਜ ਸਿੰਘ ਸੈਨਾ ਲੈ ਕੇ ਪਹੁੰਚਾ ਤਾਂ ਅੰਗਰੇਜ਼ ਲੱਗਭੱਗ ਮੈਦਾਨ ਮਾਰ ਹੀ ਚੁੱਕੇ ਸਨ। ਪਰ ਬਾਜ਼ੀ ਅਜੇ ਵੀ ਜਿੱਤੀ ਜਾ ਸਕਦੀ ਸੀ ਜੇ ਉਹ ਹਿੰਮਤ ਤੋਂ ਕੰਮ ਲੈਂਦਾ। ਪਰ ਤੇਜ ਸਿੰਘ ਦੇ ਮਨ ਵਿੱਚ ਖੋਟ ਸੀ। ਉਸ ਯੁੱਧ ਕਰਨ ਦਾ ਬੱਸ ਨਾਟਕ ਜਿਹਾ ਹੀ ਕੀਤਾ। ਅੰਗਰੇਜ਼ ਫੌਜ ਥੱਕੀ ਹੋਈ ਸੀ। ਭੁੱਖੀ, ਤਿਹਾਈ ਅਤੇ ਉਨੀਂਦਰੀ ਸੀ। ਉਸਦਾ ਗੋਲਾ ਬਰੂਦ ਮੁੱਕਣ ਵਾਲਾ ਸੀ। ਬੱਸ ਥੋੜੀ ਜਿਹੀ ਹੋਰ ਕੋਸ਼ਿਸ਼ ਦੀ ਲੋੜ ਸੀ। ਅੰਗਰੇਜ਼ ਕਹਿੰਦੇ ਹਨ ਕਿ ਸ਼ਾਇਦ ਤੇਜ ਸਿੰਘ ਨੂੰ ਇਹਨਾ ਗੱਲਾਂ ਦਾ ਪਤਾ ਹੀ ਨਹੀਂ ਸੀ। ਪਰ ਇੱਕ ਜਰਨੈਲ ਦਾ ਹੋਰ ਕੰਮ ਹੀ ਕੀ ਹੈ? ਹਲਾਤ ਦਾ ਜਾਇਜ਼ਾ ਲੈਣਾ ਅਤੇ ਸਹੀ ਫੈਸਲੇ ਕਰਨਾ। ਨਹੀਂ ਤਾਂ ਉਸ ਵਿੱਚ ਅਤੇ ਆਮ ਸੈਨਿਕ ਵਿੱਚ ਫਰਕ ਹੀ ਕੀ ਹੈ?

ਅੰਗਰੇਜ਼ ਇਤਿਹਾਸਕਾਰਾਂ ਦਾ ਇਹ ਕਹਿਣਾ ਹੈ ਕਿ ਉਸਨੇ ਅੰਗਰੇਜ਼ੀ ਫੌਜ ਤੇ ਹਮਲਾ ਕੀਤਾ

ਸੀ। ਉਸਦੇ ਤੋਪਖਾਨੇ ਨੇ ਅੰਗਰੇਜ਼ੀ ਸੈਨਾ ਤੇ ਗੋਲਾਬਾਰੀ ਕੀਤੀ, ਉਸਦੇ ਘੋੜ ਸਵਾਰਾਂ ਨੇ ਅੰਗਰੇਜ਼ੀ ਸੈਨਾ ਦੀਆਂ ਸੱਜੀਆਂ ਅਤੇ ਖੱਬੀਆਂ ਵੱਖੀਆਂ ਤੇ ਹਮਲੇ ਵੀ ਕੀਤੇ, ਪਰ ਅੰਗਰੇਜ਼ੀ ਸੈਨਾ ਨੇ ਉਸਦੇ ਹਮਲੇ ਨੂੰ ਨਾਕਾਮ ਕਰ ਦਿੱਤਾ, ਅਤੇ ਉਸਨੇ ਆਪਣੀ ਸੈਨਾ ਨੂੰ ਪਿੱਛੇ ਹੱਟਣ ਦਾ ਹੁਕਮ ਦਿੱਤਾ, ਕਿਉਂਕਿ ਉਸ ਵੇਖਿਆ ਕਿ ਕੁਝ ਅੰਗਰੇਜ਼ੀ ਤੋਪਾਂ ਅਤੇ ਘੋੜ ਸਵਾਰ ਟੁੱਕੜੀਆਂ ਫਿਰੋਜ਼ਪੁਰ ਵੱਲ ਵਧ ਰਹੀਆਂ ਹਨ, ਅਤੇ ਉਸਨੂੰ ਡਰ ਸੀ ਕਿ ਕਿਤੇ ਅੰਗਰੇਜ਼ੀ ਫੌਜ ਉਸ ਤੇ ਪਿੱਛਵਾੜਿਉਂ ਹਮਲਾ ਨਾ ਕਰ ਦੇਵੇ।

ਖੈਰ ਤੇਜ ਸਿੰਘ ਜਾਨ ਬਚਾ ਕੇ ਸਤਲੁਜ ਵੱਲ ਭੱਜ ਗਿਆ। 3 ਲਾਈਟ ਡਰਾਗੂਨ ਅਤੇ 4 ਬੰਗਾਲ ਲਾਂਸਰ ਦੇ ਘੋੜ ਸਵਾਰਾਂ ਨੇ ਉਸਦਾ ਕੁਝ ਦੂਰ ਤੱਕ ਪਿੱਛਾ ਕੀਤਾ। ਇਹਨਾ ਘੋੜ ਸਵਾਰਾਂ ਦੀ ਅਗਵਾਈ ਬਰਗੇਡੀਅਰ ਵਾਈਟ ਨੇ ਕੀਤੀ। ਜਨਰਲ ਗਿਲਬਰਟ ਵੀ ਨਾਲ ਗਿਆ। ਪਰ ਇਹ ਤੇਜ ਸਿੰਘ ਦਾ ਕੋਈ ਜਿਆਦਾ ਨੁਕਸਾਨ ਨਾ ਕਰ ਸੱਕੇ। ਅੰਗਰੇਜ਼ ਆਪ ਵੀ ਇਸ ਦੋ ਦਿਨ ਦੀ ਜੰਗ ਵਿੱਚ ਬੇਹੱਦ ਥੱਕ ਗਏ ਸਨ। ਉਹਨਾ ਵਿੱਚ ਏਨੀ ਹਿੰਮਤ ਨਹੀਂ ਸੀ ਕਿ ਦੂਰ ਤੱਕ ਖਾਲਸੇ ਦਾ ਪਿੱਛਾ ਕਰਦੇ। ਉਹ ਜਲਦੀ ਹੀ ਫੇਰੂ ਸ਼ਹਿਰ ਵਾਪਸ ਆ ਗਏ, ਅਤੇ ਸਿੱਖਾਂ ਨੂੰ ਆਪਣੇ ਹਾਲ ਤੇ ਛੱਡ ਦਿੱਤਾ।

ਤੇਜ ਸਿੰਘ ਨੂੰ ਭੱਜਦਾ ਵੇਖਕੇ ਲਾਲ ਸਿੰਘ ਦੀ ਫੌਜ ਨੇ ਵੀ ਲੜਾਈ ਜਾਰੀ ਰੱਖਣਾ ਵਿਅੱਰਥ ਸਮਝਿਆ, ਅਤੇ ਉਹ ਵੀ ਪਿੱਛੇ ਸਤਲੁਜ ਵੱਲ ਹਟ ਗਈ। ਜਲਦੀ ਹੀ ਸਾਰੀ ਸਿੱਖ ਸੈਨਾ ਸਤਲੁਜ ਤੋਂ ਪਾਰ ਆਪਣੇ ਇਲਾਕੇ ਵਿੱਚ ਚਲੀ ਗਈ।

ਲਾਰਡ ਗੱਫ ਖੁਦ ਕਿਨ੍ਹਾ ਨਿਡੱਰ ਸੀ ਇਸਦੀ ਇੱਕ ਉਦ੍ਹਾਰਣ ਇੱਕ ਅੰਗਰੇਜ਼ ਅਫਸਰ ਦੇ ਇਹਨਾ ਲਫਜ਼ਾਂ ਤੋਂ ਮਿਲਦੀ ਹੈ: 'ਹਮਲੇ ਦੁਰਾਨ ਬਰਗੇਡੀਅਰ ਵਾਲਸ ਨੂੰ ਤੋਪ ਦਾ ਗੋਲਾ ਵੱਜਾ, ਅਤੇ ਉਹ ਮਰ ਗਿਆ। ਸਿੱਖ ਤੋਪਾਂ ਦੀ ਗੋਲਾਬਾਰੀ ਏਨੀ ਸਖਤ ਸੀ, ਕਿ ਭਾਰੀ ਗਿਣਤੀ ਵਿੱਚ ਪੈਦਲ ਸੈਨਿਕ ਮਰ ਮਰ ਕੇ ਡਿੱਗ ਰਹੇ ਸਨ। ਇਹ ਵੇਖਕੇ ਲਾਰਡ ਗੱਫ ਕੋਲੋਂ ਰਿਹਾ ਨਾ ਗਿਆ, ਅਤੇ ਉਹ ਆਪਣੇ ਘੋੜੇ ਤੇ ਸਵਾਰ ਹੋ ਕੇ ਇੱਕ ਉੱਚੇ ਟਿੱਲੇ ਤੇ ਖਲੋ ਗਿਆ, ਤਾਂਕਿ ਸਿੱਖ ਤੋਪਾਂ ਦਾ ਧਿਆਨ ਉਸ ਵੱਲ ਹੋ ਜਾਏ ਅਤੇ ਉਹਨਾ ਦੇ ਸਾਰੇ ਗੋਲੇ ਉਸਦੇ ਫੌਜੀਆਂ ਵੱਲ ਹੀ ਨਾ ਜਾਣ। ਗੱਫ ਵੱਲ ਕਈ ਗੋਲੇ ਗਏ ਵੀ, ਪਰ ਉਸਨੂੰ ਖਰੋਚ ਤੱਕ ਨਾ ਆਈ। ਇਸ ਤੋਂ ਕੁਝ ਦੇਰ ਪਹਿਲਾਂ ਹੀ ਲਾਰਡ ਗੱਫ ਦੇ ਘੋੜੇ ਨੂੰ ਗੋਲੀ ਵੱਜੀ ਸੀ, ਅਤੇ ਉਹ ਮਰ ਗਿਆ ਸੀ। ਇਹ ਉਸਦਾ ਦੂਸਰਾ ਘੋੜਾ ਸੀ। ਇਹ ਗੱਲ ਕਿਨ੍ਹੀ ਠੀਕ ਸੀ ਇਸਦਾ ਤਾਂ ਪਤਾ ਨਹੀਂ, ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਜੰਗੀ ਲਾਟ ਬਹਾਦਰ ਸੀ, ਆਪਣੀਆਂ ਫੌਜਾਂ ਦੇ ਮੂਹਰੇ ਹੋ ਕੇ ਲੜਦਾ ਸੀ। ਤੇਜ ਸਿੰਘ ਅਤੇ ਲਾਲ ਸਿੰਘ ਵਾਂਗ ਹਮੇਸ਼ਾਂ ਆਪਣੀ ਜਾਨ ਬਚਾਉਣ ਦੀ ਹੀ ਕੋਸ਼ਿਸ਼ ਵਿੱਚ ਨਹੀਂ ਰਹਿੰਦਾ ਸੀ।

ਯੁੱਧ ਤੋਂ ਬਾਅਦ ਜਦੋਂ ਜੇਤੂ ਅੰਗਰੇਜ਼ ਲਹੌਰ ਵਿੱਚ ਪਹੁੰਚੇ ਤਾਂ ਲਾਰਡ ਹੈਨਰੀ ਹਾਰਡਿੰਗ ਇੱਕ ਨਾਲ ਹੋਈ ਇੰਟਰਵਿਊ ਵਿੱਚ ਤੇਜ ਸਿੰਘ ਨੇ ਆਪਣੇ ਜੰਗ ਵਿੱਚੋਂ ਭੱਜ ਜਾਣ ਦੀ ਇਹ ਸਫਾਈ ਦਿੱਤੀ ਕਿ ਫੇਰੂ ਸ਼ਹਿਰ ਪਹੁੰਚ ਕੇ ਉਸ ਵੇਖ ਲਿਆ ਸੀ ਕਿ ਲਾਲ ਸਿੰਘ ਦੀ ਫੌਜ ਦਾ ਕੀ ਹਾਲ ਹੋਇਆ ਹੈ। ਉਸ ਸੋਚਿਆ ਕਿ ਜਿਸ ਅੰਗਰੇਜ਼ ਫੌਜ ਨੇ ਏਨੀ ਭਿਆਨਕ ਜੰਗ ਕਰਕੇ ਖਾਲਸੇ ਦੇ ਮੋਰਚਿਆਂ ਤੇ ਕਬਜਾ ਕਰ ਲਿਆ ਹੈ ਉਸਨੂੰ ਹਰਾਉਣਾ ਸੰਭਵ ਨਹੀਂ ਹੈ। ਉਸਨੂੰ ਪਤਾ ਨਹੀਂ ਸੀ ਕਿ ਅੰਗਰੇਜ਼ ਫੌਜ ਥੱਕੀ ਹਾਰੀ ਹੋਈ ਹੈ, ਅਤੇ ਉਸਦਾ ਅਸਲਾ ਮੁਕਣ ਹੀ ਵਾਲਾ ਹੈ। ਉਸਦੀ ਆਪਣੀ ਫੌਜ ਵਿੱਚ ਅਨੁਭਵਹੀਣ ਅਤੇ ਆਪਹੁਦਰੇ ਸਿਪਾਹੀ ਸਨ। ਉਹ ਅੰਗਰੇਜ਼ ਫੌਜ ਦਾ ਸਾਹਮਣਾ ਨਹੀਂ ਕਰ ਸਕਦੇ ਸਨ। ਇਸ ਲਈ ਉਸਨੇ ਮੈਦਾਨ ਛੱਡ ਜਾਣ ਵਿੱਚ ਹੀ ਆਪਣੀ ਅਤੇ ਆਪਣੀ ਫੌਜ ਦੀ ਭਲਾਈ ਸਮਝੀ।

ਨੂੰਡੇ ਲਾਟ ਨੂੰ ਉਸਦੀ ਇਹ ਸਫਾਈ ਬਹੁਤ ਪਸੰਦ ਆਈ, ਕਿਉਂਕਿ ਇਸ ਨਾਲ ਉਸਦੀ ਆਪਣੀ ਫੌਜ ਦੀ ਸੋਭਾ ਵਧਦੀ ਸੀ ਅਤੇ ਸਿੱਖ ਜਰਨੈਲਾਂ ਦੀ ਮੌਕਾਪ੍ਰੱਸਤੀ ਅਤੇ ਗੱਦਾਰੀ ਜਾਹਿਰ ਨਹੀਂ ਹੁੰਦੀ ਸੀ। ਕੁਝ ਵੀ ਹੋਵੇ ਇਹ ਤਾਂ ਸੱਚ ਹੀ ਹੈ ਕਿ ਤੇਜ ਸਿੰਘ ਅਤੇ ਲਾਲ ਸਿੰਘ ਸਿਰਫ ਸ਼ਕਲ ਸੂਰਤ ਤੋਂ

ਹੀ ਖਾਲਸੇ ਸਨ। ਉਹਨਾ ਦਸਮ ਪਾਤਸ਼ਾਹ ਦੀ ਪਹੁਲ ਵੀ ਨਹੀਂ ਚੱਖੀ ਸੀ। ਉਹਨਾ ਵਿੱਚ ਖਾਲਸੇ ਵਾਲੀ ਬਹਾਦਰੀ ਅਤੇ ਦ੍ਰਿੜਤਾ ਦੀ ਕਮੀ ਸੀ, ਕੁਰਬਾਨੀ ਦਾ ਜਜ਼ਬਾ ਨਹੀਂ ਸੀ। 'ਪੁਰਜਾ ਪੁਰਜਾ ਕੱਟ ਮਰੂੰ ਕਬੀ ਨਾਂ ਛੋੜੂੰ ਖੇਤ' ਵਾਲੀ ਭਾਵਨਾ ਨਹੀਂ ਸੀ। ਉਹਨਾ ਨੂੰ ਤਾਂ ਹਮੇਸ਼ਾਂ ਆਪਣੀ ਚਮੜੀ ਅਤੇ ਆਪਣੇ ਰੁਤਬੇ ਬਚਾਉਣ ਦਾ ਫਿਕਰ ਰਹਿੰਦਾ ਸੀ। ਉਹ ਮਹਾਰਾਣੀ ਦੇ ਚਹੇਤੇ ਹੋਣ ਕਾਰਨ ਹੀ ਵਜੀਰ ਅਤੇ ਸੈਨਾਪਤੀ ਸਨ। ਇਹ ਵੀ ਸੱਚ ਹੈ ਕਿ ਜੰਗ ਵਿੱਚ ਹਾਰ ਜਾਣ ਤੋਂ ਬਾਅਦ, ਅਤੇ ਗੱਦਾਰੀ ਦੇ ਸ਼ੱਕ ਦੇ ਬਾਵਜੂਦ, ਵੀ ਉਹਨਾ ਦੇ ਰੁਤਬਿਆਂ ਵਿੱਚ ਕਮੀ ਨਹੀਂ ਕੀਤੀ ਗਈ ਸੀ।

ਸਿੱਖ ਸੈਨਾਪਤੀਆਂ ਦਾ ਇਰਾਦਾ ਕੁਝ ਵੀ ਹੋਵੇ, ਮੈਦਾਨ ਵਿੱਚੋਂ ਭੱਜਦੇ ਦੁਸ਼ਮਣ ਨੂੰ ਵੇਖਕੇ ਅੰਗਰੇਜ ਸੈਨਿਕ ਬਹੁਤ ਖੁਸ਼ ਸਨ। ਕਹਿੰਦੇ ਹਨ ਨਾ ਜਾਨ ਬਚੀ ਲਾਖੋਂ ਪਾਏ। ਹੁਣ ਉਹ ਅਰਾਮ ਕਰ ਸਕਦੇ ਸਨ, ਖਾਹ ਪੀ ਸਕਦੇ ਸਨ। ਸਬੱਬ ਨਾਲ ਖਾਲਸੇ ਦੇ ਡੇਰੇ ਵਿੱਚ ਹੀ ਖਾਣ ਪੀਣ ਦਾ ਕਾਫੀ ਸਮਾਨ ਸੀ। ਖਾਲਸਾ ਆਪਣੀਆਂ ਤੋਪਾਂ ਸਮੇਤ ਸਭ ਕੁਝ ਉਹਨਾ ਲਈ ਛੱਡ ਗਿਆ ਸੀ। ਜਿੱਥੋਂ ਤੱਕ ਜੰਗ ਵਿੱਚੋਂ ਹਿਰਨ ਹੋਏ ਖਾਲਸੇ ਦਾ ਸਵਾਲ ਸੀ, ਸ਼ਾਹ ਮੁਹੰਮਦ ਅੱਖੀਂ ਵੇਖੀ ਅਤੇ ਕੰਨੀਂ ਸੁਣੀ ਅਨੁਸਾਰ ਜੰਗ ਵਿੱਚੋਂ ਹਾਰ ਕੇ ਆਏ ਗਭਰੂਆਂ ਦੀ ਮਨੋ-ਦਸ਼ਾ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ (ਇਹ ਉਹੋ ਗਭਰੂ ਸਨ ਜੋ ਪਹਿਲਾਂ ਅੰਗਰੇਜਾਂ ਨਾਲ ਜੰਗ ਕਰਨ ਨੂੰ ਕਾਹਲੇ ਸਨ, ਪਰ ਹੁਣ ਉਹਨਾ ਨੂੰ ਪਤਾ ਲੱਗ ਗਿਆ ਸੀ ਕਿ ਜੰਗ ਦੀਆਂ ਗੱਲਾਂ ਕਰਨੀਆਂ ਸੌਖੀਆਂ ਸਨ, ਪਰ ਜੰਗ ਕਰਨਾ ਹੋਰ ਗੱਲ ਸੀ)

ਸ਼ਾਹ ਮੁਹੰਮਦ:

**ਜਦੋਂ ਪਿਆ ਹਰਾਸ ਤੇ ਕਰਨ ਗੱਲਾਂ, ਮੁੰਡੇ ਘੋੜ ਚੜੇ ਨਵੇਂ ਛੋਕਰੇ ਜੀ।**
**ਅੱਧੀ ਰਾਤ ਨੂੰ ਉੱਠਕੇ ਖਿਸਕ ਤੁਰੀਏ, ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।**
**ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ, ਅਸੀਂ ਕਿਨ੍ਹਾ ਦੇ ਹਾਂ ਪੁੱਤ ਪੋਤਰੇ ਜੀ।**
**ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ, ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ।**

ਆਮ ਲੋਕਾਂ ਦੀ ਟਿੱਪਣੀ:

**ਘਰੋਂ ਗਏ ਫਰੰਗੀ ਦੇ ਮਾਰਨੇ ਨੂੰ, ਬੇੜੇ ਤੋਪਾਂ ਦੇ ਸਭ ਖੁਹਾਇ ਆਏ।**
**ਛੇੜ ਆਫਤਾਂ ਨੂੰ ਮਗਰ ਲਾਇਓ ਨੇ, ਸਗੋਂ ਆਪਣਾ ਆਪ ਗਵਾਇ ਆਏ।**
**ਸੁਖੀ ਵੱਸਦਾ ਸ਼ਹਿਰ ਲਹੌਰ ਸਾਰਾ, ਸਗੋਂ ਕੁੰਜੀਆਂ ਹੱਥ ਫੜਾਇ ਆਏ।**
**ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾਏ ਆਏ।**

ਕਈ ਅੰਗਰੇਜ ਜਖਮੀ ਰਾਤ ਭਰ ਤੜਫਦੇ ਰਹੇ। ਜੰਗ ਦੇ ਰੁਝੇਵੇਂ ਵਿੱਚ ਕਿਸੇ ਨੇ ਉਹਨਾ ਦੀ ਸਾਰ ਨਾਂ ਲਈ। ਹੁਣ ਅੰਗਰੇਜਾਂ ਨੇ ਉਹਨਾ ਦੀ ਮਲਮ ਪੱਟੀ ਦਾ ਇੰਤਜਾਮ ਕੀਤਾ। ਅੰਗਰੇਜ ਅਕਸਰ ਇਹ ਸ਼ਕਾਇਤ ਕਰਦੇ ਸਨ ਕਿ ਸਿੱਖ ਉਹਨਾ ਦੇ ਜਖਮੀਆਂ ਨੂੰ ਮਾਰ ਦਿੰਦੇ ਸਨ, ਪਰ ਇੱਕ ਸਿੱਖ ਦੀ ਮਨੁੱਖੀ ਸੇਵਾ ਭਾਵਨਾ ਦਾ ਜਿਕਰ ਉਹ ਖੁਦ ਕਰਦੇ ਹਨ। ਇਸ ਸਿੱਖ ਨੇ ਜੋ ਕੀਤਾ ਉਹ ਭਾਈ ਘਨੱਈਆ ਦੀ ਯਾਦ ਦੁਆਉਂਦਾ ਹੈ।

9 ਨੰਬਰ ਰੈਜੀਮੈਂਟ ਦਾ ਇੱਕ ਗੋਰਾ ਅਫਸਰ ਲੈਫਟੀਨੈਂਟ ਸਿਵਰਾਈਟ ਸਿੱਖ ਤੋਪਾਂ ਸਾਹਮਣੇ ਸਾਰੀ ਰਾਤ ਜਖਮੀ ਹਾਲਤ ਵਿੱਚ ਪਿਆ ਰਿਹਾ। ਉਸ ਦੀ ਲੱਤ ਟੁੱਟ ਗਈ ਸੀ, ਇਸ ਲਈ ਉਹ ਤੁਰ ਫਿਰ ਨਹੀਂ ਸਕਦਾ ਸੀ। ਦਿਨ ਦੀ ਲੋਅ ਲੱਗਣੀ ਸ਼ੁਰੂ ਹੋਈ ਤਾਂ ਉਹ ਆਪਣੀ ਲੱਤ ਘਸੀਟਦਾ ਹੋਇਆ ਤੋਪਾਂ ਤੋਂ ਕੁਝ ਦੂਰ ਚਲਾ ਗਿਆ। ਉਸ ਵੇਖਿਆ ਕਿ ਇੱਕ ਸਿੱਖ ਸਿਪਾਹੀ ਉਸ ਵੱਲ ਆ ਰਿਹਾ ਹੈ। ਉਸਨੇ ਆਪਣਾ ਪਿਸਤੌਲ ਉਸ ਵੱਲ ਤਾਣ ਕੇ ਕਿਹਾ ਕਿ ਉਹ ਉਸਦੇ ਨਜਦੀਕ ਨਾ ਆਵੇ। ਪਰ ਸਿੱਖ ਨੇ ਉਸਨੂੰ ਫਤਹਿ ਬੁਲਾਈ ਅਤੇ ਕਿਹਾ ਕਿ ਡਰਨ ਦੀ ਕੋਈ ਲੋੜ ਨਹੀਂ। ਲੈਫਟੀਨੈਂਟ ਨੇ ਵੇਖਿਆ ਕਿ ਇਹ ਸਿੱਖ ਕੋਈ ਦਿਆਲੂ ਮਨੁੱਖ ਹੈ, ਤਾਂ ਉਸਨੇ ਉਹਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨਾਲ ਗੱਲਬਾਤ ਕਰਨ

ਲੱਗਾ। ਸਿੱਖ ਨੇ ਉਸਦੀ ਸਹਾਇਤਾ ਕਰਨ ਦਾ ਵਾਹਦਾ ਕੀਤਾ, ਅਤੇ ਉਸਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਮੈਦਾਨ ਵਿੱਚੋਂ ਦੂਰ ਲੈ ਗਿਆ। ਉਸਨੂੰ ਉਥੇ ਛੱਡ ਕੇ ਉਸ ਸਿੱਖ ਨੇ ਇੱਕ ਗੱਡੇ ਦਾ ਇੰਤਜਾਮ ਕੀਤਾ, ਅਤੇ ਉਸਨੂੰ ਫਿਰੋਜਪੁਰ ਛਾਉਣੀ ਵਿੱਚ ਪਹੁੰਚਾਇਆ। ਉਥੇ ਉਹ ਅਫਸਰ ਹਸਪਤਾਲ ਵਿੱਚ ਭਰਤੀ ਕਰ ਲਿਆ ਗਿਆ। ਸਿੱਖ ਨੇ ਕੁਝ ਦਿਨ ਉਸ ਕੋਲ ਰਹਿ ਕੇ ਉਸਦੀ ਸੇਵਾ ਵੀ ਕੀਤੀ, ਅਤੇ ਫਿਰ ਚੁੱਪਚਾਪ ਉਥੋਂ ਚਲਾ ਗਿਆ। ਇਹ ਗੱਲ ਹੋਰ ਹੈ ਕਿ ਉਸ ਅਫਸਰ ਦੀ ਜਾਨ ਨਾ ਬਚ ਸਕੀ। ਉਸਦੀ ਲੱਤ ਨੂੰ ਕੱਟਿਆ ਗਿਆ, ਪਰ ਕੁਝ ਕੁ ਦਿਨਾ ਬਾਅਦ ਉਹ ਮਰ ਗਿਆ।

ਇਸ ਜੰਗ ਵਿੱਚ ਦੋਵਾਂ ਧਿਰਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਗੋਰੇ ਅਫਸਰਾਂ ਅਤੇ ਜਵਾਨਾ ਦਾ ਖਾਸ ਤੌਰ ਤੇ ਵੱਧ ਨੁਕਸਾਨ ਹੋਇਆ ਕਿਉਂਕਿ ਉਹ ਹਰ ਹਮਲੇ ਸਮੇ ਮੋਹਰੇ ਰੱਖੇ ਜਾਂਦੇ ਸਨ। ਅੰਗਰੇਜਾਂ ਨੂੰ ਇਹ ਸ਼ੱਕ ਰਹਿੰਦਾ ਸੀ ਕਿ ਸਿੱਖ ਸੈਨਿਕ ਜਾਣ ਬੁਝ ਕੇ ਉਹਨਾ ਨੂੰ ਹੀ ਗੋਲੀ ਦਾ ਨਿਸ਼ਾਨਾ ਬਣਾਉਂਦੇ ਸਨ। ਗਵੱਰਨਰ ਜਨਰਲ ਸਟਾਫ ਦੇ ਲੱਗਭੱਗ ਸਾਰੇ ਅਫਸਰ ਜਖਮੀ ਹੋ ਗਏ। ਕਈ ਮਾਰੇ ਗਏ। ਮੇਜਰ ਬਰਾਡਫੁੱਟ ਵੀ ਮਾਰਿਆ ਗਿਆ। ਗੱਫ ਦੇ ਸਟਾਫ ਦਾ ਇੱਕ ਮੈਂਬਰ, ਲੈਫਟੀਨੈਂਟ ਹੇਨਜ, ਜੋ ਬਾਅਦ ਵਿੱਚ ਫੀਲਡ ਮਾਰਸ਼ਲ ਦੇ ਰੈਂਕ ਤੱਕ ਪਹੁੰਚਿਆ, ਵੀ ਇਸ ਜੰਗ ਵਿੱਚ ਬੁਰੀ ਤਰਾਂ ਜਖਮੀ ਹੋਇਆ। ਬਰਗੇਡੀਅਰ ਵਾਲਸ ਮਾਰਿਆ ਗਿਆ। ਬਰਗੇਡੀਅਰ ਹੈਰੀਅਟ, ਵਾਈਟ ਅਤੇ ਟੇਲਰ ਜਖਮੀ ਹੋਏ। ਜਨਰਲ ਗਿਲਬਰਟ ਜਿਸ ਘੋੜੇ ਤੇ ਸਵਾਰ ਸੀ ਉਹ ਗੋਲੀ ਲੱਗਣ ਨਾਲ ਮਰ ਗਿਆ। ਜਨਰਲ ਦੂਸਰੇ ਘੋੜੇ ਤੇ ਸਵਾਰ ਹੋ ਗਿਆ, ਪ੍ਰੰਤੂ ਉਹ ਵੀ ਜਖਮੀ ਹੋ ਗਿਆ।

ਅੰਗਰੇਜਾਂ ਅਨੁਸਾਰ ਇਸ ਜੰਗ ਵਿੱਚ 6000 ਗੋਰੇ ਸੈਨਿਕਾਂ ਅਤੇ 10000 ਹਿੰਦੋਸਤਾਨੀ ਸ਼ਿਪਾਹੀਆਂ ਨੇ ਹਿੱਸਾ ਲਿਆ। ਮਰਨ ਵਾਲੇ ਅਫਸਰਾਂ ਵਿੱਚੋਂ 37 ਗੋਰੇ ਅਤੇ 17 ਹਿੰਦੋਸਤਾਨੀ ਸਨ। ਮਰਨ ਵਾਲੇ ਸ਼ਿਪਾਹੀਆਂ ਵਿੱਚ 462 ਗੋਰੇ ਅਤੇ 178 ਹਿੰਦੋਸਤਾਨੀ ਸਨ। ਜਖਮੀ ਅਫਸਰਾਂ ਵਿੱਚ 78 ਗੋਰੇ ਅਤੇ 18 ਹਿੰਦੋਸਤਾਨੀ ਸਨ। ਜਖਮੀ ਸ਼ਿਪਾਹੀਆਂ ਵਿੱਚ 1054 ਗੋਰੇ ਅਤੇ 571 ਹਿੰਦੋਸਤਾਨੀ ਸਨ।

SIKHBOOKCLUB.COM

ਕੁੱਲ ਮਰਨ ਵਾਲਿਆਂ ਅਤੇ ਜਖਮੀਆਂ ਦੀ ਗਿਣਤੀ 2415 ਸੀ। ਇਹ ਗਿਣਤੀ ਅੰਗਰੇਜੀ ਸੈਨਾ ਦੇ ਲੱਗਭੱਗ ਛੇਵੇਂ ਹਿੱਸੇ ਦੇ ਬਰਾਬਰ ਸੀ। ਕੁਨਿੰਘਮ ਅਨੁਸਾਰ ਇਸ ਜੰਗ ਵਿੱਚ ਲੱਗਭੱਗ 2000 ਸਿੱਖ ਮਾਰੇ ਗਏ, ਅਤੇ 6000 ਜਖਮੀ ਹੋਏ, ਜੋ ਉਹਨਾ ਦੀ ਕੁਲ ਗਿਣਤੀ (ਲੱਗਭੱਗ 22000-25000) ਦੇ ਕੋਈ ਤੀਸਰੇ ਭਾਗ ਦੇ ਬਰਾਬਰ ਸੀ। ਇਹ ਅੰਕੜੇ ਦਰਸ਼ਾਉਂਦੇ ਹਨ ਕਿ ਇਹ ਯੁਧ ਕਿਨ੍ਹਾ ਭਿਆਨਕ ਸੀ। ਅਤੇ ਜੋ ਬਚ ਗਏ ਮੌਤ ਉਹਨਾ ਤੋਂ ਕਿਨ੍ਹੀ ਕੁ ਦੂਰ ਰਹੀ ਹੋਵੇਗੀ? ਸਿੱਖ ਫੌਜ ਵਿੱਚ ਬਹੁਤ ਸਾਰੇ ਨੌਸਿੱਖੀਏ ਅਤੇ ਅਨੁਭਵਹੀਣ ਜਵਾਨ ਸਨ, ਪਰ ਅੰਗਰੇਜ ਸ਼ਿਪਾਹੀ ਸਿੱਖਲਾਈ ਕੀਤੇ ਹੋਏ ਅਨੁਭਵੀ ਸ਼ਿਪਾਹੀ ਸਨ, ਜੋ ਪਹਿਲਾਂ ਵੀ ਕਈ ਜੰਗਾਂ ਵਿੱਚ ਲੜ ਚੁੱਕੇ ਸਨ।

ਜੇ ਸਿਰਫ ਫੌਜਾਂ ਦੀ ਗਿਣਤੀ ਵੇਖੀਏ ਤਾਂ ਮੁਕਾਬਲਾ ਲੱਗਭੱਗ ਬਰਾਬਰ ਦਾ ਸੀ। ਪਰ ਜੇਕਰ ਜਰਨੈਲਾਂ ਦੀ ਯੋਗਤਾ ਅਤੇ ਉਹਨਾ ਦੇ ਜਜ਼ਬਾਤਾਂ ਵੱਲ ਧਿਆਨ ਦਈਏ ਤਾਂ ਅੰਗਰੇਜ ਫੌਜ ਕਿਤੇ ਬਿਹਤਰ ਸੀ। ਉਸਦੇ ਜਰਨੈਲ ਯੁੱਧ-ਕਲਾ ਵਿੱਚ ਮਾਹਿਰ ਸਨ, ਆਪਣੇ ਸੈਨਿਕਾਂ ਦੇ ਮੂਹਰੇ ਹੋ ਕੇ ਲੜਦੇ ਸਨ, ਜਾਨ ਦੀ ਪ੍ਰਵਾਹ ਨਹੀਂ ਕਰਦੇ ਸਨ। ਗਵੱਰਨਰ ਜਨਰਲ ਹੋਣ ਦੇ ਨਾਤੇ ਹੂੰਡੋ ਲਾਟ ਨੂੰ ਇਸ ਯੁੱਧ ਵਿੱਚ ਲੜਨ ਅਤੇ ਆਪਣੀ ਜਾਨ ਨੂੰ ਖਤਰੇ ਵਿੱਚ ਪਾਉਣ ਦੀ ਕੋਈ ਲੋੜ ਨਹੀਂ ਸੀ, ਪਰ ਉਹ ਫਿਰ ਵੀ ਲੜਿਆ। ਇਸ ਤੋਂ ਉਲਟ ਸਿੱਖਾਂ ਦਾ ਬਾਲਕ ਮਹਾਰਾਜਾ ਅਤੇ ਉਸਦੀ ਚੁਸਤ ਮਾਂ ਲਹੌਰ ਵਿੱਚ ਬੈਠੇ ਆਪਣੀ ਫੌਜ ਦੀ ਹਾਰ ਦੀ ਖਬਰ ਸੁਣਨ ਲਈ ਉਤਾਵਲੇ ਸਨ। ਅੰਗਰੇਜ ਇਤਿਹਾਸਕਾਰ ਹੈਰਾਨ ਹਨ ਕਿ ਖਾਲਸਾ ਹਮਲਾ ਕਰਨ ਦੀ ਕਲਾ ਕਿਉਂ ਭੁਲਾ ਬੈਠਾ ਸੀ, ਉਹ ਸਿਰਫ ਮੋਰਚੇ ਮੱਲ ਕੇ ਦੁਸ਼ਮਣ ਦੀ ਉਡੀਕ ਕਰਦਾ ਸੀ। ਖਾਲਸਾ ਫੌਜ ਦੇ ਪੂਰਬੀਏ ਜਰਨੈਲ ਜਾਂ ਤਾਂ ਹਮਲਾ ਕਰਨ ਦੀ ਕਲਾ ਜਾਣਦੇ

ਹੀ ਨਹੀਂ ਸਨ, ਅਤੇ ਜਾਂ ਉਹ ਹਮਲਾ ਕਰਨਾ ਚਾਹੁੰਦੇ ਹੀ ਨਹੀਂ ਸਨ। ਫਿਰ ਵੀ ਸਿੱਖ ਬਹਾਦਰੀ ਨਾਲ ਲੜੇ ਅਤੇ ਦੁਸ਼ਮਣ ਦਾ ਏਨਾ ਭਾਰੀ ਨੁਕਸਾਨ ਕੀਤਾ। ਇਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਜੇ ਤੇਜ ਸਿੰਘ ਅਤੇ ਲਾਲ ਸਿੰਘ ਨਾਲਾਇਕ ਜਾਂ ਗੱਦਾਰ ਸਨ ਤਾਂ ਸਿੱਖ ਸ਼ਿਪਾਹੀ ਅਤੇ ਸਰਦਾਰ ਆਪਣੇ ਦੇਸ਼ ਅਤੇ ਆਪਣੀ ਕੌਮ ਦੇ ਵਫਾਦਾਰ ਅਤੇ ਬਹਾਦੁਰ ਨੁਮਾਂਇਦੇ ਸਨ। ਕਈ ਸਿੱਖ ਸਰਦਾਰ ਅਤੇ ਜਰਨੈਲ ਇਸ ਜੰਗ ਵਿੱਚ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋਏ। ਇਹਨਾ ਵਿੱਚ ਸੀ ਸਰਦਾਰ ਚਤਰ ਸਿੰਘ ਕਾਲਿਆਂਵਾਲਾ। ਭਾਈ ਬੁੱਧ ਸਿੰਘ ਅਕਾਲੀ ਵੀ ਲੜਦਾ ਹੋਇਆ ਸ਼ਹੀਦ ਹੋਇਆ। ਇਹ ਮੁਦਕੀ ਜੰਗ ਵਿੱਚ ਸ਼ਹੀਦ ਹੋਏ ਅਕਾਲੀ ਜੈਮਲ ਸਿੰਘ ਦਾ ਭਰਾ ਸੀ। ਸਰਦਾਰ ਕੌਰ ਸਿੰਘ ਅਤੇ ਸਰਦਾਰ ਗੰਡਾ ਸਿੰਘ ਭੰਡਾਰੀ, ਰਈਸ ਬੁਤਾਲੀਆ ਵੀ ਇਸ ਜੰਗ ਵਿੱਚ ਸ਼ਹੀਦ ਹੋ ਗਏ।

# ਬੱਦੋਵਾਲ ਦੀ ਝੜਪ–21 ਜਨਵਰੀ 1846

ਫੇਰੂ ਸ਼ਹਿਰ ਤੋਂ ਪਿੱਛੇ ਹੱਟ ਕੇ ਖਾਲਸਾ ਫੌਜ ਉੱਤਰ ਦਿਸ਼ਾ ਵਿੱਚ ਸਤਲੁਜ ਵੱਲ ਚਲੀ ਗਈ। ਅੰਗਰੇਜਾਂ ਵਿੱਚ ਉਸ ਸਮੇ ਏਨੀ ਹਿੰਮਤ ਨਹੀਂ ਸੀ ਕਿ ਉਸਦਾ ਪਿੱਛਾ ਕਰਦੇ। ਇਸ ਵਕਤ ਉਹਨਾ ਨੂੰ ਇਹੋ ਖੁਸ਼ੀ ਸੀ ਕਿ ਚਲੋ ਬਲਾ ਟਲੀ, ਹੁਣ ਕੁਝ ਦਿਨ ਅਰਾਮ ਕਰਾਂਗੇ। ਸਿੱਖ ਸਤਲੁਜ ਪਾਰ ਕਰਕੇ ਆਪਣੇ ਇਲਾਕੇ ਵਿੱਚ ਚਲੇ ਗਏ। ਸਿੱਖ ਫੌਜ ਨੇ ਸਤਲੁਜ ਦੇ ਸੱਜੇ ਕੰਢੇ ਸਭਰਾਵਾਂ ਪਿੰਡ ਕੋਲ ਡੇਰੇ ਲਾ ਲਏ, ਅਤੇ ਲਹੌਰ ਤੋਂ ਹੋਰ ਫੌਜ ਅਤੇ ਤੋਪਾਂ ਆਉਣ ਦੀ ਉਡੀਕ ਕਰਨ ਲੱਗੇ। ਫੇਰੂ ਸਹਿਰ ਵਾਲੀਆਂ ਤੋਪਾਂ ਅੰਗਰੇਜਾਂ ਦੇ ਕਬਜੇ ਵਿੱਚ ਚਲੀਆਂ ਗਈਆਂ ਸਨ।

ਲਾਰਡ ਗੱਫ ਆਪਣੀ ਫੌਜ ਨਾਲ ਸੁਲਤਾਨ ਖਾਨ ਵਾਲਾ ਪਿੰਡ ਕੋਲ ਬੈਠ ਗਿਆ। ਉਸਨੂੰ ਵੀ ਮੇਰਠ, ਦਿੱਲੀ ਅਤੇ ਕਾਨਪੁਰ ਵਗੈਰਾ ਤੋਂ ਹੋਰ ਫੌਜ, ਤੋਪਾਂ ਅਤੇ ਗੋਲਾ ਬਰੂਦ ਪਹੁੰਚਣ ਦੀ ਉਮੀਦ ਸੀ। 27 ਦਸੰਬਰ ਨੂੰ ਉਹ ਸਤਲੁਜ ਦੇ ਹੋਰ ਨਜਦੀਕ ਅਰੂਫਕੇ ਪਿੰਡ ਕੋਲ ਚਲਾ ਗਿਆ। ਉਥੋਂ ਉਹ ਰੋਜ ਆਪਣੀਆਂ ਗਸਤੀ ਟੁਕੜੀਆਂ ਸਭਰਾਵਾਂ ਵੱਲ ਭੇਜਦਾ ਤਾਂਕਿ ਸਿੱਖਾਂ ਤੇ ਨਜਰ ਰੱਖੀ ਜਾ ਸਕੇ, ਜੋ ਦਰਿਆ ਪਾਰ ਡੇਰਾ ਲਾਈ ਬੈਠੇ ਸਨ।

ਜਲਦੀ ਹੀ ਲਹੌਰ ਤੋਂ ਹੋਰ ਫੌਜ ਅਤੇ ਗੋਲਾ ਬਰੂਦ ਆ ਗਿਆ। ਖਾਲਸਾ ਫੌਜ ਜੰਗ ਦੀਆਂ ਤਿਆਰੀਆਂ ਕਰਨ ਲੱਗ ਪਈ। ਅੰਗਰੇਜਾਂ ਦੀ ਫੌਜ ਵਿੱਚ ਲਗਾਤਾਰ ਵਾਧਾ ਹੋ ਰਿਹਾ ਸੀ। 6 ਜਨਵਰੀ 1846 ਨੂੰ ਸਰ ਜੋਹਨ ਗਰੇਅ 10000 ਸੈਨਿਕ ਲੈ ਕੇ ਕਮਾਂਡਰ-ਇਨ-ਚੀਫ ਨੂੰ ਆ ਮਿਲਿਆ। ਇਸ ਫੋਰਸ ਵਿੱਚ ਗੋਰੇ ਘੋੜ ਸਵਾਰਾਂ ਦੀਆਂ ਦੋ ਰੈਜਮੰਟਾਂ, 9 ਅਤੇ 16 ਲਾਂਸਰ ਸਨ। ਇਹਨਾ ਨੂੰ ਲਾਂਸਰ ਇਸ ਲਈ ਕਿਹਾ ਜਾਂਦਾ ਸੀ ਕਿ ਲੜਾਈ ਸਮੇ ਲਾਂਸ (ਨੇਜ਼ਾ] ਨਾਲ ਲੜਦੇ ਸਨ। ਸਰ ਜੋਹਨ ਗਰੇਅ ਦੀ ਸੈਨਾਂ ਵਿੱਚ 3 ਬੰਗਾਲ ਲਾਈਟ ਕਵੈਲਰੀ ਅਤੇ 4 ਇਰੈਗੂਲਰ ਕਵੈਲਰੀ ਨਾਂ ਦੀਆਂ ਦੋ ਹਿੰਦੋਸਤਾਨੀ ਸਵਾਰਾਂ ਦੀਆਂ ਰੈਜਮੰਟਾਂ ਵੀ ਸਨ। ਪੈਦਲ ਸੈਨਾ ਦੀ ਇੱਕ ਗੋਰੀ ਰੈਜਮੰਟ, ਨੰਬਰ 1 ਅਤੇ ਦੋ ਹਿੰਦੋਸਤਾਨੀ ਰੈਜਮੰਟਾਂ ਸਨ। ਸਰ ਜੋਹਨ 12 ਤੋਪਾਂ ਅਤੇ ਇੱਕ ਕੰਪਨੀ ਇੰਜਿਨੀਅਰਾਂ ਦੀ ਵੀ ਨਾਲ ਲਿਆਇਆ ਸੀ।

ਇਹ ਫੌਜ ਮੁਦਕੀ ਅਤੇ ਫੇਰੂ ਸ਼ਹਿਰ ਲੰਘ ਕੇ ਆਈ ਸੀ, ਅਤੇ ਉਹਨਾ ਅਨੁਸਾਰ ਉਥੇ ਅਜੇ

ਵੀ ਲਾਸ਼ਾਂ ਪਈਆਂ ਹੋਈਆਂ ਸਨ। ਅੰਗਰੇਜ਼ਾਂ ਦੀ ਲੁਧਿਆਣੇ ਵਾਲੀ ਫੌਜ ਵਿੱਚ ਵੀ ਵਾਧਾ ਹੋ ਗਿਆ ਸੀ। ਇਥੇ ਦੋ ਗੋਰਖਾ ਰੈਜੀਮੈਂਟਾਂ ਅਤੇ ਦੋ ਹਿੰਦੋਸਤਾਨੀ ਰੈਜਮੈਂਟਾਂ ਹੋਰ ਪਹੁੰਚ ਗਈਆਂ ਸਨ। ਇੱਕ ਘੋੜ ਸਵਾਰ ਰੈਜਮੈਂਟ ਵੀ ਪਾਹੁੰਚ ਗਈ ਸੀ, ਜਿਸਦਾ ਕਮਾਂਡਰ ਬਰਗੇਡੀਅਰ ਗੋਡਬੀ ਸੀ। ਕੁਝ ਹੋਰ ਰੈਜਮੈਂਟਾਂ ਹਾਲੀ ਰਸਤੇ ਵਿੱਚ ਸਨ।

ਮਾਲਵੇ ਦੇ ਸਿੱਖ ਸਰਦਾਰ ਇਸ ਯੁੱਧ ਵਿੱਚ ਜਿਆਦਾਤਰ ਨਿਰਪੱਖ ਹੀ ਰਹੇ। ਉਹ ਚਲਾਕ ਸਨ, ਵੇਖ ਰਹੇ ਸਨ ਕਿ ਜਿੱਤ ਕਿਸ ਧਿਰ ਦੀ ਹੁੰਦੀ ਹੈ। ਉਹਨਾ ਵਿੱਚ ਇੱਕ ਸੀ ਸਰਦਾਰ ਅਜੀਤ ਸਿੰਘ। ਇਹ ਕਰਨਾਲ ਦੇ ਲਾਗੇ ਇੱਕ ਛੋਟੀ ਜਿਹੀ ਰਿਆਸਤ ਲਾਡਵਾ ਦਾ ਮਾਲਕ ਸੀ। ਇਸਨੇ ਇਸ ਯੁਧ ਵਿੱਚ ਸਿੱਖਾਂ ਦਾ ਸਾਥ ਦਿੱਤਾ, ਕਿਉਂਕਿ ਅੰਗਰੇਜ਼ਾਂ ਨਾਲ ਇਸਦੀ ਕੁਝ ਬਰਖਲਾਫੀ ਹੋ ਗਈ ਸੀ। ਪਹਿਲਾਂ ਕਦੀ ਇਹ ਅੰਗਰੇਜ਼ਾਂ ਦਾ ਬੜਾ ਯਾਰ ਸੀ। ਜਨਵਰੀ ਮਹੀਨੇ ਦੇ ਸ਼ੁਰੂ ਵਿੱਚ ਇੱਕ ਸਿੱਖ ਜਰਨੈਲ ਰਣਜੋਧ ਸਿੰਘ ਮਜੀਠੀਏ ਨੇ ਫਿਲੌਰ ਦੇ ਨਿਕਟ ਸਤਲੁਜ ਪਾਰ ਕੀਤਾ ਅਤੇ ਲੁਧਿਆਣੇ ਦੇ ਨਜਦੀਕ ਆ ਗਿਆ। ਇਸ ਨਾਲ ਕੋਈ 8000-10000 ਫੌਜ ਅਤੇ 70 ਤੋਪਾਂ ਸਨ। ਲਾਡਵੇ ਵਾਲਾ ਅਜੀਤ ਸਿੰਘ ਵੀ ਆਪਣੀ ਛੋਟੀ ਜਿਹੀ ਸੈਨਾ ਲੈ ਕੇ ਇਸ ਨਾਲ ਆ ਮਿਲਿਆ। ਇਹਨਾ ਦੇ ਸਰਦਾਰਾਂ ਨੇ ਇੱਕ ਇੱਕ ਕਰਕੇ ਜਲਦੀ ਹੀ ਫਤਹਿਗੜ੍ਹ, ਧਰਮਕੋਟ, ਗੰਗਰਾਨਾ ਅਤੇ ਬੱਦੋਵਾਲ ਦੇ ਕਸਬਿਆਂ ਤੇ ਕਬਜਾ ਕਰ ਲਿਆ। ਫਿਰ ਇਹਨਾ ਨੇ ਲੁਧਿਆਣੇ ਛਾਉਣੀ ਤੇ ਹਮਲਾ ਕੀਤਾ ਅਤੇ ਅੰਗਰੇਜ਼ਾਂ ਦਾ ਕੁਝ ਨੁਕਸਾਨ ਕਰਨ ਤੋਂ ਬਾਅਦ ਲੁਧਿਆਣੇ ਤੋਂ ਕੁਝ ਮੀਲ ਪੱਛਮ ਵਿੱਚ ਸਤਲੁਜ ਦੇ ਕਿਨਾਰੇ ਤੇ ਆ ਗਏ। ਅੰਗਰੇਜ਼ਾਂ ਨੂੰ ਹੁਣ ਲੁਧਿਆਣੇ ਦੀ ਚਿੰਤਾ ਹੋਈ।

ਲਾਰਡ ਗੱਫ ਨੇ ਲੁਧਿਆਣੇ ਦੀ ਰੱਖਿਆ ਲਈ ਸਰ ਹੈਰੀ ਸਮਿੱਥ ਨੂੰ ਫੌਜ ਦੇ ਕੇ ਭੇਜਿਆ। ਹੈਰੀ ਸਮਿੱਥ ਸਤਲੁਜ ਦੇ ਕਿਨਾਰੇ ਮਾਰਚ ਕਰਦਾ ਹੋਇਆ ਧਰਮਕੋਟ ਪਹੁੰਚਿਆ। ਇਥੇ ਇੱਕ ਛੋਟਾ ਜਿਹਾ ਕਿਲਾ ਸੀ, ਜਿਸ ਵਿੱਚ ਖਾਲਸਾ ਫੌਜ ਦੀ ਇੱਕ ਛੋਟੀ ਜਿਹੀ ਟੁੱਕੜੀ ਸੀ। ਹੈਰੀ ਸਮਿੱਥ ਦੇ ਪਹੁੰਚਣ ਤੇ ਉਹ ਕਿਲਾ ਛੱਡਕੇ ਚਲੀ ਗਈ, ਅਤੇ ਅੰਗਰੇਜ਼ੀ ਫੌਜ ਨੇ ਅਸਾਨੀ ਨਾਲ ਕਿਲੇ ਤੇ ਕਬਜ਼ਾ ਕਰ ਲਿਆ।

ਹੈਰੀ ਸਮਿੱਥ ਨੂੰ ਪਤਾ ਲੱਗਾ ਕਿ ਇੱਕ ਸਿੱਖ ਫੌਜ ਉਸਦੇ ਰਸਤੇ ਵਿੱਚ ਬੈਠੀ ਹੈ, ਤਾਂ ਉਸਨੇ ਸਤਲੁਜ ਦਾ ਕਿਨਾਰਾ ਛੱਡ ਦਿੱਤਾ, ਅਤੇ ਜਗਰਾਉਂ ਦਾ ਰੁੱਖ ਕੀਤਾ, ਤਾਂਕਿ ਸਿੱਖ ਫੌਜ ਨਾਲ ਜੰਗ ਕਰਨ ਤੋਂ ਬਿਨਾ ਹੀ ਲੁਧਿਆਣੇ ਪਹੁੰਚ ਸਕੇ, ਕਿਉਂਕਿ ਉਸਨੂੰ ਹੁਕਮ ਸੀ ਕਿ ਜਲਦੀ ਤੋਂ ਜਲਦੀ ਲੁਧਿਆਣੇ ਪਾਹੁੰਚਣਾ ਹੈ, ਤਾਂਕਿ ਸਿੱਖ ਕਿਤੇ ਇਸਤੇ ਕਬਜਾ ਨਾ ਕਰ ਲੈਣ। 20 ਜਨਵਰੀ ਨੂੰ ਹੈਰੀ ਸਮਿੱਥ ਜਗਰਾਉਂ ਪਾਹੁੰਚ ਗਿਆ। ਇਸ ਕਸਬੇ ਦੇ ਮਾਲਕ ਸਰਦਾਰ ਫਤਹਿ ਸਿੰਘ ਆਹਲੂਵਾਲੀਏ ਦੀ ਕੁਲ ਵਿੱਚੋਂ ਸਨ। ਉਸਨੇ ਚੁੱਪਚਾਪ ਹੈਰੀ ਸਮਿੱਥ ਨੂੰ ਕਿਲੇ ਦਾ ਕਬਜ਼ਾ ਦੇ ਦਿੱਤਾ। ਹੈਰੀ ਸਮਿੱਥ ਨੇ ਰਾਤ ਕਿਲੇ ਵਿੱਚ ਗੁਜਾਰੀ, ਅਤੇ ਅਗਲੇ ਦਿਨ ਆਪਣੀ ਫੌਜ ਨਾਲ ਲੁਧਿਆਣੇ ਲਈ ਰਵਾਨਾ ਹੋ ਗਿਆ।

ਉਹਨੇ ਚਿਰ ਤੱਕ ਸਰਦਾਰ ਰਣਜੋਧ ਸਿੰਘ ਮਜੀਠੀਆ ਵੀ ਆਪਣੀ ਫੌਜ ਲੈ ਕੇ ਬੱਦੋਵਾਲ ਆ ਗਿਆ, ਜੋ ਜਗਰਾਉਂ ਅਤੇ ਲੁਧਿਆਣੇ ਦੇ ਰਸਤੇ ਵਿੱਚ ਹੈ। ਉਸਨੇ ਸੜਕ ਦੇ ਉੱਤਰ ਵੱਲ ਮੋਰਚਾ ਮੱਲ ਲਿਆ ਅਤੇ ਹੈਰੀ ਸਮਿੱਥ ਦੀ ਉਡੀਕ ਕਰਨ ਲੱਗਾ। 21 ਜਨਵਰੀ ਨੂੰ ਜਦੋਂ ਹੈਰੀ ਸਮਿੱਥ ਬੱਦੋਵਾਲ ਪਾਹੁੰਚਿਆ ਤਾਂ ਉਸ ਵੇਖਿਆ ਕਿ ਰਣਜੋਧ ਸਿੰਘ ਉਸਦਾ ਰਸਤਾ ਰੋਕ ਕੇ ਖੜਾ ਹੈ।

ਹੈਰੀ ਸਮਿੱਥ ਲੜਾਈ ਕਰਨ ਦਾ ਚਾਹਵਾਨ ਨਹੀਂ ਸੀ। ਉਹ ਜਲਦੀ ਲੁਧਿਆਣੇ ਪਾਹੁੰਚਣਾ ਚਾਹੁੰਦਾ ਸੀ। ਉਸਨੇ ਆਪਣੀ ਫੌਜ ਦਾ ਰਸਤਾ ਕੁਝ ਦੱਖਣ ਵੱਲ ਕਰ ਲਿਆ, ਤਾਂਕਿ ਸਿੱਖ ਫੌਜ ਤੋਂ ਬਚਕੇ ਨਿਕਲਿਆ ਜਾ ਸਕੇ। ਹੈਰੀ ਸਮਿੱਥ ਦੀ ਫੌਜ ਸਿੱਖ ਮੋਰਚਿਆਂ ਦੇ ਸਾਹਮਣੇ ਆਈ ਤਾਂ ਸਿੱਖ ਤੋਪਾਂ ਨੇ ਗੋਲਾਬਾਰੀ ਕਰਨੀ ਸ਼ੁਰੂ ਕਰ ਦਿੱਤੀ। ਸਮਿੱਥ ਨੇ ਆਪਣੀਆਂ ਕੁਝ ਤੋਪਾਂ ਅਤੇ ਘੋੜ ਸਵਾਰਾਂ ਨੂੰ ਸਿੱਖ ਫੌਜ ਦੇ ਹਮਲੇ ਦਾ ਸਾਹਮਣਾ ਕਰਨ ਦਾ ਹੁਕਮ ਦਿੱਤਾ, ਅਤੇ ਆਪਣੀ ਬਾਕੀ ਫੌਜ ਨੂੰ ਲੁਧਿਆਣੇ ਵੱਲ

ਮਾਰਚ ਕਰਦੇ ਰਹਿਣ ਲਈ ਕਿਹਾ।

ਸਿੱਖ ਘੋੜ ਸਵਾਰ ਜੈਕਾਰੇ ਬੁਲਾਉਂਦੇ ਹੋਏ ਆਏ ਉਤੇ ਉਸਦੀ ਫੌਜ ਦੇ ਪਿਛਲੇ ਹਿੱਸੇ ਉੱਤੇ ਹਮਲਾ ਕਰ ਦਿੱਤਾ। ਇਸ ਹਿੱਸੇ ਵਿੱਚ ਅਸਲੇ ਅਤੇ ਹੋਰ ਮਾਲ ਅਸਬਾਬ ਵਾਲੇ ਗੱਡੇ ਸਨ। ਸਿੱਖ ਘੋੜ ਸਵਾਰਾਂ ਨੇ ਕਾਫੀ ਗੱਡੇ ਆਪਣੇ ਕਬਜ਼ੇ ਵਿੱਚ ਲੈ ਲਏ। ਕਈ ਅੰਗਰੇਜ਼ ਸੈਨਿਕਾਂ ਨੂੰ ਕਾਬੂ ਕਰ ਲਿਆ। ਇਸ ਤੋਂ ਪਹਿਲਾਂ ਕਿ ਅੰਗਰੇਜ਼ੀ ਸੈਨਾ ਉਥੇ ਪਹੁੰਚਦੀ ਸਿੱਖ ਉਹਨਾ ਨੂੰ ਆਪਣੇ ਡੇਰੇ ਲੈ ਗਏ। ਅੰਗਰੇਜ਼ਾਂ ਦੇ ਆਪਣੇ ਕਹਿਣ ਅਨੁਸਾਰ ਸਿੱਖਾਂ ਨੇ ਕੈਦ ਕੀਤੇ ਗਏ ਅੰਗਰੇਜ਼ ਸੈਨਿਕਾਂ ਨਾਲ ਚੰਗਾ ਸਲੂਕ ਕੀਤਾ, ਅਤੇ ਸਭਰਾਵਾਂ ਦੀ ਜੰਗ ਤੋਂ ਪਹਿਲਾਂ ਇਹਨਾ ਨੂੰ ਛੱਡ ਵੀ ਦਿੱਤਾ।

ਇਸ ਤਰਾਂ ਸਰ ਹੈਰੀ ਸਮਿੱਥ ਸਰਦਾਰ ਰਣਜੋਧ ਸਿੰਘ ਨਾਲ ਕੋਈ ਵੱਡੀ ਜੰਗ ਕੀਤੇ ਬਿਨਾ ਆਪਣੀ ਸੈਨਾ ਨੂੰ ਕੱਢ ਕੇ ਲੈ ਗਿਆ, ਪਰ ਉਸਦਾ ਕੁਝ ਨੁਕਸਾਨ ਵੀ ਹੋਇਆ। ਉਸ ਸ਼ਾਮ ਉਹ ਆਪਣੀ ਥੱਕੀ ਹੋਈ ਫੌਜ ਲੈ ਕੇ ਲੁਧਿਆਣੇ ਪਹੁੰਚ ਗਿਆ। ਇਸ ਝੜਪ ਵਿੱਚ ਉਸਦੇ 60 ਫੌਜੀ ਮਾਰੇ ਗਏ, 13 ਜ਼ਖਮੀ ਹੋਏ, ਅਤੇ 19 ਕੈਦੀ ਬਣਾ ਲਏ ਗਏ। ਮਾਲ ਅਸਬਾਬ ਦਾ ਕੁਝ ਹਿੱਸਾ ਵੀ ਸਿੱਖਾਂ ਦੇ ਹੱਥ ਆ ਗਿਆ। ਕੁਝ ਸਿੱਖ ਵੀ ਮਾਰੇ ਗਏ, ਪਰ ਜਿਆਦਾ ਨੁਕਸਾਨ ਅੰਗਰੇਜ਼ਾਂ ਦਾ ਹੀ ਹੋਇਆ।

ਇਸ ਲੜਾਈ ਨੂੰ ਬੱਦੋਵਾਲ ਦੀ ਜੰਗ ਕਿਹਾ ਗਿਆ, ਪਰ ਅਸਲ ਵਿੱਚ ਇਹ ਇੱਕ ਝੜਪ ਮਾਤਰ ਹੀ ਸੀ। ਰਣਜੋਧ ਸਿੰਘ ਨੇ ਬੜਾ ਵਧੀਆ ਮੋਰਚਾ ਮੱਲ ਕੇ ਅੰਗਰੇਜ਼ਾਂ ਤੇ ਹਮਲਾ ਕੀਤਾ ਸੀ, ਪਰ ਉਸਨੇ ਅੰਗਰੇਜ਼ਾਂ ਦਾ ਪਿੱਛਾ ਕਰਕੇ ਉਹਨਾ ਦਾ ਹੋਰ ਨੁਕਸਾਨ ਕਰਨ ਦੀ ਕੋਸ਼ਿਸ਼ ਨਾ ਕੀਤੀ, ਜੋ ਉਹ ਕਰ ਸਕਦਾ ਸੀ। ਸਰ ਹੈਰੀ ਸਮਿੱਥ ਨੇ ਆਪਣੀ ਆਤਮ-ਕਥਾ ਵਿੱਚ ਇਸ ਘਟਨਾ ਬਾਰੇ ਇਹ ਲਿਖਿਆ:

'ਸਿੱਖਾਂ ਨਾਲ ਹੋਏ ਯੁੱਧ ਵਿੱਚ ਉਹਨਾ ਦੇ ਕਿਸੇ ਵੀ ਜਰਨੈਲ ਦੀ ਇਹ ਸਭ ਤੋਂ ਚੰਗੀ ਚਾਲ ਸੀ। ਜੇ ਇਸ ਸਿੱਖ ਜਰਨੈਲ ਨੂੰ ਇਹ ਜਾਚ ਹੁੰਦੀ ਕਿ ਇਸ ਚਾਲ ਦਾ ਪੂਰਾ ਫਾਇਦਾ ਕਿਸ ਤਰਾਂ ਉਠਾਉਣਾ ਹੈ ਤਾਂ ਉਸਨੂੰ ਇੱਕ ਵੱਡੀ ਜਿੱਤ ਹਾਸਲ ਹੋ ਸਕਦੀ ਸੀ, ਕਿਉਂਕਿ ਜੋ ਮੋਰਚਾ ਉਸ ਮੱਲਿਆ ਹੋਇਆ ਸੀ ਉਹ ਬਹੁਤ ਹੀ ਵਧੀਆ ਸੀ। ਉਸਨੂੰ ਜੰਗ ਦੀ ਸਿਖਲਾਈ ਦੇਣ ਵਾਲੇ ਫਰਾਂਸੀਸੀ ਅਫਸਰਾਂ ਵਿੱਚ ਜੋ ਜੋਸ਼ ਸੀ, ਜੇ ਉਹੋ ਜੋਸ਼ ਉਸ ਵਿੱਚ ਵੀ ਹੁੰਦਾ ਤਾਂ ਉਹ ਮੇਰੀ ਫੌਜ ਨੂੰ ਪੂਰੀ ਤਰਾਂ ਹਰਾ ਸਕਦਾ ਸੀ। ਮੈਨੂੰ ਹਰਾਉਣ ਤੋਂ ਬਾਅਦ ਉਹ ਲੁਧਿਆਣੇ ਤੇ ਵੀ ਕਬਜਾ ਕਰ ਸਕਦਾ ਸੀ'।

ਪਰ ਸਿੱਖਾਂ ਦੀ ਇਹੋ ਜਿਹੀ ਕਿਸਮਤ ਕਿਥੇ! ਕਾਸ਼ ਅਜਿਹਾ ਹੁੰਦਾ! ਪਰ ਸ਼ਾਇਦ ਰਣਜੋਧ ਸਿੰਘ ਉਸ ਮਾਦੇ ਦਾ ਨਹੀਂ ਬਣਿਆ ਸੀ, ਜਿਸ ਮਾਦੇ ਦੇ ਅੰਗਰੇਜ਼ ਅਤੇ ਫਰਾਂਸੀਸੀ ਜਰਨੈਲ ਬਣੇ ਹੋਏ ਸਨ। ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸਫਲਤਾ ਨੇ ਖਾਲਸੇ ਦੇ ਹੌਸਲੇ ਫਿਰ ਬੁਲੰਦ ਕਰ ਦਿੱਤੇ। ਪੰਜਾਬੀਆਂ ਨੂੰ ਮਹਿਸੂਸ ਹੋਇਆ ਕਿ ਅੰਗਰੇਜ਼ਾਂ ਨੂੰ ਵੀ ਹਰਾਇਆ ਜਾ ਸਕਦਾ ਹੈ। ਹਿੰਦੋਸਤਾਨੀ ਸਿਪਾਹੀਆਂ ਨੂੰ ਵੀ ਗੰਗਾ-ਜਮੁਨਾ ਦੇ ਮੈਦਾਨਾ ਵਿੱਚ ਮਜਿੱਤ ਆਪਣੇ ਘਰਾਂ ਦਾ ਉਦਰੇਵਾਂ ਮਹਿਸੂਸ ਹੋਣ ਲੱਗਾ। ਗੋਰੇ ਫੌਜੀ ਵੀ ਇਸ ਕਦੀ ਨਾ ਖਤਮ ਹੋਣ ਵਾਲੀ ਲੜਾਈ ਤੋਂ ਥੱਕ ਚੁੱਕੇ ਸਨ, ਅਤੇ ਆਉਣ ਵਾਲੀਆਂ ਜੰਗਾਂ ਬਾਰੇ ਸੋਚਦੇ ਹੋਏ ਪਰੇਸ਼ਾਨ ਸਨ।

ਖਾਲਸਾ ਫੌਜ ਹੁਣ ਤੱਕ ਕਾਫੀ ਮਜਬੂਤ ਹੋ ਗਈ ਸੀ। ਸਭਰਾਵਾਂ ਦੇ ਪੱਤਣ ਤੇ ਉਹਨਾ ਇੱਕ ਬੇੜੀਆਂ ਦਾ ਪੁਲ ਵੀ ਬਣਾ ਲਿਆ ਸੀ। ਅੰਗਰੇਜ਼ ਚੁੱਪ ਚਾਪ ਵੇਖ ਰਹੇ ਸਨ, ਪਰ ਉਹਨਾ ਦੀ ਆਪਣੀ ਫੌਜ ਵੀ ਕਾਫੀ ਮਜਬੂਤ ਹੋ ਗਈ ਸੀ। ਗੱਫ ਸਿੱਖਾਂ ਨੂੰ ਇੱਕ ਫੈਸਲਾਕੁੰਨ ਜੰਗ ਵਿੱਚ ਹਰਾ ਕੇ ਲਾਹੌਰ ਵਿੱਚ ਇੱਕ ਜੇਤੂ ਦੇ ਤੌਰ ਤੇ ਜਾਣਾ ਚਾਹੁੰਦਾ ਸੀ। ਪਰ ਸਿੱਖ ਚੜਦੀ ਕਲਾ ਵਿਚ ਸਨ। ਉਹ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿੱਚੋਂ ਭਜਾਉਣ ਦੇ ਚਾਹਵਾਨ ਸਨ। ਪਰ ਸਿੱਖਾਂ ਦਾ ਉਤਸ਼ਾਹ ਬਹੁਤੇ ਦਿਨ ਕਾਇਮ ਨਾ ਰਹਿ ਸਕਿਆ। ਜਲਦੀ ਹੀ ਅਲੀਵਾਲ ਵਿੱਚ ਹੋਈ ਹਾਰ ਨੇ ਉਹਨਾ ਨੂੰ ਗ਼ਮਗੀਨ ਕਰ ਦਿੱਤਾ। ਬਦੋਵਾਲ ਦੀ ਇਸ ਲੜਾਈ ਵਿੱਚ ਸਰਦਾਰ ਨਿਧਾਨ ਸਿੰਘ ਰਈਸ ਤੁੰਗ ਮਾਰਿਆ ਗਿਆ। ਲਾਡੂਏ

ਵਾਲਾ ਅਜੀਤ ਸਿੰਘ ਅਤੇ ਰਣਜੋਧ ਸਿੰਘ ਲੜਦੇ ਰਹੇ।

# ਅਲੀਵਾਲ ਦੀ ਜੰਗ–28 ਜਨਵਰੀ 1846

ਰਣਜੋਧ ਸਿੰਘ ਮਜੀਠੀਆ ਬੱਦੋਵਾਲ ਤੋਂ ਪਿੱਛੇ ਹਟ ਕੇ ਸਤਲੁਜ ਦੇ ਕੰਢੇ ਅਲੀਵਾਲ ਪਿੰਡ ਦੇ ਕੋਲ ਆ ਗਿਆ। ਇਹ ਪਿੰਡ ਲੁਧਿਆਣੇ ਤੋਂ 15 ਕੁ ਮੀਲ ਪੱਛਮ ਵੱਲ ਹੈ। ਇੱਥੇ ਲਹੌਰ ਤੋਂ ਆਈਆਂ ਚਾਰ ਹੋਰ ਰੈਜਮੈਂਟਾਂ ਅਤੇ ਕੁਝ ਹੋਰ ਤੋਪਾਂ ਉਸ ਕੋਲ ਪਹੁੰਚ ਗਈਆਂ। ਹੈਰੀ ਸਮਿੱਥ ਨੇ ਰਣਜੋਧ ਸਿੰਘ ਦੇ ਪਿੱਛੇ ਹਟਣ ਤੋਂ ਬਾਅਦ ਬੱਦੋਵਾਲ ਵਾਲੀ ਉਸਦੀ ਪੁਜੀਸ਼ਨ ਮੱਲ ਲਈ।


ਲਾਰਡ ਗੱਫ ਨੂੰ ਲੁਧਿਆਣੇ ਦੀ ਬਹੁਤ ਚਿੰਤਾ ਸੀ। ਇਸ ਲਈ ਉਸਨੇ ਹੈਰੀ ਸਮਿੱਥ ਦੀ ਸਹਾਇਤਾ ਲਈ ਫੌਜ ਦੀ ਇੱਕ ਬਰਗੇਡ ਹੋਰ ਭੇਜ ਦਿੱਤੀ। ਇਸ ਬਰਗੇਡ ਦਾ ਕਮਾਂਡਰ ਬਰਗੇਡੀਅਰ ਵੀਲਰ ਸੀ। ਉਹ ਮੁਦਕੀ ਦੀ ਲੜਾਈ ਵਿੱਚ ਜ਼ਖਮੀ ਹੋ ਗਿਆ ਸੀ, ਪਰ ਹੁਣ ਠੀਕ ਹੋ ਗਿਆ ਸੀ। ਉਹ ਆਪਣੀ ਬਰਗੇਡ ਲੈ ਕੇ 22 ਜਨਵਰੀ ਨੂੰ ਧਰਮਕੋਟ ਪਹੁੰਚ ਗਿਆ। 21 ਜਨਵਰੀ ਦੀ ਬੱਦੋਵਾਲ ਦੀ ਲੜਾਈ ਦੀ ਉਸਨੂੰ ਖਬਰ ਨਹੀਂ ਸੀ।

ਰਾਤ ਧਰਮਕੋਟ ਗੁਜ਼ਾਰ ਕੇ ਅਗਲੇ ਦਿਨ ਉਹ ਸਿੱਧਾ ਲੁਧਿਆਣੇ ਲਈ ਰਵਾਨਾ ਹੋ ਗਿਆ। ਸਿੱਧਮ ਪਹੁੰਚ ਕੇ ਉਸਨੂੰ ਖਬਰ ਮਿਲੀ ਕਿ ਉਸਦੇ ਰਸਤੇ ਵਿੱਚ ਖਾਲਸਾ ਫੌਜ ਬੈਠੀ ਹੈ। ਉਹ ਧਰਮਕੋਟ ਵਾਪਸ ਚਲਾ ਗਿਆ। 24 ਜਨਵਰੀ ਨੂੰ ਉਹ ਖਾਲਸਾ ਫੌਜ ਤੋਂ ਬਚਣ ਲਈ ਜਗਰਾਉਂ ਦੇ ਰਸਤੇ ਲੁਧਿਆਣੇ ਪਹੁੰਚਣ ਲਈ ਚੱਲ ਪਿਆ। 25 ਜਨਵਰੀ ਨੂੰ ਲੁਧਿਆਣੇ ਤੋਂ ਪਹਿਲਾਂ ਹੀ ਬੱਦੋਵਾਲ ਵਿੱਚ ਉਸਦਾ ਸਰ ਹੈਰੀ ਸਮਿੱਥ ਨਾਲ ਮਿਲਾਪ ਹੋ ਗਿਆ।

ਵੀਲਰ ਦੀ ਫੌਜ ਪਹੁੰਚਣ ਨਾਲ ਹੁਣ ਹੈਰੀ ਸਮਿੱਥ ਦੀ ਫੌਜ ਕਾਫੀ ਮਜ਼ਬੂਤ ਹੋ ਗਈ। ਹੁਣ ਉਹ ਖਾਲਸੇ ਨਾਲ ਦੋ ਹੱਥ ਕਰਨ ਲਈ ਬਿਲਕੁਲ ਤਿਆਰ ਸੀ। 26 ਜਨਵਰੀ ਨੂੰ ਉਹ ਬੱਦੋਵਾਲ ਤੋਂ ਅਲੀਵਾਲ ਵੱਲ ਵਧਿਆ। ਇਸ ਸਮੇ ਉਸ ਕੋਲ 30 ਤੋਪਾਂ, 3000 ਘੋੜ ਸਵਾਰ, ਅਤੇ 7200 ਪੈਦਲ ਸੈਨਿਕ ਸਨ। ਕੁਲ ਮਿਲਾ ਕੇ ਉਸ ਕੋਲ ਕੋਈ 11000 ਫੌਜ ਸੀ। ਰਣਜੋਧ ਸਿੰਘ ਕੋਲ ਵੀ 12000 ਕੁ ਹਜਾਰ ਸੈਨਾ, ਅਤ 50 ਤੋਪਾਂ ਸਨ। 27 ਜਨਵਰੀ ਦਾ ਦਿਨ ਹੈਰੀ ਸਮਿੱਥ ਨੇ ਆਪਣੀ ਸੈਨਾ ਨੂੰ ਅਰਾਮ ਕਰਨ ਲਈ ਦਿੱਤਾ।

28 ਜਨਵਰੀ ਦਿਨ ਚੜ੍ਹਦੇ ਹੀ ਹੈਰੀ ਸਮਿੱਥ ਸਿੱਖ ਸੈਨਾ ਤੇ ਹਮਲਾ ਕਰਨ ਲਈ ਅਲੀਵਾਲ ਵੱਲ ਵਧਿਆ। ਰਣਜੋਧ ਸਿੰਘ ਦਾ ਮੋਰਚਾ ਸਤਲੁਜ ਦੇ ਕੰਢੇ ਸੀ। ਦੋਵਾਂ ਫੌਜਾਂ ਵਿਚਾਲੇ ਬੇਟ ਦਾ ਨੀਵਾਂ, ਰੇਤਲਾ ਇਲਾਕਾ ਸੀ। ਇਸ ਵਿੱਚ ਕਾਹੀ, ਕਾਨੇ ਅਤੇ ਮਲੇ ਸਨ।

ਦਿਨ ਦੇ ਦਸ ਵੱਜ ਗਏ ਸਨ। ਅਸਮਾਨ ਸਾਫ ਸੀ, ਅਤੇ ਧੁੱਪ ਚਮਕ ਰਹੀ ਸੀ ਜਦੋਂ ਹੈਰੀ ਸਮਿੱਥ ਦੀ ਫੌਜ ਨੇ ਸਿੱਖ ਮੋਰਚੇ ਤੇ ਹਮਲਾ ਕੀਤਾ। ਸਭ ਤੋਂ ਅਗਲੀ ਕਤਾਰ ਵਿੱਚ ਘੋੜ ਸਵਾਰ ਅਤੇ ਤੋਪਾਂ ਸਨ। ਤੋਪਾਂ ਨੂੰ ਘੋੜੇ ਖਿੱਚ ਰਹੇ ਸਨ। ਪਿੱਛੇ ਪੈਦਲ ਸੈਨਾ ਦੀ ਕਤਾਰ ਚੱਲ ਰਹੀ ਸੀ। ਸਿੱਖ ਮੋਰਚੇ ਇੱਕ ਮੀਲ ਦੀ ਦੂਰੀ ਤੇ ਸਨ। ਰਣਜੋਧ ਸਿੰਘ ਦੀ ਸੈਨਾ ਆਪਣੇ ਮੋਰਚੇ ਸੰਭਾਲ ਕੇ ਖੜੀ ਸੀ। ਖਾਲਸਾ ਫੌਜ ਦਾ ਮੂੰਹ ਦੱਖਣ-ਪੂਰਬ ਵੱਲੋਂ ਆਉਂਦੀ ਅੰਗਰੇਜ਼ ਸੈਨਾ ਵੱਲ ਸੀ। ਇਸ ਸੈਨਾ ਦੇ ਮੋਰਚੇ




ਅਲੀਵਾਲ - 28 ਜਨਵਰੀ, 1846

ਸਤਲੁਜ ਦੇ ਨਾਲ ਨਾਲ ਇੱਕ ਲੰਮੀ ਕਤਾਰ ਵਿੱਚ ਸਨ। ਇਸ ਕਤਾਰ ਦਾ ਪੂਰਬੀ ਸਿਰਾ ਅਲੀਵਾਲ ਪਿੰਡ ਕੋਲ ਸੀ, ਅਤੇ ਪੱਛਮੀ ਸਿਰਾ ਬੁੰਦਰੀ ਨਾਂ ਦੇ ਪਿੰਡ ਕੋਲ ਸੀ।

ਤੋਪਾਂ ਜਿਉਂ ਹੀ ਆਪਣੀ ਮਾਰੂ ਦੂਰੀ ਤੇ ਪਹੁੰਚੀਆਂ, ਗੋਲਾਬਾਰੀ ਸ਼ੁਰੂ ਹੋ ਗਈ। ਅੱਗੋਂ ਸਿੱਖ ਤੋਪਾਂ ਨੇ ਵੀ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਸਿੱਖ ਮੋਰਚੇ ਦੇ ਹੋਰ ਨਜ਼ਦੀਕ ਜਾ ਕੇ ਤੋਪਾਂ ਅਤੇ ਘੋੜ ਸਵਾਰ ਪੈਦਲ ਸਿਪਾਹੀਆਂ ਦਾ ਰਸਤਾ ਛੱਡ ਕੇ ਖੱਬੇ ਸੱਜੇ ਸਿਰਿਆਂ ਵੱਲ ਚਲੇ ਗਏ, ਅਤੇ ਅੰਗਰੇਜ਼ੀ ਪੈਦਲ ਸੈਨਿਕਾਂ ਨੇ ਸਿੱਖ ਮੋਰਚੇ ਤੇ ਹੱਲਾ ਕਰ ਦਿੱਤਾ। ਸਭ ਤੋਂ ਪਹਿਲਾ ਹਮਲਾ ਸਿੱਖ ਸੈਨਾ ਦੇ ਖੱਬੇ ਪਾਸੇ ਹੋਇਆ। ਬਰਗੇਡੀਅਰ ਗੋਡਬੀ ਅਤੇ ਬਰਗੇਡੀਅਰ ਹਿੱਕਸ ਨੇ ਅਲੀਵਾਲ ਵਾਲੇ ਪਾਸੇ ਹਮਲਾ ਕਰ ਦਿੱਤਾ। ਹੈਰੀ ਸਮਿੱਥ ਇਸ ਪਾਸੇ ਤੇ ਕਬਜ਼ਾ ਕਰਕੇ ਸਿੱਖ ਸੈਨਾ ਦੇ ਪੱਤਣ ਵੱਲ ਜਾਣ ਦਾ ਰਸਤਾ ਬੰਦ ਕਰਨਾ ਚਾਹੁੰਦਾ ਸੀ। ਸਿੱਖਾਂ ਨੇ ਕਰੜਾ ਵਿਰੋਧ ਕੀਤਾ, ਪਰ ਅੰਗਰੇਜ਼ ਫ਼ੌਜੀਆਂ ਨੇ ਉਹਨਾ ਦੀ ਰੱਖਿਆ ਪੰਕਤੀ ਤੋੜ ਦਿੱਤੀ, ਅਤੇ ਦੋ ਤੋਪਾਂ ਤੇ ਵੀ ਕਬਜ਼ਾ ਕਰ ਲਿਆ। ਹੈਰੀ ਸਮਿੱਥ ਨੇ ਆਪਣੇ ਘੋੜ ਸਵਾਰਾਂ ਨੂੰ ਵੀ ਇਸ ਪਾਸੇ ਹਮਲਾ ਕਰਨ ਦਾ ਹੁਕਮ ਦਿੱਤਾ। ਘੋੜ ਸਵਾਰਾਂ ਨੇ ਸਿੱਖ ਮੋਰਚੇ ਦਾ ਇਹ ਭਾਗ ਪੂਰੀ ਤਰਾਂ ਤੋੜ ਦਿੱਤਾ।

ਇਹ ਹਮਲਾ ਅਜੇ ਚੱਲ ਹੀ ਰਿਹਾ ਸੀ ਕਿ ਬਰਗੇਡੀਅਰ ਵੀਲਰ ਅਤੇ ਵਿਲਸਨ ਨੇ ਸਿੱਖ ਫ਼ੌਜ ਦੇ ਸੱਜੇ, ਬੁੰਦਰੀ ਵਾਲੇ ਪਾਸੇ ਹਮਲਾ ਕਰ ਦਿੱਤਾ। ਖ਼ਾਲਸਾ ਤੋਪਾਂ ਨੇ ਹਮਲਾਵਰਾਂ ਦਾ ਕਾਫ਼ੀ ਘਾਣ ਕੀਤਾ। ਜ਼ਿਆਦਾਤਰ ਨੁਕਸਾਨ ਵੀਲਰ ਦੀ ਫ਼ੌਜ ਦਾ ਹੋਇਆ, ਪਰ ਉਹ ਅੱਗੇ ਵੱਧਦਾ ਰਿਹਾ। ਉਸ ਦੋ ਵਾਰ ਆਪਣੀ ਕਤਾਰ ਨੂੰ ਰੋਕਿਆ, ਤਾਂਕਿ ਸਿੱਖ ਗੋਲਾਬਾਰੀ ਕਾਰਨ ਕਤਾਰ ਵਿੱਚ ਪਏ ਪਾੜਿਆਂ ਨੂੰ ਭਰਿਆ ਜਾ ਸਕੇ, ਅਤੇ ਵਿਲਸਨ ਦੀ ਕਤਾਰ, ਜੋ ਕੁਝ ਪੱਛੜ ਗਈ ਸੀ, ਨੂੰ ਦੂਰੀ ਮੇਲਣ ਦਾ ਸਮਾ ਮਿਲ ਸਕੇ। ਗੋਲੀਆਂ ਵਰਾਉਂਦੇ ਹੋਏ, ਅਤੇ ਖ਼ਾਲਸੇ ਦੀਆਂ ਗੋਲੀਆਂ ਦੀ ਮਾਰ ਝੱਲਦੇ ਹੋਏ ਇਹ ਸਿੱਖ ਮੋਰਚਿਆਂ ਤੱਕ ਪਹੁੰਚਣ ਹੀ ਵਾਲੇ ਸਨ, ਤਾਂ ਇਹਨਾ ਨੂੰ ਪਿੱਛੇ ਛੱਡਦੇ ਹੋਏ ਬਰਗੇਡੀਅਰ ਕੁਰਟਨ ਦੇ ਘੋੜ ਸਵਾਰਾਂ ਨੇ ਸਿੱਖ ਮੋਰਚੇ ਤੇ ਹੱਲਾ ਬੋਲ ਦਿੱਤਾ।

ਸਿੱਖ ਪੈਦਲ ਸੈਨਾ ਨੇ ਇਹਨਾ ਲੰਮੇ ਨੇਜ਼ਿਆਂ ਵਾਲੇ ਘੋੜ ਸਵਾਰਾਂ ਦਾ ਸਖ਼ਤੀ ਨਾਲ ਟਾਕਰਾ ਕੀਤਾ, ਪਰ ਇਹ ਘੋੜ ਸਵਾਰ ਵਾਰ ਵਾਰ ਇਕੱਠੇ ਹੋ ਕੇ ਇਹਨਾ ਤੇ ਟੁੱਟ ਪੈਂਦੇ ਅਤੇ ਇਹਨਾ ਨੂੰ ਖਿੰਡਾ ਦਿੰਦੇ। ਇਹ ਘੋੜ ਸਵਾਰ ਪਿੱਛੇ ਹਟੇ ਤਾਂ ਸਿੱਖ ਪੈਦਲ ਸੈਨਿਕਾਂ ਅਤੇ ਅੰਗਰੇਜ਼ੀ ਪੈਦਲ ਸੈਨਿਕਾਂ ਦਾ ਯੁੱਧ ਸ਼ੁਰੂ ਹੋ ਗਿਆ। ਖ਼ੂਬ ਤਲਵਾਰਾਂ ਅਤੇ ਸੰਗੀਨਾ ਚੱਲੀਆਂ, ਪਰ ਅਖ਼ੀਰ ਵੀਲਰ ਅਤੇ ਵਿਲਸਨ ਦੇ ਸੈਨਿਕ ਕਾਮਯਾਬ ਹੋਏ। ਉਹਨਾ ਨੇ ਬੁੰਦਰੀ ਪਿੰਡ ਤੇ ਵੀ ਕਬਜ਼ਾ ਕਰ ਲਿਆ, ਅਤੇ ਸਿੱਖ ਸੈਨਿਕਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਤੋਪਚੀ ਇਸ ਯੁੱਧ ਵਿੱਚ ਵੀ ਆਪਣੀਆਂ ਤੋਪਾਂ ਦੀ ਰੱਖਿਆ ਕਰਦੇ ਹੋਏ ਕੱਟ ਮਰੇ। ਅੰਗਰੇਜ਼ੀ ਸੈਨਾ ਯੁੱਧ ਜਿੱਤ ਗਈ। ਸਿੱਖ ਸੈਨਿਕ ਪੱਤਣ ਵੱਲ ਦੌੜੇ। ਕਈ ਪਾਣੀ ਵਿੱਚ ਡੁੱਬ ਗਏ, ਅਤੇ ਕਈਆਂ ਦਾ ਅੰਗਰੇਜ਼ ਘੋੜ ਸਵਾਰਾਂ ਨੇ ਪਿੱਛਾ ਕਰਕੇ ਉਹਨਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ। 50 ਤੋਂ ਵੀ ਵੱਧ ਸਿੱਖ ਤੋਪਾਂ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ।

ਜੰਗ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੇ ਜ਼ਖ਼ਮੀਆਂ ਦੀ ਸਾਂਭ ਸੰਭਾਲ ਦਾ ਬਹੁਤ ਵਧੀਆ ਪ੍ਰਬੰਧ ਕੀਤਾ। ਉਹਨਾ ਨਾਲ ਮਾਹਿਰ ਡਾਕਟਰ ਅਤੇ ਲੋੜੀਂਦੀਆਂ ਦੁਵਾਈਆਂ ਸਨ। ਇਸ ਜਿੱਤ ਨੇ ਅੰਗਰੇਜ਼ਾਂ ਦੇ ਹੌਸਲੇ ਬੁਲੰਦ ਕਰ ਦਿੱਤੇ। ਸਿੱਖ ਜਿੱਥੇ ਆਪਣੀ ਹਾਰ ਤੋਂ ਦੁਖੀ ਸਨ, ਉੱਥੇ ਆਪਣੇ ਸੈਨਾਪਤੀ ਦੀ ਕਰਤੂਤ ਤੋਂ ਵੀ ਨਰਾਜ਼ ਸਨ। ਰਣਜੋਧ ਸਿੰਘ ਮਜੀਠੀਆ ਰਣ ਤੱਤੇ ਵਿੱਚ ਹੀ ਆਪਣੀ ਸੈਨਾ ਨੂੰ ਛੱਡ ਕੇ ਫ਼ਰਾਰ ਹੋ ਗਿਆ ਸੀ। ਜਿਨ੍ਹਾ ਹੋਇਆ ਸਿੱਖ ਸਿਪਾਹੀਆਂ ਅਤੇ ਸਰਦਾਰਾਂ ਨੇ ਦੁਸ਼ਮਣ ਦਾ ਸਾਹਮਣਾ ਕੀਤਾ, ਪਰ ਅੰਗਰੇਜ਼ ਸੈਨਾ ਦੀ ਅਗਵਾਈ ਮੰਝੇ ਹੋਏ ਦਲੇਰ ਕਮਾਂਡਰ ਕਰ ਰਹੇ ਸਨ, ਸੋ ਇੱਕ ਵਾਰ ਫਿਰ ਸਿੱਖਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਇਸ ਵਾਰ ਅੰਗਰੇਜ਼ਾਂ ਦਾ ਨੁਕਸਾਨ ਬਹੁਤ ਘੱਟ ਹੋਇਆ। ਕੁੱਲ 151 ਸੈਨਿਕ ਅਤੇ ਅਫਸਰ ਹੀ ਮਾਰੇ ਗਏ, 413 ਜ਼ਖਮੀ, ਅਤੇ 25 ਲਾਪਤਾ। ਇਸ ਲੜਾਈ ਦੇ ਨਤੀਜੇ ਵਜੋਂ ਮਾਲਵੇ ਦਾ ਸਾਰਾ ਇਲਾਕਾ ਜੋ ਪਹਿਲਾਂ ਸਿਰਫ ਅੰਗਰੇਜ਼ਾਂ ਦੀ ਰਾਖੀ ਹੇਠ ਸੀ, ਹੁਣ ਪੂਰੀ ਤਰਾਂ ਉਹਨਾ ਦੇ ਅਧੀਨ ਹੋ ਗਿਆ। ਲਹੌਰ ਫੌਜ ਨੇ ਮਾਲਵਾ ਬਿਲਕੁਲ ਛੱਡ ਦਿੱਤਾ।

ਕਮਾਂਡਰ-ਇਨ-ਚੀਫ ਅਤੇ ਗਵੱਰਨਰ ਜਨਰਲ ਨੂੰ ਜਦੋਂ ਅਲੀਵਾਲ ਦੀ ਜਿੱਤ ਦੀ ਖਬਰ ਮਿਲੀ ਤਾਂ ਉਹਨਾ ਭਰਪੂਰ ਖੁਸ਼ੀ ਜਾਹਿਰ ਕੀਤੀ। ਟੁੰਡੇ ਲਾਟ ਨੇ ਲਿਖਤੀ ਤੌਰ ਤੇ ਹੁਕਮ ਜਾਰੀ ਕਰਕੇ ਹੈਰੀ ਸਮਿੱਥ ਅਤੇ ਉਸਦੀ ਫੌਜ ਦੀ ਭਰਪੂਰ ਸ਼ਲਾਘਾ ਕੀਤੀ। ਹੁਣ ਤੱਕ ਕਾਬੂ ਕੀਤੀਆਂ ਸਿੱਖ ਤੋਪਾਂ ਦੀ ਗਿਣਤੀ 143 ਹੋ ਗਈ। ਸਤਲੁਜ ਦੇ ਖੱਬੇ ਕੰਢੇ ਅੰਗਰੇਜ਼ੀ ਫੌਜ ਨੇ ਇਸ ਜਿੱਤ ਦੀ ਖੁਸ਼ੀ ਬੈਂਡ ਵਾਜੇ ਨਾਲ ਅਤੇ ਤੋਪਾਂ ਦੀ ਸਲਾਮੀ ਦੇ ਕੇ ਕੀਤੀ।

# ਸਭਰਾਵਾਂ ਤੋਂ ਪਹਿਲਾਂ

ਅਲੀਵਾਲ ਦੀ ਇਸ ਜੰਗ ਤੋਂ ਬਾਅਦ ਦੇ ਹਲਾਤ ਦਾ ਵਰਨਣ ਕੈਪਟਨ ਕੁਨਿੰਘਮ ਨੇ ਬਹੁਤ ਵਿਸਥਾਰ ਵਿੱਚ ਕੀਤਾ ਹੈ, ਜਿਸ ਤੋਂ ਗੁਲਾਬ ਸਿੰਘ ਡੋਗਰੇ ਦੀ ਦੋਗਲੀ ਨੀਤੀ, ਅੰਗਰੇਜ਼ਾਂ ਨਾਲ ਹੋਈ ਉਸਦੀ ਗੁਪਤ ਗੱਲਬਾਤ, ਅਤੇ ਅੰਗਰੇਜ਼ ਗਵੱਰਨਰ ਜਨਰਲ ਦੀ ਸੋਚ ਦਾ ਸਹੀ ਅੰਦਾਜ਼ਾ ਹੋ ਜਾਂਦਾ ਹੈ। ਕੁਨਿੰਘਮ ਦੇ ਸ਼ਬਦਾਂ ਦਾ ਸਾਰ ਇਹ ਹੈ: ਅੰਗਰੇਜ਼ਾਂ ਲਈ ਇਹ ਜਿੱਤ ਬਹੁਤ ਮਹੱਤਵਪੂਰਨ ਸੀ। ਇਸ ਤੋਂ ਬਾਅਦ ਲਹੌਰ ਦਰਬਾਰ ਵੱਲੋਂ ਸੁਲਹਾ ਸੰਦੇਸ਼ ਆਉਣੇ ਸ਼ੁਰੂ ਹੋ ਗਏ, ਅਤੇ ਸੁਲਹਾ ਦੀ ਪੇਸ਼ਕਸ਼ ਲੈ ਕੇ ਜੋ ਮਨੁੱਖ ਲਾਰਡ ਹੈਨਰੀ ਹਾਰਡਿੰਗ ਕੋਲ ਆਇਆ, ਉਹ ਸੀ ਜੰਮੂ ਦਾ ਰਾਜਾ ਗੁਲਾਬ ਸਿੰਘ। ਗੁਲਾਬ ਸਿੰਘ ਬਹੁਤ ਚਲਾਕ ਵਿਅੱਕਤੀ ਸੀ। ਸਿੱਖ ਸਰਦਾਰਾਂ ਨਾਲ ਹਮਦਰਦੀ ਜਤਾ ਕੇ ਉਸਨੇ ਉਹਨਾ ਦਾ ਵਿਸ਼ਵਾਸ ਹਾਸਲ ਕਰ ਲਿਆ। ਮਹਾਰਾਣੀ ਚਾਹੁੰਦੀ ਸੀ ਕਿ ਸੁਲਹਾ ਕਿਸੇ ਵੀ ਸ਼ਰਤ ਤੇ ਹੋਵੇ, ਪਰ ਉਸਦਾ ਪੁੱਤਰ ਲਹੌਰ ਦੇ ਤਖਤ ਤੇ ਬਿਰਾਜਮਾਨ ਰਹਿਣਾ ਚਾਹੀਦਾ ਹੈ। ਗੁਲਾਬ ਸਿੰਘ ਨੇ ਉਸਨੂੰ ਇਹ ਵਿਸ਼ਵਾਸ ਦੁਵਾਇਆ ਕਿ ਉਹ ਅੰਗਰੇਜ਼ਾਂ ਨੂੰ ਇਸ ਗੱਲ ਲਈ ਰਾਜੀ ਕਰ ਲਵੇਗਾ। ਸੋ ਮਹਾਰਾਣੀ ਅਤੇ ਸਿੱਖ ਫੌਜ ਦੂਵੇਂ ਧਿਰਾਂ ਹੀ ਇਸ ਗੱਲ ਲਈ ਰਾਜੀ ਹੋ ਗਏ ਕਿ ਅੰਗਰੇਜ਼ਾਂ ਨਾਲ ਸੁਲਹਾ ਦੀ ਗੱਲਬਾਤ ਕਰਨ ਲਈ ਰਾਜਾ ਗੁਲਾਬ ਸਿੰਘ ਜਾਵੇ। ਸਿੱਖ ਫੌਜ ਨੇ ਇਹ ਸੋਚਿਆ ਕਿ ਸ਼ਾਇਦ ਇਹ ਚਲਾਕ ਮਨੁੱਖ ਇੱਕ ਸਨਮਾਨਯੋਗ ਸੰਧੀ ਲਈ ਗਵੱਰਨਰ ਜਨਰਲ ਨੂੰ ਰਾਜੀ ਕਰ ਹੀ ਲਵੇ।

ਸੋ ਹੁਣ ਗੁਲਾਬ ਸਿੰਘ ਸਿੱਖਾਂ ਦਾ ਪ੍ਰਤੀਨਿਧੀ ਬਣ ਕੇ ਸਤਲੁਜ ਤੋਂ ਪਾਰ ਲਾਰਡ ਹੈਨਰੀ ਹਾਰਡਿੰਗ ਦੇ ਦਰਬਾਰ ਵਿੱਚ ਪੇਸ਼ ਹੋਇਆ। ਉਸ ਕਿਹਾ ਕਿ ਜੇ ਅੰਗਰੇਜ਼ ਮਹਾਰਾਜੇ ਦਲੀਪ ਸਿੰਘ ਨੂੰ ਲਹੌਰ ਦੇ ਤਖਤ ਤੇ ਬਿਰਾਜਮਾਨ ਰਹਿਣ ਦੇਣ ਤਾਂ ਉਹ ਇਸ ਗੱਲ ਦਾ ਪੂਰਾ ਪ੍ਰਬੰਧ ਕਰ ਸਕਦਾ ਹੈ ਕਿ ਸਿੱਖ ਫੌਜ ਪੂਰੀ ਤਰਾਂ ਹਾਰ ਜਾਵੇ। ਉਸਨੇ ਅਸਿੱਧੇ ਤੌਰ ਤੇ ਇਹ ਧਮਕੀ ਵੀ ਦਿੱਤੀ ਜੇ ਅੰਗਰੇਜ਼ ਇਸ ਗੱਲ ਨੂੰ ਪਰਵਾਨ ਨਹੀਂ ਕਰਦੇ ਤਾਂ ਯੁੱਧ ਲੰਮਾ ਵੀ ਹੋ ਸਕਦਾ ਹੈ, ਅਤੇ ਸਿੱਖ ਸੈਨਾ ਉਸਨੂੰ ਵੀ ਡਰਾ ਧਮਕਾ ਕੇ ਯੁੱਧ ਵਿੱਚ ਭਾਗ ਲੈਣ ਲਈ ਮਜਬੂਰ ਕਰ ਸਕਦੀ ਹੈ। ਗਵੱਰਨਰ ਜਨਰਲ ਦੇ ਇਹ ਪੁੱਛਣ ਤੇ ਕਿ ਸਿੱਖਾਂ ਦੀ ਹਾਰ ਦਾ ਪ੍ਰਬੰਧ ਕਰਨ ਦੇ ਇਵਜ਼ ਵਿੱਚ ਉਹ ਕੀ ਚਾਹੁੰਦਾ ਸੀ, ਤਾਂ ਉਸ ਇਹ ਕਿਹਾ ਕਿ

ਉਹ ਚਾਹੁੰਦਾ ਹੈ ਕਿ ਅੰਗਰੇਜ ਉਸਨੂੰ ਜੰਮੂ ਕਸ਼ਮੀਰ ਦਾ ਅਜਾਦ ਹਾਕਮ ਮੰਨ ਲੈਣ। ਗਵੱਰਨਰ ਜਨਰਲ ਨੂੰ ਇਹ ਖੁਸ਼ੀ ਤਾਂ ਸੀ ਕਿ ਸਿੱਖ ਸੁਲਹਾ ਦੇ ਚਾਹਵਾਨ ਹਨ, ਪਰ ਉਸਨੂੰ ਗੁਲਾਬ ਸਿੰਘ ਦੇ ਸੁਝਾਅ ਬਹੁਤ ਚੰਗੇ ਨਾ ਲੱਗੇ। ਕਸ਼ਮੀਰ ਕਿਸੇ ਵੀ ਗਦਾਰੀ ਦੀ ਬੜੀ ਭਾਰੀ ਕੀਮਤ ਸੀ। ਪਰ ਉਸਨੂੰ ਪਤਾ ਸੀ ਕਿ ਇਹ ਮਨੁੱਖ ਇੱਕ ਦੋਧਾਰੀ ਤਲਵਾਰ ਹੈ। ਹੁਣ ਤੱਕ ਉਸਨੇ ਸਿੱਖਾਂ ਦੇ ਹੱਕ ਵਿਚ ਲੜਨ ਤੋਂ ਪਰਹੇਜ ਕੀਤਾ ਸੀ। ਜੇ ਉਹ ਹੁਣ ਉਹਨਾ ਦੇ ਹੱਕ ਵਿੱਚ ਲੜਨ ਦਾ ਫੈਸਲਾ ਕਰ ਲੈਂਦਾ ਤਾਂ ਅੰਗਰੇਜਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਗੁਲਾਬ ਸਿੰਘ ਦੇ ਸਿੱਖਾਂ ਦੇ ਹੱਕ ਵਿੱਚ ਲੜਨ ਨਾਲ ਇਹ ਤਾਂ ਜਰੂਰੀ ਨਹੀਂ ਸੀ ਕਿ ਉਹ ਅੰਗਰੇਜਾਂ ਨੂੰ ਹਰਾਉਣ ਵਿਚ ਕਾਮਯਾਬ ਹੀ ਜਾਂਦੇ, ਪਰ ਇਸ ਨਾਲ ਇਹ ਲੜਾਈ ਲੰਮੀ ਜਰੂਰ ਪੈ ਸਕਦੀ ਸੀ। ਟੁੰਡੇ ਲਾਟ ਨੂੰ ਪਤਾ ਸੀ ਕਿ ਪੰਜਾਬ ਨੂੰ ਇੱਕੋ ਸੀਜਨ (ਸਰਦੀ/ਬਸੰਤ ਰੁਤ) ਵਿੱਚ ਪੂਰੀ ਤਰਾਂ ਜਿੱਤਣਾ ਸੰਭਵ ਨਹੀਂ ਹੈ। ਗਰਮੀ ਦਾ ਮੌਸਮ ਜਿਆਦਾ ਦੂਰ ਨਹੀਂ ਸੀ। ਜੇਠ ਹਾੜ ਦੀ ਗਰਮੀ ਤਾਂ ਦੂਰ, ਅੰਗਰੇਜਾਂ ਲਈ ਚੇਤ ਵਿਸਾਖ ਦੀ ਧੁੱਪ ਸਹਿਣੀ ਵੀ ਮੁਸ਼ਕਿਲ ਹੈ-ਅੰਗਰੇਜ ਪਹਿਲੇ ਹਮਲਾਵਰ ਨਹੀਂ ਸਨ ਜੋ ਪੰਜਾਬ ਦੀ ਗਰਮੀ ਤੋਂ ਡਰਦੇ ਸਨ। ਤੁਰਕ ਹਮਲਾਵਰ ਮਹਿਮੂਦ ਗਜਨਵੀ ਅਤੇ ਪਠਾਨ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਸਮੇਤ ਸਭ ਹਮਲਾਵਰ ਅਸੂ ਕੱਤੇ ਦੇ ਮਹੀਨੇ ਵਿੱਚ ਪੰਜਾਬ ਵਿੱਚ ਦਾਖਲ ਹੁੰਦੇ, ਅਤੇ ਵਿਸਾਖੀ ਤੋਂ ਵੀ ਪਹਿਲਾਂ ਏਥੋਂ ਕੂਚ ਕਰ ਜਾਂਦੇ ਸਨ। ਸੋ ਲਾਟ ਨੂੰ ਫੱਗਣ ਵਿੱਚ ਵੀ ਪੰਜਾਬ ਦੀ ਗਰਮੀ ਦਾ ਖਿਆਲ ਪਰੇਸ਼ਾਨ ਕਰ ਰਿਹਾ ਸੀ।

ਲਾਟ ਦੇ ਮਨ ਵਿੱਚ ਕਈ ਹੋਰ ਵਿਚਾਰ ਵੀ ਘੁੰਮਣਘੇਰੀਆਂ ਪਾ ਰਹੇ ਸਨ। ਪੰਜਾਬ ਨੂੰ ਪੂਰੀ ਤਰਾਂ ਜਿੱਤਣ ਲਈ ਇਸਦੇ ਅਧੀਨ ਸੂਬਿਆਂ ਨੂੰ ਜਿੱਤਣਾ ਵੀ ਜਰੂਰੀ ਸੀ, ਅਤੇ ਇਹ ਕੰਮ ਕੁਝ ਕੁ ਮਹੀਨਿਆਂ ਵਿੱਚ ਕਰਨਾ ਸੰਭਵ ਨਹੀਂ ਸੀ। ਇਹ ਕੰਮ ਬੜਾ ਜੋਖਮ ਭਰਿਆ ਅਤੇ ਬੁਰੀਆਂ ਸੰਭਾਵਨਾਵਾਂ ਨਾਲ ਭਰਪੂਰ ਸੀ। ਅੰਗਰੇਜਾਂ ਦਾ ਹਿੰਦੋਸਤਾਨ ਤੇ ਕਬਜਾ ਮੁੱਖ ਤੌਰ ਤੇ ਇਸ ਗੱਲ ਤੇ ਅਧਾਰਿਤ ਸੀ ਕਿ ਉਹ ਜਰੂਰਤ ਪੈਣ ਤੇ ਲੋੜੀਂਦੀ ਜਗ੍ਹਾ ਤੇ ਕਿੰਨੇ ਗੋਰੇ ਸਿਪਾਹੀ ਮੈਦਾਨ ਵਿੱਚ ਉਤਾਰ ਸਕਦੇ ਸਨ। ਗਰਮੀ ਅਤੇ ਬਰਸਾਤ ਦੇ ਮੌਸਮ ਵਿੱਚ ਭਾਰੀ ਗਿਣਤੀ ਵਿੱਚ ਗੋਰੇ ਸਿਪਾਹੀ ਹੈਜੇ ਅਤੇ ਮਲੇਰੀਏ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਸਨ। ਇਸ ਨਾਲ ਫੌਜ ਦੀ ਗਿਣਤੀ ਅਤੇ ਤਾਕਤ ਵਿੱਚ ਕਾਫੀ ਕਮੀ ਆ ਜਾਂਦੀ ਸੀ। ਇਸ ਲੜਾਈ ਨੂੰ ਲੰਮੀ ਕਰਨ ਵਿੱਚ ਬਹੁਤ ਖਤਰਾ ਸੀ।

ਵਕਤ ਸਹੀ ਨਹੀਂ ਸੀ। ਪੂਰਾ ਹਿੰਦੋਸਤਾਨ ਸਾਹ ਰੋਕ ਕੇ ਇਸ ਯੁੱਧ ਦੇ ਨਤੀਜੇ ਦੀ ਉਡੀਕ ਕਰ ਰਿਹਾ ਸੀ। ਲੋਕਾਂ ਦੇ ਮਨ ਭਟਕੇ ਹੋਏ ਸਨ। ਲੜਾਈ ਲੰਮੀ ਹੋਣ ਨਾਲ ਜਮੁਨਾ ਪਾਰ ਹਿੰਦੋਸਤਾਨ ਨਾਲ ਅੰਗਰੇਜਾਂ ਦੇ ਸੰਪਰਕ ਵਿੱਚ ਵੀ ਰੁਕਾਵਟ ਆ ਸਕਦੀ ਸੀ। ਫਿਰ ਪੰਜਾਬ ਦੀ ਅਫਗਾਨਿਸਤਾਨ ਨਾਲ ਲੱਗਦੀ ਉੱਤਰ-ਪੱਛਮੀ ਸਰਹੱਦ ਦਾ ਵੀ ਸਵਾਲ ਸੀ। ਇਥੇ ਰਹਿਣ ਵਾਲੇ ਕਬੀਲੇ ਬੜੇ ਹਿੰਸਕ ਸਨ। ਅਮਨ ਅਮਾਨ ਨਾਲ ਜੀਣਾ ਉਹਨਾ ਨੂੰ ਬਿਲਕੁਲ ਪਸੰਦ ਨਹੀਂ ਸੀ। ਨਾਂ ਹੀ ਕਿਸੇ ਹਾਕਮ ਦੇ ਪੱਕੇ ਵਫਾਦਾਰ ਸਨ। ਉਹਨਾ ਨੂੰ ਕੋਈ ਵੀ ਭੜਕਾ ਸਕਦਾ ਸੀ। ਲੁੱਟਮਾਰ ਦਾ ਲਾਲਚ ਦੇ ਕੇ ਆਪਣੇ ਮਗਰ ਲਾ ਸਕਦਾ ਸੀ। ਲੜਾਈ ਤਾਂ ਉਹਨਾ ਲਈ ਇੱਕ ਸ਼ੁਗਲ ਸੀ। ਉਹਨਾ ਨੂੰ ਵੱਸ ਵਿੱਚ ਕਰ ਸਕਣਾ ਇਸ ਸਮੇਂ ਅੰਗਰੇਜ ਗਵੱਰਨਰ ਜਨਰਲ ਦੇ ਵੱਸੋਂ ਬਾਹਰੀ ਚੀਜ ਸੀ। ਉਸ ਕੋਲ ਇਸ ਸਮੇ ਜੋ ਫੌਜ ਅਤੇ ਹੋਰ ਸਾਧਨ ਸਨ ਉਹਨਾ ਨਾਲ ਇਹ ਕੰਮ ਸਿਰੇ ਨਹੀਂ ਚੜ ਸਕਦਾ ਸੀ।

ਸਿਕੰਦਰ ਮਹਾਨ ਵਾਂਗ ਜੇਤੂ ਹੋ ਕੇ ਸਿੰਧ ਦਰਿਆ ਦੇ ਕਿਨਾਰੇ ਖਲੋਣ ਦੀ ਤਮੰਨਾ ਟੁੰਡੇ ਲਾਟ ਨੂੰ ਵੀ ਸੀ, ਪਰ ਇਸਤੋਂ ਪਹਿਲਾਂ ਸਿੱਖਾਂ ਨੂੰ ਵੱਸ ਵਿੱਚ ਕਰਨਾ ਜਰੂਰੀ ਸੀ। ਜਿੰਨਾ ਚਿਰ ਸਿੱਖ ਪੂਰੀ ਤਰਾਂ ਹਾਰ ਕੇ ਹਥਿਆਰ ਨਾ ਸੁੱਟ ਦੇਣ, ਜਾਂ ਉਹਨਾ ਨਾਲ ਸੁਲਹਾ ਨਾ ਹੋ ਜਾਵੇ ਉਹਨਾ ਚਿਰ ਇਹ ਨਹੀਂ ਕਿਹਾ ਜਾ ਸਕਦਾ ਸੀ ਕਿ ਸਥਿਤੀ ਵਿੱਚ ਕੋਈ ਸੁਧਾਰ ਹੋਇਆ ਹੈ। ਭਾਰਤ ਦੇ ਸਭ ਰਜਵਾੜੇ ਅੰਗਰੇਜਾਂ ਤੋਂ ਅਜਾਦ ਹੋਣ ਦੇ ਸੁਪਨੇ ਲੈ ਰਹੇ ਸਨ। ਏਨੀ ਵੱਡੀ ਫੌਜ ਨੂੰ ਇੱਕੋ ਲੜਾਈ ਵਿੱਚ ਖਤਮ

ਕਰਨਾ ਇਸ ਸਮੇ ਗਵੱਰਨਰ ਜਨਰਲ ਦੇ ਵੱਸ ਤੋਂ ਬਾਹਰ ਸੀ।


ਫਿਰ ਵੀ ਲਾਟ ਨੇ ਗੁਲਾਬ ਸਿੰਘ ਨੂੰ ਕਿਹਾ ਕਿ ਜੇ ਉਹ ਸਿੱਖ ਫੌਜ ਨੂੰ ਤੋੜਕੇ ਸੈਨਿਕਾਂ ਨੂੰ ਘਰੋ ਘਰੀ ਭੇਜ ਦੇਣ ਤਾਂ ਅੰਗਰੇਜ ਸੁਲਹਾ ਲਈ ਤਿਆਰ ਹਨ, ਅਤੇ ਉਹ ਦਲੀਪ ਸਿੰਘ ਤੋਂ ਪੰਜਾਬ ਦਾ ਤਖਤ ਖੋਣ ਦੀ ਕੋਸ਼ਿਸ਼ ਨਹੀਂ ਕਰਨਗੇ। ਪਰ ਇਹ ਗੱਲ ਗੁਲਾਬ ਸਿੰਘ ਦੇ ਵੱਸ ਦੀ ਨਹੀਂ ਸੀ। ਉਹ ਤਾਂ ਸਿੱਖ ਫੌਜ ਤੋਂ ਭੈਭੀਤ ਸੀ। ਸ਼ਾਹੀ ਪ੍ਰਵਾਰ ਅਤੇ ਹੋਰ ਸਰਦਾਰ ਵੀ ਫੌਜ ਤੋਂ ਬੇਹੱਦ ਡਰਦੇ ਸਨ। ਫੌਜ ਨੂੰ ਤੋੜਨਾ ਤਾਂ ਦੂਰ ਉਹ ਫੌਜ ਨੂੰ ਕੋਈ ਹੁਕਮ ਦੇਣ ਤੋਂ ਵੀ ਕੰਨੀ ਕਤਰਾਉਂਦੇ ਸਨ। ਗੁਲਾਬ ਸਿੰਘ ਨੇ ਲਾਟ ਨੂੰ ਕਿਹਾ ਕਿ ਫੌਜ ਨੂੰ ਤੋੜਨਾ ਤਾਂ ਸੰਭਵ ਨਹੀਂ ਸੀ, ਪਰ ਇਸਨੂੰ ਹਰਾਉਣਾ ਜਰੂਰ ਸੰਭਵ ਸੀ। ਅਤੇ ਜੇ ਅੰਗਰੇਜ ਸਿੱਖ ਫੌਜ ਨੂੰ ਹਰਾ ਦੇਣ ਤਾਂ ਲਹੌਰ ਦਰਬਾਰ ਆਪਣੀ ਫੌਜ ਨਾਲੋਂ ਆਪਣਾ ਨਾਤਾ ਤੋੜ ਲਵੇਗਾ, ਅਤੇ ਅੰਗਰੇਜਾਂ ਦੀ ਹਰ ਸੰਭਵ ਸਹਾਇਤਾ ਕਰੇਗਾ। ਅੰਗਰੇਜਾਂ ਲਈ ਲਹੌਰ ਦਾ ਰਾਹ ਖੁੱਲਾ ਰੱਖਿਆ ਜਾਏਗਾ। ਕੋਈ ਉਹਨਾ ਦਾ ਵਿਰੋਧ ਨਹੀਂ ਕਰੇਗਾ। ਇਸ ਤਰਾਂ ਗੁਲਾਬ ਸਿੰਘ ਨੇ ਸਿੱਖ ਫੌਜ ਨੂੰ ਵੇਚਕੇ ਮਹਾਰਾਜੇ ਦਾ ਤੱਖਤ ਬਚਾ ਲਿਆ, ਅਤੇ ਆਪਣੇ ਲਈ ਜੰਮੂ ਦਾ ਅਜਾਦ ਰਾਜਾ ਬਣਨ ਦਾ ਰਸਤਾ ਵੀ ਸਾਫ ਕਰ ਲਿਆ। ਇਹ ਸਾਰੀ ਗੱਲਬਾਤ ਗੁਪਤ ਰੱਖੀ ਗਈ, ਅਤੇ ਸਭ ਵਾਅਦੇ ਜੁਬਾਨੀ ਕੀਤੇ ਗਏ। ਸਭਰਾਵਾਂ ਦੀ ਜੰਗ ਇਸੇ ਗੁਪਤ ਸੰਧੀ ਦੀ ਕਾਲੀ ਛਾਂ ਹੇਠ ਹੋਈ।

ਕੈਪਟਨ ਕੁਨਿੰਘਮ ਨੇ ਆਪਣਾ 'ਸਿੱਖਾਂ ਦਾ ਇਤਿਹਾਸ' ਇਸ ਜੰਗ ਤੋਂ ਫੌਰਨ ਬਾਅਦ ਲਿਖਿਆ ਸੀ। ਉਸ ਅਨੁਸਾਰ ਇਹ ਉੱਪਰਲੇ ਸ਼ਬਦ ਲਿਖਣ ਕਰਕੇ ਹੀ ਈਸਟ ਇੰਡੀਆ ਕੰਪਨੀ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਉਸ ਅਨੁਸਾਰ ਗੁਲਾਬ ਸਿੰਘ ਨਾਲ ਗੱਲਬਾਤ ਤੋਂ ਬਾਅਦ ਗਵੱਰਨਰ ਜਨਰਲ ਨੇ ਕੰਪਨੀ ਦੀ ਗੁਪਤ ਕਮੇਟੀ ਨੂੰ 19 ਫਰਵਰੀ 1846 ਨੂੰ ਇੱਕ ਚਿੱਠੀ ਭੇਜੀ ਸੀ, ਅਤੇ ਗੁਲਾਬ ਸਿੰਘ ਨਾਲ ਹੋਈ ਗੱਲਬਾਤ ਦਾ ਵੇਰਵਾ ਦਿੱਤਾ ਸੀ। ਇਸ ਚਿੱਠੀ ਵਿੱਚ ਜੋ ਸ਼ਬਦ ਲਿਖੇ ਗਏ, ਕੁਨਿੰਘਮ ਅਨੁਸਾਰ ਉਹਨਾ ਦਾ ਅੰਦਰੂਨੀ ਅਰਥ ਉਹ ਵਿਅੱਕਤੀ ਹੀ ਸਮਝ ਸਕਦਾ ਹੈ ਜਿਸਨੂੰ ਇਸ ਗੱਲਬਾਤ ਦਾ ਪੂਰਾ ਪਤਾ ਹੋਵੇ। ਉਸ ਦੁਆਰਾ ਭਾਰਤ ਵਿੱਚ ਕੀਤੀ ਖੋਜਬੀਨ ਅਤੇ ਉਸਦੇ ਦੋਸਤਾਂ ਦੀ ਇੰਗਲੈਂਡ ਵਿੱਚ ਕੀਤੀ ਖੋਜ ਤੋਂ ਇਹੋ ਸਿੱਧ ਹੁੰਦਾ ਹੈ ਕਿ ਖਾਲਸਾ ਫੌਜ ਵਿਰੁੱਧ ਇਸ ਸਾਜਿਸ ਵਿੱਚ ਲਹੌਰ ਦਰਬਾਰ ਅਤੇ ਅੰਗਰੇਜ ਦੋਵੇਂ ਸ਼ਾਮਲ ਸਨ।

# ਸਭਰਾਵਾਂ ਦੀ ਜੰਗ-10 ਫਰਵਰੀ 1846

ਅਲੀਵਾਲ ਦੀ ਜੰਗ ਵਿੱਚ ਅੰਗਰੇਜਾਂ ਹੱਥ ਆਈਆਂ ਆਪਣੀਆਂ ਤੋਪਾਂ ਨਾਲ ਸਿੱਖ ਫੌਜ ਕਾਫੀ ਕੰਮਜੋਰ ਹੋ ਗਈ ਸੀ। ਇਸ ਫੌਜ ਦਾ ਵੱਡਾ ਹਿੱਸਾ ਸਭਰਾਵਾਂ ਪਿੰਡ ਕੋਲ ਸਤਲੁਜ ਦੇ ਖੱਬੇ ਕਿਨਾਰੇ ਸੀ। ਇਸ ਕੋਲ 67 ਤੋਪਾਂ ਸਨ। ਫੌਜ ਦੀ ਕਮਾਨ ਸਰਦਾਰ ਤੇਜ ਸਿੰਘ ਦੇ ਹੱਥ ਸੀ। ਦਰਿਆ ਦੇ ਕੁਝ ਹੋਰ ਉੱਪਰ ਹਰੀਕੇ ਪਤਣ ਕੋਲ ਵਜੀਰ ਲਾਲ ਸਿੰਘ ਫੌਜ ਲੈ ਕੇ ਖੜਾ ਸੀ, ਤਾਂਕਿ ਜੇ ਅੰਗਰੇਜ ਫੌਜ ਸਤਲੁਜ ਪਾਰ ਕਰਕੇ ਅਮ੍ਰਿੰਤਸਰ ਵੱਲ ਵਧੇ ਤਾਂ ਉਸਨੂੰ ਰੋਕਿਆ ਜਾ ਸੱਕੇ।

ਸਭਰਾਵਾਂ ਕੋਲ ਸਿੱਖ ਫੌਜ ਨੇ ਬੇੜੀਆਂ ਦਾ ਇੱਕ ਪੁਲ ਬਣਾ ਲਿਆ ਸੀ, ਕਿਉਂਕਿ ਉਹਨਾ ਦਾ ਕੈਂਪ ਦਰਿਆ ਦੇ ਪਾਰ ਦੂਸਰੇ ਕਿਨਾਰੇ ਸੀ। ਸਭਰਾਵਾਂ ਕੋਲ ਦਰਿਆ ਸਤਲੁਜ ਉੱਤਰ ਵੱਲ ਇੱਕ ਵਲ




ਸਭਰਾਵਾਂ - 10 ਫਰਵਰੀ 1846

ਬਣਾਕੇ ਫਿਰ ਸਿੱਧਾ ਵਗਣ ਲੱਗ ਪੈਂਦਾ ਹੈ। ਇਸ ਵਲ ਵਿਚਲੀ ਜਗ੍ਹਾ ਤੇ ਹੀ ਖਾਲਸਾ ਫੌਜ ਮੋਰਚੇ ਮੱਲ ਕੇ ਬੈਠੀ ਸੀ। ਇਹ ਮੋਰਚੇ ਇੱਕ ਅਰਧ-ਚੱਕਰ ਅਕਾਰ ਦੇ ਸਨ, ਜਿਸਦਾ ਗੋਲ ਪਾਸਾ ਦੱਖਣ ਦਿਸ਼ਾ ਵੱਲ ਸੀ, ਜਿਸ ਤਰਾਂ ਨਕਸ਼ੇ ਵਿੱਚ ਵਿਖਾਇਆ ਗਿਆ ਹੈ।

ਅੰਗਰੇਜ ਇਤਿਹਾਸਕਾਰ ਇਸ ਫੌਜ ਦੀ ਗਿਣਤੀ 35000-40000 ਲਿਖਦੇ ਹਨ, ਪਰ ਕੁਨਿੰਘਮ ਇਸਦੀ ਗਿਣਤੀ 20000 ਦੱਸਦਾ ਹੈ। ਮੁਦਕੀ, ਫੇਰੂ ਸ਼ਹਿਰ, ਅਤੇ ਅਲੀਵਾਲ ਦੀਆਂ ਜੰਗਾਂ ਵਿੱਚ ਭਾਰੀ ਗਿਣਤੀ ਵਿੱਚ ਸਿੱਖ ਸੈਨਿਕ ਮਾਰੇ ਗਏ ਸਨ, ਅਤੇ ਕਈ ਭਗੌੜੇ ਹੋ ਗਏ ਸਨ। ਕੁਝ ਫੌਜ ਲਾਲ ਸਿੰਘ ਨਾਲ ਵੀ ਸੀ। ਸੋ ਕੁਨਿੰਘਮ ਦਾ ਅੰਦਾਜਾ ਸਹੀ ਲੱਗਦਾ ਹੈ।

ਖਾਲਸੇ ਦੀਆਂ ਕੁਝ ਭਾਰੀ ਤੋਪਾਂ ਦਰਿਆ ਦੇ ਪਾਰਲੇ ਕਿਨਾਰੇ ਤੈਨਾਤ ਸਨ। ਬਾਕੀ ਸਿੱਖ ਤੋਪਾਂ ਉੱਚੇ ਟਿੱਲਿਆਂ ਪਿੱਛੇ ਤੈਨਾਤ ਸਨ। ਇਹਨਾ ਦੇ ਪਿੱਛੇ ਸਿੱਖ ਪੈਦਲ ਸੈਨਾ ਅਤੇ ਘੋੜ ਸਵਾਰ ਸਨ। ਇਹ ਮੋਰਚੇ ਅਤੇ ਟਿੱਲੇ ਸਿੱਖ ਤੋਪਚੀਆਂ ਅਤੇ ਹੋਰ ਸੈਨਿਕਾਂ ਨੂੰ ਦੁਸ਼ਮਣ ਦੀ ਗੋਲਾਬਾਰੀ ਤੋਂ ਕੁਝ ਹੱਦ ਤੱਕ ਬਚਾਉਂਦੇ ਤਾਂ ਜਰੂਰ ਸਨ, ਅਤੇ ਦੁਸ਼ਮਣ ਦੀ ਪੈਦਲ ਸੈਨਾ ਅਤੇ ਘੋੜ ਸਵਾਰਾਂ ਲਈ ਰੁਕਾਵਟਾਂ ਵੀ ਸਨ, ਪਰ ਇਹਨਾ ਨਾਲ ਸਿੱਖ ਫੌਜ ਦੀ ਆਪਣੀ ਹਰਕਤ ਵਿੱਚ ਵੀ ਰੁਕਾਵਟ ਪੈਂਦੀ ਸੀ, ਕਿਉਂਕਿ ਉਹ ਇੱਕ ਜਗ੍ਹਾ ਤੇ ਸੀਮਤ ਰਹਿ ਕੇ ਹੀ ਦੁਸ਼ਮਣ ਦੇ ਹਮਲੇ ਦਾ ਜਵਾਬ ਦੇ ਸਕਦੇ ਸਨ। ਲੋੜ ਪੈਣ ਤੇ ਅੱਗੇ ਵਧਕੇ ਦੁਸ਼ਮਣ ਤੇ ਹਮਲਾ ਨਹੀਂ ਕਰ ਸਕਦੇ ਸਨ।

ਅੰਗਰੇਜ ਕਮਾਂਡਰ-ਇਨ-ਚੀਫ ਨੇ ਜੰਗ ਤੋਂ ਇੱਕ ਦਿਨ ਪਹਿਲਾਂ ਹੀ ਸਿੱਖ ਮੋਰਚੇ ਦਾ ਨਕਸ਼ਾ ਬਣਾ ਲਿਆ ਸੀ। ਇਸ ਕੰਮ ਵਿੱਚ ਉਸਦੇ ਆਪਣੇ ਜਸੂਸਾਂ ਅਤੇ ਸਿੱਖ ਗਦਾਰਾਂ ਨੇ ਉਸਦੀ ਬਹੁਤ ਸਹਾਇਤਾ ਕੀਤੀ। ਉਸਨੇ ਆਪਣੇ ਕਮਾਂਡਰਾਂ ਦੀ ਮੀਟਿੰਗ ਕਰਕੇ ਉਹਨਾ ਨੂੰ ਹਮਲੇ ਦੀ ਸਾਰੀ ਸਕੀਮ ਸਮਝਾ ਦਿੱਤੀ। ਅੰਗਰੇਜ ਅਫਸਰ ਹੈਨਰੀ ਲਾਰੰਸ ਅੰਗਰੇਜ ਗਵੱਰਨਰ ਜਨਰਲ ਦਾ ਮਿੱਤਰ ਅਤੇ ਵਿਸ਼ਵਾਸ਼ਪਾਤਰ ਸੀ। ਉਹ ਇੱਕ ਮਾਹਿਰ ਜਸੂਸ ਵੀ ਸੀ। ਵਜੀਰ ਲਾਲ ਸਿੰਘ ਉਸਦੇ ਸਪੰਰਕ ਵਿੱਚ ਸੀ। ਲਾਲ ਸਿੰਘ ਅਤੇ ਤੇਜ ਸਿੰਘ ਦੀ ਗਦਾਰੀ ਦਾ ਪੱਕਾ ਸਬੂਤ ਤਾਂ ਕੋਈ ਨਹੀਂ ਦੇ ਸਕਦਾ, ਪਰ ਇਹਨਾ ਦੀਆਂ ਹਰਕਤਾਂ ਅਤੇ ਆਮ ਵਿਹਾਰ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਇਹ ਅੰਗਰੇਜਾਂ ਨਾਲ ਮਿਲੇ ਹੋਏ ਸਨ। ਸਿੱਖ ਫੌਜ ਦੀ ਹਾਰ ਤੋਂ ਬਾਅਦ ਇਹਨਾ ਦੀ ਕਿਸਮਤ ਦਾ ਫੈਸਲਾ ਅੰਗਰੇਜਾਂ ਨੇ ਹੀ ਕਰਨਾ ਸੀ, ਇਸ ਲਈ ਇਹ ਹੁਣ ਤੋਂ ਹੀ ਉਹਨਾ ਦੀ ਚੰਗੀ ਨਿਗ੍ਹਾ ਵਿੱਚ ਰਹਿਣ ਦਾ ਯਤਨ ਕਰ ਰਹੇ ਸਨ। ਸਿੱਖ ਫੌਜ ਦੀ ਹਾਰ ਤੋਂ ਬਾਅਦ ਲਹੌਰ ਵਿੱਚ ਜੋ ਸੰਧੀ ਹੋਈ, ਉਸਤੇ ਦਸਖਤ ਕਰਨ ਵਾਲੇ ਸਰਦਾਰਾਂ ਵਿੱਚ ਸਿੱਖ ਫੌਜ ਦੇ ਇਹ ਜਰਨੈਲ, ਲਾਲ ਸਿੰਘ, ਤੇਜ ਸਿੰਘ ਅਤੇ ਰਣਜੋਧ ਸਿੰਘ ਮੁੱਖ ਸਨ। ਅੰਗਰੇਜਾਂ ਨੇ ਇਹਨਾ ਦੇ ਰੁਤਬਿਆਂ ਵਿੱਚ ਕੋਈ ਕਮੀ ਨਾ ਕੀਤੀ, ਸ਼ਾਇਦ ਇਹ ਇਹਨਾ ਦੀ ਗਦਾਰੀ ਦੀ ਹੀ ਕੀਮਤ ਸੀ।

ਗੱਫ ਨੇ ਫੈਸਲਾ ਕੀਤਾ ਕਿ ਅੱਜ ਉਹ ਖਾਲਸੇ ਤੇ ਸਿੱਧਾ ਹਮਲਾ ਕਰਕੇ ਉਸਨੂੰ ਇੱਕ ਫੈਸਲਾਕੁੰਨ ਹਾਰ ਦੇਵੇਗਾ। ਖਾਲਸੇ ਕੋਲ ਵੀ ਅੱਜ ਲੜਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਸੀ। ਉਸਦੇ ਪਿੱਛੇ ਦਰਿਆ ਅਤੇ ਸਾਹਮਣੇ ਦੁਸ਼ਮਣ ਸੀ। 7 ਅਤੇ 9 ਫਰਵਰੀ ਵਿੱਚਕਾਰ ਕਾਫੀ ਬਾਰਸ਼ ਹੋਣ ਕਾਰਨ ਸਤਲੁਜ ਵਿੱਚ ਬਹੁਤ ਪਾਣੀ ਸੀ। ਪੱਤਣ ਦੁਆਰਾ ਦਰਿਆ ਪਾਰ ਕਰਨਾ ਸੰਭਵ ਨਹੀਂ ਸੀ। ਦਰਿਆ ਪਾਰ ਜਾਣ ਲਈ ਕੇਵਲ ਇੱਕ ਬੇੜੀਆਂ ਦਾ ਪੁਲ ਹੀ ਸੀ। 10 ਫਰਵਰੀ ਵਾਲੇ ਦਿਨ ਦਰਿਆ ਦੇ ਕੰਢਿਆਂ ਤੇ ਸੰਘਣੀ ਧੁੰਦ ਸੀ।

ਪਿਛਲੀਆਂ ਹਾਰਾਂ ਦਾ ਸਿੱਖ ਸਰਦਾਰਾਂ ਨੂੰ ਬੜਾ ਰੰਜ ਸੀ। ਅੱਜ ਉਹਨਾ ਨੇ ਵੀ ਮਰਨ ਜਾਂ ਮਾਰਨ ਦਾ ਇਰਾਦਾ ਕਰ ਲਿਆ, ਭਾਵੇਂ ਕਿ ਉਹਨਾ ਨੂੰ ਉਹਨਾ ਸਿੱਖ ਮੁੱਢਿਆਂ ਤੇ ਵੀ ਰੰਜ ਸੀ ਜਿੰਨ੍ਹਾ ਨੇ ਅੰਗਰੇਜਾਂ ਨਾਲ ਲੜਾਈ ਦਾ ਪੰਗਾ ਲਿਆ ਅਤੇ ਖਾਲਸੇ ਦੀ ਪੱਗ ਲੁਹਾਈ ਸੀ। ਸ਼ਾਹ ਮੁਹੰਮਦ ਸਰਦਾਰਾਂ ਦੇ ਜਜ਼ਬਾਤ

ਇਉਂ ਪੇਸ਼ ਕਰਦਾ ਹੈ:

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ, ਕਰੋ ਅਕਲ ਦਾ ਕੋਈ ਇਲਾਜ ਯਾਰੋ।
ਹੋੜ ਬੁਰਛਿਆਂ ਦੀ ਸਾਡੇ ਪੇਛ ਆਈ, ਪੱਗਾਂ ਦਾਹੜੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਇਸ ਪੰਜਾਬ ਦੀ ਜੀ, ਇਨ੍ਹਾ ਖੋਲ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੀ ਕੌਮ ਨਾ ਹੋਏ ਮੁਹਤਾਜ ਯਾਰੋ।

ਮੇਰਠ, ਦਿੱਲੀ ਅਤੇ ਹੋਰ ਦੂਰ ਦੁਰਾਡੀਆਂ ਥਾਵਾਂ ਤੋਂ ਹੋਰ ਤੋਪਾਂ ਅਤੇ ਫੌਜ ਆ ਜਾਣ ਨਾਲ ਅੰਗਰੇਜ਼ ਫੌਜ ਬਹੁਤ ਮਜ਼ਬੂਤ ਹੋ ਗਈ ਸੀ। ਲੜਾਈ ਸਮੇ ਹੁਣ ਲਾਰਡ ਗੱਫ ਦੀ ਫੌਜ ਹੇਠ ਲਿਖੇ ਅਨੁਸਾਰ ਸੀ।

ਸਭਰਾਵਾਂ ਤੋਂ ਕੁਝ ਪੂਰਬ ਵੱਲ ਸਰ ਜੌਹਨ ਗਰੇਅ ਆਪਣੀ ਡਵੀਜਨ ਨਾਲ ਦਰਿਆ ਦੇ ਹੋਰ ਪੱਤਣਾ ਦੀ ਰਖਵਾਲੀ ਕਰ ਰਿਹਾ ਸੀ। ਬਰਗੇਡੀਅਰ ਵੀਲਰ ਨੇ ਵੀ ਸਭਰਾਵਾਂ ਦੀ ਲੜਾਈ ਵਿੱਚ ਕੋਈ ਹਿੱਸਾ ਨਾ ਲਿਆ, ਕਿਉਂਕਿ ਉਹ ਲੁਧਿਆਣੇ ਵੱਲ ਦੇ ਪਤਣਾ ਦੀ ਰਖਵਾਲੀ ਲਈ ਤੈਨਾਤ ਕੀਤਾ ਗਿਆ ਸੀ। ਅੰਗਰੇਜ਼ ਫੌਜ ਦਾ ਵੱਡਾ ਹਿੱਸਾ ਸਭਰਾਵਾਂ ਵਿੱਚ ਕਮਾਂਡਰ-ਇਨ-ਚੀਫ ਦੀ ਕਮਾਨ ਵਿੱਚ ਸੀ।

ਇੰਜਿਨੀਅਰ ਰੈਜਮੰਟ ਦੀ ਕਮਾਨ ਬਰਗੇਡੀਅਰ ਸਮਿੱਥ ਕਰ ਰਿਹਾ ਸੀ। ਇਸ ਰੈਜਮੰਟ ਦਾ ਸਭ ਤੋਂ ਸੀਨੀਅਰ ਅਫਸਰ ਬਰਗੇਡੀਅਰ ਇਰਵਿਨ ਸੀ। ਉਹ 9 ਫਰਵਰੀ ਨੂੰ ਹੀ ਸਭਰਾਵਾਂ ਪਹੁੰਚਿਆ ਸੀ, ਅਤੇ ਇਸ ਰੈਜਮੰਟ ਦੀ ਕਮਾਨ ਉਸਨੇ ਹੀ ਕਰਨੀ ਸੀ, ਪਰ ਉਸਨੇ ਇਸ ਰੈਜਮੰਟ ਦੀ ਕਮਾਨ ਸਮਿੱਥ ਦੇ ਹੱਥ ਹੀ ਰਹਿਣ ਦਿੱਤੀ, ਕਿਉਂਕਿ ਹੁਣ ਤੱਕ ਦੀ ਸਭ ਤਿਆਰੀ ਉਹ ਹੀ ਕਰਦਾ ਰਿਹਾ ਸੀ, ਅਤੇ ਹੁਣ ਐਨ ਜੰਗ ਤੋਂ ਪਹਿਲਾਂ ਇਰਵਿਨ ਉਸਤੋਂ ਕਮਾਨ ਖੋਹਣੀ ਉਸ ਨਾਲ ਬੇਇਨਸਾਫੀ ਸਮਝਦਾ ਸੀ। ਇਸ ਲਈ ਉਹ ਲੜਾਈ ਵਿੱਚ ਸ਼ਾਮਲ ਹੋਣ ਲਈ ਲਾਰਡ ਗੱਫ ਦਾ ਨਿਜੀ ਸਲਾਹਕਾਰ ਬਣ ਗਿਆ।

ਤੋਪਖਾਨੇ ਦੀ ਕਮਾਨ ਬਰਗੇਡੀਅਰ ਗੋਵਨ ਦੇ ਹੱਥ ਸੀ। ਅੰਗਰੇਜ਼ਾਂ ਨੇ ਆਪਣੀਆਂ ਕੁਝ ਤੋਪਾਂ ਦੀਆਂ ਬੈਰਲਾਂ ਨੂੰ ਹੋਰ ਮੋਕਲਾ ਕਰਵਾ ਲਿਆ ਸੀ, ਤਾਂਕਿ ਉਹ ਹੋਰ ਭਾਰੇ ਗੋਲੇ ਦਾਗ ਸੱਕਣ। ਪਰ ਜਿਆਦਾਤਰ ਤੋਪਾਂ 9 ਜਾਂ 12 ਪੌਂਡ ਦੇ ਗੋਲੇ ਦਾਗਣ ਵਾਲੀਆਂ ਹੀ ਸਨ। ਅੰਗਰੇਜ਼ੀ ਤੋਪਾਂ ਦੀ ਕੁੱਲ ਗਿਣਤੀ ਕੋਈ 60 ਕੁ ਸੀ।

ਘੋੜ ਸਵਾਰ ਫੌਜ ਦਾ ਕਮਾਂਡਰ ਮੇਜਰ ਜਨਰਲ ਥੈਕਵਲ ਸੀ। ਉਹ ਇੱਕ ਹੰਢਿਆ ਵਰਤਿਆ ਜਰਨੈਲ ਸੀ। ਨਪੋਲੀਅਨ ਨਾਲ ਹੋਣ ਵਾਲੀਆਂ ਕਈ ਜੰਗਾਂ ਵਿੱਚ ਲੜ ਚੁੱਕਾ ਸੀ। ਉਸਦੇ ਅਧੀਨ ਬਰਗੇਡੀਅਰ ਕੁਰਟਨ ਸੀ, ਜੋ ਫੇਰੂ ਸ਼ਹਿਰ ਦੀ ਜੰਗ ਵਿੱਚ ਆਪਣੇ ਜੌਹਰ ਵਖਾ ਚੁੱਕਾ ਸੀ। ਕੁਰਟਨ ਦੇ ਘੋੜ ਸਵਾਰਾਂ ਨੂੰ ਹੁਕਮ ਮਿਲਿਆ ਕਿ ਉਹ ਹਰੀਕੇ ਪੱਤਣ ਵੱਲ ਵਧਕੇ ਦਰਿਆ ਪਾਰ ਕਰਨ ਦਾ ਨਾਟਕ ਕਰਨ, ਤਾਂਕਿ ਸਿੱਖ ਤੋਪਾਂ ਦਾ ਧਿਆਨ ਸਭਰਾਵਾਂ ਤੋਂ ਹੋਰ ਪਾਸੇ ਮੋੜਿਆ ਜਾ ਸੱਕੇ।

ਪੈਦਲ ਸੈਨਾ ਦੀ ਸਥਿਤੀ ਇਹ ਸੀ: ਸਰ ਹੈਰੀ ਸਮਿੱਥ ਦੀ ਡਵੀਜਨ ਸੱਜੇ ਪਾਸੇ ਸੀ। ਉਸਦੇ ਅਧੀਨ ਦੋ ਬਰਗੇਡਾਂ ਸਨ, ਜਿਨ੍ਹਾ ਦੇ ਕਮਾਂਡਰ ਬਰਗੇਡੀਅਰ ਪੈਨੀ ਅਤੇ ਹਿੱਕਸ ਸਨ। ਇਸ ਡਵੀਜਨ ਨੇ ਸਿੱਖ ਮੋਰਚੇ ਦੇ ਖੱਬੇ ਹਿੱਸੇ ਤੇ ਹਮਲਾ ਕਰਨਾ ਸੀ। ਇਸ ਡਵੀਜਨ ਦੀ ਸਹਾਇਤਾ ਲਈ ਬਰਗੇਡੀਅਰ ਕੈਂਬਲ ਦੇ ਘੋੜ ਸਵਾਰ ਸਨ। ਸੈਂਟਰ ਵਿੱਚ ਜਨਰਲ ਗਿਲਬਰਟ ਦੀ ਡਵੀਜਨ ਸੀ। ਇਸਦੇ ਅਧੀਨ ਬਰਗੇਡੀਅਰ ਟੇਲਰ ਅਤੇ ਮੈਕਲਾਰਨ ਦੀਆਂ ਬਰਗੇਡਾਂ ਸਨ। ਸਮਿੱਥ ਅਤੇ ਗਿਲਬਰਟ ਦੀਆਂ ਡਵੀਜਨਾ ਵਿਚਾਲੇ ਅੱਠ ਵੱਡੀਆਂ ਤੋਪਾਂ ਤੈਨਾਤ ਕੀਤੀਆਂ ਗਈਆਂ ਸਨ। ਗਿਲਬਰਟ ਦੇ ਖੱਬੇ ਪਾਸੇ ਵੀ ਵੱਡੀਆਂ ਤੋਪਾਂ ਸਨ। ਗਿਲਬਰਟ ਦੇ ਖੱਬੇ ਪਾਸੇ ਸਰ ਰੌਬਰਟ ਡਿੱਕ ਦੀ ਡਵੀਜਨ ਸੀ। ਇਸਦੇ ਅਧੀਨ ਬਰਗੇਡੀਅਰ ਸਟੇਸੀ ਅਤੇ ਵਿਲਕਿਨਸਨ ਦੀਆਂ ਡਵੀਜਨਾ ਸਨ। ਹਮਲਾਵਰ ਫੌਜ ਦੇ ਪਿੱਛੇ ਰਾਖਵੀਂ ਸੈਨਾ ਸੀ, ਜਿਸਨੂੰ ਚਲਦੀ ਲੜਾਈ ਸਮੇ ਜਦੋਂ ਅਤੇ ਜਿਥੇ ਲੋੜ ਪਵੇ ਵਰਤਿਆ ਜਾ ਸਕਦਾ ਸੀ। ਇਸ ਰਾਖਵੀਂ ਸੈਨਾ ਵਿੱਚ ਇੱਕ ਪੈਦਲ ਸੈਨਾ ਦੀ ਬਰਗੇਡ ਅਤੇ ਇੱਕ ਘੋੜ ਸਵਾਰ ਬਰਗੇਡ ਸੀ, ਜਿਨ੍ਹਾ ਦੇ ਕਮਾਂਡਰ ਕਰਮਵਾਰ

ਬਰਗੇਡੀਅਰ ਐਸ਼ਬਰਨਹੈਮ ਅਤੇ ਸਕਾਟ ਸਨ।

ਅੰਗਰੇਜ ਫੌਜ ਦੇ ਸੈਨਿਕਾਂ ਨੂੰ ਰਾਤ ਦੇ ਦੋ ਵਜੇ ਉਠਾਕੇ ਚੁੱਪ ਚਾਪ ਤਿਆਰ ਹੋਣ ਲਈ ਕਿਹਾ ਗਿਆ ਸੀ। ਹਮਲੇ ਦੀ ਸਾਰੀ ਸਕੀਮ, ਕਿ ਕਿਸ ਪਲਟਣ ਨੇ ਕਿਸ ਜਗ੍ਹਾ ਹਮਲਾ ਕਰਨਾ ਹੈ, ਪਹਿਲਾਂ ਹੀ ਸਮਝਾ ਦਿੱਤੀ ਗਈ ਸੀ। ਹੁਣ ਇਹ ਸੈਨਾ ਕਤਾਰਬੰਦ ਹੋ ਕੇ ਦਿਨ ਚੜਨ ਦੀ ਉਡੀਕ ਕਰਨ ਲੱਗੀ। ਪਹੁ ਫੁਟਾਲੇ ਸਮੇ ਸੰਘਣੀ ਧੁੰਦ ਛਾਈ ਹੋਈ ਸੀ, ਸੋ ਹੋਰ ਉਡੀਕ ਕਰਨੀ ਜਰੂਰੀ ਸੀ।

ਸਮਾ ਮਸਤ ਹਾਥੀ ਵਾਂਗ ਆਪਣੀ ਚਾਲੇ ਤੁਰ ਰਿਹਾ ਸੀ, ਜਦੋਂ ਇਹ ਕਤਾਰਬੰਦ ਫੌਜ ਧੁੰਦ ਵਿੱਚ ਖੜੀ ਰੋਸ਼ਨੀ ਦਾ ਇੰਤਜਾਰ ਕਰ ਰਹੀ ਸੀ। ਪੁਲਾੜ ਵਿੱਚ ਆਪਣੇ ਧੁਰੇ ਤੇ ਘੁੰਮਦੀ ਹੋਈ ਸਾਡੀ ਇਹ ਧਰਤੀ ਸੂਰਜ ਦੀ ਪ੍ਰਕਰਮਾ ਕਰਦੀ ਰਹਿੰਦੀ ਹੈ। ਪੱਛਮ ਤੋਂ ਪੂਰਬ ਵੱਲ ਘੁੰਮਦੇ ਹੋਏ ਇਸਦਾ ਜੋ ਅੱਧਾ ਭਾਗ ਸੂਰਜ ਦੇ ਸਾਹਮਣੇ ਹੁੰਦਾ ਹੈ, ਉਥੇ ਦਿਨ ਅਤੇ ਬਾਕੀ ਅੱਧੇ ਭਾਗ ਵਿੱਚ ਰਾਤ। ਕਿਉਂਕਿ ਪੰਜਾਬ ਇੰਗਲੈਂਡ ਦੇ ਪੂਰਬ ਵਿੱਚ ਹੈ, ਇਥੇ ਸੂਰਜ ਦੇਵ ਪਹਿਲਾਂ ਦਰਸ਼ਨ ਦਿੰਦੇ ਹਨ। ਅੱਜ 10 ਫਰਵਰੀ ਦੀ ਸਵੇਰ ਨੂੰ ਵੀ ਪੰਜ ਦਰਿਆਵਾਂ ਦੇ ਇਸ ਛੋਟੇ ਜਿਹੇ ਭੂ-ਭਾਗ ਦੇ ਇੱਕ ਸਿਰੇ ਤੇ ਸੂਰਜ ਦੇਵ ਪ੍ਰਗਟ ਹੋ ਚੁੱਕੇ ਹਨ, ਭਾਵੇਂ ਕਿ ਇਥੇ ਰਹਿਣ ਵਾਲੇ ਬਸ਼ਿੰਦਿਆਂ ਨੂੰ ਹਾਲੀ ਉਹਨਾ ਦੇ ਦਰਸ਼ਨ ਨਹੀਂ ਹੋਏ ਸਨ। ਇਸ ਧੁੰਦ ਭਰੀ ਸਰਦ ਸਵੇਰ ਵਿੱਚ ਇੱਕ ਦੂਰ ਦੁਰਾਡੇ ਟਾਪੂ ਤੋਂ ਆਏ ਮਨੁੱਖ ਇੱਕ ਪਰਾਈ ਧਰਤੀ ਤੇ ਹਮਲਾ ਕਰਨ ਲਈ ਤਿਆਰ ਖੜੇ ਹਨ।

ਇਸ ਧਰਤੀ ਲਈ ਹਮਲੇ ਕੋਈ ਨਵੀਂ ਗੱਲ ਨਹੀਂ ਸਨ।ਇਸ ਧਰਤੀ ਨੂੰ ਯੂਨਾਨੀ, ਤੁਰਕੀ, ਪਠਾਣ ਅਤੇ ਮੁਗਲ ਘੋੜ ਸਵਾਰ ਰੌਂਦ ਚੁੱਕੇ ਸਨ। ਉਹ ਉੱਤਰ- ਪੱਛਮ ਵੱਲੋਂ ਦਰੇ ਖੈਬਰ ਰਾਹੀਂ ਕਿਸੇ ਹੜ ਵਾਂਗ ਆਉਂਦੇ, ਇਸ ਧਰਤੀ ਨੂੰ ਉਜਾੜਦੇ, ਇਥੋਂ ਦੇ ਮਨੁੱਖਾਂ ਦਾ ਖੂਨ ਵਹਾਉਂਦੇ, ਆਪਣਾ ਖੂਨ ਵਹਾਉਂਦੇ, ਜੋ ਹੱਥ ਲੱਗਦਾ ਲੁੱਟ ਕੇ ਇਥੋਂ ਚਲੇ ਜਾਂਦੇ। ਇਹਨਾ ਧਾੜਵੀਆਂ ਵਿੱਚੋਂ ਕਈਆਂ ਦਾ ਲਹੂ-ਮਿੱਝ ਇਸ ਧਰਤੀ ਵਿੱਚ ਰਚ ਜਾਂਦਾ, ਕਈ ਵਾਪਸ ਚਲੇ ਜਾਂਦੇ, ਕਈ ਇੱਥੇ ਰਹਿ ਜਾਂਦੇ। ਕੋਈ ਹਮਲਾਵਰ ਵੀ ਔਰਤਾਂ ਨਾਲ ਲੈ ਕੇ ਨਹੀਂ ਆਉਂਦਾ ਸੀ। ਜੋ ਰਹਿ ਜਾਂਦੇ ਉਹ ਇਥੋਂ ਦੀਆਂ ਮੁਟਿਆਰਾਂ ਦੇ ਖੂਨ ਨਾਲ ਆਪਣਾ ਖੂਨ ਮਿਲਾ ਕੇ ਇੱਕ ਨਵੀਂ ਨਸਲ ਨੂੰ ਜਨਮ ਦਿੰਦੇ। ਕੁਝ ਪੀੜੀਆਂ ਬਾਅਦ ਲੋਕ ਭੁੱਲ ਜਾਂਦੇ ਕਿ ਉਹ ਵਦੇਸ਼ੀ ਸਨ। ਪੰਜਾਬੀ ਇਹਨਾ ਹਮਲਾਵਰਾਂ ਦੀ ਹੀ ਸੰਤਾਨ ਹਨ।

ਅੱਜ ਇਸ ਧਰਤੀ ਨੂੰ ਇੱਕ ਵਾਰ ਫਿਰ ਗੁਲਾਮੀ ਦੀਆਂ ਜੰਜੀਰਾਂ ਪਾਉਣ ਲਈ ਇਹ ਵਦੇਸ਼ੀ ਹਮਲਾਵਰ ਆਮ ਨਾਲੋਂ ਉਲਟ, ਦੱਖਣ ਦਿਸ਼ਾ ਵੱਲੋਂ ਆਏ ਹਨ। ਆਪਣੇ ਪੰਜਾਬੀ ਭਰਾਵਾਂ ਨੂੰ ਜੰਜੀਰਾਂ ਪਵਾਉਣ ਲਈ ਨਾਲ ਹਿੰਦੋਸਤਾਨੀ ਸਿਪਾਹੀ ਹਨ। ਸਿਪਾਹੀਆਂ ਦਾ ਖੂਨ ਜੋਸ਼ ਅਤੇ ਰੰਮ ਨਾਲ ਠਾਠਾਂ ਮਾਰ ਰਿਹਾ ਹੈ। ਇਹ ਖਾਲਸੇ ਨਾਲ ਜੰਗ ਕਰਨ ਲਈ ਬੇਕਰਾਰ ਹਨ। ਇਹਨਾ ਗੋਰੀ ਚਮੜੀ, ਭੂਰੇ ਵਾਲਾਂ, ਅਤੇ ਬਲੌਰੀ ਅੱਖਾਂ ਵਾਲੇ ਹਮਲਾਵਰਾਂ ਨੂੰ ਨਹੀਂ ਪਤਾ ਕਿ ਇਹਨਾ ਵਿੱਚੋਂ ਕਿਹੜਿਆਂ ਦਾ ਲਹੂ ਅਤੇ ਮਾਸ ਇਸ ਜਰਖੇਜ ਭੂਮੀ ਦੀ ਮਿੱਟੀ ਵਿੱਚ ਰਲ ਜਾਣਾ ਹੈ। ਪਰਾਈ ਧਰਤੀ ਤੇ ਕਬਜਾ ਕਰਨ ਦੀ ਆਦਿ-ਕਾਲੀ ਲਾਲਸਾ ਹੀ ਇਹਨਾ ਨੂੰ ਇਸ ਪੰਜ ਦਰਿਆਵਾਂ ਦੀ ਧਰਤੀ ਵੱਲ ਖਿੱਚ ਲਿਆਈ ਹੈ। ਇਹਨਾ ਦੇ ਆਪਣੇ ਮੁਲਖ ਵਿੱਚ ਸੂਰਜ ਚੜਨ ਲਈ ਹਾਲੀ ਸਾਡੇ ਪੰਜ ਘੰਟੇ ਹੋਰ ਹਨ। ਇਹਨਾ ਦੀਆਂ ਮਾਵਾਂ ਹਾਲੀ ਬਿਸਤਰ ਦਾ ਨਿੱਘ ਮਾਣ ਰਹੀਆਂ ਹਨ, ਇਸ ਗੱਲ ਤੋਂ ਬੇਖਬਰ ਕਿ ਉਹਨਾ ਵਿੱਚੋਂ ਅੱਜ ਕਈਆਂ ਦੀਆਂ ਗੋਦਾਂ ਉੱਜੜ ਜਾਣੀਆਂ ਹਨ। ਸ਼ਾਇਦ ਰੱਬ ਨੇ ਮਨੁੱਖ ਜਾਤੀ ਦੀ ਤਕਦੀਰ ਵਿੱਚ ਇਹੋ ਲਿਖਿਆ ਹੈ ਕਿ ਏਨੀ ਘਾਲਣਾ ਨਾਲ ਪਾਲੇ ਹੋਏ ਉਸਦੇ ਬੱਚੇ ਲੜਾਈ ਦੇ ਇਹਨਾ ਕੁਝ ਪਲਾਂ ਵਿੱਚ ਹੀ ਉਸਤੋਂ ਵਿੱਛੜ ਜਾਣ-ਕਹਿੰਦੇ ਹਨ ਬਾਬੇ ਆਦਮ ਨੂੰ ਸਵੱਰਗ ਵਿੱਚੋਂ ਕੱਢਣ ਸਮੇ ਰੱਬ ਨੇ ਇਹੋ ਸਰਾਪ ਦਿੱਤਾ ਸੀ।

ਖੈਰ ਦਿਨ ਦੇ ਦਸ ਵਜੇ ਤਕ ਧੁੰਦ ਹਟੀ ਅਤੇ ਸੂਰਜ ਦੇਵ ਨੇ ਦਰਸ਼ਨ ਦਿੱਤੇ। ਪਹਿਲੀ ਬੰਗਾਲ

ਯੂਰਪੀਨ ਲਾਈਟ ਇਨਫੈਂਟਰੀ ਦੇ ਇੱਕ ਅਫਸਰ ਨੇ, ਜੋ ਇਸ ਹਮਲਾਵਰ ਕਤਾਰ ਵਿੱਚ ਖੜਾ ਸੀ, ਇਸ ਨਜ਼ਾਰੇ ਨੂੰ ਇਹਨਾ ਸ਼ਬਦਾਂ ਵਿੱਚ ਬਿਆਨ ਕੀਤਾ: ਸੂਰਜ ਧੁੰਦ ਨੂੰ ਚੀਰਕੇ ਬਾਹਰ ਆਇਆ ਤਾਂ ਸਾਹਮਣੇ ਅਦਭੁਤ ਦ੍ਰਿਸ਼ ਸੀ। ਤੋਪਾਂ ਸਾਡੇ ਸਾਹਮਣੇ ਗੋਲੇ ਦਾਗਣ ਲਈ ਤਿਆਰ ਖੜੀਆਂ ਸਨ। ਮੈਦਾਨ ਵਿੱਚ ਜਿਥੋਂ ਤੱਕ ਨਜ਼ਰ ਜਾਂਦੀ, ਸਾਡੇ ਸੈਨਿਕ ਹੀ ਨਜ਼ਰ ਆ ਰਹੇ ਸਨ। ਰੋੜਾਂਵਾਲਾ ਦਾ ਕਿਲੇਬੰਦ ਪਿੰਡ ਸਾਡੇ ਖੱਬੇ ਹੱਥ ਸੀ। ਇਸ ਪਿੰਡ ਤੇ ਸਾਡੀ ਹੀ ਫੌਜ ਦਾ ਕਬਜ਼ਾ ਸੀ। ਸਾਡੀ ਕਤਾਰ ਹਮਲਾ ਕਰਨ ਲਈ ਅੱਗੇ ਵਧੀ। ਦੁਸ਼ਮਣ ਦੇ ਮੋਰਚੇ ਨਜ਼ਰ ਆਉਂਦੇ ਹੀ ਸਾਡੀਆਂ ਤੋਪਾਂ ਗੋਲੇ ਦਾਗਣ ਲੱਗ ਪਈਆਂ। ਦੁਸ਼ਮਣ ਨੂੰ ਅਚਾਨਕ ਖਤਰੇ ਦਾ ਇਹਸਾਸ ਹੋਇਆ। ਉਸ ਨਗਾਰੇ ਵਜਾਏ, ਬਿਗਲ ਵੱਜਣ ਲੱਗੇ, ਅਤੇ ਕੁਝ ਕੁ ਮਿੰਟਾਂ ਵਿੱਚ ਹੀ ਸਿੱਖ ਤੋਪਚੀਆਂ ਨੇ ਆਪਣੀਆਂ ਤੋਪਾਂ ਸੰਭਾਲ ਲਈਆਂ। ਸਾਡੀ ਫੌਜ ਤੇ ਗੋਲਿਆਂ ਦੀ ਵਾਛੜ ਹੋਣ ਲੱਗੀ।

ਇਸ ਤਰਾਂ ਅੱਖ ਦੇ ਫੋਰ ਵਿੱਚ ਹੀ ਇਹ ਕੁਦਰਤੀ ਨਜ਼ਾਰਾ ਜੰਗ ਦੇ ਘਮਸਾਣ ਵਿੱਚ ਬਦਲ ਗਿਆ। ਸ਼ਾਹ ਮੁਹੰਮਦ ਨੇ ਇਸ ਤੋਪਾਂ ਦੀ ਲੜਾਈ ਨੂੰ ਇਸ ਤਰਾਂ ਬਿਆਨ ਕੀਤਾ ਹੈ:

**ਆਈਆਂ ਪਲਟਣਾ ਬੀੜ ਕੇ ਤੋਪਖਾਨੇ, ਅੱਗੋਂ ਸਿੰਘਾਂ ਨੇ ਪਾਸਤੇ ਤੋੜ ਸੁੱਟੇ।**
**ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।**

ਸਿੱਖ ਸੈਨਾਪਤੀ ਤੇਜ ਸਿੰਘ ਤਾਂ ਖੈਰ ਪਹਿਲੇ ਹੱਲੇ ਸਮੇ ਹੀ ਮੈਦਾਨ ਵਿੱਚੋਂ ਹਿਰਨ ਹੋ ਗਿਆ। ਸਗੋਂ ਜਾਂਦੇ ਜਾਂਦੇ ਪੁਲ ਵੀ ਵੱਢ ਗਿਆ। ਸ਼ਾਹ ਮੁਹੰਮਦ:

**ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ, ਘਰੀਂ ਨੱਸ ਨਾ ਜਾਏ ਇਹ ਫੌਜ ਸਾਰੀ।**

ਪਰ ਹੋਰ ਸਿੱਖ ਜਰਨੈਲ ਤੇਜ ਸਿੰਘ ਵਾਂਗ ਗਦਾਰ ਅਤੇ ਡਰਪੋਕ ਨਹੀਂ ਸਨ। ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਅੱਜ ਸ਼ਹੀਦੀ ਬਾਣਾ ਪਾਇਆ ਹੋਇਆ ਸੀ। ਉਹ ਸਫੇਦ ਵਸਤਰਾਂ ਵਿੱਚ, ਸਫੇਦ ਘੋੜੇ ਤੇ ਸਵਾਰ ਸਾਹਮਣੇ ਹੋ ਕੇ ਲੜਿਆ, ਅਤੇ ਬਹਾਦਰੀ ਨਾਲ ਲੜਦਾ ਹੋਇਆ ਕਈ ਦੁਸ਼ਮਣਾ ਨੂੰ ਮਾਰਕੇ ਸ਼ਹੀਦ ਹੋਇਆ। ਦਸਮ ਪਾਤਸ਼ਾਹ ਦੇ ਸਿਰਲੱਥ ਸੂਰਮਿਆਂ ਦੀ ਯਾਦ ਇੱਕ ਵਾਰ ਫਿਰ ਤਾਜ਼ਾ ਕਰ ਗਿਆ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਉਸਦਾ ਖਾਸ ਜਿਕਰ ਕੀਤਾ:

**ਸ਼ਾਮ ਸਿੰਘ ਸਰਦਾਰ ਅਟਾਰੀਵਾਲੇ, ਬੰਨ ਸ਼ਸਤਰੀਂ ਜੋੜ ਵਿਛੋੜ ਸੁੱਟੇ।**
**ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।**

ਦੋ ਘੰਟੇ ਦੋਵਾਂ ਪਾਸਿਉਂ ਤੋਂ ਇਹ ਗੋਲਾਬਾਰੀ ਹੁੰਦੀ ਰਹੀ। ਭਾਰੀ ਗਿਣਤੀ ਵਿੱਚ ਫੌਜਾਂ ਦਾ ਘਾਤ ਹੋਇਆ। ਇਹ ਕਹਿਣਾ ਮੁਸ਼ਕਿਲ ਸੀ ਕਿ ਕਿਹੜੀ ਧਿਰ ਦਾ ਪਲੜਾ ਭਾਰੀ ਸੀ। ਸਿੱਖ ਤੋਪਾਂ ਟਿੱਲਿਆਂ ਪਿੱਛੇ ਸਨ, ਇਸ ਲਈ ਅੰਗਰੇਜ਼ ਗੋਲਾਬਾਰੀ ਦਾ ਉਸਤੇ ਜਿਆਦਾ ਅਸਰ ਨਹੀਂ ਹੋ ਰਿਹਾ ਸੀ। ਫੇਰੂ ਸ਼ਹਿਰ ਵਾਂਗ ਲਾਰਡ ਗੱਫ ਨੇ ਵੇਖ ਲਿਆ ਕਿ ਇਹ ਲੜਾਈ ਤੋਪਾਂ ਨਾਲ ਨਹੀਂ ਜਿੱਤੀ ਜਾ ਸਕਦੀ ਸੀ।

ਅੰਗਰੇਜ਼ ਤੋਪਾਂ ਦੇ ਗੋਲੇ ਮੁੱਕਣ ਵਾਲੇ ਸਨ। ਇਹ ਸੂਚਨਾ ਕਮਾਂਡਰ-ਇਨ-ਚੀਫ ਤੱਕ ਪਹੁੰਚਾਈ ਗਈ। ਗੱਫ ਨੂੰ ਆਪਣੀ ਪੈਦਲ ਫੌਜ ਤੇ ਅਤਿਅੰਤ ਭਰੋਸਾ ਸੀ। ਉਸ ਕਿਹਾ ਕਿ ਇਹ ਜੰਗ ਹੁਣ ਬੰਦੂਕਾਂ ਅਤੇ ਸੰਗੀਨਾ ਨਾਲ ਜਿੱਤੀ ਜਾਏਗੀ। ਗੱਫ ਦਾ ਭਤੀਜਾ ਕਰਨਲ ਗੱਫ ਉਸਦੇ ਨਾਲ ਸੀ। ਉਹ ਇਸ ਫੌਜ ਦਾ ਕੁਆਟਰ ਮਾਸਟਰ ਜਨਰਲ ਸੀ। ਲਾਟ ਉਸ ਵੱਲ ਮੁੜਿਆ ਅਤੇ ਕਿਹਾ ਕਿ ਉਹ ਜਨਰਲ ਡਿੱਕ ਤੱਕ ਉਸਦਾ ਹੁਕਮ ਪਹੁੰਚਾਏ ਕਿ ਉਹ ਫੌਰਨ ਦੁਸ਼ਮਣ ਦੇ ਸੱਜੇ ਪਾਸੇ ਤੇ ਹਮਲਾ ਕਰੇ।

ਕਮਾਂਡਰ ਦੇ ਜੋਸ਼ ਦਾ ਅਸਰ ਫੌਜ ਤੇ ਵੀ ਜ਼ਰੂਰ ਹੁੰਦਾ ਹੈ। ਰੈਜਮੈਂਟਾਂ ਵਿੱਚ ਇਹ ਗੱਲ ਫੈਲ ਗਈ ਕਿ ਜਦੋਂ ਬੁੱਢੇ ਗੱਫ ਨੂੰ ਇਹ ਦੱਸਿਆ ਗਿਆ ਕਿ ਤੋਪਾਂ ਕੋਲ ਸਿਰਫ ਚਾਰ ਚਾਰ ਗੋਲੇ ਹੀ ਹੋਰ ਬਚੇ ਹਨ, ਤਾਂ ਉਸ ਇਹ ਕਿਹਾ: 'ਖੁਦਾ ਦਾ ਸ਼ੁਕਰ ਹੈ। ਹੁਣ ਮੈਂ ਉਹਨਾ ਨੂੰ ਸੰਗੀਨਾ ਨਾਲ ਮਾਰਾਂਗਾ'। ਗੱਫ ਨੇ ਸਚਮੁੱਚ ਇਹ ਕਿਹਾ ਜਾਂ ਨਹੀਂ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਪਰ ਇਹ ਗੱਲ ਨਿਸ਼ਚਿਤ

ਹੈ ਕਿ ਇਹ ਸੁਣਕੇ ਉਸਦੀ ਫੌਜ ਦਾ ਹੌਂਸਲਾ ਹੋਰ ਵਧ ਗਿਆ ਕਿ ਉਹਨਾ ਦੇ ਕਮਾਂਡਰ ਨੂੰ ਉਹਨਾ ਤੇ ਏਨਾ ਮਾਣ ਸੀ।

ਸਰ ਰੌਬਰਟ ਡਿੱਕ ਨੂੰ ਹਮਲਾ ਕਰਨ ਦਾ ਹੁਕਮ ਮਿਲਿਆ ਤਾਂ ਉਹ ਫੌਰਨ ਆਪਣੀ ਡਵੀਜਨ ਲੈ ਕੇ ਹਮਲਾ ਕਰਨ ਲਈ ਅੱਗੇ ਵਧਿਆ। ਮੂਹਰੇ ਬਰਗੇਡੀਅਰ ਸਟੇਸੀ ਦੀ ਬਰਗੇਡ ਸੀ। ਘੋੜਿਆਂ ਵਾਲੀਆਂ ਤੋਪਾਂ ਪੈਦਲ ਫੌਜ ਦੇ ਅੱਗੇ ਸਿੱਖ ਮੋਰਚਿਆਂ ਵੱਲ ਵਧਣ ਲੱਗੀਆਂ। ਸਟੇਸੀ ਨੇ ਆਪਣੀ ਹਮਲਾਵਰ ਕਤਾਰ ਨੂੰ ਸਮੇ ਸਮੇ ਰੋਕ ਕੇ ਪੱਛੜ ਗਏ ਸੈਨਿਕਾਂ ਨੂੰ ਕਤਾਰ ਤੱਕ ਆਉਣ ਦਾ ਮੌਕਾ ਦਿੱਤਾ। ਤੋਪਾਂ ਗੋਲੇ ਵਰਾਉਂਦੀਆਂ ਹੋਈਆਂ, ਅਤੇ ਸਿੱਖ ਤੋਪਾਂ ਦੀ ਮਾਰ ਝੱਲਦੀਆਂ ਹੋਈਆਂ ਸਿੱਖ ਮੋਰਚੇ ਦੇ 300 ਗੱਜ ਤੱਕ ਪਹੁੰਚ ਗਈਆਂ।

ਸਿੱਖ ਘੋੜ ਸਵਾਰ ਆਪਣੇ ਮੋਰਚਿਆਂ ਪਿੱਛੋਂ ਨਿਕਲ ਕੇ ਹਮਲਾਵਰ ਸੈਨਾ ਤੇ ਟੁੱਟ ਪਏ, ਪਰ ਜਲਦੀ ਹੀ ਅੰਗਰੇਜ ਪੈਦਲ ਸੈਨਿਕਾਂ ਦੀਆਂ ਗੋਲੀਆਂ ਅਤੇ ਅੰਗਰੇਜੀ ਤੋਪਾਂ ਦੇ ਕੰਕਰਾਂ ਵਾਲੇ ਗੋਲਿਆਂ ਨੇ ਉਹਨਾ ਦਾ ਹਮਲਾ ਨਾਕਾਮ ਕਰ ਦਿੱਤਾ, ਅਤੇ ਉਹ ਪਿੱਛੇ ਹਟ ਗਏ। 53 ਨੰਬਰ ਰੈਜਮੇਂਟ ਨੇ ਇਸ ਹਮਲੇ ਦਾ ਸਾਹਮਣਾ ਕੀਤਾ ਸੀ। ਇਸ ਰੇਜਮੇਂਟ ਦੇ ਕਈ ਅਫਸਰ ਅਤੇ ਜਵਾਨ ਮਾਰੇ ਗਏ, ਪਰ ਬਾਕੀ ਸੈਨਿਕ ਸਿੱਖ ਮੋਰਚੇ ਨੂੰ ਤੋੜਕੇ ਅੰਦਰ ਵੜਨ ਵਿੱਚ ਕਾਮਯਾਬ ਹੋ ਗਏ। ਲਾਰਡ ਗੱਫ ਦਾ ਭਤੀਜਾ ਕਰਨਲ ਗੱਫ ਵੀ ਇਸ ਰੈਜਮੇਂਟ ਦੇ ਨਾਲ ਸੀ। ਉਹ ਵੀ ਬੁਰੀ ਤਰਾਂ ਜਖਮੀ ਹੋ ਗਿਆ। ਬਰਗੇਡੀਅਰ ਸਟੇਸੀ ਦੀ ਬਰਗੇਡ ਦੇ ਪਿੱਛੇ ਬਰਗੇਡੀਅਰ ਵਿਲਕਿਨਸਨ ਦੀ ਬਰਗੇਡ ਸੀ। ਉਸਦੇ ਸਿਪਾਹੀਆਂ ਨੇ ਆਪਣਾ ਫਾਇਰ ਰੋਕ ਕੇ ਰੱਖਿਆ ਸੀ, ਕਿਉਂਕਿ ਸਾਹਮਣੇ ਸਟੇਸੀ ਦੇ ਸਿਪਾਹੀ ਸਨ। ਸਟੇਸੀ ਦੇ ਸੈਨਿਕ ਸਿੱਖ ਮੋਰਚੇ ਨੂੰ ਤੋੜਕੇ ਅੰਦਰ ਵੜ ਗਏ ਤਾਂ ਉਹਨਾ ਦੇ ਪਿੱਛੇ ਪਿੱਛੇ ਵਿਲਕਿਨਸਨ ਦੇ ਸੈਨਿਕਾਂ ਨੇ ਵੀ ਗੋਲੀਆਂ ਅਤੇ ਸੰਗੀਨਾ ਨਾਲ ਸਿੱਖ ਤੋਪਚੀਆਂ ਤੇ ਹਮਲਾ ਕਰਕੇ ਤੋਪਾਂ ਤੇ ਕਬਜਾ ਕਰ ਲਿਆ। ਡਿੱਕ ਦੇ ਹਮਲਾਵਰਾਂ ਵਿੱਚ ਦੋ ਗੋਰੇ ਸੈਨਿਕਾਂ ਵਾਲੀਆਂ ਰੈਜਮੇਂਟਾਂ, ਨੰਬਰ 10 ਅਤੇ 80 ਨੇ ਖਾਸ ਕਿਰਦਾਰ ਅਦਾ ਕੀਤਾ। ਜਨਰਲ ਡਿੱਕ ਆਪ ਵੀ ਹਮਲਾਵਰਾਂ ਦੀ ਪਹਿਲੀ ਕਤਾਰ ਵਿੱਚ ਸੀ। ਉਸਨੂੰ ਗੋਲੀ ਲੱਗੀ ਅਤੇ ਉਹ ਉਥੇ ਹੀ ਡਿੱਗ ਪਿਆ। ਉਸਦੇ ਕੁਝ ਸੈਨਿਕ ਉਸਨੂੰ ਚੁੱਕ ਕੇ ਪਿੱਛੇ ਲੈ ਗਏ, ਪਰ ਉਹ ਬਾਅਦ ਵਿੱਚ ਇਸ ਜਖਮ ਕਾਰਨ ਮਰ ਗਿਆ। ਸਿੱਖ ਤੋਪਚੀਆਂ ਅਤੇ ਪੈਦਲ ਸੈਨਿਕਾਂ ਨੇ ਹਮਲਾਵਰਾਂ ਦਾ ਡੱਟਕੇ ਟਾਕਰਾ ਕੀਤਾ, ਪਰ ਉਹਨਾ ਦੇ ਪੈਰ ਉੱਖੜ ਗਏ।

ਸਿੱਖ ਫੌਜ ਵਿੱਚ ਨਿਹੰਗਾਂ ਦੀ ਇੱਕ ਜਾਂਬਾਜ਼ ਰੈਜਮੇਂਟ ਵੀ ਸੀ। ਉਹਨਾ ਨੇ ਖੂਹ-ਨੁਮਾ ਵੱਡੇ ਵੱਡੇ ਮੋਰਚੇ ਖੋਦ ਰੱਖੇ ਸਨ, ਜਿਨ੍ਹਾ ਵਿੱਚ 30 ਬੰਦੇ ਆ ਸਕਦੇ ਸਨ। ਪਰ ਹੁਣ ਇਹੋ ਮੋਰਚੇ ਉਹਨਾ ਲਈ ਮੌਤ ਦਾ ਖੂਹ ਸਾਬਤ ਹੋਏ। ਸਿੱਖ ਸਰਦਾਰਾਂ ਨੇ ਵੇਖਿਆ ਕਿ ਉਹਨਾ ਦੇ ਮੋਰਚੇ ਦਾ ਇਹ ਸੱਜਾ ਹਿੱਸਾ ਤੋੜ ਦਿੱਤਾ ਗਿਆ ਹੈ ਤਾਂ ਉਹਨਾ ਨੇ ਇਸ ਵੱਲ ਹੋਰ ਸੈਨਿਕ ਭੇਜੇ। ਡਿੱਕ ਦੇ ਸੈਨਿਕਾਂ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਡਵੀਜਨ ਤੇ ਦਬਾਅ ਹਲਕਾ ਕਰਨ ਲਈ ਹੁਣ ਕਮਾਂਡਰ-ਇਨ-ਚੀਫ ਨੇ ਆਪਣੀ ਸੈਂਟਰ ਵਾਲੀ, ਜਨਰਲ ਗਿਲਬਰਟ ਦੀ ਡਵੀਜਨ, ਅਤੇ ਸੱਜੇ ਪਾਸੇ ਵਾਲੀ ਜਨਰਲ ਹੈਰੀ ਸਮਿੱਥ ਦੀ ਡਵੀਜਨ ਨੂੰ ਹਮਲਾ ਕਰਨ ਦਾ ਹੁਕਮ ਦਿੱਤਾ।

ਹੈਰੀ ਸਮਿੱਥ ਦੀ ਡਵੀਜਨ ਨੇ ਸਿੱਖ ਮੋਰਚੇ ਦੇ ਖੱਬੇ ਹਿੱਸੇ ਤੇ ਹਮਲਾ ਕੀਤਾ। ਇਸ ਫੌਜ ਵਿੱਚ ਅੱਗੇ ਬਰਗੇਡੀਅਰ ਪੈਨੀ, ਅਤੇ ਉਸਦੇ ਪਿੱਛੇ ਬਰਗੇਡੀਅਰ ਹਿੱਕਸ ਦੀ ਬਰਗੇਡ ਸੀ। ਇਸ ਡਵੀਜਨ ਦੀਆਂ ਤੋਪਾਂ ਨੇ ਅੱਗੇ ਵਧਕੇ ਸਿੱਖ ਮੋਰਚੇ ਤੇ ਗੋਲਾਬਾਰੀ ਕੀਤੀ। ਅੱਗੋਂ ਸਿੱਖ ਤੋਪਾਂ ਨੇ ਵੀ ਗੋਲੇ ਵਰਸਾਏ। ਤੋਪਾਂ ਦੀ ਗੋਲਾਬਾਰੀ ਰੁਕੀ ਤਾਂ ਪੈਨੀ ਦੇ ਸੈਨਿਕਾਂ ਨੇ ਸਿੱਖ ਮੋਰਚੇ ਤੇ ਗੋਲੀਆਂ ਦੀ ਵਰਖਾ ਕੀਤੀ। ਸਿੱਖ ਸਿਪਾਹੀਆਂ ਨੇ ਵੀ ਆਪਣੀਆਂ ਗੋਲੀਆਂ ਨਾਲ ਇਹਨਾ ਦਾ ਭਰਪੂਰ ਸਵਾਗਤ ਕੀਤਾ। ਪੈਨੀ ਦੇ ਸੈਨਿਕਾ ਨੇ ਸਿੱਖ ਤੋਪਾਂ ਤੱਕ ਪਹੁੰਚਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸਿੱਖ ਸੈਨਿਕਾਂ ਨੇ ਆਪਣੀਆਂ

ਗੋਲੀਆਂ ਨਾਲ ਉਹਨਾ ਦਾ ਭਾਰੀ ਕਤਲੇਆਮ ਕੀਤਾ, ਅਤੇ ਉਹ ਹਾਰਕੇ ਪਿੱਛੇ ਹਟ ਗਏ।

ਪੈਨੀ ਦੇ ਪਿੱਛੇ ਹਿੱਕਸ ਦੇ ਸੈਨਿਕ ਸਨ। ਉਹ ਅਜੇ ਵੀ ਹਮਲੇ ਲਈ ਅੱਗੇ ਵਧ ਰਹੇ ਸਨ, ਭਾਵੇਂ ਉਹਨਾ ਤੇ ਵੀ ਗੋਲੀਆਂ ਦੀ ਭਾਰੀ ਵਰਖਾ ਹੋ ਰਹੀ ਸੀ। ਪੈਨੀ ਦੇ ਪਿੱਛੇ ਹਟੇ ਸੈਨਿਕ ਵੀ ਹਿੱਕਸ ਦੀ ਹਮਲਾਵਰ ਕਤਾਰ ਵਿੱਚ ਸ਼ਾਮਲ ਹੋ ਗਏ। ਇਸ ਵਾਰ ਉਹਨਾ ਦਾ ਹਮਲਾ ਸਫਲ ਰਿਹਾ ਅਤੇ ਉਹ ਸਿੱਖ ਤੋਪਾਂ ਤੱਕ ਪਹੁੰਚ ਗਏ। ਬਰਗੇਡੀਅਰ ਪੈਨੀ ਬੁਰੀ ਤਰਾਂ ਜਖਮੀ ਹੋ ਗਿਆ। 50 ਨੰਬਰ ਰੈਜਮੈਂਟ ਦੇ ਕਰਨਲ ਸਪੈਂਸ ਨੇ ਉਸਦੀ ਜਗ੍ਹਾ ਬਰਗੇਡ ਦੀ ਕਮਾਨ ਸੰਭਾਲ ਲਈ। ਅੰਗਰੇਜ ਫੌਜ ਨੇ ਸਿੱਖ ਤੋਪਚੀਆਂ ਅਤੇ ਪੈਦਲ ਸੈਨਿਕਾਂ ਨੂੰ ਖਦੇੜ ਕੇ ਉਸਦੀਆਂ ਤੋਪਾਂ ਤੇ ਕਬਜਾ ਕਰ ਲਿਆ।

ਅੰਗਰੇਜ ਸੈਨਾ ਦੀ ਸੈਂਟਰ ਵਾਲੀ ਡਵੀਜਨ, ਜਿਸਦੀ ਕਮਾਨ ਜਨਰਲ ਗਿਲਬਰਟ ਕਰ ਰਿਹਾ ਸੀ, ਨੇ ਸਿੱਖ ਮੋਰਚੇ ਦੇ ਕੇਂਦਰੀ ਭਾਗ ਤੇ ਹਮਲਾ ਕੀਤਾ। ਭਾਰੀ ਗੋਲਾਬਾਰੀ ਦਾ ਸਾਹਮਣਾ ਕਰਦੇ ਹੋਏ ਇਹ ਸਿੱਖ ਤੋਪਾਂ ਤੱਕ ਪਹੁੰਚੇ। ਪਰ ਤੋਪਾਂ ਟਿੱਲਿਆਂ ਦੇ ਪਿੱਛੇ ਸਨ। ਉਹਨਾ ਤੱਕ ਪਹੁੰਚਣ ਲਈ ਪੌੜੀਆਂ ਦੀ ਲੋੜ ਸੀ। ਇਸ ਡਵੀਜਨ ਨੇ ਦੋ ਵਾਰ ਹੱਲਾ ਕਰਕੇ ਇੱਕ ਦੂਸਰੇ ਦੇ ਮੋਢਿਆਂ ਤੇ ਖਲੋ ਕੇ ਉੱਪਰ ਚੜਨ ਦੀ ਕੋਸ਼ਿਸ਼ ਕੀਤੀ, ਪਰ ਇਹਨਾ ਨੂੰ ਮੂੰਹ ਦੀ ਖਾਣੀ ਪਈ। ਜਨਰਲ ਗਿਲਬਰਟ ਅਤੇ ਬਰਗੇਡੀਅਰ ਮੈਕਲਾਹਨ ਜਖਮੀ ਹੋਏ। ਗੋਰਖਾ ਰੈਜਮੈਂਟ ਦੇ ਕਮਾਂਡਰ ਮੇਜਰ ਫਿੱਸ਼ਰ ਦੇ ਸਿਰ ਵਿੱਚ ਗੋਲੀ ਵੱਜੀ। ਉਹ ਘੋੜੇ ਤੇ ਸਵਾਰ ਸੀ, ਮਰ ਗਿਆ ਸੀ, ਪਰ ਵੇਖਣ ਵਾਲੇ ਹੈਰਾਨ ਸਨ ਕਿ ਉਹ ਮਰਨ ਤੋਂ ਬਾਅਦ ਕਾਫੀ ਦੇਰ ਘੋੜੇ ਤੇ ਸਿੱਧਾ ਬੈਠਾ ਰਿਹਾ। ਇਸ ਡਵੀਜਨ ਦੇ ਕਈ ਹੋਰ ਅਫਸਰ ਅਤੇ ਸੈਨਿਕ ਵੀ ਮਾਰੇ ਗਏ।

ਪਰ ਗਿਲਬਰਟ ਦੀ ਡਵੀਜਨ ਨੇ ਹਿੰਮਤ ਨਾ ਹਾਰੀ। ਅਫਸਰਾਂ ਨੇ ਸੈਨਿਕਾਂ ਨੂੰ ਇਕੱਠਾ ਕਰਕੇ ਤੀਸਰੀ ਵਾਰ ਫਿਰ ਹਮਲਾ ਕੀਤਾ। ਇਸ ਵਾਰ ਉਹਨਾ ਨੇ ਸਿੱਖ ਮੋਰਚੇ ਦਾ ਅਜਿਹਾ ਭਾਗ ਚੁਣਿਆਂ ਜਿੱਥੇ ਮੋਰਚੇ ਜਿਆਦਾ ਉੱਚੇ ਨਹੀਂ ਸਨ। ਆਖਰ ਉਹ ਮੋਰਚੇ ਨੂੰ ਤੋੜਨ ਵਿੱਚ ਸਫਲ ਹੋ ਗਏ। ਇਸ ਹਮਲੇ ਦੌਰਾਨ ਬਰਗੇਡੀਅਰ ਟੇਲਰ ਵੀ ਮਾਰਿਆ ਗਿਆ। ਉਸਦੇ ਸਿਰ ਵਿੱਚ ਗੋਲੀ ਵੱਜੀ ਸੀ। ਸਿੱਖ ਜੀਅ ਜਾਨ ਨਾਲ ਮੁਕਾਬਲਾ ਕਰ ਰਹੇ ਸਨ, ਪਰ ਇਸ ਅਗੰਰਿਜ ਫੌਜ ਦੇ ਹੜ ਸਾਹਮਣੇ ਉਹਨਾ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਅੰਗਰੇਜ ਸੈਨਾ ਉਹਨਾ ਨੂੰ ਲਗਾਤਾਰ ਦਰਿਆ ਵੱਲ ਧੱਕ ਰਹੀ ਸੀ।

ਹੁਣ ਮੌਕਾ ਵੇਖਕੇ ਅੰਗਰੇਜ ਘੋੜ ਸਵਾਰਾਂ ਨੇ ਸਿੱਖ ਫੌਜ ਤੇ ਹਮਲਾ ਕਰ ਦਿੱਤਾ। ਇਹਨਾ ਵਿੱਚ ਤੀਸਰੀ ਲਾਈਟ ਡਰਾਗੂਨ ਰੈਜਮੈਂਟ ਦੇ ਸਵਾਰ ਮੂਹਰੇ ਸਨ। ਇਹ ਸਰਪੱਟ ਘੋੜੇ ਦੁੜਾਉਂਦੇ ਹੋਏ ਆਏ ਅਤੇ ਸਿੱਖ ਫੌਜ ਵਿੱਚ ਭਗਦੜ ਮਚਾ ਦਿੱਤੀ। ਸਿੱਖ ਮੋਰਚੇ ਪੂਰੀ ਤਰਾਂ ਤਬਾਹ ਹੋ ਚੁੱਕੇ ਸਨ। ਸਾਰੀਆਂ ਤੋਪਾਂ ਤੇ ਅੰਗਰੇਜਾਂ ਦਾ ਕਬਜਾ ਹੋ ਗਿਆ ਸੀ। ਸੈਨਾਪਤੀ ਫਰਾਰ ਸੀ। ਹਾਰ ਮੰਨ ਲੈਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

ਸੈਨਿਕ ਦਰਿਆ ਪਾਰ ਜਾਣ ਲਈ ਪੁਲ ਵੱਲ ਗਏ ਤਾਂ ਵੇਖਿਆ ਪੁਲ ਗਾਇਬ ਸੀ। ਉਹਨਾ ਦਾ ਆਪਣਾ ਸੈਨਾਪਤੀ ਪੁਲ ਤੁੜਵਾ ਕੇ ਭੱਜ ਗਿਆ ਸੀ। ਸਿੱਖਾਂ ਦੇ ਸਾਹਮਣੇ ਦਰਿਆ ਅਤੇ ਪਿੱਛੇ ਅੰਗਰੇਜ ਘੋੜ ਸਵਾਰ ਸਨ। ਬਰਸਾਤ ਹੋਣ ਕਾਰਨ ਸਤਲੁਜ ਦੇ ਪੱਤਣਾ ਦਾ ਪਾਣੀ ਵੀ ਚੜਿਆ ਹੋਇਆ ਸੀ। ਕਈਆਂ ਨੇ ਦਰਿਆ ਵਿੱਚ ਛਾਲਾਂ ਮਾਰ ਦਿੱਤੀਆਂ। ਜਿਨ੍ਹਾ ਨੂੰ ਤਰਨਾ ਆਉਂਦਾ ਸੀ, ਪਾਰ ਪਹੁੰਚ ਗਏ। ਦੂਸਰੇ ਦਰਿਆ ਦੀ ਭੇਟ ਹੋ ਗਏ। ਕੋਈ 10000 ਸਿੱਖ ਸੈਨਿਕ ਇਸ ਜੰਗ ਵਿੱਚ ਮਾਰੇ ਗਏ। ਦੁਪਹਿਰ ਹੋਣ ਤੋਂ ਪਹਿਲਾਂ ਹੀ ਇਹ ਲੜਾਈ ਖਤਮ ਹੋ ਗਈ। ਹਜਾਰਾਂ ਪੰਜਾਬਣਾ ਰੰਡੀਆਂ ਹੋ ਗਈਆਂ। ਰਾਣੀ ਜਿੰਦਾਂ ਦੀ ਦਿਲੀ ਖਾਹਿਸ਼ ਪੂਰੀ ਹੋ ਗਈ। ਅੰਗਰੇਜਾਂ ਲਈ ਲਹੌਰ ਦਾ ਰਾਹ ਖੁੱਲਾ ਸੀ। ਸ਼ਾਹ ਮੁਹੰਮਦ ਦਾ ਕਹਿਣਾ ਹੈ:

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਸਰਕਾਰ ਤੋਂ ਸ਼ਾਹ ਮੁਹੰਮਦ ਦਾ ਮਤਲਬ ਹੈ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ। ਪਰ ਉਹ ਸ਼ੇਰ ਤਾਂ ਅੱਜ ਆਪਣੀ ਮੜ੍ਹੀ ਵਿਚ ਸੁੱਤਾ ਹੋਇਆ ਸੀ, ਜਿਸਦੀ ਭੱਬਕ ਨਾਲ ਕਾਬਲ ਅਤੇ ਦਿੱਲੀ ਦੀਆਂ ਕੰਧਾਂ ਕੰਬਦੀਆਂ ਸਨ। ਅੱਜ ਉਸਦੀ ਮਹਿਬੂਬ ਰਾਣੀ ਨੇ ਹੀ ਉਸਦੀ ਫ਼ੌਜ ਨੂੰ ਤਬਾਹ ਕਰਵਾ ਦਿੱਤਾ ਸੀ। ਇਹ ਰਾਣੀ ਉਸ ਮਨੁੱਖ ਵਾਂਗ ਸੀ ਜੋ ਸ਼ੇਰ ਦੀ ਸਵਾਰੀ ਕਰ ਬੈਠਾ ਸੀ। ਕਹਿੰਦੇ ਹਨ ਜੋ ਸ਼ੇਰ ਦੀ ਸਵਾਰੀ ਕਰਦਾ ਹੈ ਉਸਤੋਂ ਉੱਤਰ ਨਹੀਂ ਸਕਦਾ, ਕਿਉਂਕਿ ਜੇ ਉੱਤਰਿਆ ਤਾਂ ਉਸਨੂੰ ਸ਼ੇਰ ਖਾ ਜਾਂਦਾ ਹੈ।

ਰਾਣੀ ਨੇ ਵੀ ਖਾਲਸਾ ਫ਼ੌਜ ਨਾਂ ਦੇ ਸ਼ੇਰ ਤੇ ਸਵਾਰੀ ਕਰਨ ਦੀ ਗਲਤੀ ਕੀਤੀ। ਉਹ ਸੋਚਦੀ ਸੀ ਕਿ ਉਹ ਇਸ ਨਾਲ ਪੰਜਾਬ ਤੇ ਹਕੂਮਤ ਕਰੇਗੀ। ਪਰ ਇਸ ਸ਼ੇਰ ਨੂੰ ਤਾਂ ਰਣਜੀਤ ਸਿੰਘ ਵਰਗਾ ਕੋਈ ਕੋਈ ਬੱਬਰ ਸ਼ੇਰ ਹੀ ਕਾਬੂ ਵਿੱਚ ਰੱਖ ਸਕਦਾ ਸੀ। ਜਦੋਂ ਇਸ ਸ਼ੇਰ ਨੇ ਵੇਖਿਆ ਕਿ ਇਸਤੇ ਇੱਕ ਕੰਮਜ਼ੋਰ ਔਰਤ ਸਵਾਰੀ ਕਰ ਰਹੀ ਹੈ ਤਾਂ ਉਹ ਬੇਕਾਬੂ ਹੋ ਗਿਆ। ਇਸ ਵਿਚਾਰੀ ਔਰਤ ਨੇ ਸੋਚਿਆ ਕਿ ਇਸ ਸ਼ੇਰ ਨੂੰ ਅੰਗਰੇਜ਼ ਸ਼ਿਕਾਰੀਆਂ ਨਾਲ ਲੜਾ ਕੇ ਕੰਮਜ਼ੋਰ ਕੀਤਾ ਜਾਵੇ ਤਾਂਕਿ ਇਹ ਕਾਬੂ ਵਿੱਚ ਆ ਸਕੇ। ਇਸਦੀ ਅਗਵਾਈ ਲਈ ਲਾਲ ਸਿੰਘ ਅਤੇ ਤੇਜ ਸਿੰਘ ਵਰਗੇ ਗਿੱਦੜ ਚੁਣੇ। ਇਸ ਟੋਲੀ ਨੇ ਇਹ ਨਾ ਸੋਚਿਆ ਕਿ ਇਹ ਸ਼ੇਰ ਹੀ ਤਾਂ ਸੀ ਜਿਸਨੇ ਅੰਗਰੇਜ਼ਾਂ ਨੂੰ ਸਤਲੁਜ ਦੇ ਪਾਰ ਡੱਕ ਕੇ ਰੱਖਿਆ ਹੋਇਆ ਸੀ। ਸ਼ੇਰ ਨੂੰ ਕੰਮਜ਼ੋਰ ਕਰਨ ਦੀ ਕੋਸ਼ਿਸ਼ ਵਿੱਚ ਇਸਨੇ ਉਸਨੂੰ ਜਾਨੋ ਹੀ ਮਰਵਾ ਦਿੱਤਾ। ਹੁਣ ਜਦੋਂ ਅੰਗਰੇਜ਼ ਸ਼ਿਕਾਰੀਆਂ ਨੂੰ ਇਸ ਸ਼ੇਰ ਦਾ ਡਰ ਨਾ ਰਿਹਾ ਤਾਂ ਉਹ ਰਾਣੀ ਅਤੇ ਉਸਦੇ ਬਾਲਕ ਮਹਾਰਾਜੇ ਨੂੰ ਆਪਣੀਆਂ ਉਂਗਲੀਆਂ ਤੇ ਨਚਾਉਣ ਲਈ ਲਹੌਰ ਪਹੁੰਚ ਗਏ।

ਅੰਗਰੇਜ਼ਾਂ ਦਾ ਵੀ ਇਸ ਜੰਗ ਵਿੱਚ ਭਾਰੀ ਨੁਕਸਾਨ ਹੋਇਆ। ਕਈ ਜਰਨੈਲ ਅਤੇ ਕਰਨੈਲ ਮਾਰੇ ਗਏ। ਜਨਰਲ ਡਿੱਕ ਮਾਰਿਆ ਗਿਆ। ਇਹ ਬੜਾ ਅਨੁਭਵੀ ਅਤੇ ਬਹਾਦਰ ਅਫਸਰ ਸੀ। ਲਾਰਡ ਗੱਫ ਵਾਂਗ ਵਾਟਰਲੂ ਦੇ ਜੰਗ ਵਿੱਚ ਲੜ ਚੁੱਕਾ ਸੀ। ਬਰਗੇਡੀਅਰ ਟੇਲਰ ਮਾਰਿਆ ਗਿਆ। ਟੇਲਰ ਮੁਦਕੀ ਅਤੇ ਫੇਰੂ ਸ਼ਹਿਰ ਵਿੱਚ ਬੜੀ ਬਹਾਦਰੀ ਨਾਲ ਲੜਿਆ ਸੀ। ਕਰਨਲ ਰਿਆਨ ਅਤੇ ਪੈਟਿੱਟ ਬੁਰੀ ਤਰਾਂ ਜਖਮੀ ਹੋਏ। ਲਾਰਡ ਗੱਫ ਦਾ ਭਤੀਜਾ ਕਰਨਲ ਗੱਫ ਵੀ ਜਖਮੀ ਹੋ ਗਿਆ। ਬਰਗੇਡੀਅਰ ਪੈਨੀ ਅਤੇ ਮੈਕਲਾਰਨ ਵੀ ਜਖਮੀ ਹੋਏ। ਮਰਨ ਵਾਲਿਆਂ ਦੀ ਗਿਣਤੀ 320 ਅਤੇ ਜਖਮੀਆਂ ਦੀ 2063 ਸੀ।

ਇਸ ਜੰਗ ਵਿੱਚ ਗਵੱਰਨਰ ਜਨਰਲ ਹੈਨਰੀ ਹਾਰਡਿੰਗ ਵੀ ਸ਼ਾਮਲ ਸੀ। ਉਸਨੇ ਕਿਸੇ ਫੌਜੀ ਟੁੱਕੜੀ ਦੀ ਕਮਾਨ ਨਹੀਂ ਕੀਤੀ ਸੀ, ਪਰ ਜਿੱਥੇ ਵੀ ਲੜਾਈ ਸਭ ਤੋਂ ਸੱਖਤ ਹੁੰਦੀ, ਉਹ ਉਥੇ ਪਾਹੁੰਚ ਜਾਂਦਾ ਅਤੇ ਆਪਣੇ ਸੈਨਿਕਾਂ ਦੀ ਹੌਸਲਾ ਅਫਜਾਈ ਕਰਦਾ। ਉਂਜ ਗਵੱਰਨਰ ਜਨਰਲ ਹੋਣ ਦੇ ਨਾਤੇ ਉਸਨੂੰ ਇਹ ਖਤਰਾ ਉਠਾਉਣ ਦੀ ਕੋਈ ਲੋੜ ਨਹੀਂ ਸੀ। ਇਸ ਲੜਾਈ ਵਿੱਚ ਲੜਨ ਵਾਲੇ ਅੰਗਰੇਜ਼ ਅਫਸਰਾਂ ਦਾ ਕਹਿਣਾ ਹੈ ਕਿ ਸਿੱਖ ਸੈਨਿਕ ਕਿਸੇ ਵੀ ਔਸਤ ਯੂਰਪੀਨ ਸੈਨਿਕ ਤੋਂ ਸਰੀਰਕ ਬਲ, ਬਹਾਦਰੀ ਅਤੇ ਅਨੁਸ਼ਾਸਣ ਵਿੱਚ ਘੱਟ ਨਹੀਂ ਸੀ। ਭਾਵੇਂ ਸਿਆਸੀ ਪੱਖ ਤੋਂ ਉਹ ਏਨਾ ਆਗਿਆਕਾਰੀ ਨਹੀਂ ਸੀ (ਹੋ ਵੀ ਨਹੀਂ ਸਕਦਾ ਸੀ, ਕਿਉਂਕਿ ਆਪਣੇ ਸਿਆਸੀ ਲੀਡਰਾਂ ਤੇ ਉਸਨੂੰ ਵਿਸ਼ਵਾਸ ਹੀ ਨਹੀਂ ਸੀ), ਫਿਰ ਵੀ ਜੰਗ ਦੇ ਮੈਦਾਨ ਵਿੱਚ ਉਸਦੀ ਦ੍ਰਿੜਤਾ ਅਤੇ ਅਨੁਸ਼ਾਸਨ ਕਮਾਲ ਦੇ ਸਨ। ਉਸ ਕੋਲ ਵੀ ਉਹੋ ਬੰਦੂਕ ਸੀ ਜੋ ਅੰਗਰੇਜ਼ ਸਿਪਾਹੀ ਕੋਲ ਸੀ। ਸਿੱਖ ਤੋਪਚੀਆਂ ਦਾ ਨਿਸ਼ਾਨਾ ਕਮਾਲ ਦਾ ਸੀ। ਤੋਪਾਂ ਦਾ ਗੋਲਾ ਵੀ ਅਧਿੱਕ ਵਜਨੀ ਸੀ।

ਪਰ ਸਿੱਖ ਫੌਜ ਵਿੱਚ ਇੱਕ ਗੰਭੀਰ ਕਮੀ ਵੀ ਸੀ। ਜਿੰਨੀ ਨਿਪੁੰਨ ਇਹ ਫੌਜ ਹਮਲਾ ਰੋਕਣ ਵਿੱਚ ਸੀ, ਉਹਨੀ ਹਮਲਾ ਕਰਨ ਵਿੱਚ ਨਹੀਂ ਸੀ-ਪਰ ਸ਼ਾਇਦ ਇਹ ਇਸ ਲਈ ਸੀ ਕਿ ਇਸਦੇ ਜਰਨੈਲ ਹਮਲਾ ਕਰਨਾ ਚਾਹੁੰਦੇ ਹੀ ਨਹੀਂ ਸਨ। ਉਹ ਤਾਂ ਇਸ ਫੌਜ ਨੂੰ ਸਿਰਫ ਹਰਵਾਉਣਾ ਹੀ ਚਾਹੁੰਦੇ ਸਨ।

ਨਹੀਂ ਤਾਂ ਕੀ ਫੇਰੂ ਸ਼ਹਿਰ ਦੀ ਜੰਗ ਸਮੇ 22 ਦਸੰਬਰ ਦੀ ਸਵੇਰ ਨੂੰ ਤੇਜ ਸਿੰਘ ਆਪਣੀ ਤਾਜਾ ਦਮ ਫੌਜ ਨਾਲ ਅੰਗਰੇਜ਼ਾਂ ਤੇ ਹਮਲਾ ਕਰਕੇ ਉਹਨਾ ਨੂੰ ਹਰਾ ਨਹੀਂ ਸਕਦਾ ਸੀ? ਉਹ ਹਰਾ ਸਕਦਾ ਸੀ ਜਾਂ ਨਹੀਂ, ਇਸਦਾ ਤਾਂ ਕੋਈ ਜਵਾਬ ਨਹੀਂ ਦੇ ਸਕਦਾ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਉਸ ਕੋਸ਼ਿਸ਼ ਹੀ ਨਾ ਕੀਤੀ।

ਅੰਗਰੇਜ ਅਫਸਰਾਂ ਦਾ ਕਹਿਣਾ ਹੈ ਕਿ ਜੇ ਉਹਨਾ ਨੂੰ ਇਹਨਾ ਜੰਗਾਂ ਤੋਂ ਪਹਿਲਾਂ ਇਹ ਪਤਾ ਹੁੰਦਾ ਕਿ ਸਿੰਘ ਏਨੀ ਬਹਾਦਰੀ ਅਤੇ ਦ੍ਰਿੜਤਾ ਨਾਲ ਲੜਦੇ ਹਨ, ਤਾਂ ਉਹਨਾ ਦੇ ਗਵੱਰਨਰ ਜਨਰਲ ਨੇ ਕਿਤੇ ਵੱਧ ਫੌਜ ਉਹਨਾ ਦੇ ਮੁਕਾਬਲੇ ਲਈ ਭੇਜਣੀ ਸੀ। ਉਹ ਖੁਦ ਹੈਰਾਨ ਸਨ ਕਿ ਏਡੀ ਵੱਡੀ ਅਤੇ ਲੜਾਕੀ ਫੌਜ ਨੂੰ ਯੁੱਧ ਸ਼ੁਰੂ ਹੋਣ ਦੇ ਦੋ ਮਹੀਨਿਆਂ ਦੇ ਅੰਦਰ ਹੀ ਉਹਨਾ ਨੇ ਕਿਸ ਤਰਾਂ ਤਬਾਹ ਕਰ ਦਿੱਤਾ।

ਸਭਰਾਵਾਂ ਦੀ ਜੰਗ ਬਾਰੇ ਲਾਰਡ ਗੱਫ ਨੇ ਇਹ ਕਿਹਾ: 'ਸਿਆਸਤ ਮੈਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ ਕਿ ਮੈਂ ਖਾਲਸਾ ਫੌਜ ਦੀ ਤਰੀਫ ਖੁੱਲ ਕੇ ਕਰ ਸਕਾਂ, ਇਸ ਹਾਰੇ ਹੋਏ ਦੁਸ਼ਮਣ ਦੀ ਬਹਾਦਰੀ ਦੀ ਪ੍ਰਸੰਸਾ ਕਰ ਸਕਾਂ, ਪਰ ਮੈਂ ਇਹ ਘੋਸ਼ਣਾ ਜਰੂਰ ਕਰਦਾ ਹਾਂ ਕਿ ਜੇ ਮੇਰੇ ਮਨ ਨੂੰ ਇਹ ਵਿਸ਼ਵਾਸ ਨਾ ਹੁੰਦਾ ਕਿ ਮੇਰੇ ਆਪਣੇ ਦੇਸ਼ ਦੇ ਹਿੱਤ ਲਈ ਖਾਲਸਾ ਫੌਜ ਦਾ ਇਹ ਬਲੀਦਾਨ ਜਰੂਰੀ ਹੈ ਤਾਂ ਮੈਂ ਇਸ ਬਹਾਦਰ ਫੌਜ ਦਾ ਕਤਲੇਆਮ ਹੁੰਦਾ ਵੇਖ ਕੇ ਰੋਅ ਪੈਂਦਾ'।

ਲਾਰਡ ਗੱਫ ਨੇ ਸਭਰਾਵਾਂ ਦੀ ਜੰਗ ਨੂੰ ਭਾਰਤ ਦਾ ਵਾਟਰਲੂ ਕਿਹਾ। ਵਾਟਰਲੂ ਦੀ ਜੰਗ ਵਿੱਚ ਅੰਗਰੇਜ ਅਤੇ ਜਰਮਨ ਫੌਜਾਂ ਨੇ ਫਰਾਂਸ ਦੇ ਸਮਰਾਟ ਨਪੋਲੀਅਨ ਨੂੰ ਆਖਰੀ ਅਤੇ ਫੈਸਲਾਕੁੰਨ ਹਾਰ ਦੇ ਕੇ ਉਸਦੇ ਸਾਮਰਾਜ ਨੂੰ ਖਤਮ ਕਰ ਦਿੱਤਾ ਸੀ। ਉਹਨਾ ਨੇ ਯੂਰਪ ਦੀਆਂ ਨਵੀਆਂ ਸਰਹੱਦਾਂ ਬਣਾਈਆਂ। ਇਸ ਜੰਗ ਤੋਂ ਬਾਅਦ ਸੌ ਸਾਲ ਤੱਕ ਦੁਨੀਆਂ ਵਿਚ ਇੰਗਲੈਂਡ ਅਤੇ ਜਰਮਨੀ ਦੀ ਸਰਦਾਰੀ ਕਾਇਮ ਰਹੀ। ਜਿਸ ਤਰਾਂ ਵਾਟਰਲੂ ਦੀ ਜੰਗ ਨੇ ਯੂਰਪ ਦੀ ਕਿਸਮਤ ਦਾ ਫੈਸਲਾ ਕੀਤਾ, ਅਤੇ ਪਾਣੀਪਤ ਦੀਆਂ ਜੰਗਾਂ ਨੇ ਭਾਰਤ ਦੀ ਕਿਸਮਤ ਦਾ, ਇਸੇ ਤਰਾਂ ਸਭਰਾਵਾਂ ਦੀ ਜੰਗ ਨੇ ਪੰਜਾਬ ਦੀ ਕਿਸਮਤ ਦਾ ਫੈਸਲਾ ਕੀਤਾ।

ਇੱਕ ਹੋਰ ਅੰਗਰੇਜ ਅਫਸਰ ਨੇ, ਜੋ ਇਸ ਜੰਗ ਵਿੱਚ ਲੜਿਆ, ਅਤੇ ਬਾਅਦ ਵਿੱਚ ਜਨਰਲ ਦੇ ਰੈਂਕ ਤੱਕ ਪਾਹੁੰਚਿਆ, ਇਹ ਲਿਖਿਆ: 'ਸਿੰਘ ਇਹ ਗੱਲ ਮਾਣ ਨਾਲ ਕਹਿ ਸਕਦੇ ਹਨ ਕਿ ਉਹ ਬਹਾਦਰੀ ਨਾਲ ਲੜੇ। ਭਾਵੇਂ ਉਹਨਾ ਨੂੰ ਹਰਾ ਕੇ ਖਦੇੜ ਦਿੱਤਾ ਗਿਆ, ਪਰ ਉਹ ਮੈਦਾਨ ਵਿੱਚੋਂ ਨਾ ਭੱਜੇ, ਆਖਰੀ ਦਮ ਤੱਕ ਆਪਣੀਆਂ ਤਲਵਾਰਾਂ ਨਾਲ ਲੜਦੇ ਰਹੇ। ਮੈਂ ਆਪਣੀਆਂ ਅੱਖਾਂ ਨਾਲ ਸਿੱਖ ਸਰਦਾਰਾਂ ਅਤੇ ਸੈਨਿਕਾਂ ਦੀ ਬਹਾਦਰੀ ਦੇ ਕਈ ਜੌਹਰ ਵੇਖੇ'।

ਗਵੱਰਨਰ ਜਨਰਲ, ਲਾਰਡ ਹੈਨਰੀ ਹਾਰਡਿੰਗ ਨੇ, ਜੋ ਖੁਦ ਲੜਾਈ ਦੇ ਮੈਦਾਨ ਵਿਚ ਮਜੂਦ ਸੀ, ਲੜਾਈ ਦੇ ਅੰਤਮ ਪੜਾਅ ਬਾਰੇ, ਜਦੋਂ ਕਿ ਸਿੱਖਾਂ ਦੀ ਹਾਰ ਯਕੀਨੀ ਸੀ, ਇਹ ਸ਼ਬਦ ਕਹੇ: 'ਬਹੁਤ ਥੋੜੇ ਸਿੰਘ ਹੀ ਬਾਕੀ ਬਚੇ, ਪਰ ਹਥਿਆਰ ਕਿਸੇ ਨੇ ਨਾ ਸੁੱਟੇ। ਉਹਨਾ ਨੇ ਆਪਣੀ ਤਕਦੀਰ ਦਾ ਫੈਸਲਾ ਭਾਣਾ ਮੰਨ ਲੈਣ ਵਾਲੀ ਉਸੇ ਭਾਵਨਾ ਨਾਲ ਸਵੀਕਾਰ ਕੀਤਾ ਜੋ ਉਹਨਾ ਦੀ ਕੌਮ ਦੀ ਵਿਸ਼ੇਸ਼ਤਾ ਹੈ'।

ਇਹ ਜੰਗਾਂ ਸਤਲੁਜ ਤੋਂ ਪਾਰ ਮਾਲਵੇ ਦੇ ਇਲਾਕੇ ਵਿੱਚ ਹੋਈਆਂ, ਜਿੱਥੇ ਸਿੱਖ ਸਰਦਾਰਾਂ ਦਾ ਰਾਜ ਸੀ। ਇਸ ਇਲਾਕੇ ਦੇ ਆਮ ਲੋਕਾਂ ਦੀ ਹਮਦਰਦੀ ਆਪਣੇ ਸਿੱਖ ਭਰਾਵਾਂ ਨਾਲ ਸੀ। ਸਿਰਫ ਕੁਝ ਹੀ ਸਰਦਾਰਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਇਹ ਸਨ: ਪਟਿਆਲਾ, ਜੀਂਦ, ਫਰੀਦਕੋਟ ਅਤੇ ਛਛਰੌਲੀ। ਦੂਸਰੇ ਸਰਦਾਰ ਆਮ ਕਰਕੇ ਨਿਰਪੱਖ ਰਹੇ। ਮਲੇਰਕੋਟਲੇ ਦੇ ਨਵਾਬ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਪਰ ਮਮਦੋਟ ਦੇ ਮੁਸਲਮਾਨ ਸਰਦਾਰ ਨੇ ਸਿੱਖਾਂ ਦਾ।

ਜੰਗਾਂ ਤੋਂ ਬਾਅਦ ਅੰਗਰੇਜ ਸਰਕਾਰ ਨੇ ਰੋਪੜ, ਲਾਡਵਾ ਅਤੇ ਆਲੋਵਾਲ ਦੀਆਂ ਰਿਆਸਤਾਂ ਜ਼ਬਤ ਕਰ ਲਈਆਂ। ਨਾਭੇ ਦੀ ਰਿਆਸਤ ਦਾ ਚੌਥਾ ਭਾਗ ਜ਼ਬਤ ਕਰਕੇ ਆਪਣੇ ਹਮਾਇਤੀ ਸਰਦਾਰਾਂ ਵਿੱਚ ਵੰਡ ਦਿੱਤਾ। ਮਾਲਵੇ ਦੇ ਸਰਦਾਰਾਂ ਦੇ ਅਧਿਕਾਰ ਘਟਾ ਦਿੱਤੇ ਗਏ। ਉਹ ਹੁਣ ਸਿਰਫ ਮਾਮਲਾ ਹੀ ਉਗਰਾਹ ਸਕਦੇ ਸਨ, ਅਦਾਲਤਾਂ ਲਾ ਕੇ ਫੈਸਲੇ ਨਹੀਂ ਕਰ ਸਕਦੇ ਸਨ।

ਸੈਨਾਪਤੀ ਤੇਜ ਸਿੰਘ ਅਤੇ ਵਜੀਰ ਲਾਲ ਸਿੰਘ ਦੀਆਂ ਕਰਤੂਤਾਂ ਕਿਸੇ ਤੋਂ ਛੁਪੀਆਂ ਨਾ ਰਹਿ ਸਕੀਆਂ। ਇਹਨਾ ਦਾ ਲੋਕਾਂ ਨੇ ਇਹ ਸ਼ੇਅਰ ਗੰਢ ਕੇ ਮਜਾਕ ਉਡਾਇਆ: 'ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ। ਰਣ ਵਿੱਚ ਪਿੱਠ ਵਿਖਾ ਕੇ ਮੋੜਾ ਆਏ ਫੇਰ'। ਇਹਨਾ ਸਿੱਖ ਲੀਡਰਾਂ ਦੀ ਜੰਗੀ ਸੂਝ ਬਾਰੇ ਇੱਕ ਅੰਗਰੇਜ ਇਤਿਹਾਸਕਾਰ ਦਾ ਇਹ ਕਹਿਣਾ ਹੈ: 'ਸਾਡੀ ਕੌਮ ਦੀ ਇਹ ਖੁਸ਼ਕਿਸਮਤੀ ਸੀ ਕਿ ਸਿੱਖ ਲੀਡਰ ਆਪਣੀ ਫੌਜ ਦੀ ਅਗਵਾਈ ਕਰਨ ਦੇ ਯੋਗ ਨਹੀਂ ਸਨ। ਤੇਜ ਸਿੰਘ ਡਰਪੋਕ ਅਤੇ ਲਾਲ ਸਿੰਘ ਨਿਕੰਮਾ ਸੀ। ਉਹਨਾ ਦੇ ਸੈਨਿਕਾਂ ਨੂੰ ਉਹਨਾ ਤੇ ਭਰੋਸਾ ਨਹੀਂ ਸੀ। ਸਿੱਖ ਜਰਨੈਲ ਇਹ ਤਾਂ ਜਾਣਦੇ ਸਨ ਕਿ ਦੁਸ਼ਮਣ ਦੇ ਹਮਲੇ ਨੂੰ ਰੋਕਣ ਲਈ ਮੋਰਚਾਬੰਦੀ ਕਿਵੇਂ ਕਰਨੀ ਹੈ, ਪਰ ਉਹਨਾ ਵਿੱਚੋਂ ਇੱਕ ਨੂੰ ਵੀ ਇਹ ਪਤਾ ਨਹੀਂ ਸੀ ਕਿ ਦੁਸ਼ਮਣ ਤੇ ਹਮਲਾ ਕਿਵੇਂ ਕਰਨਾ ਹੈ। ਆਪਣੀ ਫੌਜ ਨੂੰ ਹਮਲੇ ਲਈ ਕਤਾਰਬੰਦ ਕਰਨ ਦੀ ਕਲਾ ਤੋਂ ਉਹ ਅਨਜਾਣ ਸਨ। ਜੰਗਾਂ ਦੁਰਾਨ ਕਈ ਵਾਰ ਉਹਨਾ ਨੇ ਸਾਡੀ ਫੌਜ ਦਾ ਹਮਲਾ ਨਾਕਾਮ ਕਰ ਦਿੱਤਾ, ਪਰ ਦੁਸ਼ਮਣ ਦੇ ਹਮਲੇ ਨੂੰ ਨਾਕਾਮ ਕਰਕੇ ਉਸਤੇ ਪਲਟ ਹਮਲਾ ਕਰਕੇ ਉਸਨੂੰ ਖਦੇੜਨਾ ਕਿਵੇਂ ਹੈ, ਇਸ ਯੁੱਧਕਲਾ ਦਾ ਉਹਨਾ ਨੂੰ ਕੋਈ ਗਿਆਨ ਨਹੀਂ ਸੀ'।

ਅੰਗਰੇਜ ਇਤਿਹਾਸਕਾਰਾਂ ਦਾ ਇਹ ਕਹਿਣਾ ਸਹੀ ਲੱਗਦਾ ਹੈ, ਕਿਉਂਕਿ ਜਦੋਂ ਵੀ ਸਿੱਖ ਸੈਨਾ ਦਾ ਸਾਹਮਣਾ ਅੰਗਰੇਜੀ ਸੈਨਾ ਨਾਲ ਹੋਇਆ, ਉਸਨੇ ਨੇ ਹਮਲਾ ਰੋਕਣ ਦੀ ਰਣਨੀਤੀ ਹੀ ਅਪਣਾਈ, ਕਦੀ ਵੀ ਹਮਲਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸੇ ਲਈ ਫਿਰੋਜਪੁਰ ਵਿੱਚ ਤੇਜ ਸਿੰਘ ਕਈ ਦਿਨ ਜਨਰਲ ਲਿਟਲਰ ਦੀ ਫੌਜ ਨੂੰ ਘੇਰਕੇ ਬੈਠਾ ਰਿਹਾ, ਪਰ ਉਸ ਹਮਲਾ ਨਾ ਕੀਤਾ। ਫੇਰੂ ਸ਼ਹਿਰ ਵਿੱਚ ਵੀ ਉਸ ਹਮਲਾ ਕਰਨ ਦੀ ਕੋਸ਼ਿਸ਼ ਨਾ ਕੀਤੀ। ਬੱਦੋਵਾਲ ਵਿੱਚ ਰਣਜੋਧ ਸਿੰਘ ਮਜੀਠਿਏ ਨੇ ਵੀ ਇਹੋ ਕੀਤਾ। ਏਨੀ ਵਧੀਆ ਪੁਜੀਸ਼ਨ ਮੱਲ ਕੇ ਵੀ ਉਸ ਪੂਰੇ ਜੋਸ਼ ਨਾਲ ਹੈਰੀ ਸਮਿੱਥ ਦੀ ਫੌਜ ਤੇ ਹਮਲਾ ਨਾ ਕੀਤਾ, ਜਿਸ ਕਾਰਨ ਹੈਰੀ ਸਮਿੱਥ ਦੀ ਫੌਜ ਸੁਰੱਖਿਅਤ ਲੁਧਿਆਣੇ ਪਹੁੰਚ ਗਈ, ਅਤੇ ਲੁਧਿਆਣੇ ਵਾਲੀ ਫੌਜ ਨਾਲ ਮਿਲਕੇ ਅਲੀਵਾਲ ਵਿੱਚ ਮਜੀਠੀਏ ਨੂੰ ਕਰਾਰੀ ਹਾਰ ਦਿੱਤੀ।

ਇਹਨਾ ਤੱਥਾਂ ਨੂੰ ਵੇਖਦੇ ਹੋਏ ਇਹ ਸੱਚ ਲਗਦਾ ਹੈ ਕਿ ਸਿੱਖ ਜਰਨੈਲ ਹਮਲਾ ਕਰਨ ਵਿੱਚ ਨਾਕਾਮ ਰਹੇ, ਪਰ ਇਹ ਹੈਰਾਨੀ ਜਰੂਰ ਹੁੰਦੀ ਹੈ ਕਿ ਸਿੱਖ ਜਰਨੈਲ ਹਮਲਾ ਕਰਨ ਦੀ ਕਲਾ ਅਚਾਨਕ ਕਿਉਂ ਭੁੱਲ ਗਏ। ਸ਼ੇਰੇ ਪੰਜਾਬ ਦੇ ਸਮੇ ਸਿੱਖਾਂ ਨੇ ਕਈ ਜੰਗਾਂ ਹਮਲੇ ਕਰਕੇ ਜਿੱਤੀਆਂ ਸਨ। ਕੀ ਸਿੱਖ ਜਰਨੈਲ ਹਮਲਾ ਕਰਨਾ ਜਾਣਦੇ ਹੀ ਨਹੀਂ ਸਨ, ਜਾਂ ਹਮਲਾ ਕਰਨਾ ਚਾਹੁੰਦੇ ਹੀ ਨਹੀਂ ਸਨ? ਇਹ ਗਦਾਰੀ ਸੀ ਜਾਂ ਅਯੋਗਤਾ? ਇਸ ਗੱਲ ਦਾ ਜਵਾਬ ਦੇਣਾ ਮੁਸ਼ਕਿਲ ਹੈ।

ਜਦੋਂ ਇਹਨਾ ਜੰਗਾਂ ਵਿੱਚ ਮਰਨ ਅਤੇ ਜਖਮੀ ਹੋਣ ਵਾਲਿਆਂ ਦੀ ਸੂਚੀ ਇੰਗਲੈਂਡ ਪਹੁੰਚੀ ਤਾਂ ਉਥੇ ਬੜੀ ਹਾਹਾਕਾਰ ਹੋਈ। ਕਮਾਂਡਰ-ਇਨ-ਚੀਫ ਦੀ ਬੜੀ ਨੁਕਤਾਚੀਨੀ ਹੋਈ ਕਿ ਅੰਗਰੇਜਾਂ ਦੀਆਂ ਜਾਨਾ ਦਾ ਏਨਾ ਨੁਕਸਾਨ ਉਸਦੀ ਗਲਤ ਰਣਨੀਤੀ ਕਾਰਨ ਹੋਇਆ। ਇਸਦੇ ਜਵਾਬ ਵਿੱਚ ਲਾਰਡ ਗੱਫ ਦੇ ਪ੍ਰਸੰਸਕਾਂ ਵਿਚੋਂ ਇੱਕ ਨੇ ਇਹ ਕਿਹਾ: 'ਅੰਗਰੇਜ ਜਨਤਾ ਨੂੰ ਇਹ ਕੌੜੀ ਸਚਾਈ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਜਦੋਂ ਸਾਡਾ ਸਾਹਮਣਾ ਕਿਸੇ ਐਸੇ ਦੁਸ਼ਮਣ ਨਾਲ ਹੋਏ ਜੋ ਅਨੁਸ਼ਾਸ਼ਤ ਹੋਏ, ਚੰਗੇ ਹਥਿਆਰਾਂ ਨਾਲ ਲੜੇ, ਅਤੇ ਉਸ ਵਿੱਚ ਇਹ ਹਿੰਮਤ ਹੋਏ ਕਿ ਉਹ ਓਨੀ ਦੇਰ ਤੱਕ ਲੜਦਾ ਰਹੇ ਜਿਨ੍ਹਾ ਚਿਰ ਤੱਕ ਲੜਨਾ ਸੰਭਵ ਹੋਏ, ਤਾਂ ਉਸਨੂੰ ਆਪਣਾ ਕਾਫੀ ਨੁਕਸਾਨ ਕਰਵਾਉਣ ਤੋਂ ਬਿਨਾ

ਹਰਾਉਣਾ ਸੰਭਵ ਹੀ ਨਹੀਂ। ਸਾਨੂੰ ਕਲਾਣੀਵ ਵਾਂਗ ਇਹ ਕਹਿਣਾ ਨਹੀਂ ਸੋਭਦਾ ਕਿ ਹਿੰਦੋਸਤਾਨੀ ਸਾਡੇ ਤੋਂ ਨੀਵਾਂ ਹੈ। ਉਸ ਵਿੱਚ ਅੰਗਰੇਜ਼ ਵਰਗੀ ਬਹਾਦਰੀ ਨਹੀਂ ਹੈ'।

ਸਭਰਾਵਾਂ ਦੀ ਜੰਗ ਵਿੱਚ ਕਈ ਪ੍ਰਸਿੱਧ ਸਰਦਾਰ ਮਾਰੇ ਗਏ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਬਹਾਦਰੀ ਨਾਲ ਲੜਦਾ ਹੋਇਆ ਮਰਿਆ। ਤੋਪ ਖਾਨੇ ਵਾਲਾ ਮਾਖੇ ਖਾਨ ਮਾਰਿਆ ਗਿਆ। ਜਰਨੈਲ ਮੇਵਾ ਸਿੰਘ ਮਜੀਠੀਆ, ਬੇਲਾ ਸਿੰਘ ਮੋਕਲ, ਪੰਜਾਬ ਸਿੰਘ, ਹੁਕਮ ਸਿੰਘ ਮਲਵਈ, ਫਤਹਿ ਸਿੰਘ ਜੋਗੀ ਅਤੇ ਹੀਰਾ ਸਿੰਘ ਵੀ ਮਾਰੇ ਗਏ।

# ਲਹੌਰ ਦੀ ਸੰਧੀ

ਅੰਗਰੇਜ਼ਾਂ ਲਈ ਲਹੌਰ ਦਾ ਰਾਹ ਖੁੱਲ੍ਹਾ ਸੀ। ਸਭਰਾਵਾਂ ਦੀ ਜੰਗ 10 ਫਰਵਰੀ ਨੂੰ ਲੜੀ ਗਈ। ਗਵੱਰਨਰ ਜਨਰਲ ਅਤੇ ਕਮਾਂਡਰ-ਇਨ-ਚੀਫ ਆਪਣੀ ਫੌਜ ਨਾਲ ਸਤਲੁਜ ਪਾਰ ਕਰਕੇ 13 ਫਰਵਰੀ ਨੂੰ ਕਸੂਰ ਪਹੁੰਚ ਗਏ, ਅਤੇ ਕਿਲੇ ਵਿੱਚ ਆਪਣਾ ਡੇਰਾ ਜਮਾ ਲਿਆ।

ਰਾਣੀ ਅਤੇ ਉਸਦੇ ਚਹੇਤੇ ਸਰਦਾਰ ਸਿੱਖ ਸੈਨਾ ਨੂੰ ਹਰਾ ਕੇ ਕੰਮਜ਼ੋਰ ਕਰਨਾ ਚਾਹੁੰਦੇ ਸਨ। ਉਹਨਾ ਨੂੰ ਯਕੀਨ ਸੀ ਕਿ ਇੱਕ ਵਾਰ ਹਾਰ ਦਾ ਸਵਾਦ ਚੱਖਣ ਤੋਂ ਬਾਅਦ ਇਸ ਸੈਨਾ ਤੇ ਕੰਟਰੋਲ ਕਰਨਾ ਅਸਾਨ ਹੋ ਜਾਏਗਾ। ਇਸ ਲਈ ਉਹਨਾ ਇਸ ਯੁੱਧ ਨੂੰ ਟਾਲਣ ਦੀ ਕੋਈ ਕੋਸ਼ਿਸ਼ ਨਾ ਕੀਤੀ, ਸਗੋਂ ਫੌਜ ਨੂੰ ਲੜਨ ਲਈ ਉਕਸਾਇਆ। ਕਈ ਸਿਆਣੇ ਸਰਦਾਰ ਇਸ ਜੰਗ ਦੇ ਹੱਕ ਵਿੱਚ ਨਹੀਂ ਸਨ। ਉਹਨਾ ਨੂੰ ਨਾ ਤਾਂ ਅੰਗਰੇਜ਼ਾਂ ਅਤੇ ਨਾ ਹੀ ਰਾਣੀ ਨਾਲ ਕੋਈ ਵਾਸਤਾ ਸੀ। ਉਹ ਸਿਰਫ ਆਪਣੀ ਕੌਮ ਦਾ ਭਲਾ ਚਾਹੁੰਦੇ ਸਨ। ਪਰ ਉਹਨਾ ਇਹ ਲੜਾਈ ਸਵੀਕਾਰ ਕਰ ਲਈ ਕਿਉਂਕਿ ਵਿਰੋਧ ਕਰਨਾ ਬੇਕਾਰ ਸੀ। ਇਹਨਾ ਵਿੱਚੋਂ ਸਰਦਾਰ ਸ਼ਾਮ ਸਿੰਘ ਅਟਾਰੀ ਵਰਗੇ ਬਹਾਦਰੀ ਨਾਲ ਲੜਕੇ ਸ਼ਹੀਦ ਹੋਏ।

ਇਸਦੇ ਉੱਲਟ ਕਈ ਮੌਕਾਪ੍ਰਸਤ ਸਰਦਾਰ ਵੀ ਸਨ ਜੋ ਲੜਨ ਲਈ ਸਰਹੱਦ ਤੇ ਨਾ ਗਏ। ਉਹ ਲਹੌਰ ਵਿੱਚ ਬੈਠਕੇ ਆਪਣੀ ਫੌਜ ਦੀ ਹਾਰ ਜਾਂ ਜਿੱਤ ਦੀ ਉਡੀਕ ਕਰ ਰਹੇ ਸਨ। ਇਹਨਾ ਵਿੱਚ ਸਭ ਤੋਂ ਵੱਡਾ ਮੌਕਾਪ੍ਰਸਤ ਸੀ ਰਾਜਾ ਗੁਲਾਬ ਸਿੰਘ। ਰਾਣੀ ਨੂੰ ਯਕੀਨ ਸੀ ਕਿ ਅੰਗਰੇਜ਼ਾਂ ਨਾਲ ਸੰਧੀ ਦੀ ਗੱਲਬਾਤ ਕਰਨ ਲਈ ਗੁਲਾਬ ਸਿੰਘ ਹੀ ਯੋਗ ਵਿਅੱਕਤੀ ਸੀ। ਉਹ ਬਿੱਲੀ ਵਾਂਗ ਚਲਾਕ ਸੀ। ਰਾਣੀ ਨੇ ਫੌਜ ਦੇ ਮੁਖੀਆਂ ਨੂੰ ਵੀ ਮਨਾ ਲਿਆ। ਰਾਣੀ ਨੇ ਗੁਲਾਬ ਸਿੰਘ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਸ਼ਰਤ ਤੇ ਉਹ ਉਸਦੇ ਪੁੱਤਰ ਦੇ ਤਖਤ ਨੂੰ ਬਚਾਉਣ ਦੀ ਕੋਸ਼ਿਸ਼ ਕਰੇ।

ਸੋ ਹੁਣ ਜਿਉਂ ਹੀ ਟੁੰਡਾ ਲਾਟ ਸਤਲੁਜ ਪਾਰ ਕਰਕੇ ਕਸੂਰ ਪਹੁੰਚਿਆ ਤਾਂ ਗੁਲਾਬ ਸਿੰਘ ਡੋਗਰਾ ਉਸਦੇ ਦਰਬਾਰ ਵਿੱਚ ਪਹੁੰਚ ਗਿਆ। ਉਸਨੇ ਲਾਟ ਨੂੰ ਸਭਰਾਵਾਂ ਦੀ ਜੰਗ ਤੋਂ ਪਹਿਲਾਂ ਹੋਈ ਗੱਲਬਾਤ ਦਾ ਹਵਾਲਾ ਦਿੰਦੇ ਹੋਏ ਬੇਨਤੀ ਕੀਤੀ ਕਿ ਜੇ ਉਹ ਮਹਾਰਾਜੇ ਦਲੀਪ ਸਿੰਘ ਨੂੰ ਪੰਜਾਬ ਦੇ ਤਖਤ ਤੇ ਬੈਠਾ ਰਹਿਣ ਦਵੇ ਤਾਂ ਸਿੱਖ ਕੋਈ ਵੀ ਸ਼ਰਤ ਮੰਨਣ ਲਈ ਤਿਆਰ ਹਨ।

ਅੰਗਰੇਜ਼ ਹਾਕਮ ਦਾ ਹਾਜ਼ਮਾ ਵੀ ਅਜੇ ਏਨਾ ਵੱਡਾ ਨਹੀਂ ਸੀ ਕਿ ਪੂਰੇ ਪੰਜਾਬ ਨੂੰ ਹਜ਼ਮ ਕਰ ਸਕੇ। ਉਸ ਸੋਚ ਰੱਖਿਆ ਸੀ ਕਿ ਅਜੇ ਉਹ ਇਸ ਸ਼ਿਕਾਰ ਦਾ ਓਨਾ ਕੁ ਹਿੱਸਾ ਹੀ ਨਿਗਲੇਗਾ ਜਿਨ੍ਹਾ ਕੁ ਪਚ ਜਾਵੇ। ਸ਼ਿਕਾਰ ਦੇ ਬਾਕੀ ਹਿੱਸੇ ਨੂੰ ਹਾਲੀ ਉਸ ਆਪਣੇ ਪੰਜਿਆਂ ਵਿੱਚ ਹੀ ਰੱਖਣ ਦਾ ਫੈਸਲਾ

ਕੀਤਾ। ਸੋ ਉਸਨੇ ਗੁਲਾਬ ਸਿੰਘ ਨੂੰ ਯਕੀਨ ਦੁਵਾਇਆ ਕਿ ਉਸਦਾ ਇਰਾਦਾ ਦਲੀਪ ਸਿੰਘ ਨੂੰ ਤਖਤ ਤੋਂ ਲਾਹੁਣ ਦਾ ਨਹੀਂ ਸੀ। ਲਾਟ ਦਾ ਮੂਡ ਠੀਕ ਵੇਖਕੇ ਗੁਲਾਬ ਸਿੰਘ ਨੇ ਬਾਲਕ ਮਹਾਰਾਜੇ ਨੂੰ ਵੀ ਕਸੂਰ ਆ ਕੇ ਲਾਟ ਨੂੰ ਸਲਾਮ ਕਰਨ ਲਈ ਬੁਲਵਾ ਲਿਆ। ਮਹਾਰਾਜਾ ਵੀ 18 ਫਰਵਰੀ ਵਾਲੇ ਦਿਨ ਲਾਟ ਦੇ ਦਰਬਾਰ ਵਿੱਚ ਪੇਸ਼ ਹੋ ਗਿਆ। ਕਸੂਰ ਤੋਂ ਰਵਾਨਾ ਹੋ ਕੇ ਇਹ ਕਾਫਲਾ ਮਹਾਰਾਜੇ ਸਮੇਤ 20 ਫਰਵਰੀ ਨੂੰ ਲਹੌਰ ਪਹੁੰਚ ਗਿਆ।

ਭਾਰਤ ਵਿੱਚ ਅੰਗਰੇਜ਼ਾਂ ਨੇ ਹੁਣ ਤਕ ਜੋ ਰਿਆਸਤਾਂ ਜਿੱਤੀਆਂ ਸਨ, ਅਤੇ ਸੰਧੀਆਂ ਕੀਤੀਆਂ ਸਨ, ਉਹ ਤਿੰਨ ਪ੍ਰਕਾਰ ਦੀਆਂ ਸਨ: ਪਹਿਲੀ ਪ੍ਰਕਾਰ ਦੀ ਸੰਧੀ ਵਿੱਚ ਹਾਰੇ ਹੋਏ ਰਾਜ ਨੂੰ ਸਿੱਧੇ ਤੌਰ ਤੇ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਲਿਆ ਜਾਂਦਾ ਸੀ, ਉਸਦੇ ਰਾਜੇ ਨੂੰ ਪੈਨਸ਼ਨ ਦੇ ਕੇ ਤਖਤੋਂ ਲਾਹ ਦਿੱਤਾ ਜਾਂਦਾ ਸੀ। ਦੂਸਰੀ ਪ੍ਰਕਾਰ ਦੀ ਸੰਧੀ ਵਿੱਚ ਰਾਜੇ ਨੂੰ ਤਖਤ ਤੇ ਬਹਾਲ ਰੱਖਿਆ ਜਾਂਦਾ, ਪਰ ਉਥੇ ਅੰਗਰੇਜ਼ੀ ਫੌਜ ਤੈਨਾਤ ਕਰ ਦਿੱਤੀ ਜਾਂਦੀ, ਜਿਸਦਾ ਸਾਰਾ ਖਰਚਾ ਰਿਆਸਤ ਦੇ ਖਜ਼ਾਨੇ ਵਿੱਚੋਂ ਦਿੱਤਾ ਜਾਂਦਾ। ਫੌਜ ਦੇ ਖਰਚ ਤੋਂ ਇਲਾਵਾ ਰਾਜੇ ਤੋਂ ਇੱਕ ਭਾਰੀ ਰਕਮ ਜੁਰਮਾਨੇ ਵਜੋਂ ਵਸੂਲੀ ਜਾਂਦੀ। ਇੱਕ ਅੰਗਰੇਜ਼ ਰਾਜਦੂਤ ਉਥੇ ਡੇਰਾ ਲਾ ਕੇ ਬੈਠ ਜਾਂਦਾ ਅਤੇ ਹਰ ਤਰਾਂ ਦੀ ਦਖਲ-ਅੰਦਾਜ਼ੀ ਕਰਦਾ, ਰਾਜਾ ਸਿਰਫ ਨਾਮਾਤਰ ਦਾ ਰਾਜਾ ਹੀ ਰਹਿ ਜਾਂਦਾ। ਤੀਸਰੀ ਪ੍ਰਕਾਰ ਦੀ ਸੰਧੀ ਅਨੁਸਾਰ ਵੀ ਰਾਜੇ ਨੂੰ ਆਪਣੇ ਤਖਤ ਤੇ ਬਹਾਲ ਰਹਿਣ ਦਿੱਤਾ ਜਾਂਦਾ, ਪਰ ਉਥੇ ਅੰਗਰੇਜ਼ੀ ਫੌਜ ਨੂੰ ਤੈਨਾਤ ਨਾ ਕੀਤਾ ਜਾਂਦਾ। ਕੁਝ ਮੰਨਪਸੰਦ ਇਲਾਕੇ ਜ਼ਬਤ ਕਰ ਲਏ ਜਾਂਦੇ, ਅਤੇ ਇੱਕ ਵੱਡੀ ਰਕਮ ਉਸ ਰਾਜੇ ਤੋਂ ਜੁਰਮਾਨੇ ਵਜੋਂ ਵਸੂਲੀ ਜਾਂਦੀ। ਉਸਦੀ ਛਾਤੀ ਤੇ ਮੂੰਗ ਦਲਣ ਲਈ ਅੰਗਰੇਜ਼ੀ ਰਾਜਦੂਤ ਤੈਨਾਤ ਕਰ ਦਿੱਤਾ ਜਾਂਦਾ। ਸਿੱਖਾਂ ਨਾਲ ਵੀ ਅੰਗਰੇਜ਼ਾਂ ਨੇ ਇਸੇ ਪ੍ਰਕਾਰ ਦੀ ਸੰਧੀ ਕੀਤੀ। ਮਹਾਰਾਜੇ ਦਲੀਪ ਸਿੰਘ ਨੂੰ ਤਖਤ ਤੇ ਬਹਾਲ ਰੱਖਿਆ, ਸਿੱਖ ਦਰਬਾਰ ਨੂੰ ਡੇਢ ਕਰੋੜ ਜੁਰਮਾਨਾ ਲਾਇਆ ਗਿਆ, ਅਤੇ ਇੱਕ ਰਾਜਦੂਤ ਲਹੌਰ ਵਿੱਚ ਨਿਯੁਕਤ ਕਰ ਦਿੱਤਾ ਗਿਆ। ਸਿੱਖ ਫੌਜ ਦੀ ਗਿਣਤੀ ਘਟਾ ਕੇ 20000 ਪੈਦਲ ਅਤੇ 12000 ਘੋੜ ਸਵਾਰ ਕਰ ਦਿੱਤੀ। ਜੋ ਤੋਪਾਂ ਇਹਨਾ ਜੰਗਾਂ ਵਿੱਚ ਵਰਤੀਆਂ ਗਈਆਂ ਉਹ ਸਭ ਜ਼ਬਤ ਕਰ ਲਈਆਂ ਗਈਆਂ।

ਲਾਰਡ ਹੈਨਰੀ ਹਾਰਡਿੰਗ ਨੇ ਇਸ ਸਮੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣ ਦਾ ਫੈਸਲਾ ਨਾ ਕੀਤਾ। ਇਸਦੇ ਕਈ ਕਾਰਨ ਸਨ: ਸਿੱਖ ਫੌਜ ਭਾਵੇਂ ਯੁੱਧ ਵਿੱਚ ਹਾਰ ਗਈ ਸੀ ਪਰ ਲਹੌਰ ਅਤੇ ਅੰਮ੍ਰਿਤਸਰ ਦੇ ਇਲਾਕੇ ਵਿੱਚ ਅਜੇ ਵੀ ਅਨੇਕ ਹਥਿਆਰਬੰਦ ਫੌਜੀ ਘੁੰਮ ਰਹੇ ਸਨ। ਜੇ ਉਹਨਾ ਨੂੰ ਕੋਈ ਯੋਗ ਲੀਡਰ ਮਿਲ ਜਾਂਦਾ ਤਾਂ ਅੰਗਰੇਜ਼ਾਂ ਲਈ ਮੁਸੀਬਤ ਖੜੀ ਕਰ ਸਕਦੇ ਸਨ। ਪਿਸ਼ਾਵਰ ਵਿੱਚ 8000 ਸਿੱਖ ਫੌਜੀ ਸਨ। ਪੰਜਾਬ ਨੂੰ ਪੂਰੀ ਤਰਾਂ ਸ਼ਿਕੰਜੇ ਵਿੱਚ ਲੈਣ ਲਈ ਅੰਗਰੇਜ਼ਾਂ ਕੋਲ ਲੋੜੀਂਦੀ ਫੌਜ ਨਹੀਂ ਸੀ। ਲਹੌਰ ਵਿੱਚ ਜੋ ਅੰਗਰੇਜ਼ੀ ਫੌਜ ਸੀ ਉਸਦੀ ਕੁੱਲ ਗਿਣਤੀ 20000 ਦੀ ਸੀ। ਇਸ ਵਿੱਚ ਵੀ ਸਿਰਫ 3500 ਗੋਰੇ ਫੌਜੀ ਸਨ। ਬਾਕੀ ਹਿੰਦੋਸਤਾਨੀ ਸਿਪਾਹੀ ਸਨ, ਜਿਨ੍ਹਾ ਦੀ ਵਫਾਦਾਰੀ ਤੇ ਅੰਗਰੇਜ਼ਾਂ ਨੂੰ ਪੂਰਾ ਭਰੋਸਾ ਨਹੀਂ ਸੀ।

ਸਿੰਧ ਰਿਆਸਤ ਦਾ ਜੇਤੂ ਸਰ ਚਾਰਲਸ ਨੇਪੀਅਰ 16000 ਫੌਜ ਅਤੇ 60 ਤੋਪਾਂ ਲੈ ਕੇ ਆ ਰਿਹਾ ਸੀ। ਪਰ ਲਾਰਡ ਹੈਨਰੀ ਹਾਰਡਿੰਗ ਦੀ ਰਾਇ ਵਿੱਚ ਫਿਰ ਵੀ ਫੌਜ ਕਾਫੀ ਨਹੀਂ ਸੀ। ਇਸ ਸਮੇ ਅੰਗਰੇਜ਼ ਪੰਜਾਬ ਵਿੱਚ ਕਿਸੇ ਲੰਮੇ ਸਮੇ ਲਈ ਫੌਜ ਰੱਖਣ ਲਈ ਤਿਆਰ ਨਹੀਂ ਸਨ, ਕਿਉਂਕਿ ਉਹਨਾ ਨੂੰ ਹਿੰਦੋਸਤਾਨ ਦੀਆਂ ਕਈ ਹੋਰ ਰਿਆਸਤਾਂ ਲਈ ਵੀ ਫੌਜ ਦੀ ਲੋੜ ਸੀ। ਭਾਵੇਂ ਬਾਅਦ ਵਿੱਚ ਅੰਗਰੇਜ਼ਾਂ ਨੂੰ ਇਹੋ ਕਰਨਾ ਪਿਆ, ਪਰ ਉਸ ਸਮੇ ਤੱਕ ਹਾਲਾਤ ਕਾਫੀ ਬਦਲ ਗਏ ਸਨ, ਸਾਰੇ ਦੇਸ਼ ਵਿੱਚ ਅਮਨ ਦਾ ਮਹੌਲ ਸੀ।

ਪਰ ਗਵਰਨਰ ਜਨਰਲ ਨੇ ਸੋਚਿਆ ਕਿ ਪੰਜਾਬ ਦੇ ਟੋਟੇ ਕਰਕੇ ਇਸਨੂੰ ਏਨਾ ਛੋਟਾ ਅਤੇ ਕੰਮਜ਼ੋਰ

ਕਰ ਦਿੱਤਾ ਜਾਵੇ ਕਿ ਇਹ ਫਿਰ ਕਦੀ ਅੰਗਰੇਜੀ ਸਾਮਰਾਜ ਨੂੰ ਚਨੌਤੀ ਨਾ ਦੇ ਸਕੇ। ਸੋ ਹੁਣ ਉਸਨੇ ਪੰਜਾਬ ਦੇ ਖੰਭ ਕੁਤਰਨ ਲਈ ਕੈਂਚੀ ਫੜ ਲਈ। ਜਲੰਧਰ ਦੁਆਬ ਦਾ ਇਲਾਕਾ ਅੰਗਰੇਜੀ ਸਾਮਰਾਜ ਵਿੱਚ ਮਿਲਾ ਲਿਆ ਗਿਆ, ਜਿਸ ਵਿੱਚ ਅੱਜ ਦੇ ਪੰਜਾਬ ਦੇ ਜਲੰਧਰ, ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜਿਲੇ ਹਨ।

ਲਹੌਰ ਦਰਬਾਰ ਕੋਲ ਜੁਰਮਾਨਾ ਦੇਣ ਲਈ ਡੇਢ ਕਰੋੜ ਰੁਪੱਈਆ ਨਹੀਂ ਸੀ। ਉਸ ਕੋਲ ਕੇਵਲ ਪੰਜਾਹ ਲੱਖ ਸੀ। ਗੁਲਾਬ ਸਿੰਘ ਲਾਟ ਕੋਲ ਪੇਸ਼ ਹੋਇਆ ਅਤੇ ਕਿਹਾ ਕਿ ਜੇ ਉਸਨੂੰ ਕਸ਼ਮੀਰ ਦੇ ਦਿੱਤਾ ਜਾਏ ਤਾਂ ਉਹ ਬਾਕੀ ਦਾ ਇੱਕ ਕਰੋੜ ਭਰਨ ਲਈ ਤਿਆਰ ਹੈ। ਲਾਟ ਮੰਨ ਗਿਆ, ਅਤੇ ਇੱਕ ਕਰੋੜ ਵਿੱਚ ਕਸ਼ਮੀਰ ਉਸਨੂੰ ਵੇਚ ਦਿੱਤਾ, ਸਗੋਂ ਝੂੰਗੇ ਵਿੱਚ ਕੁਝ ਹਿਮਾਚਲ ਦਾ ਇਲਾਕਾ ਵੀ ਨਾਲ ਦਿੱਤਾ। 10 ਮਾਰਚ 1846 ਨੂੰ ਅੰਮ੍ਰਿਤਸਰ ਵਿੱਚ ਜਦੋਂ ਰਾਜੇ ਗੁਲਾਬ ਸਿੰਘ ਦੀ ਜੰਮੂ ਕਸ਼ਮੀਰ ਦੇ ਮਹਾਰਾਜੇ ਵਜੋਂ ਤਾਜਪੋਸ਼ੀ ਹੋਈ, ਤਾਂ ਗੁਲਾਬ ਸਿੰਘ ਨੇ ਤਖਤ ਤੋਂ ਉੱਠਕੇ ਲਾਟ ਦਾ ਧੰਨਵਾਦ ਕੀਤਾ, ਅਤੇ ਇਹ ਕਿਹਾ: 'ਇਹ ਬੰਦਾ ਤੁਹਾਡਾ ਜਰਖਰੀਦ ਹੈ'। ਜਰਖਰੀਦ ਦਾ ਅਰਥ ਹੈ ਸੋਨੇ ਨਾਲ ਖਰੀਦਿਆ ਹੋਇਆ- ਇਹ ਸੱਚ ਹੀ ਤਾਂ ਸੀ।

ਜਿੱਤੇ ਹੋਏ ਰਾਜਾਂ ਵਿੱਚ ਜੋ ਅੰਗਰੇਜੀ ਰਾਜਦੂਤ ਹੁੰਦਾ ਸੀ ਉਸਨੂੰ ਰੀਜੰਟ ਜਾਂ ਰੈਜ਼ੀਡੰਟ ਕਹਿੰਦੇ ਸਨ, ਪਰ ਉਸਦੇ ਅਧਿਕਾਰ ਇੱਕ ਰਾਜਦੂਤ ਤੋਂ ਕਿਤੇ ਵੱਧ ਹੁੰਦੇ ਸਨ। ਕੋਈ ਵੀ ਸਿਵਲ ਜਾਂ ਫੌਜੀ ਫੈਸਲਾ ਇਸਦੀ ਮਰਜੀ ਦੇ ਵਿਰੁੱਧ ਨਹੀਂ ਲਿਆ ਜਾ ਸਕਦਾ ਸੀ, ਖਾਸ ਕਰਕੇ ਕੋਈ ਅਜਿਹਾ ਫੈਸਲਾ ਜੋ ਅੰਗਰੇਜੀ ਸਾਮਰਾਜ ਦੇ ਹਿੱਤ ਨਾਲ ਸਬੰਧ ਰੱਖਦਾ ਹੋਵੇ। ਰੀਜੰਟ ਦੀ ਇਸ ਅਹਿਮ ਡਿਊਟੀ ਲਈ ਗਵੱਰਨਰ ਜਨਰਲ ਨੇ ਮੇਜਰ ਹੈਨਰੀ ਲਾਰੰਸ ਨੂੰ ਚੁਣਿਆ, ਜੋ ਇੱਕ ਯੋਗ ਅਤੇ ਭਰੋਸੇਯੋਗ ਅਫਸਰ ਹੋਣ ਦੇ ਨਾਲ ਉਸਦਾ ਗਹਿਰਾ ਮਿੱਤਰ ਵੀ ਸੀ।

ਰਾਜ-ਪ੍ਰਬੰਧ ਚਲਾਉਣ ਲਈ ਇੱਕ ਰੀਜੰਸੀ ਕੌਂਸਲ ਬਣਾਈ ਗਈ। ਇਸ ਵਿੱਚ ਕੁੱਲ ਚਾਰ ਸਰਦਾਰ ਹੀ ਸ਼ਾਮਲ ਕੀਤੇ ਗਏ। ਰਾਣੀ ਦਾ ਚਹੇਤਾ ਲਾਲ ਸਿੰਘ, ਤੇਜ ਸਿੰਘ, ਨੂਰੂਦੀਨ ਅਤੇ ਦਿਵਾਨ ਦੀਨਾ ਨਾਥ।

ਸਿੱਖ ਸਰਦਾਰ ਆਪਣੀ ਫੌਜ ਤੋਂ ਬੜੇ ਭੈਭੀਤ ਸਨ। ਪਰ ਹੁਣ ਉਹਨਾ ਨੂੰ ਇੱਕ ਨਵਾਂ ਰਖਵਾਲਾ ਮਿਲ ਗਿਆ। ਇਹ ਰਖਵਾਲਾ ਸੀ ਗਵੱਰਨਰ ਜਨਰਲ। ਰਖਵਾਲਾ ਵੀ ਅਜਿਹਾ ਜਿਸ ਤਰਾਂ ਭੇਡਾਂ ਦਾ ਰਖਵਾਲਾ ਭੇੜੀਆ। ਸਰਦਾਰਾਂ ਨੇ ਸੋਚਿਆ ਕਿ ਇਸ ਰਖਵਾਲੇ ਦੀ ਛਤਰ ਛਾਇਆ ਥੱਲੇ ਹੁਣ ਉਹ ਸ਼ਾਂਤੀ ਨਾਲ ਹਕੂਮਤ ਕਰ ਸਕਣਗੇ। ਭੇੜੀਆ ਮਨ ਹੀ ਮਨ ਵਿੱਚ ਮੁਸਕਰਾਇਆ, ਪਰ ਜਾਹਰੀ ਤੌਰ ਤੇ ਉਸ ਕਿਹਾ ਕਿ ਉਹ ਉਸ ਸਾਲ ਦੇ ਅੰਤ ਤੱਕ ਵਾੜੇ ਨੂੰ ਛੱਡਕੇ ਚਲਾ ਜਾਏਗਾ। ਸੰਧੀ ਦੀਆਂ ਸ਼ਰਤਾਂ ਲਿਖ ਲਈਆਂ ਗਈਆਂ। 11 ਮਾਰਚ 1846 ਨੂੰ ਇਸ ਸੰਧੀ ਤੇ ਗਵੱਰਨਰ ਜਨਰਲ ਨੇ ਦਸਖਤ ਕੀਤੇ। ਇਸਨੂੰ ਲਹੌਰ ਦੀ ਸੰਧੀ ਕਿਹਾ ਗਿਆ। ਲਹੌਰ ਦਰਬਾਰ ਵੱਲੋਂ ਇਸ ਤੇ ਦਸਖਤ ਕਰਨ ਵਾਲੇ ਇਹ ਸਨ: ਮਹਾਰਾਜਾ ਦਲੀਪ ਸਿੰਘ, ਸਰਦਾਰ ਲਾਲ ਸਿੰਘ, ਸਰਦਾਰ ਤੇਜ ਸਿੰਘ, ਭਾਈ ਰਾਮ ਸਿੰਘ ਅਤੇ ਦਿਵਾਨ ਦੀਨਾ ਨਾਥ।

ਜਦੋਂ 1845 ਦੇ ਅਖੀਰ ਵਿੱਚ ਖਾਲਸੇ ਨੇ ਅੰਗਰੇਜਾਂ ਨੂੰ ਇਸ ਯੁੱਧ ਲਈ ਵੰਗਾਰਿਆ ਸੀ ਤਾਂ ਇਸਦਾ ਅਸਰ ਭਾਰਤ ਦੇ ਹੋਰ ਕਈ ਇਲਾਕਿਆਂ ਤੇ ਵੀ ਹੋਇਆ ਸੀ। ਕਈ ਰਜਵਾੜਿਆਂ ਨੇ ਅਜ਼ਾਦੀ ਦੇ ਸੁਫਨੇ ਲੈਣੇ ਸ਼ੁਰੂ ਕਰ ਦਿੱਤੇ ਸਨ, ਲੜਨਾ ਭਾਵੇਂ ਇਕੱਲੇ ਸਿੱਖਾਂ ਨੂੰ ਪਿਆ। ਕੋਈ ਉਹਨਾ ਦੀ ਮਦਦ ਲਈ ਨਾ ਬਹੁੜਿਆ। ਹੁਣ ਲਹੌਰ ਤੋਂ ਵਾਪਸ ਕਲਕੱਤੇ ਜਾਂਦੇ ਹੋਏ ਰਸਤੇ ਵਿੱਚ ਆਉਂਦੇ ਸ਼ਹਿਰਾਂ ਵਿੱਚ ਸਿੱਖਾਂ ਤੋਂ ਖੋਹੀਆਂ ਹੋਈਆਂ ਤੋਪਾਂ ਦੀ ਟੁੰਡੇ ਲਾਟ ਨੇ ਖੂਬ ਨੁਮਾਇਸ਼ ਕੀਤੀ, ਤਾਂਕਿ ਜੋ ਰਜਵਾੜੇ ਅਜ਼ਾਦੀ ਦੇ ਸੁਫਨੇ ਲੈ ਰਹੇ ਸਨ, ਉਹ ਜਾਗ ਜਾਣ।

ਅੰਗਰੇਜ ਰੀਜੰਟ ਮੇਜਰ ਹੈਨਰੀ ਲਾਰੰਸ ਨੂੰ ਜੋ ਕੰਮ ਲਹੌਰ ਵਿੱਚ ਦਿੱਤਾ ਗਿਆ ਸੀ, ਉਹ ਅਸਾਨ ਨਹੀਂ ਸੀ। ਇਸ ਸਚਾਈ ਦਾ ਉਸਨੂੰ ਜਲਦੀ ਹੀ ਪਤਾ ਲੱਗ ਗਿਆ। ਮਹਾਰਾਣੀ ਜਿੰਦਾਂ ਤੇ ਉਸਨੂੰ ਬਿਲਕੁਲ ਭਰੋਸਾ ਨਹੀਂ ਸੀ। ਉਹ ਉਸਨੂੰ ਇੱਕ ਚਾਲਬਾਜ਼ ਔਰਤ ਸਮਝਦਾ ਸੀ। ਮਹੌਲ ਕਾਫੀ ਖਰਾਬ ਸੀ। ਕੌਂਸਲ ਬਹੁਤ ਛੋਟੀ ਸੀ। ਜੋ ਸਰਦਾਰ ਇਸ ਵਿੱਚ ਸ਼ਾਮਲ ਨਾ ਕੀਤੇ ਗਏ ਉਹ ਗੁਸੇ ਅਤੇ ਈਰਖਾ ਨਾਲ ਭਰੇ ਹੋਏ ਸਨ। ਉਹਨਾ ਨੂੰ ਅੰਗਰੇਜਾਂ ਦੀ ਨਿਯਤ ਤੇ ਬਿਲਕੁਲ ਵਿਸ਼ਵਾਸ਼ ਨਹੀਂ ਸੀ। ਉਹ ਸਮਝਦੇ ਸਨ ਕਿ ਅੰਗਰੇਜ ਸਿਰਫ ਮੌਕੇ ਦੀ ਉਡੀਕ ਵਿੱਚ ਸਨ ਕਿ ਉਹ ਉਹਨਾ ਦਾ ਰਾਜਭਾਗ ਖੋਹ ਸਕਣ।

ਸਿੱਖ ਸੈਨਿਕ ਵੀ ਖੁਸ਼ ਨਹੀਂ ਸਨ। ਉਹ ਸਮਝਦੇ ਸਨ ਕਿ ਉਹ ਸਿਰਫ ਆਪਣੇ ਜਰਨੈਲਾਂ ਦੀ ਗਦਾਰੀ ਕਾਰਨ ਹੀ ਇਹ ਯੁੱਧ ਹਾਰੇ ਸਨ, ਨਹੀਂ ਤਾਂ ਉਹ ਅੰਗਰੇਜ ਸ਼ਿਪਾਹੀ ਤੋਂ ਕਿਸੇ ਗੱਲੋਂ ਵੀ ਘੱਟ ਨਹੀਂ ਸਨ। ਉਹ ਪੂਰਨ ਅਜ਼ਾਦੀ ਮਾਣ ਚੁੱਕੇ ਸਨ। ਆਪਣੇ ਸਰਦਾਰਾਂ, ਵਜ਼ੀਰਾਂ ਅਤੇ ਮਹਾਰਾਜਿਆਂ ਤੱਕ ਤੋਂ ਆਪਣੀ ਮੰਗਾਂ ਮਨਵਾ ਚੁੱਕੇ ਸਨ। ਉਹ ਕਿਸੇ ਸੰਧੀ ਦੇ ਪਾਬੰਦ ਨਹੀਂ ਸਨ। ਉਹ ਸਿਰਫ ਆਪਣੇ ਗੁਰੂ ਦੇ ਹੁਕਮ ਨੂੰ ਮੰਨਦੇ ਸਨ, ਸਿਰਫ ਖਾਲਸੇ ਦੇ ਸੇਵਕ ਸਨ।

ਜਿੰਨ੍ਹਾ ਮੁਸੀਬਤਾਂ ਦਾ ਅੰਗਰੇਜਾਂ ਨੂੰ ਡਰ ਸੀ ਉਹ ਜਲਦੀ ਹੀ ਪਰਗਟ ਹੋ ਗਈਆਂ। ਸਭਤੋਂ ਪਹਿਲੀ ਸੀ 'ਗਊਆਂ ਦਾ ਝਗੜਾ'। ਲਹੌਰ ਵਿੱਚ ਅੰਗਰੇਜ ਛਾਉਣੀ ਦੇ ਗੇਟ ਤੇ ਇੱਕ ਅੰਗਰੇਜ ਸੰਤਰੀ ਖੜਾ ਸੀ। ਉਸ ਵੇਖਿਆ ਕਿ ਕੁਝ ਗਊਆਂ ਛਾਉਣੀ ਵਿੱਚ ਵੜਨ ਵਾਲੀਆਂ ਹਨ। ਉਸ ਆਪਣੀ ਤਲਵਾਰ ਨਾਲ ਉਹਨਾ ਤੇ ਵਾਰ ਕਰਕੇ ਉਹਨਾ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਕਈ ਗਊਆਂ ਜ਼ਖਮੀ ਹੋ ਗਈਆਂ। ਸ਼ਾਇਦ ਉਸ ਸੈਨਿਕ ਨੂੰ ਪਤਾ ਨਹੀਂ ਸੀ ਕਿ ਹਿੰਦੂ ਸਿੱਖ ਗਊ ਨੂੰ ਪਵਿੱਤਰ ਮੰਨਦੇ ਹਨ- ਅੱਜ ਵੀ ਭਾਰਤ ਦੇ ਕਈ ਸ਼ਹਿਰਾਂ ਵਿੱਚ ਇਹ ਜਾਨਵਰ ਅਜ਼ਾਦ ਘੁੰਮਦੇ ਹਨ, ਭਾਵੇਂ ਇਸ ਨਾਲ ਲੋਕਾਂ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਗਊਆਂ ਦਾ ਖੂਨ ਵਹਿੰਦਾ ਹੋਇਆ ਵੇਖਕੇ ਲੋਕ ਭੜਕ ਉੱਠੇ। ਉਹਨਾ ਨੂੰ ਜਿੱਥੇ ਵੀ ਕੋਈ ਅੰਗਰੇਜ ਨਜ਼ਰ ਆਇਆ, ਉਸਨੂੰ ਗਾਲਾਂ ਕੱਢੀਆਂ, ਢੇਮਾਂ ਵੀ ਮਾਰੀਆਂ। ਹੈਨਰੀ ਲਾਰੰਸ ਸਮਝਦਾਰ ਆਦਮੀ ਸੀ। ਉਹ ਜਾਣਦਾ ਸੀ ਕਿ ਲੋਕਾਂ ਨੂੰ ਭੜਕਾਉਣ ਲਈ ਇਹੋ ਜਿਹੀ ਕੋਈ ਚੰਗਿਆੜੀ ਹੀ ਕਾਫੀ ਹੈ। ਉਸ ਅਕਲ ਤੋਂ ਕੰਮ ਲਿਆ। ਲੋਕਾਂ ਨੂੰ ਸਮਝਾ ਬੁਝਾ ਕੇ, ਮਾਫੀ ਮੰਗਕੇ ਮਾਮਲਾ ਸੁਲਝਾ ਲਿਆ।

ਇਹ ਮਸਲਾ ਸੁਲਝਿਆ ਤਾਂ ਇੱਕ ਗੰਭੀਰ ਮਸਲਾ ਹੋਰ ਖੜਾ ਹੋ ਗਿਆ। ਇਹ ਮਸਲਾ ਸੀ ਕਾਂਗੜੇ ਦਾ। ਕਾਂਗੜੇ ਦੇ ਗਵੱਰਨਰ ਨੇ ਆਪਣੀ ਅਜ਼ਾਦੀ ਦਾ ਐਲਾਨ ਕਰ ਦਿੱਤਾ, ਅਤੇ ਲਹੌਰ ਦਰਬਾਰ ਦਾ ਕੋਈ ਵੀ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਕਾਂਗੜੇ ਦਾ ਕਿਲਾ ਬੜਾ ਮਜ਼ਬੂਤ ਸੀ, ਅਤੇ ਇਸਦੇ ਗਵੱਰਨਰ ਦੇ ਇਰਾਦੇ ਵੀ ਮਜ਼ਬੂਤ ਲੱਗ ਰਹੇ ਸਨ। ਹੈਨਰੀ ਲਾਰੰਸ ਨੇ ਕਾਂਗੜੇ ਪਹੁੰਚਣ ਵਿੱਚ ਕੋਈ ਢਿੱਲ ਨਾ ਕੀਤੀ। ਲਹੌਰ ਤੋਂ ਇੱਕ ਵੱਡੀ ਫੌਜ ਲੈ ਕੇ ਕਾਂਗੜੇ ਪਹੁੰਚਾ, ਅਤੇ ਕਿਲੇ ਨੂੰ ਘੇਰਾ ਪਾ ਲਿਆ। ਕਿਲੇ ਵੱਲ ਤਾਣੀਆਂ ਹੋਈਆਂ ਵੱਡੀਆਂ ਤੋਪਾਂ ਦੀਆਂ ਨਾਲੀਆਂ ਵੇਖਕੇ ਗਵੱਰਨਰ ਦਾ ਇਰਾਦਾ ਬਦਲਣ ਵਿੱਚ ਕੋਈ ਦੇਰ ਨਾ ਲੱਗੀ। ਉਸ ਲੜਾਈ ਕੀਤੇ ਬਿਨਾ ਹੀ ਹਥਿਆਰ ਸੁੱਟ ਦਿੱਤੇ। ਉਸ ਇਹ ਵੀ ਕਿਹਾ ਕਿ ਆਪਣੀ ਅਜ਼ਾਦੀ ਦੀ ਘੋਸ਼ਣਾ ਕਰਨ ਲਈ ਇਸ਼ਾਰਾ ਉਸਨੂੰ ਲਹੌਰ ਦਰਬਾਰ ਵੱਲੋਂ ਹੀ ਹੋਇਆ ਸੀ, ਅਤੇ ਇਸ ਵਿੱਚ ਰਾਣੀ ਅਤੇ ਉਸਦੇ ਚਹੇਤੇ ਵਜ਼ੀਰ ਲਾਲ ਸਿੰਘ ਦਾ ਹੱਥ ਸੀ। ਲਾਰੰਸ ਨੇ ਉਸਨੂੰ ਮਾਫ ਕਰ ਦਿੱਤਾ ਅਤੇ ਵਾਪਸ ਲਹੌਰ ਆ ਗਿਆ।

ਜਲਦੀ ਹੀ ਕਸ਼ਮੀਰ ਦਾ ਮਸਲਾ ਖੜਾ ਹੋ ਗਿਆ। ਜਿਸ ਤਰਾਂ ਪਹਿਲਾਂ ਦੱਸਿਆ ਗਿਆ ਹੈ, ਯੁੱਧ ਤੋਂ ਬਾਅਦ ਜੁਰਮਾਨੇ ਦੀ ਇੱਕ ਕਰੋੜ ਰਕਮ ਤਾਰ ਕੇ ਰਾਜੇ ਗੁਲਾਬ ਸਿੰਘ ਨੇ ਕਸ਼ਮੀਰ ਹਾਸਲ ਕਰ ਲਿਆ ਸੀ, ਅਤੇ ਅੰਗਰੇਜਾਂ ਨੇ ਜੰਮੂ-ਕਸ਼ਮੀਰ ਦੇ ਮਹਾਰਾਜੇ ਵਜੋਂ ਉਸਦੀ ਤਾਜਪੋਸ਼ੀ ਵੀ ਕਰਵਾ ਦਿੱਤੀ ਸੀ। ਕਸ਼ਮੀਰ ਦਾ ਗਵੱਰਨਰ ਸ਼ੇਖ ਇਮਾਮੋਦੀਨ ਸੀ। ਗੁਲਾਬ ਸਿੰਘ ਕਸ਼ਮੀਰ ਦਾ ਕਬਜ਼ਾ ਉਸਤੋਂ

ਲੈਣ ਲਈ ਉਥੇ ਪਹੁੰਚਿਆ ਤਾਂ ਸ਼ੇਖ ਨੇ ਕਬਜ਼ਾ ਦੇਣ ਤੋਂ ਇੰਨਕਾਰ ਕਰ ਦਿੱਤਾ। ਗੁਲਾਬ ਸਿੰਘ ਕੋਲ ਏਨੀ ਸ਼ਕਤੀ ਨਹੀਂ ਸੀ ਕਿ ਉਹ ਸ਼ੇਖ ਨੂੰ ਉਥੋਂ ਕੱਢਕੇ ਕਸ਼ਮੀਰ ਤੇ ਕਬਜ਼ਾ ਕਰ ਲੈਂਦਾ।

ਗੁਲਾਬ ਸਿੰਘ ਨੇ ਲਹੌਰ ਹੈਨਰੀ ਲਾਰੰਸ ਨੂੰ ਬੇਨਤੀ ਕੀਤੀ ਕਿ ਮੈਨੂੰ ਕਸ਼ਮੀਰ ਦਾ ਕਬਜ਼ਾ ਦੁਵਾਇਆ ਜਾਏ। ਹੈਨਰੀ ਲਾਰੰਸ ਲਹੌਰ ਤੋਂ 10000 ਸਿੱਖ ਫੌਜ ਲੈ ਕੇ ਕਸ਼ਮੀਰ ਪਹੁੰਚਿਆ। ਇਸ ਫੌਜ ਦਾ ਜਰਨੈਲ ਸੀ ਸ਼ੇਰ ਸਿੰਘ ਅਟਾਰੀਵਾਲਾ। ਅਜੀਬ ਗੱਲ ਸੀ। ਇੱਕ ਵੱਡੀ ਸਿੱਖ ਫੌਜ ਇੱਕ ਅੰਗਰੇਜ਼ ਅਫਸਰ ਦੇ ਅਧੀਨ ਆਪਣੇ ਹੀ ਇੱਕ ਸੂਬੇ ਤੇ ਇੱਕ ਗਦਾਰ ਦਾ ਕਬਜ਼ਾ ਕਰਾਉਣ ਲਈ ਮਾਰਚ ਕਰ ਰਹੀ ਸੀ। ਪਰ ਹੋਰ ਚਾਰਾ ਹੀ ਕੀ ਸੀ?

ਕਾਂਗੜੇ ਦੇ ਗਵੱਰਨਰ ਵਾਂਗ ਸ਼ੇਖ ਜੀ ਵੀ ਇਹ ਵੱਡੀ ਸੈਨਾ ਆਉਂਦੀ ਵੇਖਕੇ ਡਰ ਗਏ, ਅਤੇ ਬਿਨਾ ਕੋਈ ਗੋਲੀ ਚਲਾਏ ਹੀ ਹਥਿਆਰ ਸੁੱਟ ਦਿੱਤੇ। ਨਾਲ ਹੀ ਉਸਨੇ ਲਾਰੰਸ ਨੂੰ ਇੱਕ ਚਿੱਠੀ ਵਿਖਾਈ ਜੋ ਉਸਨੂੰ ਵਜ਼ੀਰ ਲਾਲ ਸਿੰਘ ਨੇ ਲਿਖੀ ਸੀ। ਉਸ ਚਿੱਠੀ ਵਿੱਚ ਸ਼ੇਖ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਕਸ਼ਮੀਰ ਗੁਲਾਬ ਸਿੰਘ ਦੇ ਹਵਾਲੇ ਬਿਲਕੁਲ ਨਹੀਂ ਕਰਨਾ। ਲਾਰੰਸ ਕਸ਼ਮੀਰ ਗੁਲਾਬ ਸਿੰਘ ਦੇ ਹਵਾਲੇ ਕਰਕੇ ਲਹੌਰ ਵਾਪਸ ਆ ਗਿਆ। ਲਹੌਰ ਆ ਕੇ ਲਾਰੰਸ ਨੇ ਪੰਜ ਅੰਗਰੇਜ਼ ਅਫਸਰਾਂ ਦੀ ਇੱਕ ਅਦਾਲਤ ਬਣਾਈ। ਲਾਲ ਸਿੰਘ ਤੇ ਇਸ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ। ਅਦਾਲਤ ਨੇ ਫੈਸਲਾ ਕੀਤਾ ਕਿ ਸ਼ੇਖ ਇਮਾਮੋਦੀਨ ਨੂੰ ਬਗਾਵਤ ਲਈ ਉਕਸਾਇਆ ਗਿਆ ਸੀ । ਅਤੇ ਉਸਨੂੰ ਉਕਸਾਉਣ ਵਾਲਾ ਲਾਲ ਸਿੰਘ ਹੀ ਸੀ। ਲਾਰੰਸ ਨੂੰ ਸ਼ੱਕ ਸੀ ਕਿ ਇਸ ਸਾਜ਼ਿਸ਼ ਵਿੱਚ ਰਾਣੀ ਦਾ ਵੀ ਹੱਥ ਸੀ, ਭਾਵੇਂ ਖੁੱਲੇ ਤੌਰ ਤੇ ਕੁਝ ਨਾ ਕਿਹਾ ਗਿਆ। ਲਾਲ ਸਿੰਘ ਨੂੰ ਵਜ਼ੀਰੀ ਤੋਂ ਹਟਾ ਕੇ ਪੰਜਾਬ ਵਿੱਚੋਂ ਹੀ ਬਾਹਰ ਕੱਢ ਦਿੱਤਾ ਗਿਆ। ਇਸ ਫੈਸਲੇ ਨੂੰ ਸਭ ਸਿੱਖ ਸਰਦਾਰਾਂ ਨੇ ਚੁੱਪਚਾਪ ਮੰਨ ਲਿਆ, ਕਿਉਂਕਿ ਰਾਣੀ ਦਾ ਖਾਸ ਕ੍ਰਿਪਾਪਾਤਰ ਹੋਣ ਕਾਰਨ ਸਰਦਾਰ ਉਸ ਨਾਲ ਈਰਖਾ ਕਰਦੇ ਸਨ, ਅਤੇ ਉਸਨੂੰ ਗਦਾਰ ਸਮਝਦੇ ਸਨ।

ਹੁਣ ਲਾਰੰਸ ਨੇ ਵਜ਼ੀਰੀ ਦੀ ਪੋਸਟ ਖ਼ਤਮ ਹੀ ਕਰ ਦਿੱਤੀ। ਦਰਬਾਰ ਦਾ ਕੰਮ ਚਲਾਉਣ ਲਈ ਇੱਕ ਨਵੀਂ ਕੌਂਸਲ ਬਣਾ ਦਿੱਤੀ। ਇਸ ਕੌਂਸਲ ਵਿੱਚ ਇਹ ਚਾਰ ਸਰਦਾਰ ਸਨ: ਤੇਜ ਸਿੰਘ, ਸ਼ੇਰ ਸਿੰਘ, ਦਿਵਾਨ ਦੀਨਾ ਨਾਥ ਅਤੇ ਨੂਰੁਦੀਨ।

ਸੰਨ 1846 ਦਾ ਅਖੀਰ ਆ ਗਿਆ। ਅੰਗਰੇਜ਼ਾਂ ਨੇ ਵਾਅਦਾ ਕੀਤਾ ਸੀ ਕਿ ਉਹ ਸਾਲ ਦੇ ਅਖੀਰ ਵਿੱਚ ਆਪਣੀ ਫੌਜ ਪੰਜਾਬ ਵਿੱਚੋਂ ਹਟਾ ਲੈਣਗੇ। ਪਰ ਸਰਦਾਰ ਇਸ ਲਈ ਤਿਆਰ ਨਹੀਂ ਸਨ। ਜਿੰਨ੍ਹਾ ਚਿਰ ਅੰਗਰੇਜ਼ ਫੌਜ ਲਹੌਰ ਬੈਠੀ ਸੀ ਉਹ ਸੁਰੱਖਿਅਤ ਮਹਿਸੂਸ ਕਰਦੇ ਸਨ। ਆਪਣੀ ਫੌਜ ਤੇ ਉਹਨਾ ਨੂੰ ਕੋਈ ਭਰੋਸਾ ਨਹੀਂ ਸੀ। ਉਹ ਤਾਂ ਉਲਟਾ ਆਪਣੀ ਫੌਜ ਤੋਂ ਡਰਦੇ ਸਨ। ਸਿਰਫ ਰਾਣੀ ਜਿੰਦਾਂ ਚਾਹੁੰਦੀ ਸੀ ਕਿ ਅੰਗਰੇਜ਼ੀ ਫੌਜ ਪੰਜਾਬ ਵਿੱਚੋਂ ਚਲੀ ਜਾਵੇ, ਕਿਉਂਕਿ ਉਸ ਵੇਖ ਲਿਆ ਸੀ ਕਿ ਜਿੰਨ੍ਹਾ ਚਿਰ ਇਹ ਫੌਜ ਇਥੇ ਰਹੇਗੀ ਓਨਾ ਚਿਰ ਅਸਲੀ ਹਾਕਮ ਅੰਗਰੇਜ਼ ਰੈਜੀਡੈਂਟ ਹੀ ਰਹੇਗਾ। ਉਹ ਅਜ਼ਾਦ ਹਕੂਮਤ ਕਰਨਾ ਚਾਹੁੰਦੀ ਸੀ। ਉਸਨੇ ਸਰਦਾਰਾਂ ਨੂੰ ਇਸ ਲਈ ਮਨਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਦਿਵਾਨ ਦੀਨਾ ਨਾਥ ਤੋਂ ਇਲਾਵਾ ਕੌਂਸਲ ਦੇ ਸਾਰੇ ਮੈਂਬਰ ਇਹੋ ਚਾਹੁੰਦੇ ਸਨ ਕਿ ਅੰਗਰੇਜ਼ ਫੌਜ ਪੰਜਾਬ ਵਿੱਚ ਹੀ ਰਹੇ। ਸਰਦਾਰ ਸ਼ੇਰ ਸਿੰਘ ਅਟਾਰੀਵਾਲੇ ਨੇ ਰੈਜੀਡੈਂਟ ਨੂੰ ਸਰਦਾਰਾਂ ਦੇ ਇਸ ਫੈਸਲੇ ਬਾਰੇ ਦੱਸ ਦਿੱਤਾ।

ਅੰਗਰੇਜ਼ ਰੈਜੀਡੈਂਟ ਹੈਨਰੀ ਲਾਰੰਸ ਨੇ ਗਵੱਰਨਰ ਜਨਰਲ ਦੀ ਮੰਨਜ਼ੂਰੀ ਲੈ ਕੇ ਲਹੌਰ ਵਿੱਚ ਇੱਕ ਵੱਡਾ ਦਰਬਾਰ ਕੀਤਾ, ਜਿਸ ਵਿੱਚ ਸਭ ਸਿੱਖ ਸਰਦਾਰਾਂ ਨੂੰ ਬੁਲਾਇਆ ਗਿਆ। ਸਰਦਾਰਾਂ ਨੂੰ ਦੋ ਗੱਲਾਂ ਵਿੱਚੋਂ ਇੱਕ ਚੁਣਨ ਲਈ ਕਿਹਾ ਗਿਆ: 1. ਅੰਗਰੇਜ਼ ਫੌਜ ਪੰਜਾਬ ਵਿੱਚੋਂ ਚਲੀ ਜਾਵੇ, ਸਿੱਖ ਆਪਣਾ ਰਾਜਪ੍ਰਬੰਧ ਖੁਦ ਕਰਨ, ਅਤੇ ਆਪਣੀ ਫੌਜ ਦੀ ਜੁੰਮੇਵਾਰੀ ਲੈਣ। 2. ਅੰਗਰੇਜ਼ ਫੌਜ ਪੰਜਾਬ ਵਿੱਚ ਮਹੂਦ

ਰਹੇ, ਪੰਜਾਬ ਦਾ ਸਭ ਸਿਵਲ ਅਤੇ ਫੌਜੀ ਪ੍ਰਬੰਧ ਅੰਗਰੇਜ ਰੈਜੀਡੈਂਟ ਦੇ ਹਵਾਲੇ ਕਰ ਦਿੱਤਾ ਜਾਵੇ। ਉਹ ਬਿਨਾ ਕਿਸੇ ਰੋਕ ਟੋਕ ਦੇ ਆਪਣੀ ਮਰਜੀ ਅਨੁਸਾਰ ਸਭ ਫੈਸਲੇ ਕਰਨ ਲਈ ਅਜ਼ਾਦ ਹੋਵੇ।

ਇਸ ਸੰਧੀ ਦੀ ਮਿਆਦ ਸੰਨ 1854 ਦੇ ਅਖੀਰ ਤੱਕ ਸੀ। ਇਸਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਮਹਾਰਾਜੇ ਦਲੀਪ ਸਿੰਘ ਨੂੰ ਸੌਂਪ ਕੇ ਇਥੋਂ ਚਲੇ ਜਾਣਾ ਸੀ।

# ਹੈਨਰੀ ਲਾਰੰਸ ਦੀ ਹਕੂਮਤ-1847

ਇਸ ਦਰਬਾਰ ਵਿੱਚ 52 ਸਿੱਖ ਸਰਦਾਰ ਹਾਜ਼ਰ ਸਨ। ਉਹਨਾ ਇਹੋ ਫੈਸਲਾ ਲਿਆ ਕਿ ਅੰਗਰੇਜ ਫੌਜ ਪੰਜਾਬ ਵਿੱਚ ਹੀ ਰਹੇ, ਅਤੇ ਅੰਗਰੇਜ ਰੈਜੀਡੈਂਟ ਪੰਜਾਬ ਦੀ ਹਕੂਮਤ ਕਰਦਾ ਰਹੇ, ਜਿੰਨ੍ਹਾ ਚਿਰ ਮਹਰਾਜਾ ਜਵਾਨ ਹੋ ਕੇ ਆਪਣਾ ਰਾਜਪ੍ਰਬੰਧ ਕਰਨ ਦੇ ਕਾਬਲ ਨਹੀਂ ਹੋ ਜਾਂਦਾ। ਇਸ ਸੰਧੀ ਤੇ ਸਿੱਖ ਸਰਦਾਰਾਂ ਨੇ ਲਹੌਰ ਵਿੱਚ ਦਸਖਤ ਕੀਤੇ। ਲਾਰਡ ਹੈਨਰੀ ਹਾਰਡਿੰਗ ਉਸ ਸਮੇ ਭੈਰੋਵਾਲ ਸੀ। ਲਾਰੰਸ ਨੇ ਇਸ ਸੰਧੀ ਨੂੰ ਗਵੱਰਨਰ ਜਨਰਲ ਦੇ ਦਸਖਤ ਲਈ ਭੈਰੋਵਾਲ ਭੇਜ ਦਿੱਤਾ। ਇਥੇ ਹੀ ਹੈਨਰੀ ਹਾਰਡਿੰਗ ਨੇ ਇਸ ਸੰਧੀ ਤੇ ਦਸਖਤ ਕੀਤੇ। ਇਸ ਲਈ ਇਸਨੂੰ ਭੈਰੋਵਾਲ ਦੀ ਸੰਧੀ ਕਿਹਾ ਗਿਆ। ਇਸ ਸੰਧੀ ਅਨੁਸਾਰ ਅੰਗਰੇਜ ਫੌਜ ਦਾ ਇੱਕ ਮੇਜਰ ਪੰਜਾਬ ਦਾ ਹਾਕਮ ਬਣ ਗਿਆ।

ਇਸ ਸੰਧੀ ਦੀਆਂ ਸ਼ਰਤਾਂ ਅਨੁਸਾਰ ਇੱਕ ਅੱਠ ਮੈਂਬਰੀ ਸਲਾਹਕਾਰ ਕਮੇਟੀ ਬਣਾਈ ਗਈ, ਜਿਸਨੂੰ ਰੀਜੰਸੀ ਕੌਂਸਲ ਦਾ ਨਾਮ ਦਿੱਤਾ ਗਿਆ। ਇਸਦੇ ਮੈਂਬਰ ਸਨ: ਤੇਜ ਸਿੰਘ, ਰਣਜੋਧ ਸਿੰਘ, ਦਿਵਾਨ ਦੀਨਾ ਨਾਥ, ਫਕੀਰ ਨੂਰੂਦੀਨ,ਅਤਰ ਸਿੰਘ ਅਟਾਰੀਵਾਲਾ, ਸ਼ੇਰ ਸਿੰਘ ਅਟਾਰੀਵਾਲਾ, ਸ਼ਮਸ਼ੇਰ ਸਿੰਘ ਅਤੇ ਭਾਈ ਨਿਧਾਨ ਸਿੰਘ। ਇਸ ਕਮੇਟੀ ਤੇ ਰੈਜੀਡੈਂਟ ਦਾ ਫੁੱਲ ਕੰਟਰੋਲ ਰਹਿਣਾ ਸੀ। ਉਹ ਸਰਕਾਰ ਦੇ ਕਿਸੇ ਵੀ ਮਹਿਕਮੇ ਵਿੱਚ ਦਖਲ ਦੇ ਸਕਦਾ ਸੀ। ਉਸਦੀ ਪਾਵਰ ਦੀ ਕੋਈ ਸੀਮਾ ਨਹੀਂ ਸੀ।

ਅੰਗਰੇਜ ਫੌਜ ਦੇ ਪੰਜਾਬ ਵਿੱਚ ਰਹਿਣ ਦੌਰਾਨ ਇਸਦਾ ਸਾਰਾ ਖਰਚਾ ਪੰਜਾਬ ਸਰਕਾਰ ਨੇ ਦੇਣਾ ਸੀ। ਇਹ ਖਰਚਾ 22 ਲੱਖ ਰੁਪੱਈਆ ਸਲਾਨਾ ਸੀ। ਰੇਜੀਡੈਂਟ ਨੂੰ ਇਹ ਅਜ਼ਾਦੀ ਸੀ ਕਿ ਉਹ ਪੰਜਾਬ ਦੇ ਕਿਸੇ ਵੀ ਸ਼ਹਿਰ ਜਾਂ ਕਿਲੇ ਵਿੱਚ ਲੋੜੀਂਦੀ ਫੌਜ ਭੇਜ ਸਕੇ। ਇਹ ਸੰਧੀ 4 ਸਤੰਬਰ 1854 ਤੱਕ ਲਾਗੂ ਰਹਿਣੀ ਸੀ।

ਲਾਰਡ ਹਾਰਡਿੰਗ ਨੇ ਪੰਜਾਬ ਤੇ ਪੱਕਾ ਕੰਟਰੋਲ ਰੱਖਣ ਲਈ ਮੇਰਠ ਤੋਂ, ਪੰਜਾਬ ਵੱਲ ਫੌਜ ਦੀ ਕੁੱਲ ਗਿਣਤੀ ਵਧਾ ਕੇ 50000 ਕਰ ਦਿੱਤੀ। ਤੋਪਾਂ ਦੀ ਗਿਣਤੀ ਵਧਾ ਕੇ 60 ਕਰ ਦਿੱਤੀ। ਤਿੰਨ ਬਰਗੇਡਾਂ ਲਹੌਰ, ਜਲੰਧਰ ਅਤੇ ਫਿਰੋਜਪੁਰ ਤੈਨਾਤ ਕਰ ਦਿੱਤੀਆਂ, ਜਿੰਨ੍ਹਾ ਨੂੰ ਕੁਝ ਘੰਟਿਆਂ ਦੇ ਨੋਟਿਸ ਤੇ ਕਿਤੇ ਵੀ ਮਾਰਚ ਕਰਨ ਲਈ ਤਿਆਰ ਰਹਿਣ ਦਾ ਹੁਕਮ ਸੀ। ਉੱਧ ਲਾਟ ਸਾਹਿਬ ਨੂੰ ਵਿਸ਼ਵਾਸ ਸੀ ਕਿ ਹੁਣ ਕਈ ਸਾਲ ਹੋਰ ਅੰਗਰੇਜਾਂ ਨੂੰ ਭਾਰਤ ਵਿੱਚ ਕੋਈ ਲੜਾਈ ਕਰਨੀ ਨਹੀਂ ਪਏਗੀ।

ਭਾਵੇਂ ਪੰਜਾਬ ਅਤੇ ਇਸਦੇ ਇਰਦ ਗਿਰਦ ਵਾਲੀ ਫੌਜ ਦੀ ਗਿਣਤੀ ਵਧਾ ਦਿੱਤੀ ਗਈ ਸੀ, ਪਰ ਭਾਰਤ ਵਿੱਚ ਕੁੱਲ ਫੌਜ ਦੀ ਗਿਣਤੀ ਈਸਟ ਇੰਡੀਆ ਕੰਪਨੀ ਦੇ ਮਾਲਕਾਂ ਦੇ ਹੁਕਮ ਅਨੁਸਾਰ ਕਾਫੀ ਘਟਾ ਦਿੱਤੀ ਗਈ ਸੀ। ਇਹ ਕੰਪਨੀ ਇੱਕ ਵਪਾਰਿਕ ਕੰਪਨੀ ਸੀ, ਜਿਸਦੇ ਮਾਲਕਾਂ ਨੂੰ ਹੋਰ

ਇਲਾਕੇ ਹਾਸਲ ਕਰਨ ਨਾਲੋਂ ਆਪਣੇ ਲਾਭ ਹਾਨੀ ਦੀ ਚਿੰਤਾ ਵਧੇਰੇ ਸੀ। 50000 ਹਿੰਦੋਸਤਾਨੀ ਸਿਪਾਹੀ ਫੌਜ ਵਿੱਚੋਂ ਰਿਟਾਇਰ ਕਰਕੇ ਘਰਾਂ ਨੂੰ ਤੋਰ ਦਿੱਤੇ ਗਏ। ਪਰ ਫੌਜ ਦੇ ਘਟ ਜਾਣ ਤੇ ਵੀ ਗਵੱਰਨਰ ਜਨਰਲ ਨੂੰ ਕੋਈ ਜਿਆਦਾ ਚਿੰਤਾ ਨਹੀਂ ਸੀ। ਜਿੱਥੋਂ ਤੱਕ ਪੰਜਾਬ ਦਾ ਸਬੰਧ ਸੀ, ਉਸਨੂੰ ਆਪਣੇ ਦੋਸਤ ਅਤੇ ਸ਼ਗਿਰਦ ਹੈਨਰੀ ਲਾਰੰਸ ਦੀ ਯੋਗਤਾ ਤੇ ਪੂਰਾ ਭਰੋਸਾ ਸੀ, ਕਿ ਉਹ ਹਰ ਹਾਲਾਤ ਤੇ ਕਾਬੂ ਪਾ ਸਕਦਾ ਹੈ। ਉਸਨੇ ਲਾਰੰਸ ਨੂੰ ਖੁੱਲ ਦਿੱਤੀ ਕਿ ਉਹ ਪੰਜਾਬ ਤੇ ਹਕੂਮਤ ਕਰਨ ਲਈ ਆਪਣੀ ਪਸੰਦ ਦੇ ਅਫਸਰ ਚੁਣ ਸਕਦਾ ਹੈ। ਲਾਰੰਸ ਨੇ ਇਹੋ ਕੀਤਾ। ਉਸਨੇ ਸਿਆਸਤੀ ਸੂਝ ਬੂਝ ਵਾਲੇ ਕਈ ਫੌਜੀ ਅਫਸਰ ਚੁਣ ਲਏ ਅਤੇ ਉਹਨਾ ਨੂੰ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਵੰਡ ਦਿੱਤਾ। ਇਹਨਾ ਅਫਸਰਾਂ ਨੂੰ ਆਪਣੇ ਕੰਮ ਵਿੱਚ ਪੂਰੀ ਅਜ਼ਾਦੀ ਵੀ ਦਿੱਤੀ ਕਿ ਉਹ ਹਲਾਤ ਮੁਤਾਬਕ ਆਪਣੇ ਇਲਾਕੇ ਵਿੱਚ ਆਈਆਂ ਸਮੱਸਿਆਵਾਂ ਦਾ ਹੱਲ ਆਪਣੀ ਸਮਝ ਅਨੁਸਾਰ ਕਰ ਸਕਦੇ ਸਨ। ਇਹਨਾ ਅਫਸਰਾਂ ਵਿੱਚੋਂ ਕਈ ਬਾਅਦ ਵਿੱਚ ਬਹੁਤ ਪ੍ਰਸਿੱਧ ਹੋਏ, ਜਿਵੇਂ ਕਿ ਜੋਹਨ ਲਾਰੰਸ, ਨਿਕੋਲਸਨ, ਐਡਵਰਡੀਜ਼ ਅਤੇ ਹੋਡਸਨ।

ਇਹਨਾ ਫੌਜੀ ਅਫਸਰਾਂ ਦੀ ਰਾਜਸੀ ਸੂਝ ਬੂਝ ਬੜੀ ਤੇਜ਼ ਸੀ। ਡੇਰਾ ਜਾਟ ਵਿੱਚ ਐਡਵਰਡੀਜ਼ ਅਤੇ ਪਿਸ਼ਾਵਰ ਵਿੱਚ ਨਿਕੋਲਸਨ ਨੇ ਕਈ ਸਥਾਨਕ ਪਠਾਣ ਕਬੀਲਿਆਂ ਦੇ ਸਰਦਾਰਾਂ ਨਾਲ ਦੋਸਤੀ ਗੰਢ ਲਈ। ਬਾਅਦ ਵਿੱਚ ਜਦੋਂ ਸਿੱਖਾਂ ਅਤੇ ਅੰਗਰੇਜਾਂ ਵਿੱਚ ਦੂਸਰਾ ਯੁੱਧ ਹੋਇਆ ਤਾਂ ਇਹਨਾ ਪਠਾਣ ਸਰਦਾਰਾਂ ਨੇ ਅੰਗਰੇਜਾਂ ਦੀ ਬੜੀ ਮਦਦ ਕੀਤੀ। ਮਾਲੀਆ ਉਗਰਾਉਣ ਵਿੱਚ ਵੀ ਇਹ ਖਾਨ ਅੰਗਰੇਜ ਅਫਸਰਾਂ ਦੀ ਮਦਦ ਕਰਦੇ ਸਨ। ਰੇਜ਼ੀਡੰਟ ਲਾਰੰਸ ਨੂੰ ਆਪਣੇ ਜਿਲਾ ਅਫਸਰਾਂ ਤੇ ਪੂਰਾ ਭਰੋਸਾ ਸੀ, ਅਤੇ ਹੈਨਰੀ ਹਾਰਡਿੰਗ ਨੂੰ ਆਪਣੇ ਰੈਜ਼ੀਡੰਟ ਤੇ। ਜੂਨੀਅਰ ਅਫਸਰਾਂ ਨੂੰ ਆਪਣੇ ਕੰਮ ਵਿੱਚ ਪੂਰੀ ਖੁੱਲ ਸੀ। ਪਰ ਹਲਾਤ ਜਲਦੀ ਬਦਲਣ ਵਾਲੇ ਸਨ। 1847 ਦੇ ਅਖੀਰ ਵਿੱਚ ਹੈਨਰੀ ਹਾਰਡਿੰਗ ਇੰਗਲੈਂਡ ਲਈ ਰਵਾਨਾ ਹੋ ਗਿਆ। ਉਸਦੀ ਜਗ੍ਹਾ ਨਵਾਂ ਗਵੱਰਨਰ ਜਨਰਲ ਲਾਰਡ ਡਲਹੌਜੀ ਭਾਰਤ ਆ ਗਿਆ। ਹੈਨਰੀ ਲਾਰੰਸ ਨੂੰ ਪੰਜਾਬ ਦੀ ਗਰਮੀ ਰਾਸ ਨਾ ਆਈ। ਉਹ ਸਖਤ ਬਿਮਾਰ ਹੋ ਗਿਆ। ਡਾਕਟਰਾਂ ਨੇ ਉਸਨੂੰ ਸਲਾਹ ਦਿੱਤੀ ਕਿ ਜੇ ਉਹ ਆਪਣੀ ਜਾਨ ਬਚਾਉਣੀ ਚਾਹੁੰਦਾ ਹੈ ਤਾਂ ਉਸਨੂੰ ਇੰਗਲੈਂਡ ਵਾਪਸ ਚਲੇ ਜਾਣਾ ਚਾਹੀਦਾ ਹੈ।

ਸੋ ਹੈਨਰੀ ਲਾਰੰਸ ਪੰਜਾਬ ਛੱਡ ਕੇ ਇੰਗਲੈਂਡ ਦੀ ਯਾਤਰਾ ਲਈ ਜਹਾਜ਼ ਤੇ ਸਵਾਰ ਹੋਣ ਲਈ ਬੰਬੇ ਪਹੁੰਚ ਗਿਆ। ਗਵੱਰਨਰ ਜਨਰਲ ਅਤੇ ਰੈਜ਼ੀਡੰਟ ਇੱਕੋ ਜਹਾਜ਼ ਤੇ ਸਵਾਰ ਹੋਏ। ਨਵੇਂ ਰੈਜ਼ੀਡੰਟ ਮਿਸਟਰ ਕਰੀ ਦੇ ਪਹੁੰਚਣ ਤੱਕ ਰੈਜ਼ੀਡੰਟ ਦੀ ਡਿਊਟੀ ਹੈਨਰੀ ਲਾਰੰਸ ਦੇ ਭਰਾ ਜੋਹਨ ਲਾਰੰਸ ਨੇ ਸੰਭਾਲ ਲਈ।

ਪਰ ਪੰਜਾਬ ਛੱਡਣ ਤੋਂ ਪਹਿਲਾਂ ਹੈਨਰੀ ਲਾਰੰਸ ਨੇ ਇੱਕ ਬਹੁਤ ਮਹੱਤਵਪੂਰਨ ਕੰਮ ਕੀਤਾ, ਅਤੇ ਇਹ ਕੰਮ ਸੀ ਮਹਾਰਾਜੇ ਦੀ ਮਾਂ ਰਾਣੀ ਜਿੰਦਾਂ ਨੂੰ ਖੁੰਡੇ ਲਾਉਣ ਦਾ ਕੰਮ। ਰਾਣੀ ਤੇ ਲਾਰੰਸ ਬਿਲਕੁਲ ਭਰੋਸਾ ਨਹੀਂ ਕਰਦਾ ਸੀ। ਅੰਗਰੇਜਾਂ ਦੇ ਪੰਜਾਬ ਵਿੱਚ ਆਉਣ ਦਾ ਕਾਰਨ ਭਾਵੇਂ ਰਾਣੀ ਨੇ ਹੀ ਬੰਨਿਆ ਸੀ, ਪਰ ਉਹਨਾ ਦੇ ਇਥੇ ਆਉਣ ਬਾਅਦ ਉਸਨੂੰ ਪਤਾ ਲੱਗ ਗਿਆ ਸੀ ਕਿ ਅੰਗਰੇਜ ਉਸਦੇ ਸਹਾਇਕ ਬਣਨ ਲਈ ਨਹੀਂ ਸਗੋਂ ਪੰਜਾਬ ਦੇ ਹਾਕਮ ਬਣਨ ਲਈ ਆਏ ਸਨ। ਹੁਣ ਉਹ ਉਹਨਾ ਨੂੰ ਕੱਢ ਸਕਣ ਦੇ ਸਮਰੱਥ ਤਾਂ ਨਹੀਂ ਸੀ, ਪਰ ਰੈਜ਼ੀਡੰਟ ਨੂੰ ਤੰਗ ਕਰਨ ਦੀਆਂ ਗੋਂਦਾਂ ਗੁੰਦਦੀ ਰਹਿੰਦੀ ਸੀ।

ਹੁਣ ਇੱਕ ਸਾਜਿਸ਼ ਸਾਹਮਣੇ ਆਈ, ਜਾਂ ਘੜੀ ਗਈ, ਜਿਸ ਨਾਲ ਰੇਜ਼ੀਡੰਟ ਨੂੰ ਰਾਣੀ ਤੋਂ ਛੁਟਕਾਰਾ ਪਾਉਣ ਦਾ ਬਹਾਨਾ ਮਿਲ ਗਿਆ। ਇੱਕ ਔਰਤ ਸੀ ਜਿਸਦਾ ਨਾਂ ਸੀ ਪਰੇਮਾਂ। ਉਹ ਮਹਾਰਾਣੀ ਜਿੰਦਾਂ ਦੀ ਦਾਸੀ ਸੀ। ਹੈਨਰੀ ਲਾਰੰਸ ਨੂੰ ਖਬਰ ਮਿਲੀ ਕਿ ਰਾਣੀ ਉਸ ਨਾਲ ਮਿਲਕੇ ਉਸਨੂੰ ਅਤੇ ਤੇਜ ਸਿੰਘ ਨੂੰ ਮਾਰਨ ਦੀ ਸਾਜਿਸ਼ ਰਚ ਰਹੀ ਹੈ। ਉਸ ਦਾਸੀ ਨੂੰ ਗਰਿੱਫਤਾਰ ਕਰਕੇ ਉਸਤੋਂ ਪੁੱਛ ਗਿੱਛ ਕੀਤੀ ਗਈ। ਤਸੀਹੇ ਨਾ ਝਲਦੀ ਹੋਈ ਪਰੇਮਾ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਉਸਨੇ ਇਹ ਵੀ

ਮੰਨਿਆ ਕਿ ਲਾਰੰਸ ਅਤੇ ਤੇਜ ਸਿੰਘ ਨੂੰ ਮਾਰਨ ਦੀ ਇਸ ਸਾਜਿਸ਼ ਵਿੱਚ ਰਾਣੀ ਦਾ ਹੱਥ ਸੀ। ਸੋ ਰਾਣੀ ਤੋਂ ਛੁਟਕਾਰਾ ਪਾਉਣ ਦਾ ਲਾਰੰਸ ਨੂੰ ਇੱਕ ਚੰਗਾਂ ਬਹਾਨਾ ਮਿਲ ਗਿਆ।

ਰਾਣੀ ਨੂੰ ਆਪਣੇ ਪੁੱਤਰ ਤੋਂ ਅਲੱਗ ਕਰਕੇ ਪਹਿਲਾਂ ਸ਼ੇਖੂਪੁਰੇ ਦੇ ਕਿਲੇ ਵਿੱਚ, ਫਿਰ ਫਿਰੋਜਪੁਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ, ਅਤੇ ਫਿਰ ਕੁਝ ਮਹੀਨਿਆ ਬਾਅਦ ਬਨਾਰਸ ਵਿੱਚ ਭੇਜ ਦਿੱਤਾ ਗਿਆ-ਪਰ ਰਾਣੀ ਆਪਣੀ ਗੋਲੀ ਮੰਗਲਾ ਦੀ ਸਹਾਇਤਾ ਨਾਲ ਬਨਾਰਸ ਵਿੱਚੋਂ ਬਚਕੇ ਨਿਕਲ ਗਈ, ਅਤੇ ਨੇਪਾਲ ਪਹੁੰਚ ਗਈ। ਨੇਪਾਲ ਦੇ ਰਾਜੇ ਜੰਗ ਬਹਾਦਰ ਥਾਪਾ ਨੇ ਇੱਕ ਭਾਰੀ ਰਕਮ ਲੈ ਕੇ ਉਸਨੂੰ ਸ਼ਰਨ ਦੇ ਦਿੱਤੀ। ਉਸਨੇ ਆਪਣੀ ਜਿੰਦਗੀ ਦੇ ਬਾਕੀ ਸਾਲ ਨੇਪਾਲ ਵਿੱਚ ਹੀ ਗੁਜਾਰੇ। ਅੰਤ ਦੇ ਕੁਝ ਸਾਲ ਉਸਨੇ ਆਪਣੇ ਪੁੱਤਰ ਦਲੀਪ ਸਿੰਘ ਨਾਲ ਇੰਗਲੈਂਡ ਵਿੱਚ ਗੁਜਾਰੇ। ਇੰਗਲੈਂਡ ਵਿੱਚ ਹੀ ਰਾਣੀ ਦੀ ਮੌਤ ਹੋ ਗਈ।

ਰਾਣੀ ਨੂੰ ਖਿਲੇ ਲਾਉਣ ਤੋਂ ਜਲਦੀ ਬਾਅਦ ਹੀ ਲਾਰੰਸ ਬਿਮਾਰ ਪੈ ਗਿਆ। ਉਸਨੂੰ ਪੰਜਾਬ ਦਾ ਗਰਮ ਮੌਸਮ ਬਿਲਕੁਲ ਰਾਸ ਨਾ ਆਇਆ। ਪੰਜਾਬ ਦੀ ਗਰਮੀ ਇਥੋਂ ਦੇ ਜਾਏ ਹੀ ਝੱਲ ਸਕਦੇ ਹਨ। ਇਹ ਗੋਰੀ ਚਮੜੀ ਵਾਲੇ, ਠੰਡੇ ਮੁਲਖ ਦੇ ਜੰਮਪੱਲ ਜੇਠ ਹਾੜ ਦੇ ਦਿਨਾ ਵਿੱਚ ਬੌਂਦਲ ਜਾਂਦੇ ਸਨ। ਇਸੇ ਲਈ ਬਾਅਦ ਵਿੱਚ ਜਦੋਂ ਭਾਰਤ ਵਿੱਚ ਅਮਨ ਅਮਾਨ ਹੋ ਗਿਆ ਤਾਂ ਗਰਮੀ ਦੇ ਮੌਸਮ ਦੁਰਾਨ ਅੰਗਰੇਜ ਆਪਣੀ ਪੂਰੀ ਦੀ ਪੂਰੀ ਰਾਜਧਾਨੀ ਹੀ ਸ਼ਿਮਲੇ ਲੈ ਜਾਂਦੇ ਸਨ।

ਲਾਰੰਸ ਦੇ ਜਾਣ ਸਮੇ ਪੰਜਾਬ ਦੇ ਹਲਾਤ ਠੀਕ ਠਾਕ ਹੀ ਲੱਗ ਰਹੇ ਸਨ। ਖਾਲਸਾ ਸ਼ਾਂਤ ਬੈਠਾ ਸੀ, ਬਗਾਵਤ ਦੇ ਕੋਈ ਲੱਛਣ ਨਹੀਂ ਸਨ, ਸਰਦਾਰ ਵਫਾਦਾਰੀ ਨਿਭਾਹ ਰਹੇ ਸਨ, ਜਨਤਾ ਵੀ ਸੰਤੁਸ਼ਟ ਨਜ਼ਰ ਆ ਰਹੀ ਸੀ। ਪਰ ਲਾਰੰਸ ਦੇ ਮਨ ਵਿੱਚ ਸ਼ੱਕ ਦਾ ਕੀੜਾ ਸੀ। ਪੰਜਾਬ ਛੱਡਣ ਸਮੇ ਉਸਦੇ ਆਪਣੇ ਸ਼ਬਦ: 'ਪੰਜਾਬੀਆਂ ਦੀ ਰੂਹ ਜਿੰਦਾ ਹੈ। ਉਹਨਾ ਦੀ ਰਜਾਮੰਦੀ ਤੇ ਪੂਰਾ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਉਹਨਾ ਨੂੰ ਆਪਣੀ ਕੌਮ ਅਤੇ ਆਪਣੇ ਧਰਮ ਤੇ ਮਾਣ ਹੈ। ਉਹ ਕਿਸੇ ਛੋਟੀ ਜਿਹੀ ਗੱਲ ਤੇ ਵੀ ਭੜਕ ਸਕਦੇ ਹਨ। ਉਹ ਆਪਣੀਆਂ ਪਹਿਲੀਆਂ ਜਿੱਤਾਂ ਨੂੰ ਨਹੀਂ ਭੁੱਲੇ। ਇਹ ਸੋਚਣਾ ਮੂਰਖਤਾ ਹੀ ਹੋਏਗੀ ਕਿ ਉਹਨਾ ਨੂੰ ਸਾਡੇ ਹੱਥੋਂ ਹੋਈਆਂ ਹਾਰਾਂ ਭੁੱਲ ਗਈਆਂ ਹੋਣਗੀਆਂ, ਅਤੇ ਉਹ ਆਪਣੇ ਮਜੂਦਾ ਹਾਲ ਤੇ ਸੰਤੁਸ਼ਟ ਹਨ'। ਲਾਰੰਸ ਨੇ ਇਤਿਹਾਸ ਪੜਿਆ ਹੋਇਆ ਸੀ। ਉਸ ਹੋਰ ਲਿਖਿਆ: 'ਕਿਸੇ ਮਹਾਨ ਜਿੱਤ ਤੋਂ ਬਾਅਦ ਕਦੀ ਵੀ ਪੂਰਾ ਅਮਨ ਚੈਨ ਅਤੇ ਸੁਰੱਖਿਆ ਕਾਇਮ ਨਹੀਂ ਹੋਏ। ਜਿੰਨ੍ਹਾ ਨੂੰ ਹਰਾਇਆ ਗਿਆ ਹੋਵੇ ਉਹ ਕਦੀ ਆਪਣੇ ਜੇਤੂਆਂ ਨਾਲ ਪਿਆਰ ਨਹੀਂ ਕਰਦੇ'। ਇਹ ਵਿਚਾਰ ਅਤੇ ਭਾਵਨਾਵਾਂ ਲੈ ਕੇ ਰੈਜੀਡੈਂਟ ਅਤੇ ਗਵੱਰਨਰ ਜਨਰਲ 16 ਜਨਵਰੀ 1848 ਨੂੰ ਇੰਗਲੈਂਡ ਲਈ ਰਵਾਨਾ ਹੋ ਗਏ। ਜਲਦੀ ਹੀ ਨਵਾਂ ਰੈਜੀਡੈਂਟ ਫਰੈਡਰਿਕ ਕਰੀ ਅਤੇ ਨਵਾਂ ਗਵੱਰਨਰ ਜਨਰਲ ਲਾਰਡ ਡਲਹੌਜੀ ਭਾਰਤ ਪਹੁੰਚ ਗਏ।

ਪੁਰਾਣੇ ਰੈਜੀਡੈਂਟ ਅਤੇ ਗਵੱਰਨਰ ਜਨਰਲ ਦਾ ਇਸ ਤਰਾਂ ਇਕੱਠੇ ਚਲੇ ਜਾਣਾ ਅੰਗਰੇਜਾਂ, ਅਤੇ ਪੰਜਾਬ ਲਈ ਵੀ ਇੱਕ ਮੰਦਭਾਗੀ ਗੱਲ ਸੀ। ਇਹਨਾਂ ਦੋਵਾਂ ਨੂੰ ਪੰਜਾਬ ਦੇ ਹਲਾਤਾਂ ਦਾ ਪੂਰਾ ਗਿਆਨ ਸੀ। ਇਹ ਇੱਕ ਦੂਸਰੇ ਤੇ ਪੂਰਾ ਵਿਸ਼ਵਾਸ ਕਰਦੇ ਸਨ। ਹੈਨਰੀ ਹਾਰਡਿੰਗ ਦੇ ਰਾਜ ਵਿੱਚ ਹੈਨਰੀ ਲਾਰੰਸ ਨੂੰ ਆਪਣੇ ਤਰੀਕੇ ਨਾਲ ਕੰਮ ਕਰਨ ਦੀ ਪੂਰੀ ਅਜ਼ਾਦੀ ਸੀ, ਅਤੇ ਉਹ ਜਿੰਨਾਂ ਚਿਰ ਪੰਜਾਬ ਰਿਹਾ ਉਸਨੇ ਹਲਾਤ ਪੂਰੇ ਕਾਬੂ ਵਿੱਚ ਰੱਖੇ।

ਲਾਰਡ ਡਲਹੌਜੀ ਲਈ ਪੰਜਾਬ ਇੱਕ ਬਿਲਕੁਲ ਨਵੀਂ ਜਗ੍ਹਾ ਸੀ। ਇਥੋਂ ਦੇ ਵਾਸੀਆਂ ਦੇ ਸੁਭਾਅ ਅਤੇ ਤੌਰ ਤਰੀਕਿਆਂ ਬਾਰੇ, ਅਤੇ ਆਪਣੇ ਅੰਗਰੇਜੀ ਅਫਸਰਾਂ ਨਾਲ ਉਸਦੀ ਕੋਈ ਵਾਕਫੀਅਤ ਨਹੀਂ ਸੀ। ਡਲਹੌਜੀ ਦਾ ਸੁਭਾਅ ਅਤੇ ਕੰਮ ਕਰਨ ਦਾ ਤਰੀਕਾ ਹੈਨਰੀ ਹਾਰਡਿੰਗ ਤੋਂ ਬਿਲਕੁਲ ਅਲੱਗ ਸੀ। ਹੈਨਰੀ ਹਾਰਡਿੰਗ ਖੁੱਲੇ ਅਤੇ ਖੁਸ਼ਦਿਲ ਸੁਭਾਅ ਦਾ ਮਾਲਕ ਸੀ। ਆਪਣੇ ਅਫਸਰਾਂ ਨਾਲ ਦੋਸਤਾਨਾ

ਸਬੰਧ ਰੱਖਦਾ ਸੀ। ਉਹਨਾ ਨੂੰ ਆਪਣੇ ਤਰੀਕੇ ਅਨੁਸਾਰ ਕੰਮ ਕਰਨ ਦੀ ਖੁੱਲ ਦਿੰਦਾ ਸੀ।


ਡਲਹੌਜ਼ੀ ਗੰਭੀਰ ਅਤੇ ਖੁਸ਼ਕ ਤਬੀਅਤ ਦਾ ਮਾਲਕ ਸੀ। ਆਪਣੇ ਮੁਤਾਹਿਤ ਅਫਸਰਾਂ ਨਾਲ ਦੋਸਤੀ ਰੱਖਣਾ ਉਹ ਇੱਕ ਗਵੱਰਨਰ ਜਨਰਲ ਦੀ ਸ਼ਾਨ ਦੇ ਖਿਲਾਫ ਗੱਲ ਸਮਝਦਾ ਸੀ। ਉਸ ਅਨੁਸਾਰ ਕਿਸੇ ਕੰਮ ਨੂੰ ਕਰਨ ਦਾ ਇੱਕੋ ਤਰੀਕਾ ਸੀ, ਅਤੇ ਉਹ ਸੀ ਉਸਦਾ ਆਪਣਾ ਤਰੀਕਾ। ਜੂਨੀਅਰ ਅਫਸਰ ਨੂੰ ਸਿਰਫ ਉਹੋ ਅਤੇ ਓਨਾ ਹੀ ਕੰਮ ਕਰਨਾ ਹੈ, ਜੋ ਉਸਦਾ ਸੀਨੀਅਰ ਅਫਸਰ ਕਹਿੰਦਾ ਹੈ। ਜੂਨੀਅਰ ਅਫਸਰ ਨੂੰ ਹਮੇਸ਼ਾਂ ਆਪਣੀ ਔਕਾਤ ਵਿੱਚ ਰੱਖਣਾ ਉਸਦਾ ਇੱਕ ਅਹਿਮ ਅਸੂਲ ਸੀ। ਪੰਜਾਬ ਦਾ ਨਵਾਂ ਰੈਜੀਡੈਂਟ ਵੀ ਪਹਿਲੇ ਨਾਲੋਂ ਭਿੰਨ ਸੀ। ਜੂਨੀਅਰ ਅਫਸਰਾਂ ਬਾਰੇ ਉਸਦੇ ਵਿਚਾਰ ਗਵੱਰਨਰ ਜਨਰਲ ਨਾਲ ਬਿਲਕੁਲ ਮਿਲਦੇ ਸਨ।ਫਰੈਡਰਿਕ ਕਰੀ ਵੀ ਆਪਣੇ ਸੀਨੀਅਰ ਅਫਸਰਾਂ ਦੇ ਹੁਕਮ ਦਾ ਪੂਰਾ ਪਾਲਣ ਕਰਨ ਦੀ ਪਾਲਿਸੀ ਨੂੰ ਸਹੀ ਮੰਨਦਾ ਸੀ। ਉਹ ਲਾਰੰਸ ਵਾਂਗ ਆਪਣੇ ਫੈਸਲੇ ਲੈ ਕੇ ਅਸੱਲਫ ਹੋਣ ਦੇ ਖਤਰਾ ਮੁੱਲ ਲੈਣ ਦਾ ਚਾਹਵਾਨ ਨਹੀਂ ਸੀ। ਹਰ ਕੰਮ ਵਿੱਚ ਗਵੱਰਨਰ ਜਨਰਲ ਅਤੇ ਕਮਾਂਡਰ-ਇਨ-ਚੀਫ ਦੀ ਸਲਾਹ ਲੈਣਾ ਉਸ ਲਈ ਇੱਕ ਸਿਧਾਂਤ ਸੀ, ਭਾਵੇਂ ਫੈਸਲਾ ਲੈਣ ਵਿੱਚ ਦੇਰ ਹੀ ਹੋ ਜਾਏ।

ਨਵੇਂ ਗਵੱਰਨਰ ਜਨਰਲ ਅਤੇ ਰੈਜੀਡੈਂਟ ਦੇ ਪਾਹੁੰਚਣ ਤੱਕ ਰਾਣੀ ਜਿੰਦਾਂ ਵਾਲਾ ਕੰਡਾ ਤਾਂ ਨਿਕਲ ਚੁੱਕਾ ਸੀ, ਪਰ ਮੁੱਖ ਕੰਡਾ ਤਾਂ ਹੋਰ ਸੀ, ਅਤੇ ਇਹ ਸੀ ਖਾਲਸਾ। ਭਾਵੇਂ ਦਰਿਆ ਸਿੰਧ ਦੇ ਕਿਨਾਰਿਆਂ ਤੇ ਵੱਸਦੇ ਪਠਾਣ ਕਬੀਲਿਆਂ ਤੋਂ ਵੀ ਗੜਬੜ ਦਾ ਕਾਫੀ ਖਤਰਾ ਸੀ, ਪਰ ਅੰਗਰੇਜ਼ਾਂ ਦੀ ਨਜ਼ਰ ਵਿੱਚ ਸਭ ਤੋਂ ਵੱਡਾ ਖਤਰਾ ਖਾਲਸਾ ਹੀ ਸੀ। ਖਾਲਸੇ ਦਾ ਭਾਵ ਹੈ ਹਥਿਆਰਬੰਦ ਸਿੱਖ। ਖਾਲਸੇ ਨੂੰ ਹਕੂਮਤ ਕਰਨ ਦੀ ਆਦਤ ਸੀ, ਨਾਕਿ ਹਕੂਮਤ ਵਿੱਚ ਰਹਿਣ ਦੀ। ਉਸਦੀ ਧਾਰਮਿਕ ਭਾਵਨਾ ਬਹੁਤ ਮਜ਼ਬੂਤ ਸੀ। ਸਮਾ ਪੈਣ ਤੇ ਉਹ ਏਕਾ ਕਰ ਸਕਦਾ ਸੀ। ਉਹ ਸਿਰਫ ਆਪਣੇ ਗੁਰੂ ਨੂੰ ਮੰਨਦਾ ਸੀ। ਕਿਸੇ ਮਨੁੱਖੀ ਸ਼ਕਤੀ ਸਾਹਮਣੇ ਝੁਕਣ ਲਈ ਤਿਆਰ ਨਹੀਂ ਸੀ। ਭਾਵੇਂ 1846-47 ਵਿੱਚ ਉਹ ਸ਼ਾਂਤ ਹੀ ਰਿਹਾ, ਪਰ ਅੰਗਰੇਜ਼ਾਂ ਨੂੰ ਖਤਰਾ ਸੀ ਕਿ ਕੋਈ ਨਿੱਕੀ ਜਿਹੀ ਚਿੰਗਆੜੀ ਵੀ ਭਾਂਬੜ ਬਣ ਸਕਦੀ ਹੈ।

ਅੰਗਰੇਜ਼ਾਂ ਦਾ ਡਰ ਸੱਚ ਸਾਬਤ ਹੋਣ ਹੀ ਵਾਲਾ ਸੀ। ਇਹ ਚਿੰਗਆੜੀ ਬਲ ਪਈ। ਪਰ ਇਸਨੂੰ ਬਾਲਣ ਵਾਲਾ ਖਾਲਸਾ ਨਹੀਂ ਸੀ। ਇਹ ਚਿੰਗਆੜੀ ਇੱਕ ਐਸੀ ਜਗ੍ਹਾ ਬਲੀ, ਜਿਸਦੀ ਅੰਗਰੇਜ਼ਾਂ ਨੂੰ ਬਿਲਕੁਲ ਆਸ ਨਹੀਂ ਸੀ। ਇਹ ਸੀ ਮੁਲਤਾਨ, ਜੋ ਸਿੱਖ ਰਾਜ ਦੀ ਇੱਕ ਮੁਸਲਮਾਨ ਰਿਆਸਤ ਸੀ। ਅਤੇ ਇਸਨੂੰ ਬਾਲਣ ਵਾਲਾ ਸੀ ਮੁਲਤਾਨ ਦਾ ਹਿੰਦੂ ਗਵੱਰਨਰ-ਮੂਲਰਾਜ।

## ਮੁਲਤਾਨ-ਮਾਰਚ-ਮਈ 1848

ਮੁਲਤਾਨ ਦੀ ਗੜਬੜ ਤੋਂ ਪਹਿਲਾਂ ਉੱਪਰੀ ਤੌਰ ਤੇ ਪੰਜਾਬ ਦੇ ਹਾਲਾਤ ਠੀਕ ਠਾਕ ਹੀ ਲੱਗ ਰਹੇ ਸਨ। ਸਿੱਖਾਂ ਦੀ ਜਨਮ-ਭੂਮੀ ਮਾਝਾ ਇੱਕ ਯੋਗ ਸਿੱਖ ਸਰਦਾਰ, ਲਹਿਣਾ ਸਿੰਘ ਮਜੀਠਿਏ ਦੀ ਹਕੂਮਤ ਥੱਲੇ ਸੀ। ਇਹ ਸਰਦਾਰ ਇੱਕ ਸਿਆਣਾ ਮਨੁੱਖ ਸੀ। ਇਸਨੂੰ ਪਤਾ ਸੀ ਕਿ ਅੰਗਰੇਜ਼ਾਂ ਨਾਲ ਜੰਗ ਦਾ ਅਰਥ ਸਿਰਫ ਹਾਰ ਹੀ ਹੋ ਸਕਦਾ ਸੀ। ਇਸਨੇ ਜੰਗ ਤੋਂ ਪਹਿਲਾਂ ਗਰਮਜੋਸ਼ਿਆਂ ਨੂੰ ਸਮਝਾਉਣ




ਮੁਲਤਾਨ/ਡੇਰਾ ਜਾਟ ਅਤੇ ਸਿੰਧ ਸਾਗਰ ਦੁਆਬ - 1848

ਦੀ ਕੋਸ਼ਿਸ਼ ਵੀ ਕੀਤੀ ਸੀ, ਪਰ ਅਸੱਫਲ ਰਹਿਣ ਤੇ ਤੀਰਥ ਯਾਤਰਾ ਦੇ ਬਹਾਨੇ ਪੰਜਾਬ ਵਿੱਚੋਂ ਚੁਪਚਾਪ ਬਾਹਰ ਚਲਾ ਗਿਆ ਸੀ। ਹੁਣ ਉਹ ਅੰਗਰੇਜਾਂ ਦਾ ਵਫਾਦਾਰ ਸੀ, ਅਤੇ ਬੜੀ ਸਮਝਦਾਰੀ ਅਤੇ ਹੁਸ਼ਿਆਰੀ ਨਾਲ ਮਾਝੇ ਦੇ ਇਲਾਕੇ ਵਿੱਚ ਗਵੱਰਨਰ ਦੀ ਡਿਊਟੀ ਨਿਭਾਅ ਰਿਹਾ ਸੀ।

ਉੱਤਰ-ਪੱਛਮੀ ਸਰਹੱਦ ਤੇ ਦੋ ਬੰਦੇ ਅਜਿਹੇ ਸਨ, ਜਿੰਨ੍ਹਾ ਦੀਆਂ ਗਤੀਵਿਧੀਆਂ ਅੰਗਰੇਜ ਬੜੇ ਧਿਆਨ ਨਾਲ ਵੇਖ ਰਹੇ ਸਨ। ਇਹਨਾ ਵਿੱਚੋਂ ਇੱਕ ਸੀ ਸਰਦਾਰ ਚਤਰ ਸਿੰਘ ਅਟਾਰੀਵਾਲਾ। ਇਹ ਪਿਸ਼ਾਵਰ ਅਤੇ ਹਜ਼ਾਰੇ ਦੇ ਇਲਾਕੇ ਦਾ ਗਵੱਰਨਰ ਸੀ। ਇਸਦਾ ਪੁੱਤਰ ਸ਼ੇਰ ਸਿੰਘ ਅਟਾਰੀਵਾਲਾ ਲਹੌਰ ਵਿੱਚ ਸਿੱਖ ਫੌਜ ਦਾ ਇੱਕ ਮਹੱਤਵਪੂਰਨ ਜਰਨੈਲ ਸੀ। ਚਤਰ ਸਿੰਘ ਦੀ ਬੇਟੀ ਮਹਾਰਾਜੇ ਦਲੀਪ ਸਿੰਘ ਨਾਲ ਮੰਗੀ ਹੋਈ ਸੀ, ਪਰ ਸ਼ਾਦੀ ਮਹਾਰਾਜੇ ਦੇ ਜਵਾਨ ਹੋਣ ਤੇ ਹੀ ਹੋਣੀ ਸੀ। ਚਤਰ ਸਿੰਘ ਨੂੰ ਸ਼ੱਕ ਸੀ ਕਿ ਅੰਗਰੇਜ ਇਹ ਸ਼ਾਦੀ ਪਰਵਾਨ ਨਹੀਂ ਚੜਨ ਦੇਣਗੇ-ਜੋ ਬਾਅਦ ਵਿੱਚ ਸੱਚ ਸਾਬਤ ਹੋਇਆ।

ਦੂਸਰਾ ਆਦਮੀ ਸੀ ਅਫਗਾਨਿਸਤਾਨ ਦੇ ਹਾਕਮ ਦੋਸਤ ਮੁਹੰਮਦ ਦਾ ਭਰਾ ਸੁਲਤਾਨ ਮੁਹੰਮਦ, ਜੋ ਬੰਨੂ ਦਾ ਗਵੱਰਨਰ ਸੀ। ਦੋਸਤ ਮੁਹੰਮਦ ਪਿਸ਼ਾਵਰ ਨੂੰ ਵਾਪਸ  ਲੈ ਕੇ ਫਿਰ ਅਫਗਾਨਿਸਤਾਨ ਦਾ ਹਿੱਸਾ ਬਨਾਉਣਾ ਚਾਹੁੰਦਾ ਸੀ। ਅੰਗਰੇਜਾਂ ਨੂੰ ਸ਼ੱਕ ਸੀ ਕਿ ਉਹ ਆਪਣੇ ਭਰਾ ਸੁਲਤਾਨ ਮੁਹੰਮਦ ਰਾਹੀਂ ਚਤਰ ਸਿੰਘ ਨਾਲ ਅੰਗਰੇਜਾਂ ਦੇ ਖਿਲਾਫ ਕੋਈ ਸਾਜਿਸ਼ ਰਚ ਰਿਹਾ ਹੈ। ਪਿਸ਼ਾਵਰ ਅਤੇ ਹਜ਼ਾਰੇ ਦੀ ਸਾਰੀ ਖਾਲਸਾ ਫੌਜ ਸਰਦਾਰ ਚਤਰ ਸਿੰਘ ਦੇ ਅਧੀਨ ਸੀ।

ਦਰਿਆ ਸਿੰਧ ਤੋਂ ਪਾਰ ਦੇ ਸਰਹੱਦੀ ਇਲਾਕੇ ਖਾਲਸਾ ਰਾਜ ਦਾ ਹਿੱਸਾ ਸਨ। ਇਥੇ ਤਿੰਨ ਅੰਗਰੇਜ ਅਫਸਰ ਨਿਯੁਕਤ ਸਨ: ਹੈਨਰੀ ਲਾਰੰਸ ਦਾ ਭਰਾ ਜਾਰਜ ਲਾਰੰਸ ਪਿਸ਼ਾਵਰ ਵਿੱਚ ਸੀ। ਹਜ਼ਾਰੇ ਦੇ ਇਲਾਕੇ ਵਿੱਚ ਮੇਜਰ ਐਬਟ ਸੀ, ਅਤੇ ਪਿਸ਼ਾਵਰ ਤੋਂ ਦੱਖਣ ਵਿੱਚ ਡੇਰਾ ਜਾਟ ਦੇ ਇਲਾਕੇ ਵਿੱਚ ਲੈਫਟੀਨੈਂਟ ਐਡਵਾਰਡੀਜ ਨਿਯੁਕਤ ਸੀ। ਡੇਰਾ ਜਾਟ ਦਾ ਇਲਾਕਾ ਦਰਿਆ ਸਿੰਧ ਤੋਂ ਪਾਰ ਡੇਰਾ ਇਸਮਾਈਲ ਖਾਨ ਤੋਂ ਡੇਰਾ ਗਾਜ਼ੀ ਖਾਨ ਤੱਕ ਫੈਲਿਆ ਹੋਇਆ ਹੈ। ਡੇਰਾ ਗਾਜ਼ੀ ਖਾਨ ਮੁਲਤਾਨ ਦੇ ਸਾਹਮਣੇ ਹੈ, ਪਰ ਵਿੱਚ ਦਰਿਆ ਸਿੰਧ ਅਤੇ ਚਨਾਬ ਹਨ।

ਮੁਲਤਾਨ ਦਾ ਸ਼ਹਿਰ ਚਨਾਬ ਅਤੇ ਸਤਲੁਜ ਦੇ ਸੰਗਮ ਤੋਂ ਕੁਝ ਉੱਪਰ ਹੈ। ਇਹ ਸ਼ਹਿਰ ਵਪਾਰ ਦਾ ਇੱਕ ਵੱਡਾ ਕੇਂਦਰ ਸੀ। ਰਾਜਪੂਤਾਂ, ਮੁਗਲਾਂ ਅਤੇ ਪਠਾਣਾ ਦੇ ਰਾਜ ਸਮੇ ਵੀ ਇਥੇ ਚੀਨ ਅਤੇ ਮੱਧ ਏਸ਼ੀਆ ਵਿੱਚੋਂ ਊਠਾਂ ਦੇ ਕਾਫਲੇ ਵਪਾਰ ਕਰਨ ਲਈ ਆਉਂਦੇ ਸਨ। ਇਹ ਸ਼ਹਿਰ 'ਰੇਸ਼ਮੀ ਸੜਕ' ਤੇ ਸਥਿੱਤ ਸੀ। ਮੁਗਲ ਰਾਜ ਦੇ ਪਤਨ ਸਮੇ ਇਹ ਰਿਆਸਤ ਅਫਗਾਨਿਸਤਾਨ ਦੇ ਕਬਜ਼ੇ ਵਿੱਚ ਚਲੀ ਗਈ ਸੀ। ਮੁਲਤਾਨ ਦਾ ਕਿਲਾ ਬੜਾ ਮਜ਼ਬੂਤ ਸੀ। ਸ਼ੇਰੇ ਪੰਜਾਬ ਨੇ ਬੜੀ ਭਿਆਨਕ ਅਤੇ ਸਖਤ ਜੰਗ ਤੋਂ ਬਾਅਦ ਇਸਤੇ ਕਬਜ਼ਾ ਕੀਤਾ ਸੀ। ਇਸ ਸਮੇ ਵੀ ਇਹ ਰਿਆਸਤ ਸਿੱਖ ਰਾਜ ਦਾ ਹਿੱਸਾ ਸੀ। ਇਥੋਂ ਦਾ ਗਵੱਰਨਰ ਦਿਵਾਨ ਮੂਲਰਾਜ ਸੀ, ਜੋ ਸ਼ੇਰੇ ਪੰਜਾਬ ਦੇ ਇੱਕ ਵਫਾਦਾਰ ਸਰਦਾਰ, ਸਾਵਨ ਮੱਲ ਦਾ ਪੁੱਤਰ ਸੀ।

ਮੁਲਤਾਨ ਦੀ ਰਿਆਸਤ ਖਾਲਸਾ ਦਰਬਾਰ ਨੂੰ ਸਲਾਨਾ ਲਗਾਨ ਦਿੰਦੀ ਸੀ, ਪਰ ਪੰਜਾਬ ਦੇ ਵਿਗੜੇ ਹਾਲਾਤ ਕਾਰਨ ਮੂਲਰਾਜ ਨੇ ਕਈ ਸਾਲ ਲਗਾਨ ਅਦਾਅ ਨਹੀਂ ਕੀਤਾ ਸੀ। ਹੁਣ ਜਦੋਂ ਦਰਬਾਰ ਨੇ ਲਗਾਨ ਦੀ ਮੰਗ ਕੀਤੀ ਤਾਂ ਉਸਨੇ ਲਗਾਨ ਦੇਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਕਿ ਉਸ ਕੋਲ ਏਨੀ ਰਕਮ ਨਹੀਂ ਸੀ, ਕਿਉਂਕਿ ਦਰਿਆਵਾਂ ਰਾਹੀਂ ਆਉਂਦੇ ਮਾਲ ਤੇ ਅੰਗਰੇਜਾਂ ਵੱਲੋਂ ਮਸੂਲ ਮਾਫ ਕਰ ਦਿੱਤੇ ਜਾਣ ਕਰਕੇ ਉਸਦੇ ਆਮਦਨੀ ਦੇ ਸਾਧਨ ਘੱਟ ਹੋ ਗਏ ਸਨ।

ਅੰਗਰੇਜ ਰੈਜੀਡੈਂਟ ਦੇ ਜੋਰ ਦੇਣ ਤੇ ਮੂਲਰਾਜ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ। ਉਸਨੂੰ ਕਿਹਾ ਗਿਆ ਕਿ ਨਵੇਂ ਗਵੱਰਨਰ ਦੇ ਪਹੁੰਚਣ ਤੱਕ ਉਹ ਆਪਣੀ ਡਿਊਟੀ ਨਿਭਾਉਂਦਾ ਰਹੇ, ਅਤੇ ਆਪਣੀ ਆਮਦਨ ਖਰਚ ਦਾ ਵੇਰਵਾ ਤਿਆਰ ਕਰਕੇ ਰੱਖੇ। ਨਵਾਂ ਗਵੱਰਨਰ ਸੀ ਖਾਲਸਾ

ਫੌਜ ਦਾ ਇੱਕ ਜਰਨੈਲ, ਕਾਹਨ ਸਿੰਘ ਮਾਨ।

ਮੁਲਤਾਨ ਦੀ ਗਵੱਰਨਰੀ ਸੰਭਾਲਣ ਲਈ ਕਾਹਨ ਸਿੰਘ ਮਾਨ ਨੂੰ ਲਹੌਰੋਂ ਰਵਾਨਾ ਕੀਤਾ ਗਿਆ। ਨਾਲ ਦੋ ਅੰਗਰੇਜ ਅਫਸਰ ਅਤੇ 2500 ਫੌਜ ਵੀ ਭੇਜੀ ਗਈ। ਇਸ ਫੌਜ ਵਿੱਚ 1400 ਸਿੱਖ ਸੈਨਿਕ, ਇੱਕ ਗੋਰਖਾ ਰੈਜਮੇਂਟ, ਇੱਕ ਘੋੜ ਸਵਾਰ ਰੈਜਮੇਂਟ, ਅਤੇ 6 ਤੋਪਾਂ ਸਨ। ਅੰਗਰੇਜ ਅਫਸਰਾਂ ਵਿੱਚੋਂ ਇੱਕ ਵਾਂਸ ਐਗਨਿਊ ਸੀ, ਜੋ ਸਿਵਲ ਸਰਵੈਂਟ ਸੀ, ਅਤੇ ਦੂਸਰਾ ਲੈਫਟੀਨੈਂਟ ਐਂਡਰਸਨ ਇੱਕ ਫੌਜੀ ਅਫਸਰ ਸੀ। ਕਹਿਣ ਨੂੰ ਤਾਂ ਇਹ ਕਾਹਨ ਸਿੰਘ ਦੇ ਸਲਾਹਕਾਰ ਸਨ, ਪਰ ਹਰ ਕੰਮ ਵਿੱਚ ਮਰਜੀ ਇਹਨਾ ਦੀ ਚਲਣੀ ਸੀ।

ਇਹ ਕਾਫਲਾ ਦਰਿਆ ਰਾਵੀ ਅਤੇ ਚਨਾਬ ਰਾਹੀਂ 17 ਅਪਰੈਲ ਨੂੰ ਮੁਲਤਾਨ ਪਾਹੁੰਚਾ। ਰਾਤ ਇਸਨੇ ਈਦਗਾਹ ਵਿੱਚ ਟਿਕਾਣਾ ਕੀਤਾ। ਅਗਲੇ ਦਿਨ ਨਵਾਂ ਗਵੱਰਨਰ ਅਤੇ ਅੰਗਰੇਜ ਅਫਸਰ ਇੱਕ ਛੋਟਾ ਜਿਹਾ ਫੌਜੀ ਦਸਤਾ ਲੈ ਕੇ ਕਿਲੇ ਵਿੱਚ ਗਏ। ਉਥੇ ਉਹਨਾ ਨੇ ਮੂਲਰਾਜ ਨਾਲ ਮਿਲਕੇ ਗਵੱਰਨਰ ਬਦਲਣ ਦੀ ਰਸਮ ਦੇ ਸਭ ਇੰਤਜਾਮ ਕਰ ਲਏ। ਨਵੇਂ ਗਵੱਰਨਰ ਨੇ ਅਗਲੇ ਦਿਨ ਆਪਣਾ ਅਹੁਦਾ ਸੰਭਾਲਣਾ ਸੀ। ਈਦਗਾਹ ਵਾਪਸ ਜਾਣ ਲਈ ਜਦੋਂ ਇਹ ਕਿਲੇ ਤੋਂ ਬਾਹਰ ਆਏ ਤਾਂ ਨਾਲ ਮੂਲਰਾਜ ਵੀ ਸੀ।

ਕਿਲੇ ਤੋਂ ਬਾਹਰ ਨਿਕਲੇ ਹੀ ਸਨ ਕਿ ਮੁਲਤਾਨ ਦੇ ਇੱਕ ਸੈਨਿਕ ਨੇ ਵਾਂਸ ਐਗਨਿਊ ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਹ ਜ਼ਖਮੀ ਹੋ ਗਿਆ। ਇੱਕ ਹੋਰ ਸੈਨਿਕ ਨੇ ਐਂਡਰਸਨ ਤੇ ਵੀ ਗੋਲੀ ਚਲਾ ਦਿੱਤੀ, ਅਤੇ ਉਹ ਵੀ ਜ਼ਖਮੀ ਹੋ ਗਿਆ। ਗੋਰਖੇ ਸੈਨਿਕਾਂ ਨੇ ਗੋਲੀ ਚਲਾਕੇ ਹਮਲਾਵਰਾਂ ਨੂੰ ਭਜਾ ਦਿੱਤਾ। ਕਾਹਨ ਸਿੰਘ ਨੇ ਜ਼ਖਮੀ ਅਫਸਰਾਂ ਨੂੰ ਆਪਣੇ ਹਾਥੀ ਤੇ ਚੜਾ ਲਿਆ, ਅਤੇ ਇਹ ਛੋਟਾ ਜਿਹਾ ਕਾਫਲਾ ਸੁਰੱਖਿਅਤ ਈਦਗਾਹ ਪਾਹੁੰਚ ਗਿਆ। ਉਥੇ ਪਾਹੁੰਚਕੇ ਉਹਨਾ ਦੀ ਮਲਮ ਪੱਟੀ ਕੀਤੀ ਗਈ।

ਗੋਲੀ ਚੱਲਦੇ ਹੀ ਮੂਲਰਾਜ ਕਿਲੇ ਤੋਂ ਘੋੜੇ ਤੇ ਸਵਾਰ ਹੋ ਕੇ ਇਹ ਕਹਿੰਦਾ ਉਥੋਂ ਚਲਾ ਗਿਆ ਕਿ ਉਹ ਸੈਨਿਕ ਮਦਦ ਲੈਣ ਜਾ ਰਿਹਾ ਹੈ। ਫਿਰ ਮੂਲਰਾਜ ਨੇ ਆਪਣੇ ਆਦਮੀ ਈਦਗਾਹ ਭੇਜੇ। ਉਹਨਾ ਸਫਾਈ ਦਿੱਤੀ ਕਿ ਅੰਗਰੇਜ ਅਫਸਰਾਂ ਤੇ ਹੋਏ ਹਮਲੇ ਵਿੱਚ ਮੂਲਰਾਜ ਦਾ ਕੋਈ ਹੱਥ ਨਹੀਂ ਸੀ। ਪਰ ਮੂਲਰਾਜ ਨੇ ਆਪਣੇ ਆਦਮੀਆਂ ਨੂੰ ਉਸਦਾ ਇਹ ਸੰਦੇਸ਼ ਦੇਣ ਲਈ ਵੀ ਕਿਹਾ ਕਿ ਉਸਦੇ ਸੈਨਿਕਾਂ ਨੇ ਉਸਨੂੰ ਆਪਣਾ ਅਸਤੀਫਾ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਹੈ।

ਈਦਗਾਹ ਵਾਪਸ ਆ ਕੇ ਵਾਂਸ ਐਗਨਿਊ ਨੇ ਤਿੰਨ ਚਿੱਠੀਆਂ ਲਿਖੀਆਂ। ਇੱਕ ਚਿੱਠੀ ਲਹੌਰ ਰੇਜੀਡੈਂਟ ਨੂੰ, ਦੂਸਰੀ ਪਿਸ਼ਾਵਰ ਜਨਰਲ ਵੈਨ ਕੋਰਟਲੈਂਡ ਨੂੰ, ਜੋ ਖਾਲਸਾ ਦਰਬਾਰ ਦਾ ਮੁਲਾਜਮ ਸੀ, ਅਤੇ ਤੀਸਰੀ ਡੇਰਾ ਜਾਟ ਲੈਫਟੀਨੈਂਟ ਐਡਵਰਡੀਜ ਨੂੰ। ਤਿੰਨਾ ਚਿੱਠੀਆਂ ਵਿੱਚ ਹੀ ਮਦਦ ਭੇਜਣ ਦੀ ਫਰਿਆਦ ਕੀਤੀ ਗਈ ਸੀ।

ਉਸ ਸ਼ਾਮ ਇੱਕ ਵੱਡੀ ਭੀੜ ਨੇ ਈਦਗਾਹ ਨੂੰ ਘੇਰ ਲਿਆ। ਇਸ ਵਿੱਚ ਕਈ ਨੌਕਰੀ ਤੋਂ ਕੱਢੇ ਹੋਏ ਸੈਨਿਕ ਵੀ ਸਨ, ਅਤੇ ਕਈ ਸ਼ਹਿਰ ਦੇ ਗੁੰਡੇ ਸਨ। ਉਹਨਾ ਨੇ ਹਮਲਾ ਕਰਕੇ ਦੋਵਾਂ ਅੰਗਰੇਜ ਅਫਸਰਾਂ ਨੂੰ ਮਾਰ ਦਿੱਤਾ। ਕਾਹਨ ਸਿੰਘ ਮਾਨ ਨੂੰ ਕਬਜ਼ੇ ਵਿੱਚ ਕਰ ਲਿਆ। ਨਾਲ ਉਸਦਾ ਛੋਟਾ ਜਿਹਾ ਪੁੱਤਰ ਵੀ ਸੀ। ਇਹਨਾ ਨੂੰ ਕਿਲੇ ਦੇ ਇੱਕ ਤਹਿਖਾਨੇ ਵਿੱਚ ਕੈਦ ਕਰ ਦਿੱਤਾ। ਉਹਨਾ ਨਾਲ ਗਈ ਫੌਜ ਨੇ ਜਾਂ ਤਾਂ ਜਾਣ ਬੁੱਝਕੇ ਕੁਝ ਨਾ ਕੀਤਾ, ਅਤੇ ਜਾਂ ਕੁਝ ਕਰ ਹੀ ਨਾ ਸੱਕੀ।

ਬਗਾਵਤ ਹੋ ਚੁੱਕੀ ਸੀ। ਹੁਣ ਮੂਲਰਾਜ ਕੋਲ ਇਸ ਵਿੱਚ ਹਿੱਸਾ ਲੈਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਜੇ ਉਹ ਬਾਗੀਆਂ ਦਾ ਸਾਥ ਨਾ ਦਿੰਦਾ ਤਾਂ ਉਹਨਾ ਉਸਨੂੰ ਮਾਰ ਦੇਣਾ ਸੀ। ਇਸ ਲਈ ਹੁਣ ਉਹ ਇਸ ਬਗਾਵਤ ਦਾ ਨੇਤਾ ਬਣ ਗਿਆ, ਜਾਂ ਮੁਗਲ ਸਮਰਾਟ ਬਹਾਦਰ ਸ਼ਾਹ ਵਾਂਗ ਬਗਾਵਤ ਦਾ ਨੇਤਾ ਬਣਾ ਦਿੱਤਾ ਗਿਆ।

ਬਗਾਵਤ ਬੜੀ ਤੇਜ਼ੀ ਨਾਲ ਫੈਲਣ ਲੱਗੀ। ਕਾਹਨ ਸਿੰਘ ਨਾਲ ਗਈ ਫੌਜ ਵੀ ਬਾਗੀਆਂ ਨਾਲ ਮਿਲ ਗਈ। ਲੋਕਾਂ ਵਿੱਚ ਅੰਗਰੇਜ਼ਾਂ ਖਿਲਾਫ ਜੋ ਗੁੱਸਾ ਛੁਪਿਆ ਹੋਇਆ ਸੀ, ਉਹ ਸਭ ਉਬਲਕੇ ਬਾਹਰ ਆ ਗਿਆ। ਇਸ ਗੁੱਸੇ ਨੂੰ ਭੜਕਾਉਣ ਲਈ ਰਾਣੀ ਜਿੰਦਾਂ ਨਾਲ ਅੰਗਰੇਜ਼ਾਂ ਦਾ ਕੀਤਾ ਸਲੂਕ ਵੀ ਬਹੁਤ ਹੱਦ ਤੱਕ ਜ਼ੁੰਮੇਵਾਰ ਸੀ।

ਪਿਛੇ ਹੋਈਆਂ ਜੰਗਾਂ ਵਿੱਚ ਆਪਣੀ ਫੌਜ ਦਾ ਘਾਣ ਕਰਵਾਉਣ ਵਿੱਚ ਰਾਣੀ ਨੇ ਅਹਿਮ ਰੋਲ ਨਿਭਾਇਆ ਸੀ। ਪਰ ਉਸਤੋਂ ਬਾਅਦ ਹੋਈ ਉਸਦੀ ਬੇਜ਼ਤੀ ਨੂੰ ਸਿੱਖ ਕੌਮ ਨੇ ਆਪਣੀ ਬੇਜ਼ਤੀ ਸਮਝੀ। ਇਨਸਾਨ ਲਈ ਇਹ ਕੁਦਰਤੀ ਗੱਲ ਹੈ ਕਿ ਉਸਦੀ ਆਪਣੀ ਔਰਤ ਕਿੰਨੀ ਵੀ ਮਾੜੀ ਕਿਉਂ ਨਾ ਹੋਵੇ, ਫਿਰ ਵੀ ਜੇ ਕੋਈ ਹੋਰ ਉਸ ਵੱਲ ਉਂਗਲੀ ਵੀ ਚੁੱਕਦਾ ਹੈ ਤਾਂ ਉਹ ਬਰਦਾਸ਼ਤ ਨਹੀਂ ਕਰ ਸਕਦਾ। ਜੰਗਾਂ ਤੋ ਫੌਰਨ ਬਾਅਦ ਸ਼ਾਇਦ ਇੱਕ ਵੀ ਸਿੱਖ ਸੈਨਿਕ ਆਪਣੀ ਰਾਣੀ ਲਈ ਬੰਦੂਕ ਚੁੱਕਣ ਲਈ ਤਿਆਰ ਨਾ ਹੁੰਦਾ, ਪਰ ਹੁਣ ਤਿੰਨ ਸਾਲ ਤੋਂ ਘੱਟ ਸਮੇ ਬਾਅਦ ਹੀ ਅਨੇਕ ਸਿੱਖ ਸੈਨਿਕ ਉਸ ਲਈ ਖੂਨ ਵਹਾਉਣ ਨੂੰ ਤਿਆਰ ਸਨ।

ਆਉਣ ਵਾਲੀਆਂ ਜੰਗਾਂ ਅਤੇ ਹੋਰ ਫੌਜੀ ਕਾਰਵਾਈਆਂ ਨੂੰ ਪੂਰੀ ਤਰਾਂ ਸਮਝਣ ਲਈ ਮੁਲਤਾਨ ਅਤੇ ਇਸਦੇ ਆਸ ਪਾਸ ਦੇ ਇਲਾਕੇ ਦਾ ਨਕਸ਼ਾ ਵੇਖਣਾ ਜ਼ਰੂਰੀ ਹੈ। ਮੁਲਤਾਨ ਸ਼ਹਿਰ ਤੋਂ ਕੁਝ ਉੱਪਰ ਰਾਵੀ ਦਰਿਆ ਚਨਾਬ ਦਰਿਆ ਨਾਲ ਮਿਲਦਾ ਹੈ, ਅਤੇ ਉਸਤੋਂ ਕੁਝ ਉੱਪਰ ਜੇਹਲਮ ਅਤੇ ਚਨਾਬ ਦਾ ਮੇਲ ਹੁੰਦਾ ਹੈ। ਮੁਲਤਾਨ ਦੇ ਦੱਖਣ ਵੱਲ ਦਰਿਆ ਸਤਲੁਜ ਵਗਦਾ ਹੈ। ਸਤਲੁਜ ਦੇ ਪਾਰ ਬਹਾਵਲਪੁਰ ਰਿਆਸਤ ਹੈ। ਇਸ ਰਿਆਸਤ ਦਾ ਹਾਕਮ ਬਹਾਵਲ ਖਾਨ ਅੰਗਰੇਜ਼ਾਂ ਦਾ ਮਿੱਤਰ ਸੀ।

ਦਰਿਆ ਜਿਹਲਮ ਅਤੇ ਚਨਾਬ ਵਿਚਲੇ ਇਲਾਕੇ ਨੂੰ ਚਾਜ ਦੁਆਬ ਕਿਹਾ ਜਾਂਦਾ ਸੀ। ਇਸਦੇ ਪੱਛਮ ਵਿੱਚ ਸਿੰਧ ਪਾਰ ਦੇ ਇਲਾਕੇ ਨੂੰ ਸਿੰਧ ਸਾਗਰ ਦੁਆਬ ਕਹਿੰਦੇ ਸਨ। ਰਾਵੀ ਅਤੇ ਬਿਆਸ ਵਿਚਲੇ ਇਲਾਕੇ ਨੂੰ ਬਾਰੀ ਦੁਆਬ ਅਤੇ ਮਾਝੇ  ਵਜੋਂ ਜਾਣਿਆ ਜਾਂਦਾ ਸੀ। ਉਸ ਸਮੇ ਇਹ ਇਲਾਕਾ ਬਹੁਤ ਮਹੱਤਵਪੂਰਨ ਸੀ, ਕਿਉਂਕਿ ਇਹੋ ਧਰਤੀ ਸਿੱਖਾਂ ਦੀ ਜਨਮਭੂਮੀ ਅਤੇ ਕੇਂਦਰ ਸੀ। ਸਤਲੁਜ ਅਤੇ ਬਿਆਸ ਵਿਚਲੇ ਇਲਾਕੇ ਨੂੰ ਉਦੋਂ ਜਲੰਧਰ ਦੁਆਬ ਕਹਿੰਦੇ ਸਨ।

ਕੁਝ ਹੋਰ ਸਥਾਨ ਵੀ ਨੋਟ ਕਰਨ ਯੋਗ ਹਨ: ਦਰਿਆ ਸਿੰਧ ਦੇ ਪਾਰ, ਅਤੇ ਪਿਸ਼ਾਵਰ ਦੇ ਦੱਖਣ ਵਿੱਚ ਡੇਰਾ ਇਸਮਾਈਲ ਖਾਨ, ਡੇਰਾ ਫਤਿਹ ਖਾਨ ਅਤੇ ਡੇਰਾ ਗਾਜ਼ੀ ਖਾਨ ਹਨ। ਇਸ ਇਲਾਕੇ ਨੂੰ ਡੇਰਾ ਜਾਟ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਇਲਾਕੇ ਵਿੱਚ ਪਠਾਣਾ ਦੀ ਭਰਮਾਰ ਸੀ। ਹਿੰਦੂ ਅਤੇ ਸਿੱਖਾਂ ਦੀ ਅਬਾਦੀ ਆਟੇ ਵਿੱਚ ਲੂਣ ਦੀ ਤਰਾਂ ਸੀ। ਪਿਸ਼ਾਵਰ ਦੇ ਉੱਤਰ-ਪੱਛਮ ਵਿੱਚ ਹਜ਼ਾਰੇ ਦਾ ਇਲਾਕਾ ਹੈ। ਸਤਲੁਜ ਦੀ ਬਜਾਏ ਸਿੱਖ ਕੌਮ ਦੀ ਕਿਸਮਤ ਦਾ ਫੈਸਲਾ ਹੁਣ ਇਸੇ ਹਜ਼ਾਰੇ ਦੇ ਇਲਾਕੇ ਵਿੱਚ ਚਨਾਬ ਅਤੇ ਜਿਹਲਮ ਦੇ ਕਿਨਾਰਿਆਂ ਤੇ ਹੋਵੇਗਾ।

ਇਸ ਯੁੱਧ ਲਈ ਅੰਗਰੇਜ਼ ਜ਼ੁੰਮੇਵਾਰ ਸਨ ਜਾਂ ਕਿ ਸਿੱਖ, ਇਸ ਬਾਰੇ ਦੋਵਾਂ ਕੌਮਾ ਦੀ ਵੱਖ ਵੱਖ ਰਾਇ ਹੈ, ਪਰ ਇਸ ਯੁੱਧ ਤੋਂ ਪਹਿਲਾਂ ਅੰਗਰੇਜ਼ ਗਵੱਰਨਰ ਜਨਰਲ ਡਲਹੌਜ਼ੀ ਨੇ ਜੋ ਸ਼ਬਦ ਕਹੇ ਉਸਤੋਂ ਤਾਂ ਇਹੋ ਜਾਹਿਰ ਹੁੰਦਾ ਹੈ ਕਿ ਅੰਗਰੇਜ਼ ਹਾਕਮ ਇਹ ਫੈਸਲਾ ਕਰ ਚੁੱਕੇ ਸਨ ਕਿ ਜੇ ਹਿੰਦੋਸਤਾਨ ਤੇ ਬੇਰੋਕ ਟੋਕ ਰਾਜ ਕਰਨਾ ਹੈ ਤਾਂ ਦਸਮ ਪਾਤਸ਼ਾਹ ਦੀ ਇਸ ਕੌਮ ਦੀ ਅਜ਼ਾਦੀ ਨੂੰ ਖਤਮ ਕਰਨਾ ਅੱਤ ਜ਼ਰੂਰੀ ਹੈ।

ਲਾਰਡ ਡਲਹੌਜ਼ੀ ਮੁਲਤਾਨ ਦੀ ਇਸ ਬਗਾਵਤ ਦੇ ਹਜ਼ਾਰੇ ਤੱਕ ਫੈਲਣ ਤੇ ਕਾਫੀ ਸੰਤੁਸ਼ਟ ਸੀ: 'ਹਜ਼ਾਰੇ ਦੇ ਇਲਾਕੇ ਵਿੱਚ ਇਹ ਬਗਾਵਤ ਬੜੇ ਸ਼ਾਨਦਾਰ ਢੰਗ ਨਾਲ ਤਰੱਕੀ ਕਰ ਰਹੀ ਹੈ......ਮੇਰੀ ਤਾਂ ਇਹ ਦਿਲੀ ਖਾਹਿਸ਼ ਸੀ......ਮੈਨੂੰ ਤਾਂ ਇਸ ਨਰਕ ਵਰਗੇ ਰਾਜ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾਉਣ ਤੋਂ ਬਿਨਾ ਹੋਰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ'। ਲਾਟ ਨੇ ਯੁੱਧ ਕਰਨ ਦੀ ਠਾਣ ਲਈ

ਸੀ: 'ਮੈਂ ਤਲਵਾਰ ਧੂਅ ਲਈ ਹੈ, ਮਿਆਨ ਸੁੱਟ ਦਿੱਤਾ ਹੈ'। ਲਾਟ ਨੇ ਸੋਚ ਲਿਆ ਸੀ ਹੁਣ ਉਹ ਤਲਵਾਰ ਉਦੋਂ ਹੀ ਮਿਆਨ ਵਿੱਚ ਪਾਵੇਗਾ ਜਦੋਂ ਸਿੱਖਾਂ ਨੂੰ ਯੁੱਧ ਵਿੱਚ ਹਰਾ ਲਵੇਗਾ। ਪਰ ਅਜੇ ਯੁੱਧ ਦਾ ਪੂਰਨ ਐਲਾਨ ਹੋਣ ਵਿੱਚ ਕਈ ਮਹੀਨੇ ਬਾਕੀ ਸਨ। ਵਾਂਸ ਐਗਨਿਊ ਦੀ ਚਿੱਠੀ ਲਹੌਰ ਪਹੁੰਚੀ ਤਾਂ ਰੈਜੀਡੈਂਟ ਫਰੈਡਰਿਕ ਕਰੀ ਨੇ ਲਹੌਰ ਵਿਚਲੀ ਅੰਗਰੇਜੀ ਬਰਗੇਡ ਨੂੰ ਮੁਲਤਾਨ ਕੂਚ ਕਰਨ ਦਾ ਹੁਕਮ ਦਿੱਤਾ। ਇਹ ਫੌਜ ਕੂਚ ਦੀ ਤਿਆਰੀ ਕਰ ਹੀ ਰਹੀ ਸੀ ਕਿ ਕਰੀ ਨੂੰ ਸੂਚਨਾ ਮਿਲੀ ਕਿ ਵਾਂਸ ਐਗਨਿਊ ਅਤੇ ਐਂਡਰਸਨ ਮਾਰੇ ਗਏ ਹਨ। ਉਸ ਸੋਚਿਆ ਕਿ ਹੁਣ ਕਾਹਲੀ ਕਰਨ ਦੀ ਕੋਈ ਲੋੜ ਨਹੀਂ ਸੀ। ਉਸਨੇ ਫੌਜ ਨੂੰ ਰੋਕ ਲਿਆ, ਅਤੇ ਗਵੱਰਨਰ ਜਨਰਲ ਅਤੇ ਕਮਾਂਡਰ-ਇਨ-ਚੀਫ ਦੀ ਰਾਇ ਪੁੱਛੀ।

ਲਾਰਡ ਗੱਫ ਨੇ ਕਿਹਾ ਕਿ ਮੁਲਤਾਨ ਦਾ ਕਿਲਾ ਬਹੁਤ ਮਜ਼ਬੂਤ ਹੈ। ਇਸ ਲਈ ਅਜੇ ਲੋੜੀਂਦੀ ਫੌਜ ਮਜੂਦ ਨਹੀਂ ਹੈ। ਅੰਗਰੇਜੀ ਫੌਜ ਗਰਮੀ ਦੇ ਮੌਸਮ ਵਿੱਚ ਲੜਨ ਦੀ ਆਦੀ ਨਹੀਂ ਸੀ। ਗਰਮੀ ਦੇ ਮੌਸਮ ਵਿੱਚ ਜਿਆਦਾਤਰ ਗੋਰੇ ਫੌਜੀ ਬਿਮਾਰ ਹੋ ਜਾਂਦੇ ਸਨ। ਗੱਫ ਦੀ ਸਲਾਹ ਸੀ ਕਿ ਅਕਤੂਬਰ ਤੱਕ ਇੰਤਜ਼ਾਰ ਕੀਤੀ ਜਾਵੇ। ਉਦੋਂ ਤੱਕ ਗਰਮੀ ਘਟ ਜਾਂਦੀ ਹੈ, ਨਾਲੇ ਲੋੜੀਂਦੀ ਫੌਜ ਜਮਾ ਕਰਨ ਦਾ ਸਮਾ ਮਿਲ ਜਾਏਗਾ। ਲਾਰਡ ਡਲਹੌਜੀ ਨੇ ਆਪਣੇ ਸੈਨਾਪਤੀ ਦੀ ਸਲਾਹ ਮੰਨ ਲਈ। ਉਸ ਰੈਜੀਡੈਂਟ ਨੂੰ ਇਹ ਵੀ ਕਿਹਾ ਕਿ ਬਗਾਵਤ ਲਹੌਰ ਦਰਬਾਰ ਵਿਰੁੱਧ ਹੋਈ ਹੈ, ਇਸ ਲਈ ਸਿੱਖ ਫੌਜ ਮੁਲਤਾਨ ਭੇਜੀ ਜਾਏ।

ਸੋ ਕਰੀ ਨੇ ਸਰਦਾਰਾਂ ਦੀ ਕੌਂਸਲ ਦੀ ਬੈਠਕ ਕੀਤੀ, ਅਤੇ ਉਹਨਾ ਨੂੰ ਕਿਹਾ ਕਿ ਬਗਾਵਤ ਖਾਲਸਾ ਸਰਕਾਰ ਵਿਰੁੱਧ ਹੋਈ ਹੈ, ਇਸ ਲਈ ਖਾਲਸਾ ਫੌਜ ਮੁਲਤਾਨ ਭੇਜੀ ਜਾਏ। ਅੰਗਰੇਜਾਂ ਸੰਧੀ ਤਾਂ ਕਰ ਲਈ ਸੀ, ਪਰ ਸੰਧੀ ਦੀਆਂ ਸ਼ਰਤਾਂ ਤੇ ਅਮਲ ਕਰਨਾ ਜਰੂਰੀ ਨਾ ਸਮਝਿਆ। ਸੰਧੀ ਵਿੱਚ ਤਾਂ ਸਾਫ ਲਿਖਿਆ ਸੀ ਅੰਗਰੇਜੀ ਫੌਜ ਪੰਜਾਬ ਵਿੱਚ ਅਮਨ ਅਮਾਨ ਕਾਇਮ ਰੱਖਣ ਲਈ ਤੈਨਾਤ ਕੀਤੀ ਗਈ ਸੀ। ਪਰ ਹੁਣ ਜਦੋਂ ਕਿ ਮੁਲਤਾਨ ਦੀ ਬਗਾਵਤ ਕਾਰਨ ਅਮਨ ਅਮਾਨ ਖਤਰੇ ਵਿੱਚ ਸੀ ਤਾਂ ਅੰਗਰੇਜਾਂ ਨੇ ਇਹ ਕਹਿ ਕੇ ਪੱਲਾ ਛੁੜਾ ਲਿਆ ਕਿ ਇਹ ਕੰਮ ਖਾਲਸਾ ਫੌਜ ਦਾ ਹੈ।

ਲਗਦਾ ਹੈ ਕਿ ਅੰਗਰੇਜਾਂ ਨੇ ਜਾਣ ਬੁਝਕੇ ਇਸ ਬਗਾਵਤ ਨੂੰ ਫੈਲਣ ਦਿੱਤਾ ਤਾਂਕਿ ਸਿੱਖਾਂ ਨਾਲ ਇੱਕ ਯੁੱਧ ਹੋਰ ਕਰ ਕੇ, ਅਤੇ ਉਹਨਾ ਨੂੰ ਹਰਾ ਕੇ ਪੰਜਾਬ ਨੂੰ ਅੰਗਰੇਜੀ ਸਾਮਰਾਜ ਵਿੱਚ ਮਿਲਾਉਣ ਦਾ ਬਹਾਨਾ ਮਿਲ ਸਕੇ। ਖਾਲਸਾ ਸਿਪਾਹੀ ਪਿਛਲਾ ਯੁੱਧ ਹਾਰ ਤਾਂ ਗਿਆ ਸੀ, ਪਰ ਉਸਨੂੰ ਵਿਸ਼ਵਾਸ ਸੀ ਕਿ ਉਹ ਆਪਣੇ ਜਰਨੈਲਾਂ ਦੀ ਗਦਾਰੀ ਕਾਰਨ ਹੀ ਹਾਰਿਆ ਸੀ। ਉਸ ਵੇਖ ਲਿਆ ਸੀ ਕਿ ਗੋਰਾ ਸਿਪਾਹੀ ਵੀ ਉਸ ਵਾਂਗ ਹੱਡ ਮਾਸ ਦਾ ਹੀ ਬਣਿਆ ਸੀ, ਅਤੇ ਉਹ ਉਸਨੂੰ ਮਾਰ ਸਕਦਾ ਸੀ।

ਉਸਦੇ ਗੁਰੂ ਨੇ ਉਸ ਵਿੱਚ ਇੱਕ ਐਸੀ ਰੂਹ ਫੂਕ ਦਿੱਤੀ ਹੋਈ ਸੀ ਕਿ ਉਹ ਕਿਸੇ ਦੀ ਵੀ ਗੁਲਾਮੀ ਸਵੀਕਾਰ ਨਹੀਂ ਕਰ ਸਕਦਾ ਸੀ। ਉਸਨੇ ਮੁਗਲ ਅਤੇ ਪਠਾਨ ਨੂੰ ਮਾਰਕੇ ਪੰਜਾਬ ਹਾਸਲ ਕੀਤਾ ਸੀ। ਉਸਨੇ ਮਰਾਠਿਆਂ ਨੂੰ ਮਾਰਨ ਵਾਲੇ ਅਬਦਾਲੀ ਦੇ ਦੰਦ ਖੱਟੇ ਕੀਤੇ ਸਨ। ਖਾਲਸਾ ਤਾਂ ਇੱਕ ਅਥਰੇ ਘੋੜੇ ਵਾਂਗ ਸੀ। ਉਸਤੇ ਕਾਠੀ ਪਾਉਣੀ ਬਹੁਤ ਮੁਸ਼ਕਿਲ ਸੀ। ਪਰ ਅੰਗਰੇਜ ਇਹ ਅਸੰਭਵ ਕੰਮ ਨੂੰ ਸੰਭਵ ਬਨਾਉਣ ਦਾ ਪੂਰਾ ਮਨ ਬਣਾ ਚੁੱਕੇ ਸੀ।

ਅੰਗਰੇਜ ਨੇ ਵੇਖ ਲਿਆ ਸੀ ਕਿ ਰਣਜੀਤ ਸਿੰਘ ਇਸ ਬੇਲਗਾਮ, ਅੱਥਰੇ ਘੋੜੇ ਨੂੰ ਵੱਸ ਕਰਨ ਵਿੱਚ ਸਫਲ ਹੋ ਗਿਆ ਸੀ। ਇਸਦੇ ਸਦਕੇ ਉਹ ਕਸ਼ਮੀਰ ਅਤੇ ਦਰੇ ਖੈਬਰ ਤੱਕ ਪਾਹੁੰਚ ਗਿਆ ਸੀ। ਪਰ ਉਸਦੇ ਮਰਨ ਤੇ ਇਹ ਫਿਰ ਬੇਲਗਾਮ ਹੋ ਗਿਆ ਸੀ। ਹੁਣ ਇਸਤੇ ਕਾਠੀ ਪਾਉਣ ਲਈ ਪਹਿਲਾਂ ਇਸਨੂੰ ਹਰਾਉਣਾ ਜਰੂਰੀ ਸੀ। ਇਸਨੂੰ ਹਰਾਉਣ ਲਈ ਇਸ ਨਾਲ ਜੰਗ ਕਰਨੀ ਜਰੂਰੀ ਸੀ। ਜੰਗ ਕਰਨ ਲਈ ਬਹਾਨਾ ਚਾਹੀਦਾ ਸੀ। ਇਹ ਬਹਾਨਾ ਦਿੱਤਾ ਮੁਲਤਾਨ ਦੀ ਬਗਾਵਤ ਨੇ। ਇਹ ਸੱਚ ਹੈ ਕਿ ਅੰਗਰੇਜ ਨੇ ਇਹ ਅਸੰਭਵ ਕੰਮ ਕਰ ਲਿਆ। ਖਾਲਸੇ ਨੂੰ ਹਰਾਕੇ ਇਸਨੂੰ ਵੱਸ ਕਰ ਲਿਆ, ਬਾਅਦ

ਵਿੱਚ ਇਸ ਨਾਲ ਦੋਸਤੀ ਪਾ ਲਈ। ਇਸਦੀ ਮਦਦ ਨਾਲ 1857 ਦੀ ਮਹਾਨ ਬਗਾਵਤ ਕੁਚਲ ਦਿੱਤੀ। ਵਿਸ਼ਵ ਯੁੱਧਾਂ ਵਿੱਚ ਖਾਲਸਾ ਸਿਪਾਹੀ ਉਸ ਨਾਲ ਯੂਰਪ ਦੇ ਠੰਡੇ ਮੈਦਾਨਾਂ, ਅਤੇ ਬਰਮਾ ਦੇ ਸੰਘਣੇ ਜੰਗਲਾਂ ਵਿੱਚ ਗਿਆ। ਉਸਦੇ ਦੁਸ਼ਮਣਾ ਦਾ ਨਾਸ ਕੀਤਾ। ਪਰ ਇਹ ਸਮਾ ਹਾਲੀ ਬਹੁਤ ਦੂਰ ਹੈ। ਸੋ ਵਰਤਮਾਨ ਵਿੱਚ ਆਈਏ।

ਸੋ ਜਦੋਂ ਬਗਾਵਤ ਦੀ ਇਹ ਅੱਗ ਪੰਜਾਬ ਵਿੱਚ ਫੈਲ ਰਹੀ ਸੀ, ਤਾਂ ਅੰਗਰੇਜ ਬੈਠਕੇ ਠੰਡੇ ਮੌਸਮ ਦੀ ਉਡੀਕ ਕਰ ਰਹੇ ਸਨ। ਰਾਣੀ ਜਿੰਦਾਂ ਨਾਲ ਜੋ ਸਲੂਕ ਅੰਗਰੇਜ ਰੈਜੀਡੈਂਟ ਨੇ ਕੀਤਾ, ਉਸਨੇ ਇਸ ਅੱਗ ਨੂੰ ਹਵਾ ਦੇਣ ਵਿੱਚ ਬਹੁਤ ਯੋਗਦਾਨ ਦਿੱਤਾ। ਸਿੱਖ ਸਰਕਾਰ ਦੀ ਸਹਿਮਤੀ ਤੋਂ ਬਗੈਰ ਹੀ ਉਸਤੇ ਸਿੱਖ ਫੌਜ ਨੂੰ ਭੜਕਾਉਣ ਦਾ ਇਲਜ਼ਾਮ ਲਾ ਕੇ ਪਹਿਲਾਂ ਉਸਨੂੰ ਸ਼ੇਖੂਪੁਰੇ ਦੇ ਕਿਲੇ ਵਿੱਚ ਨਜ਼ਰਬੰਦ ਕੀਤਾ, ਅਤੇ ਫਿਰ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ। ਜੋ ਰਾਣੀ ਕਰੋੜਾਂ ਨਾਲ ਖੇਡਦੀ ਸੀ ਉਸਨੂੰ ਮਾਤਰ ਇੱਕ ਹਜ਼ਾਰ ਰੁਪੱਈਆ ਸਲਾਨਾ ਪੈਨਸ਼ਨ ਨਸੀਬ ਹੋਈ।

ਰਾਣੀ ਨਾਲ ਹੋਏ ਸਲੂਕ ਦਾ ਜੋ ਅਸਰ ਸਿੱਖ ਸਿਪਾਹੀ ਦੇ ਮਨ ਤੇ ਹੋਇਆ ਉਸ ਤੋਂ ਰੈਜੀਡੈਂਟ ਵੀ ਬੇਖਬਰ ਨਹੀਂ ਸੀ। ਉਸਨੇ ਆਪਣੇ ਇੱਕ ਮਿੱਤਰ ਨੂੰ ਲਿਖੀ ਚਿੱਠੀ ਵਿੱਚ ਇਹ ਲਿਖਿਆ: 'ਰਾਣੀ ਦੇ ਦੇਸ਼ ਨਿਕਾਲੇ ਤੋਂ ਖਾਲਸਾ ਸਿਪਾਹੀ ਬਹੁਤ ਨਰਾਜ਼ ਹਨ। ਉਹ ਕਹਿੰਦੇ ਹਨ ਕਿ ਰਾਣੀ ਉਹਨਾ ਦੀ ਮਾਂ ਹੈ। ਹੁਣ ਜਦੋਂ ਕਿ ਉਹ ਇਥੇ ਨਹੀਂ ਅਤੇ ਬਾਲਕ ਦਲੀਪ ਸਿੰਘ ਅੰਗਰੇਜਾਂ ਦੇ ਹੱਥਾਂ ਵਿੱਚ ਹੈ, ਤਾਂ ਉਹ ਕਿਸ ਲਈ ਲੜਨ?'

ਰਾਣੀ ਜਿੰਦਾਂ ਨਾਲ ਹੋਏ ਸਲੂਕ ਤੋਂ ਸਿੱਖਾਂ ਦਾ ਪੁਰਾਣਾ ਦੁਸ਼ਮਣ ਕਾਬਲ ਦਾ ਬਾਦਸ਼ਾਹ ਦੋਸਤ ਮੁਹੰਮਦ ਤੱਕ ਨਰਾਜ਼ ਸੀ। ਪਿਸ਼ਾਵਰ ਵਿੱਚ ਕੈਪਟਨ ਐਬਟ ਨੂੰ ਲਿਖੀ ਇੱਕ ਚਿੱਠੀ ਵਿੱਚ ਉਸ ਇਹ ਕਿਹਾ: 'ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਦਿਨ ਬਦਿਨ ਹੋਰ ਤੜਕਦੇ ਜਾ ਰਹੇ ਹਨ। ਕਈਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਕਈਆਂ ਨੂੰ ਦੇਸ਼ ਨਿਕਾਲਾ ਦੇ ਕੇ ਪੰਜਾਬ ਤੋਂ ਬਾਹਰ ਭੇਜ ਦਿੱਤਾ ਗਿਆ। ਖਾਸ ਕਰਕੇ ਮਹਾਰਾਜੇ ਦਲੀਪ ਸਿੰਘ ਦੀ ਮਾਂ ਨਾਲ ਬਹੁਤ ਭੈੜਾ ਸਲੂਕ ਕੀਤਾ ਗਿਆ। ਉਸਨੂੰ ਕੈਦ ਕਰ ਦਿੱਤਾ ਗਿਆ। ਐਸੇ ਸਲੂਕ ਨੂੰ ਹਰ ਧਰਮ ਮਾੜਾ ਕਹਿੰਦਾ ਹੈ। ਐਸੀ ਬੇਜਤੀ ਸਹਿਣ ਨਾਲੋਂ ਤਾਂ ਮਰ ਜਾਣਾ ਬਿਹਤਰ ਹੈ'।

ਰੈਜੀਡੈਂਟ ਨੂੰ ਸਿੱਖ ਸਰਦਾਰਾਂ ਤੇ ਤਾਂ ਭਰੋਸਾ ਸੀ, ਪਰ ਸਿੱਖ ਸਿਪਾਹੀ ਤੇ ਬਿਲਕੁਲ ਨਹੀਂ। ਸਰਦਾਰਾਂ ਦਾ ਭਲਾ ਤਾਂ ਅੰਗਰੇਜਾਂ ਦੇ ਵਫਾਦਾਰ ਰਹਿਣ ਵਿੱਚ ਹੀ ਸੀ। ਉਹਨਾ ਨੂੰ ਆਪਣੀਆਂ ਸਰਦਾਰੀਆਂ ਅਤੇ ਜਗੀਰਾਂ ਖੁੱਸ ਜਾਣ ਦਾ ਡਰ ਜੋ ਸੀ।ਪਰ ਸਿੱਖ ਸਿਪਾਹੀ ਨੂੰ ਕਾਹਦਾ ਡਰ? ਉਸਦਾ ਕੰਮ ਤਾਂ ਮਰਨਾ ਜਾਂ ਮਾਰਨਾ ਸੀ।ਉਹ ਜਾਨ ਤਲੀ ਤੇ ਰੱਖਕੇ ਜਿਉਂਦਾ ਸੀ। ਉਹ ਕੇਵਲ ਆਪਣੇ ਗੁਰੂ ਅਤੇ ਖਾਲਸੇ ਦੀ ਸ਼ਾਨ ਲਈ ਜਿਉਂਦਾ ਸੀ। ਉਸਦੀ ਰਾਣੀ ਬੁਰੀ ਸੀ ਜਾਂ ਭਲੀ, ਅੰਗਰੇਜ ਨੂੰ ਇਸ ਨਾਲ ਕੀ? ਉਸਨੂੰ ਕੀ ਹੱਕ ਸੀ ਕਿ ਉਸਦੀ ਬੇਜਤੀ ਕਰੇ? ਉਸਨੂੰ ਦੇਸ਼ ਨਿਕਾਲਾ ਦੇ ਦਵੇ? ਸਿੱਖ ਸਿਪਾਹੀ ਨੂੰ ਇਹ ਵੀ ਡਰ ਸੀ ਕਿ ਅੰਗਰੇਜ ਉਸਦੇ ਮਹਾਰਾਜੇ ਨੂੰ ਇਸਾਈ ਬਣਾ ਲੈਣਗੇ-ਇਹ ਡਰ ਬਾਅਦ ਵਿੱਚ ਸੱਚ ਸਾਬਤ ਹੋਇਆ।

ਦੋ ਸਰਦਾਰ ਅਜਿਹੇ ਸਨ ਜੋ ਅੰਗਰੇਜਾਂ ਤੋਂ ਬਿਲਕੁਲ ਖੁਸ਼ ਨਹੀਂ ਸਨ। ਇਹ ਸਨ: ਸਰਦਾਰ ਚਤਰ ਸਿੰਘ ਅਟਾਰੀਵਾਲਾ ਅਤੇ ਉਸਦਾ ਪੁੱਤਰ ਸਰਦਾਰ ਸ਼ੇਰ ਸਿੰਘ। ਅਟਾਰੀਵਾਲੇ ਸਰਦਾਰ ਬੜੇ ਅਣਖੀ ਅਤੇ ਸ਼ਾਨੋ-ਸ਼ੌਕਤ ਵਾਲੇ ਸਨ। ਸ਼ਾਹੀ ਪਰਿਵਾਰ ਨਾਲ ਇਹਨਾ ਦੇ ਪੁਰਾਣੇ ਰਿਸ਼ਤੇ ਸਨ। ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਬੇਟੀ ਨਾਨਕੀ ਸ਼ੇਰੇ ਪੰਜਾਬ ਦੇ ਪੋਤਰੇ ਕੰਵਰ ਨੌਨਿਹਾਲ ਨਾਲ ਵਿਆਹੀ ਹੋਈ ਸੀ। ਸਰਦਾਰ ਚਤਰ ਸਿੰਘ ਦੀ ਬੇਟੀ ਦਾ ਰਿਸ਼ਤਾ ਮਹਾਰਾਜੇ ਦਲੀਪ ਸਿੰਘ ਨਾਲ ਕੀਤਾ ਗਿਆ ਸੀ। ਪਰ ਅਟਾਰੀਵਾਲੇ ਸਰਦਾਰਾਂ ਨੂੰ ਡਰ ਸੀ ਕਿ ਅੰਗਰੇਜ ਇਸ ਰਿਸ਼ਤੇ ਨੂੰ ਪਰਵਾਨ ਨਹੀਂ ਚੜਨ

ਦੇਣਗੇ। ਉਹਨਾ ਨੂੰ ਇਹ ਵੀ ਡਰ ਸੀ ਕਿ ਅੰਗਰੇਜ਼ ਦਲੀਪ ਸਿੰਘ ਦਾ ਰਾਜਭਾਗ ਖੋ ਲੈਣਗੇ, ਅਤੇ ਉਹਨਾ ਦੀ ਬੇਟੀ ਮਹਾਰਾਣੀ ਨਹੀਂ ਬਣ ਸਕੇਗੀ।

ਸਰਦਾਰ ਚਤਰ ਸਿੰਘ ਪਿਸ਼ਾਵਰ ਅਤੇ ਹਜ਼ਾਰੇ ਦੇ ਇਲਾਕੇ ਦਾ ਗਵੱਰਨਰ ਸੀ। ਉਥੋਂ ਦੀ ਸਾਰੀ ਖਾਲਸਾ ਫੌਜ ਉਸਦੀ ਕਮਾਨ ਵਿੱਚ ਸੀ। ਸਰਦਾਰ ਸ਼ੇਰ ਸਿੰਘ ਅਟਾਰੀਵਾਲਾ ਲਹੌਰ ਵਿੱਚ ਖਾਲਸਾ ਫੌਜ ਦਾ ਇੱਕ ਮਹੱਤਵਪੂਰਨ ਜਰਨੈਲ ਸੀ। ਇਹ ਦੋਵੇਂ ਸਰਦਾਰ ਰੀਜੰਸੀ ਕੌਂਸਲ ਦੇ ਮੈਂਬਰ ਵੀ ਸਨ। ਸ਼ੇਰ ਸਿੰਘ ਦਾ ਕਈ ਅੰਗਰੇਜ਼ੀ ਫੌਜੀ ਅਫਸਰਾਂ ਨਾਲ ਯਰਾਨਾ ਸੀ।

ਹੁਣ ਅੰਗਰੇਜ਼ ਰੀਜੰਟ ਕਰੀ ਦੇ ਹੁਕਮ ਨਾਲ ਜੋ ਖਾਲਸਾ ਫੌਜ ਮੁਲਤਾਨ ਭੇਜੀ ਗਈ, ਉਸਦਾ ਕਮਾਂਡਰ ਸ਼ੇਰ ਸਿੰਘ ਅਟਾਰੀਵਾਲਾ ਸੀ। ਇਸ ਫੌਜ ਨੇ ਮੁਲਤਾਨ ਵੱਲ ਆ ਰਹੀ ਲੈਫਟੀਨੈਂਟ ਹਰਬਰਟ ਐਡਵਰਡੀਜ਼ ਦੀ ਫੌਜ ਨਾਲ ਮਿਲਕੇ ਮੁਲਤਾਨ ਦੀ ਬਗਾਵਤ ਨੂੰ ਕੁਚਲਣਾ ਸੀ।

ਮੁਲਤਾਨ ਪਹੁੰਚਕੇ ਸ਼ੇਰ ਸਿੰਘ ਨੇ ਜ਼ੋਰ ਦੇ ਕੇ ਐਡਵਰਡੀਜ਼ ਕੋਲੋਂ ਰੈਜ਼ੀਡੈਂਟ ਨੂੰ ਇੱਕ ਚਿੱਠੀ ਲਿਖਵਾਈ। ਇਸ ਵਿੱਚ ਹੋਰ ਗੱਲਾਂ ਸਮੇਤ ਇਹ ਵੀ ਪੁੱਛਿਆ ਗਿਆ ਕਿ ਸ਼ੇਰ ਸਿੰਘ ਦੀ ਭੈਣ ਦੀ ਸ਼ਾਦੀ ਮਹਾਰਾਜੇ ਨਾਲ ਕਦੋਂ ਹੋਵੇਗੀ, ਕਿਉਂਕਿ ਸ਼ੇਰ ਸਿੰਘ ਰੈਜ਼ੀਡੈਂਟ ਦੇ ਮਨ ਦੀ ਟੋਹ ਲੈਣੀ ਚਾਹੁੰਦਾ ਸੀ।

ਰੈਜ਼ੀਡੈਂਟ ਨੇ ਇਸ ਚਿੱਠੀ ਦਾ ਐਡਵਰਡੀਜ਼ ਨੂੰ ਬੜਾ ਰੁੱਖਾ ਜਵਾਬ ਦਿੱਤਾ ਕਿ ਮਹਾਰਾਜੇ ਦੀ ਸ਼ਾਦੀ ਨਾਲ ਐਡਵਰਡੀਜ਼ ਨੂੰ ਕੀ ਮਤਲਬ? ਪਰ ਸ਼ੇਰ ਸਿੰਘ ਨੂੰ ਆਪਣੇ ਪ੍ਰਸ਼ਨ ਦਾ ਉੱਤਰ ਮਿਲ ਗਿਆ। ਉਸਦਾ ਮਨ ਅੰਗਰੇਜ਼ਾਂ ਵਲੋਂ ਖੱਟਾ ਹੋ ਗਿਆ। ਪਰ ਉਸਦੇ ਪਿਤਾ ਸਰਦਾਰ ਚਤਰ ਸਿੰਘ ਨਾਲ ਜੋ ਸਲੂਕ ਹੋਇਆ ਉਹ ਹੋਰ ਵੀ ਅਸਿਹ ਸੀ।

ਜਿਸ ਤਰਾਂ ਉੱਪਰ ਦੱਸਿਆ ਗਿਆ ਹੈ, ਸਰਦਾਰ ਚਤਰ ਸਿੰਘ ਅਟਾਰੀਵਾਲਾ ਪਿਸ਼ਾਵਰ ਅਤੇ ਹਜ਼ਾਰੇ ਦੇ ਇਲਾਕੇ ਦਾ ਗਵੱਰਨਰ ਸੀ। ਕੈਪਟਨ ਐਬਟ ਨਾਮ ਦਾ ਇੱਕ ਅੰਗਰੇਜ਼ ਅਫਸਰ ਵੀ ਇਥੇ ਤੈਨਾਤ ਸੀ। ਅਜਿਹੇ ਅੰਗਰੇਜ਼ ਅਫਸਰ ਹੋਰ ਇਲਾਕਿਆਂ ਵਿੱਚ ਵੀ ਤੈਨਾਤ ਸਨ। ਉਂਝ ਤਾਂ ਇਹਨਾ ਦਾ ਕੰਮ ਸੀ ਸਥਾਨਕ ਗਵੱਰਨਰਾਂ ਦੀ ਹਕੂਮਤ ਕਰਨ ਵਿੱਚ ਮਦਦ ਕਰਨਾ। ਪਰ ਇਹਨਾ ਅਫਸਰਾਂ ਦੀ ਵਫਾਦਾਰੀ ਸਿਰਫ ਰੈਜ਼ੀਡੈਂਟ ਨਾਲ ਸੀ, ਅਤੇ ਇਹ ਜ਼ਿਆਦਾਤਰ ਗਵੱਰਨਰ ਦੀ ਮਦਦ ਕਰਨਾ ਤਾਂ ਦੂਰ, ਸਗੋਂ ਉਸ ਲਈ ਸਿਰਦਰਦੀ ਹੀ ਸਾਬਤ ਹੁੰਦੇ।

ਐਬਟ ਚਤਰ ਸਿੰਘ ਨੂੰ ਕਠਪੁਤਲੀ ਬਣਾਕੇ ਆਪਣੀ ਮਨਮਰਜ਼ੀ ਕਰਨਾ ਚਾਹੁੰਦਾ ਸੀ, ਪਰ ਸਰਦਾਰ ਨੂੰ ਇਹ ਪਸੰਦ ਨਹੀਂ ਸੀ। ਇਸ ਲਈ ਐਬਟ ਅਤੇ ਅਟਾਰੀਵਾਲੇ ਦੇ ਸਬੰਧ ਕਾਫੀ ਵਿਗੜ ਗਏ ਸਨ। ਐਬਟ ਨੇ ਕਈ ਪਠਾਨ ਸਰਦਾਰਾਂ ਨਾਲ ਦੋਸਤੀ ਪਾ ਲਈ ਸੀ। ਸਰਦਾਰ ਨੂੰ ਸਬਕ ਸਿਖਾਉਣ ਲਈ ਉਸਨੇ ਪਠਾਨਾ ਨੂੰ ਭੜਕਾ ਕੇ ਉਸਦੇ ਵਿਰੁੱਧ ਕਰ ਦਿੱਤਾ।

ਪਿਸ਼ਾਵਰ ਤੋਂ ਥੋੜੀ ਹੀ ਦੂਰ ਉੱਤਰ ਵਿੱਚ ਹਰੀਪੁਰ ਦਾ ਕਿਲਾ ਸੀ। ਇਥੋਂ ਦਾ ਕਿਲੇਦਾਰ ਖਾਲਸਾ ਦਰਬਾਰ ਦਾ ਇੱਕ ਅਮਰੀਕਨ ਅਫਸਰ ਕਰਨਲ ਕਨੋਰਾ ਸੀ। ਭੜਕੇ ਹੋਏ ਪਠਾਨ ਹਰੀਪੁਰ ਤੇ ਹਮਲਾ ਕਰਨ ਲਈ ਉਥੇ ਜਮਾ ਹੋਣ ਲੱਗ ਪਏ। ਚਤਰ ਸਿੰਘ ਨੇ ਹਰੀਪੁਰ ਪਹੁੰਚਕੇ ਕਰਨਲ ਕਨੋਰੇ ਨੂੰ ਕਿਲਾ ਉਸਦੇ ਹਵਾਲੇ ਕਰਨ ਲਈ ਕਿਹਾ। ਕਨੋਰੇ ਨੇ ਕਿਹਾ ਕਿ ਉਹ ਕੈਪਟਨ ਐਬਟ ਦਾ ਹੁਕਮ ਮਿਲਣ ਤੇ ਹੀ ਕਿਲਾ ਉਸਦੇ ਹਵਾਲੇ ਕਰ ਸਕਦਾ ਹੈ।

ਸਰਦਾਰ ਚਤਰ ਸਿੰਘ ਨੂੰ ਗੁੱਸਾ ਆ ਗਿਆ। ਉਸਨੇ ਹਮਲਾ ਕਰਕੇ ਜਬਰਨ ਕਿਲੇ ਤੇ ਕਬਜ਼ਾ ਕਰ ਲਿਆ। ਜੋ ਮਮੂਲੀ ਜਿਹੀ ਲੜਾਈ ਹੋਈ, ਉਸ ਵਿੱਚ ਕਨੋਰਾ ਮਾਰਿਆ ਗਿਆ। ਐਬਟ ਨੇ ਲਹੌਰ ਰੈਜ਼ੀਡੈਂਟ ਨੂੰ ਚਿੱਠੀ ਲਿਖਕੇ ਚਤਰ ਸਿੰਘ ਦੀ ਸ਼ਕਾਇਤ ਕੀਤੀ। ਪਹਿਲਾਂ ਤਾਂ ਰੈਜ਼ੀਡੈਂਟ ਨੇ ਐਬਟ ਨੂੰ ਡਾਂਟਿਆ ਕਿ ਉਸਨੇ ਪਠਾਨਾ ਨੂੰ ਭੜਕਾਕੇ ਗਲਤੀ ਕੀਤੀ, ਅਤੇ ਚਤਰ ਸਿੰਘ ਨੇ ਜੋ ਕੀਤਾ ਠੀਕ ਕੀਤਾ।

ਪਰ ਫਿਰ ਉਸਨੇ ਕੈਪਟਨ ਜੌਹਨ ਨਿਕੋਲਸਨ ਨੂੰ ਤਫਤੀਸ਼ ਕਰਨ ਲਈ ਹਜ਼ਾਰੇ ਭੇਜਿਆ। ਨਿਕੋਲਸਨ ਨੇ ਆਪਣੀ ਰਿਪੋਟ ਵਿੱਚ ਚਤਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ। ਰੈਜੀਡੈਂਟ ਨੇ ਸਰਦਾਰ ਚਤਰ ਸਿੰਘ ਨੂੰ ਗਵੱਰਨਰੀ ਤੋਂ ਬਰਖਾਸਤ ਕਰ ਦਿੱਤਾ। ਚਤਰ ਸਿੰਘ ਲਈ ਇਸ ਅਪਮਾਨ ਨੂੰ ਸਹਿਣਾ ਬਹੁਤ ਮੁਸ਼ਕਿਲ ਸੀ। ਉਸਨੇ ਬਗਾਵਤ ਕਰ ਦਿੱਤੀ। ਉਸਨੇ ਅਫਗਾਨਿਸਤਾਨ ਦੇ ਬਾਦਸ਼ਾਹ ਦੋਸਤ ਮੁਹੰਮਦ ਨਾਲ ਉਸਦੇ ਭਰਾ ਸੁਲਤਾਨ ਮੁਹੰਮਦ ਰਾਹੀ ਦੋਸਤਾਨਾ ਸੰਧੀ ਦੀ ਗੱਲਬਾਤ ਚਲਾਈ। ਇਹ ਸੁਲਤਾਨ ਮੁਹੰਮਦ ਬੰਨੂੰ ਦਾ ਅਫਗਾਨ ਗਵੱਰਨਰ ਸੀ।

ਪਿਸ਼ਾਵਰ ਪਹਿਲਾਂ ਅਫਗਾਨਿਸਤਾਨ ਦੇ ਅਧੀਨ ਸੀ। ਖਾਲਸੇ ਨੇ ਆਪਣੀ ਤਲਵਾਰ ਦੀ ਤਾਕਤ ਨਾਲ ਇਸਨੂੰ ਆਪਣੇ ਅਧੀਨ ਕਰ ਲਿਆ ਸੀ। ਇਹ ਪਠਾਨੀ ਇਲਾਕਾ ਸੀ, ਇਸ ਲਈ ਇਸਦੇ ਖੁੱਸ ਜਾਣ ਦਾ ਦੋਸਤ ਮੁਹੰਮਦ ਨੂੰ ਬੜਾ ਰੰਜ ਸੀ। ਉਹ ਇਸਨੂੰ ਵਾਪਸ ਲੈਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ। ਉਸ ਕਿਹਾ ਕਿ ਜੇ ਚਤਰ ਸਿੰਘ ਪਿਸ਼ਾਵਰ ਉਸਦੇ ਹਵਾਲੇ ਕਰ ਦਵੇ ਤਾਂ ਉਹ ਜੰਗ ਵਿੱਚ ਖਾਲਸੇ ਦਾ ਸਾਥ ਦੇਣ ਲਈ ਤਿਆਰ ਹੈ। ਹੋਰ ਕੋਈ ਚਾਰਾ ਨਾ ਵੇਖਕੇ ਚਤਰ ਸਿੰਘ ਨੇ ਉਸਦੀ ਇਹ ਸ਼ਰਤ ਮੰਨ ਲਈ। ਚਤਰ ਸਿੰਘ ਨੇ ਜੰਮੂ ਕਸ਼ਮੀਰ ਦੇ ਰਾਜੇ ਗੁਲਾਬ ਸਿੰਘ ਨਾਲ ਵੀ ਸਹਾਇਤਾ ਦੀ ਗੱਲਬਾਤ ਚਲਾਈ, ਪਰ ਡੋਗਰਾ ਉਸ ਨਾਲ ਟਾਲ ਮਟੋਲ ਹੀ ਕਰਦਾ ਰਿਹਾ।

ਗੁਲਾਬ ਸਿੰਘ ਬਾਰੇ ਅੰਗਰੇਜਾਂ ਦੀ ਰਾਇ ਵੀ ਕੋਈ ਬਹੁਤ ਚੰਗੀ ਨਹੀਂ ਸੀ। ਸਿਰਫ ਆਪਣੇ ਆਪਣੇ ਮਤਲਬ ਦੀ ਪੂਰਤੀ ਲਈ ਹੀ ਅੰਗਰੇਜ ਅਤੇ ਡੋਗਰਾ ਮਿੱਤਰ ਬਣ ਗਏ ਸਨ। ਗੁਲਾਬ ਸਿੰਘ ਦੇ ਚਰਿਤਰ ਤੇ ਇੱਕ ਅੰਗਰੇਜ ਨੇ ਕਾਫੀ ਲੰਮੀ ਟਿੱਪਣੀ ਕੀਤੀ ਹੈ, ਜਿਸਦਾ ਨਿਚੋੜ ਇਹ ਹੈ ਕਿ 'ਉਹ ਬਿੱਲੀ ਵਾਂਗ ਚਲਾਕ ਅਤੇ ਸ਼ੇਰ ਵਾਂਗ ਹਿੰਸਕ ਸੀ। ਜਦੋਂ ਦੁਸ਼ਮਣ ਉਸਤੋਂ ਤਾਕਤਵਰ ਹੁੰਦਾ ਤਾਂ ਉਹ ਬਿੱਲੀ ਵਾਲੀ ਚਲਾਕੀ ਤੋਂ ਕੰਮ ਲੈਂਦਾ। ਉਸਦਾ ਦੋਸਤ ਬਣ ਜਾਂਦਾ। ਜਦੋਂ ਦੁਸ਼ਮਣ ਕੰਮਜੋਰ ਹੁੰਦਾ ਤਾਂ ਸ਼ੇਰ ਵਾਂਗ ਉਸਨੂੰ ਚੀਰ ਦਿੰਦਾ। ਉਹ ਕਿਸੇ ਨਾਲ ਦੋਸਤੀ ਦੀ ਜੱਫੀ ਪਾ ਕੇ ਉਸਦੀ ਵੱਖੀ ਵਿੱਚ ਛੁਰੀ ਮਾਰ ਸਕਣ ਦੇ ਪੂਰਾ ਕਾਬਲ ਸੀ'।

ਖੈਰ ਜਦੋਂ ਲੈਫਟੀਨੈਂਟ ਹਰਬਰਟ ਐਡਵਰਡੀਜ ਨੂੰ ਵਾਂਸ ਐਗਨਿਊ ਦੀ ਮੁਲਤਾਨ ਵਾਲੀ ਚਿੱਠੀ ਮਿਲੀ ਤਾਂ ਉਹ ਡੇਰਾ ਫਤਹਿ ਖਾਨ ਦੇ ਸਥਾਨ ਤੇ ਸੀ। ਇਹ ਸਥਾਨ ਦਰਿਆ ਸਿੰਧ ਦੇ ਸੱਜੇ ਕਿਨਾਰੇ ਤੇ ਡੇਰਾ ਇਸਮਾਈਲ ਖਾਨ ਅਤੇ ਡੇਰਾ ਗਾਜ਼ੀ ਖਾਨ ਦੇ ਵਿਚਕਾਰ ਸਥਿਤ ਹੈ। ਇਸਦੇ ਸਾਹਮਣੇ ਦਰਿਆ ਦੇ ਦੂਸਰੇ ਕਿਨਾਰੇ ਤੇ ਲੀਹਾ ਹੈ। ਹਰਬਰਟ ਐਡਵਰਡੀਜ ਦਾ ਫੌਜੀ ਰੈਂਕ ਤਾਂ ਮਾਤਰ ਲੈਫਟੀਨੈਂਟ ਸੀ, ਜੋ ਫੌਜ ਦਾ ਸਭਤੋਂ ਛੋਟਾ ਰੈਂਕ ਹੁੰਦਾ ਹੈ, ਪਰ ਫੌਜੀ ਸੂਝ ਉਸ ਵਿੱਚ ਜਰਨੈਲਾਂ ਵਾਲੀ ਸੀ। ਉਹ ਬੜਾ ਦਲੇਰ, ਹਿੰਮਤੀ ਅਤੇ ਮੌਕੇ ਦਾ ਪੂਰਾ ਫਾਇਦਾ ਉਠਾਉਣ ਵਾਲਾ ਬੰਦਾ ਸੀ।

ਡੇਰਾ ਜਾਟ ਦੇ ਜਿਸ ਇਲਾਕੇ ਵਿੱਚ ਉਹ ਤੈਨਾਤ ਸੀ, ਉਥੋਂ ਦਾ ਗਵੱਰਨਰ ਲਹੌਰ ਦਰਬਾਰ ਦਾ ਇੱਕ ਫਰਾਂਸੀਸੀ ਅਫਸਰ, ਜਨਰਲ ਵੈਨ ਕੋਰਟਲੈਂਡ ਸੀ। ਐਡਵਰਡੀਜ ਨਾਲ ਉਸਦੀ ਕਾਫੀ ਮਿੱਤਰਤਾ ਸੀ। ਐਡਵਰਡੀਜ ਨੇ ਉਸਨੂੰ ਆਪਣੀ ਫੌਜ ਲੈ ਕੇ ਆਪਣੇ ਨਾਲ ਮਿਲਣ ਦੀ ਬੇਨਤੀ ਕੀਤੀ। ਐਡਵਰਡੀਜ ਨਾਲ ਉਸਦੇ ਦੋ ਭਰੋਸੇਮੰਦ ਪਠਾਨ ਦੋਸਤ ਫੌਜਦਾਰ ਖਾਨ ਅਤੇ ਫਤਹਿ ਖਾਨ ਸਨ। ਡੇਰਾ ਜਾਟ ਦੇ ਪਠਾਨ ਕਬੀਲਿਆਂ ਦੇ ਸਰਦਾਰਾਂ ਵਿੱਚ ਇਹਨਾ ਦਾ ਬੜਾ ਅਸਰ-ਰਸੂਖ ਸੀ।

ਹੁਣ ਐਡਵਰਡੀਜ ਨੇ ਇਹਨਾ ਪਠਾਨ ਮਿੱਤਰਾਂ ਦੀ ਸਹਾਇਤਾ ਨਾਲ ਪਠਾਨ ਨੌਜਵਾਨਾ ਨੂੰ ਭਰਤੀ ਕਰਕੇ ਇੱਕ ਫੌਜ ਤਿਆਰ ਕਰ ਲਈ। ਪਠਾਨ ਸੁਭਾਅ ਤੋਂ ਹੀ ਲੜਾਕੂ ਅਤੇ ਖੂੰਖਾਰ ਹੁੰਦੇ ਹਨ। ਲਗਭਗ ਹਰ ਪਠਾਨ ਕੋਲ ਆਪਣੀ ਬੰਦੂਕ ਅਤੇ ਘੋੜਾ ਹੁੰਦਾ ਹੈ। ਘੋੜ ਸਵਾਰੀ ਅਤੇ ਬੰਦੂਕ ਚਲਾਉਣਾ ਹਰ ਪਠਾਨ ਨੂੰ ਬਚਪਨ ਤੋਂ ਹੀ ਸਿਖਾ ਦਿੱਤਾ ਜਾਂਦਾ ਹੈ। ਇਸ ਸਰਹੱਦੀ ਇਲਾਕੇ ਵਿੱਚ ਜਿਸਦੀ ਲਾਠੀ ਉਸਦੀ ਭੈਂਸ ਵਾਲਾ ਕਨੂੰਨ ਸੀ ਅਤੇ ਹੁਣ ਵੀ ਹੈ- ਅਜੋਕੇ ਸਮੇ ਵਿੱਚ ਵੀ ਇਸ ਇਲਾਕੇ ਵਿੱਚ ਪਾਕਿਸਤਾਨ

ਗੌਰਮਿੰਟ ਦਾ ਨਹੀਂ ਸਗੋਂ ਪਠਾਨਾ ਦਾ ਆਪਣਾ ਕਨੂੰਨ ਚਲਦਾ ਹੈ। ਇਹ ਪਠਾਨ ਸਨ ਜੋ ਹੁਣ ਐਡਵਰਡੀਜ ਨੇ ਆਪਣੀ ਫੌਜ ਵਿਚ ਭਰਤੀ ਕੀਤੇ।

ਐਡਵਰਡੀਜ ਨੇ ਬਹਾਵਲਪੁਰ ਦੇ ਨਵਾਬ ਬਹਾਵਲ ਖਾਨ ਨੂੰ ਚਿੱਠੀ ਲਿਖੀ ਕਿ ਉਹ ਆਪਣੀ ਫੌਜ ਨਾਲ ਮੁਲਤਾਨ ਲਈ ਰਵਾਨਾ ਹੋ ਜਾਏ, ਅਤੇ ਨਾਲ ਹੀ ਉਸਨੇ ਰੀਜੰਟ ਨੂੰ ਚਿੱਠੀ ਲਿਖੀ ਕਿ ਉਹ ਬਹਾਵਲਪੁਰੀ ਫੌਜ ਦੀ ਅਗਵਾਈ ਲਈ ਲਹੌਰ ਤੋਂ ਕੋਈ ਯੋਗ ਅੰਗਰੇਜ ਅਫਸਰ ਬਹਾਵਲਪੁਰ ਭੇਜੇ।

ਜਨਰਲ ਕੋਰਟਲੈਂਡ ਅਤੇ ਐਡਵਰਡੀਜ ਦੇ ਮਿੱਤਰ ਜਾਂ ਸੇਵਕ ਫੌਜਦਾਰ ਖਾਨ ਬਾਰੇ ਕੁਝ ਸ਼ਬਦ: ਕੋਰਟਲੈਂਡ ਬੜਾ ਅਨੁਭਵੀ ਫਰਾਂਸੀਸੀ ਅਫਸਰ ਸੀ, ਜੋ ਕਦੀ ਨਪੋਲੀਅਨ ਦੀ ਫੌਜ ਵਿੱਚ ਸਰਵਿਸ ਕਰਦਾ ਸੀ। ਨਪੋਲੀਅਨ ਦੀ ਹਾਰ ਤੋਂ ਬਾਅਦ ਉਹ ਪੰਜਾਬ ਆ ਗਿਆ। ਰਣਜੀਤ ਸਿੰਘ ਨੇ ਇਸਨੂੰ ਆਪਣੀ ਫੌਜ ਵਿੱਚ ਸ਼ਾਮਲ ਕਰ ਲਿਆ। ਆਪਣੀ ਯੋਗਤਾ ਕਾਰਨ ਇਹ ਜਰਨੈਲ ਦੇ ਰੈਂਕ ਤੱਕ ਪਹੁੰਚ ਗਿਆ। ਕਈ ਹੋਰ ਸੇਵਾਵਾਂ ਕਰਨ ਤੋਂ ਬਾਅਦ ਇਸ ਸਮੇ ਇਹ ਡੇਰਾ ਜਾਟ ਦੇ ਸਰਹੱਦੀ ਇਲਾਕੇ ਦਾ ਗਵੱਰਨਰ ਸੀ। ਕਈ ਸਾਲ ਪੰਜਾਬ ਵਿੱਚ ਰਹਿਣ ਕਾਰਨ ਸਿੱਖਾਂ ਦੇ ਸੁਭਾਅ ਅਤੇ ਆਦਤਾਂ ਤੋਂ ਉਹ ਪੂਰਾ ਜਾਣੂ ਸੀ। ਉਹ ਪੰਜਾਬੀਆਂ ਦੀ ਨਸ ਨਸ ਨੂੰ ਜਾਣਦਾ ਸੀ। ਡੇਰਾ ਜਾਟ ਅਤੇ ਮੁਲਤਾਨ ਵਿੱਚ ਜੋ ਸਫਲਤਾ ਐਡਵਰਡੀਜ ਨੇ ਹਾਸਲ ਕੀਤੀ, ਉਸ ਵਿੱਚ ਵੈਨ ਕੋਰਟਲੈਂਡ ਦਾ ਬੜਾ ਵੱਡਾ ਯੋਗਦਾਨ ਸੀ।

ਫੌਜਦਾਰ ਖਾਨ ਡੇਰਾ ਜਾਟ ਦਾ ਇੱਕ ਪਠਾਨ ਸੀ। ਉਹ ਐਡਵਰਡੀਜ ਦਾ ਨੌਕਰ ਘੱਟ ਅਤੇ ਮਿੱਤਰ ਅਤੇ ਸਲਾਹਕਾਰ ਵਧੇਰੇ ਸੀ। ਇਸ ਇਲਾਕੇ ਦਾ ਵਾਸੀ ਹੋਣ ਕਾਰਨ ਉਹ ਇਥੋਂ ਦੇ ਭੂਗੋਲ, ਵਸਨੀਕਾਂ ਅਤੇ ਸਾਧਨਾ ਤੋਂ ਚੰਗੀ ਤਰਾਂ ਵਾਕਿਫ ਸੀ। ਐਡਵਰਡੀਜ ਨੂੰ ਇਸਦੀ ਮਿੱਤਰਤਾ, ਵਫਾਦਾਰੀ ਅਤੇ ਸਮਝਦਾਰੀ ਤੇ ਪੂਰਾ ਭਰੋਸਾ ਸੀ। ਉਹ ਆਪਣੇ ਦਿਲ ਦੀ ਹਰ ਗੱਲ, ਹਰ ਯੋਜਨਾ ਬਾਰੇ ਉਸਨੂੰ ਦੱਸ ਦਿੰਦਾ ਸੀ। ਫੌਜਦਾਰ ਖਾਨ ਨਿਰਮਾਣਤਾ ਅਤੇ ਤੇਜ ਬੁੱਧੀ ਦਾ ਬੇਮਿਸਾਲ ਮਿਸ਼ਰਣ ਸੀ।

ਉਹ ਐਡਵਰਡੀਜ ਦੀ ਹਰ ਯੋਜਨਾ ਨੂੰ ਪੂਰੇ ਧਿਆਨ ਨਾਲ ਸੁਣਦਾ ਅਤੇ ਇਹ ਕਹਿੰਦਾ ਕਿ ਤੇਰੀ ਯੋਜਨਾ ਕਮਾਲ ਦੀ ਹੈ, ਪਰ ਇਸ ਵਿੱਚ ਇੱਕ ਛੋਟੀ ਜਿਹੀ ਕਮੀ ਹੈ। ਇਸਤੋਂ ਬਾਅਦ ਉਹ ਇੱਕ ਇੱਕ ਕਰਕੇ ਯੋਜਨਾ ਵਿੱਚ ਏਨੀਆਂ ਤਰੁਟੀਆਂ ਲੱਭ ਲੈਂਦਾ, ਅਤੇ ਉਹਨਾ ਨੂੰ ਦੂਰ ਕਰਨ ਦੇ ਏਨੇ ਸੁਝਾਅ ਦਿੰਦਾ, ਕਿ ਮੁਢਲੀ ਯੋਜਨਾ ਖੇਰੂ ਖੇਰੂ ਹੋ ਜਾਂਦੀ, ਪਰ ਇਸਦੀ ਜਗ੍ਹਾ ਜੋ ਨਵੀਂ ਯੋਜਨਾ ਸਾਹਮਣੇ ਆਉਂਦੀ ਉਹ ਕਿਤੇ ਬਿਹਤਰ ਹੁੰਦੀ। ਫੌਜਦਾਰ ਖਾਨ ਯੋਜਨਾਵਾਂ ਬਨਾਉਣ ਵਿੱਚ ਹੀ ਨਹੀਂ, ਉਹਨਾ ਨੂੰ ਸਿਰੇ ਚੜਾਉਣ ਵਿੱਚ ਵੀ ਮਾਹਿਰ ਸੀ। ਐਡਵਰਡੀਜ ਦੀ ਸਫਲਤਾ ਵਿੱਚ ਇਸਦਾ ਬੜਾ ਵੱਡਾ ਹੱਥ ਸੀ।

ਜਦੋਂ ਡੇਰਾ ਜਾਟ ਵਿੱਚ ਬੈਠਾ ਐਡਵਰਡੀਜ ਮੁਲਤਾਨ ਤੇ ਹਮਲਾ ਕਰਨ ਦੀਆਂ ਇਹ ਯੋਜਨਾਵਾਂ ਬਣਾ ਰਿਹਾ ਸੀ, ਤਾਂ ਲਹੌਰ ਅਤੇ ਕਲਕੱਤੇ ਵਿੱਚ ਬੈਠੇ ਉਸਦੇ ਮਾਲਕਾਂ ਨੇ ਇਹ ਫੈਸਲਾ ਕੀਤਾ ਕਿ ਅੰਗਰੇਜੀ ਸੈਨਾ ਦੇ ਮੁਲਤਾਨ ਤੇ ਹਮਲਾ ਕਰਨ ਦਾ ਸਮਾ ਯੋਗ ਨਹੀਂ ਸੀ। ਲਾਰਡ ਡਲਹੌਜੀ ਨੇ ਕੰਪਨੀ ਨੂੰ ਲਿਖੀ ਇੱਕ ਰਿਪੋਟ ਵਿੱਚ ਹਮਲਾ ਨਾ ਕਰਨ ਦਾ ਮੁੱਖ ਕਾਰਨ ਮੌਸਮ ਦਾ ਠੀਕ ਨਾ ਹੋਣਾ ਲਿਖਿਆ, ਅਤੇ ਇਹ ਵੀ ਕਿਹਾ: 'ਇਸ ਲਈ ਅਸਾਂ ਇਹ ਫੈਸਲਾ ਕੀਤਾ ਹੈ ਕਿ ਹਾਲ ਦੇ ਸਮੇ ਕੋਈ ਕਾਰਵਾਈ ਨਾ ਕੀਤੀ ਜਾਏ। ਪਰ ਅਸੀਂ ਉਹ ਸਾਰੀਆਂ ਤਿਆਰੀਆਂ ਕਰਦੇ ਰਹਾਂਗੇ ਜੋ ਜੰਗ ਲਈ ਜਰੂਰੀ ਹਨ, ਤਾਂਕਿ ਜਿਉਂ ਹੀ ਮੌਸਮ ਅਨੁਕੂਲ ਹੋ ਜਾਏ, ਅਸੀ ਉਹ ਕਾਰਵਾਈ ਕਰ ਸਕਿਏ ਜੋ ਮੂਲਰਾਜ ਦੀ ਬਗਾਵਤ ਲਈ ਨੂੰ ਕੁਚਲਣ ਲਈ ਜਰੂਰੀ ਹੈ, ਅਤੇ ਆਪਣੇ ਅਫਸਰਾਂ ਦੇ ਕਤਲ ਦਾ ਬਦਲਾ ਲੈ ਸਕੀਏ, ਜੋ ਲਹੌਰ ਦੇ ਮਹਾਰਾਜੇ ਦੇ ਅਫਸਰਾਂ ਦੇ ਧ੍ਰੋਹ ਅਤੇ ਨਲਾਇਕੀ ਕਾਰਨ ਹੋਏ'।

ਐਡਵਰਡੀਜ ਇੰਤਜਾਰ ਕਰਨ ਵਾਲਿਆਂ ਵਿੱਚੋਂ ਨਹੀਂ ਸੀ। ਉਸ ਡੇਰਾ ਫਤਿਹ ਖਾਨ ਵਿੱਚ ਆਪਣੀ

ਫੌਜ ਜਮਾ ਕੀਤੀ, ਅਤੇ ਸਿੰਧ ਪਾਰ ਕਰਨ ਦੀ ਤਿਆਰੀ ਕਰਨ ਲੱਗਾ। ਇਥੇ 7 ਮਈ 1848 ਨੂੰ ਉਸਨੂੰ ਲਹੌਰ ਤੋਂ ਰੈਜੀਡੈਂਟ ਦੀ ਇੱਕ ਚਿੱਠੀ ਮਿਲੀ। ਇਸ ਵਿੱਚ ਉਸਨੂੰ ਇਹ ਹਦਾਇਤ ਦਿੱਤੀ ਗਈ ਕਿ ਉਹ ਡੇਰਾ ਜਾਟ ਵਿੱਚ ਹੀ ਰਹੇ। ਚਿੱਠੀ ਵਿੱਚ ਉਸਨੂੰ ਇਹ ਸੂਚਨਾ ਵੀ ਦਿੱਤੀ ਗਈ ਕਿ ਚਾਰ ਹੋਰ ਫੌਜਾਂ ਵੀ ਮੁਲਤਾਨ ਲਈ ਰਵਾਨਾ ਹੋ ਚੁੱਕੀਆਂ ਸਨ। ਅਗਲੀ ਕਾਰਵਾਈ ਓਹਨਾ ਦੇ ਪਾਹੁੰਚਣ ਤੇ ਹੀ ਕੀਤੀ ਜਾਣੀ ਸੀ। ਇਹ ਚਾਰ ਫੌਜਾਂ ਇਹ ਸਨ:

1. ਲਹੌਰ ਤੋਂ 5000 ਸਿੱਖ ਫੌਜ, ਜੋ ਸਰਦਾਰ ਸ਼ੇਰ ਸਿੰਘ ਦੀ ਕਮਾਨ ਅਧੀਨ ਸੀ। ਸ਼ੇਰ ਸਿੰਘ ਨਾਲ ਦੋ ਸਰਦਾਰ ਹੋਰ ਸਨ, ਸ਼ਮਸ਼ੇਰ ਸਿੰਘ ਅਤੇ ਅਤਰ ਸਿੰਘ। ਇਹ ਤਿੰਨੇ ਸਰਦਾਰ ਅੱਠ ਮੈਂਬਰ ਰੀਜੰਸੀ ਕੌਂਸਲ ਦੇ ਮੈਂਬਰ ਵੀ ਸਨ। ਇਸ ਫੌਜ ਨੇ ਰਾਵੀ ਦੇ ਕਿਨਾਰੇ ਚਲਦੇ ਹੋਏ ਤੁਲੰਬਾ ਪਹੁੰਚਣਾ ਸੀ।

2. ਉੱਤਰ ਵੱਲੋਂ ਸਿੰਧ ਸਾਗਰ ਦੁਆਬ ਰਾਹੀਂ ਆਉਂਦੀ ਹੋਈ ਸਿੱਖ ਅਤੇ ਮੁਸਲਮਾਨ ਸੈਨਿਕਾਂ ਦੀ ਫੌਜ। ਇਸਦਾ ਕਮਾਂਡਰ ਜਵਾਹਰ ਮੱਲ ਸੀ। ਇਸ ਫੌਜ ਨੇ ਮਨਖੇੜਾ ਹੁੰਦੇ ਹੋਏ ਮੁਲਤਾਨ ਪਾਹੁੰਚਣਾ ਸੀ।

3. ਸ਼ੇਖ ਇਮਾਮੋਦੀਨ ਅਧੀਨ ਸਿੱਖ ਅਤੇ ਮੁਸਲਮਾਨ ਸੈਨਿਕਾਂ ਦੀ ਮਿਲੀ ਜੁਲੀ ਫੌਜ। ਇਹ ਉਹੋ ਸ਼ੇਖ ਸੀ ਜਿਸਨੇ ਲਾਲ ਸਿੰਘ ਦੇ ਕਹਿਣ ਤੇ ਕਸ਼ਮੀਰ ਦਾ ਕਬਜ਼ਾ ਗੁਲਾਬ ਸਿੰਘ ਨੂੰ ਦੇਣ ਤੋਂ ਇੰਨਕਾਰ ਕੀਤਾ ਸੀ। ਪਰ ਹੁਣ ਇਹ ਅੰਗਰੇਜਾਂ ਦਾ ਸਿਤਾਰਾ ਬੁਲੰਦ ਹੋਣ ਕਰਕੇ ਉਹਨਾ ਦਾ ਵਫਾਦਾਰ ਬਣ ਗਿਆ ਸੀ। ਸ਼ੇਖ ਦੀ ਫੌਜ ਨੇ ਦਰਿਆ ਸਤਲੁਜ ਦੇ ਉੱਤਰੀ ਕਿਨਾਰੇ ਦੇ ਨਾਲ ਚਲਦੇ ਹੋਏ ਮੇਲਸੀ ਪਹੁੰਚਣਾ ਸੀ।

4. ਬਹਾਵਲਪੁਰ ਫੌਜ। ਇਸ ਫੌਜ ਨੂੰ ਸਤਲੁਜ ਪਾਰ ਕਰਕੇ ਮੁਲਤਾਨ ਪਾਹੁੰਚਣ ਤੋਂ ਪਹਿਲਾਂ ਮੇਲਸੀ ਵਿੱਚ ਸ਼ੇਖ ਇਮਾਮੋਦੀਨ ਦੀ ਫੌਜ ਨਾਲ ਮਿਲਾਪ ਕਰਨਾ ਸੀ।

ਸੋ ਐਡਵਰਡੀਜ ਨੂੰ ਡੇਰਾ ਜਾਟ ਵਿੱਚ ਹੀ ਬਣੇ ਰਹਿਣ ਦਾ ਹੁਕਮ ਮਿਲਿਆ। ਸਕੀਮ ਇਹ ਸੀ ਕਿ ਇਹ ਪੰਜੇ ਫੌਜਾਂ ਮਿਲਕੇ ਮੁਲਤਾਨ ਤੇ ਧਾਵਾ ਬੋਲਣਗੀਆਂ। ਪਰ ਇਹ ਸਕੀਮ ਸਿਰੇ ਨਾ ਚੜੀ, ਕਿਉਂਕਿ ਇਹਨਾ ਫੌਜਾਂ ਨੇ ਮੁਲਤਾਨ ਪਾਹੁੰਚਣ ਵਿੱਚ ਆਸ ਤੋਂ ਕਿਤੇ ਵੱਧ ਸਮਾ ਲਿਆ।

ਇਹ ਇੰਤਜਾਰ ਦਾ ਸਮਾ ਲੈਫਟੀਨੈਂਟ ਐਡਵਰਡੀਜ ਨੇ ਡੇਰਾ ਜਾਟ ਦੇ ਇੱਕ ਮਹੱਤਵਪੂਰਨ ਕਿਲੇ, ਮੰਗਰੋਟਾ ਨੂੰ ਫਤਿਹ ਕਰਨ ਵਿੱਚ ਬਤੀਤ ਕੀਤਾ। ਇਸ ਕਿਲੇ ਤੇ ਮੂਲਰਾਜ ਦੇ ਇੱਕ ਜਰਨੈਲ ਚੇਤਨ ਮੱਲ ਦਾ ਕਬਜ਼ਾ ਸੀ। ਆਸ ਪਾਸ ਦੇ ਇਲਾਕੇ ਵਿੱਚ ਖੁਸਰਾਨੀ ਪਠਾਨ ਰਹਿੰਦੇ ਸਨ। ਐਡਵਰਡੀਜ ਨੇ ਪਠਾਨਾ ਨੂੰ ਉਕਸਾਅ ਕੇ ਕਿਲੇ ਤੇ ਹਮਲਾ ਕਰਵਾ ਦਿੱਤਾ। ਚੇਤਨ ਮੱਲ ਨੇ ਕਿਲਾ ਛੱਡ ਜਾਣ ਵਿੱਚ ਹੀ ਭਲਾਈ ਸਮਝੀ। ਉਹ ਕਿਲਾ ਖਾਲੀ ਕਰਕੇ ਡੇਰਾ ਗਾਜ਼ੀ ਖਾਨ ਆ ਗਿਆ, ਜਿੱਥੇ ਉਸਦਾ ਭਤੀਜਾ ਲੰਙਾ ਮੱਲ ਕਿਲੇਦਾਰ ਸੀ। ਮੰਗਰੋਟੇ ਦੇ ਕਿਲੇ ਨੂੰ ਖੁਸਰਾਨੀ ਸਰਦਾਰ ਮਿਤਕਾ ਖਾਨ ਦੇ ਹਵਾਲੇ ਕਰਕੇ ਐਡਵਰਡੀਜ ਫਿਰ ਸਿੰਧ ਦੇ ਕਿਨਾਰੇ ਡੇਰਾ ਫਤਿਹ ਖਾਨ ਆ ਗਿਆ।

ਮੰਗਰੋਟੇ ਦਾ ਕਿਲਾ ਕਬਜ਼ੇ ਵਿੱਚ ਆ ਜਾਣ ਕਰਕੇ ਐਡਵਰਡੀਜ ਦੀ ਤਾਕਤ ਵਿੱਚ ਕਾਫੀ ਵਾਧਾ ਹੋ ਗਿਆ। ਜਨਰਲ ਵੈਨ ਕੋਰਟਲੈਂਡ ਵੀ ਆਪਣੀ ਸੈਨਾ ਲੈ ਕੇ ਉਸ ਨਾਲ ਆਣ ਮਿਲਿਆ। ਹੁਣ ਉਹ ਫੌਜੀ ਕਾਰਵਾਈਆਂ ਕਰਨ ਲਈ ਹੋਰ ਅਜ਼ਾਦ ਹੋ ਗਿਆ।

ਐਡਵਰਡੀਜ ਨੇ ਲੀਹਾ ਦੇ ਸਥਾਨ ਤੇ ਇੱਕ ਫੌਜੀ ਚੌਕੀ ਕਾਇਮ ਕਰ ਲਈ। ਇਸ ਵਿੱਚ 100 ਪਠਾਨ ਸਨ। 15 ਮਈ ਨੂੰ ਇਸ ਚੌਕੀ ਤੇ ਮੂਲਰਾਜ ਦੇ 400 ਸੈਨਿਕਾਂ ਨੇ ਹਮਲਾ ਕਰ ਦਿੱਤਾ। ਪਰ ਇਹਨਾ ਪਠਾਨਾ ਨੇ ਉਹਨਾ ਨੂੰ ਪੂਰੀ ਤਰਾਂ ਹਰਾ ਦਿੱਤਾ। ਕੁਝ ਕੈਦੀ ਬਣਾ ਲਏ, ਅਤੇ ਕੁਝ ਤੋਪਾਂ ਵੀ ਕਾਬੂ ਵਿੱਚ ਕਰ ਲਈਆਂ।

ਐਡਵਰਡੀਜ ਨੂੰ ਖਬਰ ਮਿਲੀ ਕਿ ਮੂਲਰਾਜ ਦੀ ਇੱਕ ਸੈਨਾ ਡੇਰਾ ਦੀਨ ਪਨਾਹ ਵੱਲ ਵਧ ਰਹੀ ਹੈ। ਇਸ ਫੌਜ ਵਿੱਚ ਕੋਈ 6000 ਸੈਨਿਕ ਅਤੇ 15 ਤੋਪਾਂ ਸਨ। ਐਡਵਰਡੀਜ ਦੀ ਵੈਨ ਕੋਰਟਲੈਂਡ ਨਾਲ ਡੇਰਾ ਦੀਨ ਪਨਾਹ ਦੇ ਸਾਹਮਣੇ ਆ ਗਿਆ। ਉਸ ਕੋਲ 2000 ਸੈਨਿਕ ਅਤੇ 4 ਤੋਪਾਂ ਸਨ। ਵੈਨ ਕੋਰਟਲੈਂਡ ਕੋਲ 1500 ਸੈਨਿਕ ਅਤੇ 6 ਤੋਪਾਂ ਸਨ। ਇਸ ਤਰਾਂ ਮੂਲਰਾਜ ਦੀ ਸੈਨਾ ਨੇ ਸਿੰਧ ਦਾ ਪੂਰਬੀ ਅਤੇ ਐਡਵਰਡੀਜ ਦੀ ਸੈਨਾ ਨੇ ਪੱਛਮੀ ਕਿਨਾਰਾ ਮੱਲ ਲਿਆ।

ਡੇਰਾ ਦੀਨ ਪਨਾਹ ਦੇ ਦੱਖਣ ਵਿੱਚ ਡੇਰਾ ਗਾਜ਼ੀ ਖਾਨ ਹੈ। ਇਥੇ ਚੇਤਨ ਮੱਲ ਅਤੇ ਲੌਂਜਾ ਮੱਲ ਕਿਲੇ ਨੂੰ ਮੱਲ ਕੇ ਬੈਠੇ ਸਨ। ਇਸ ਕਿਲੇ ਦੇ ਆਸ ਪਾਸ ਖੋਸਾ ਕਬੀਲੇ ਦੇ ਬਲੋਚ ਰਹਿੰਦੇ ਸਨ। ਇਥੇ ਹੀ ਰਹਿੰਦੇ ਲਘਾਰੀ ਕਬੀਲੇ ਨਾਲ ਇਹਨਾ ਦੀ ਪੁਰਾਣੀ ਦੁਸ਼ਮਣੀ ਸੀ। ਚੇਤਨ ਮੱਲ ਦੇ ਜਿਆਦਾਤਰ ਸੈਨਿਕ ਲਘਾਰੀ ਕਬੀਲੇ ਦੇ ਸਨ। ਖੋਸਿਆਂ ਦੇ ਸਰਦਾਰ ਹੈਦਰ ਖਾਨ ਦੀ ਐਡਵਰਡੀਜ ਨਾਲ ਦੋਸਤੀ ਸੀ।


ਐਡਵਰਡੀਜ ਨੇ ਹੈਦਰ ਖਾਨ ਨੂੰ ਕਿਲੇ ਤੇ ਹਮਲਾ ਕਰਨ ਲਈ ਰਾਜੀ ਕਰ ਲਿਆ। 20 ਮਈ ਦੀ ਰਾਤ ਖੋਸਿਆਂ ਨੇ ਅਚਾਨਕ ਹਮਲਾ ਕਰਕੇ ਲਘਾਰੀਆਂ ਨੂੰ ਭਜਾ ਕੇ ਕਿਲੇ ਤੇ ਕਬਜ਼ਾ ਕਰ ਲਿਆ। ਹੈਦਰ ਖਾਨ ਨੇ ਐਡਵਰਡੀਜ ਦੀ ਸਹਾਇਤਾ ਲਈ 400 ਘੋੜ ਸਵਾਰ ਡੇਰਾ ਦੀਨ ਪਨਾਹ ਭੇਜੇ। ਹੈਦਰ ਖਾਨ ਦੇ ਪਠਾਨਾ ਨੇ ਮੂਲਰਾਜ ਦੀਆਂ ਕਿਸਤੀਆਂ ਤੇ ਵੀ ਕਬਜਾ ਕਰ ਲਿਆ, ਅਤੇ ਉਹਨਾ ਨੂੰ ਦਰਿਆ ਦੇ ਪੱਛਮੀ ਕਿਨਾਰੇ ਲੈ ਆਂਦਾ। ਇਹਨਾ ਕਿਸਤੀਆਂ ਨੇ ਬਾਅਦ ਵਿੱਚ ਸਿੰਧ ਪਾਰ ਕਰਨ ਲਈ ਐਡਵਰਡੀਜ ਦੀ ਬੜੀ ਸਹਾਇਤਾ ਕੀਤੀ।

ਡੇਰਾ ਗਾਜ਼ੀ ਖਾਨ ਵਿੱਚ ਹੋਈ ਲੜਾਈ ਵਿੱਚ ਚੇਤਨ ਮੱਲ ਮਾਰਿਆ ਗਿਆ, ਅਤੇ ਉਸਦਾ ਭਤੀਜਾ ਲੌਂਜਾ ਮੱਲ ਕੈਦੀ ਬਣਾ ਲਿਆ ਗਿਆ। ਲੀਹਾ ਅਤੇ ਡੇਰਾ ਗਾਜ਼ੀ ਖਾਨ ਦੀਆਂ ਹਾਰਾਂ ਨਾਲ ਮੂਲਰਾਜ ਨੂੰ ਕਾਫੀ ਧੱਕਾ ਲੱਗਾ। ਐਡਵਰਡੀਜ ਦਾ ਹੌਸਲਾ ਹੋਰ ਵਧ ਗਿਆ। ਉਸ ਫਿਰ ਲਹੌਰ ਤੋਂ ਸਿੰਧ ਅਤੇ ਚਨਾਬ ਪਾਰ ਕਰਨ ਦੀ ਆਗਿਆ ਮੰਗੀ। ਇਸ ਵਾਰ ਉਸਨੂੰ ਆਗਿਆ ਮਿਲ ਹੀ ਗਈ।

# ਹਰਬਰਟ ਐਡਵਰਡੀਜ ਦੀ ਮੁਲਤਾਨ ਤੇ ਚੜ੍ਹਾਈ ਜੂਨ-ਜੁਲਾਈ 1848

ਡੇਰਾ ਜਾਟ ਦੇ ਦੱਖਣ ਵਿੱਚ ਇੱਕ ਹੋਰ ਮਹੱਤਵਪੂਰਨ ਕਿਲਾ ਸੀ। ਇਹ ਸੀ ਹਰੰਡ ਦਾ ਕਿਲਾ। ਇਹ ਕਿਲਾ ਮੂਲਰਾਜ ਦੇ ਇੱਕ ਅਫਸਰ ਮੋਹਕਮ ਚੰਦ ਦੇ ਕਬਜੇ ਵਿੱਚ ਸੀ। ਮੋਹਕਮ ਚੰਦ ਦੇ ਜਿਆਦਾਤਰ ਸੈਨਿਕ ਉਸ ਇਲਾਕੇ ਦੇ ਪਠਾਨ ਸਨ। ਐਡਵਰਡੀਜ ਬੜਾ ਚਲਾਕ ਆਦਮੀ ਸੀ। ਉਸਨੇ ਫੌਜਦਾਰ ਖਾਨ ਦੀ ਸਹਾਇਤਾ ਨਾਲ ਪਠਾਨਾ ਨੂੰ ਆਪਣੇ ਵੱਲ ਕਰ ਲਿਆ। ਮੋਹਕਮ ਚੰਦ ਆਪਣੇ ਕੁਝ ਹਿੰਦੂ-ਸਿੱਖ ਸਾਥੀਆਂ ਸਮੇਤ ਕਿਲਾ ਛੱਡ ਕੇ ਚਲਾ ਗਿਆ। ਕਿਲੇ ਤੇ ਐਡਵਰਡੀਜ ਦਾ ਕਬਜ਼ਾ ਹੋ ਗਿਆ।

ਹੁਣ ਜਦੋਂ ਕਿ ਉਸਨੂੰ ਮੁਲਤਾਨ ਤੇ ਚੜ੍ਹਾਈ ਕਰਨ ਦੀ ਆਗਿਆ ਮਿਲ ਗਈ ਤਾਂ ਉਸਨੇ ਆਪਣੇ ਇੱਕ ਪਠਾਨ ਸਰਦਾਰ ਨੂੰ ਕਿਲਾ ਸਪੁਰਦ ਕਰਕੇ ਡੇਰਾ ਗਾਜ਼ੀ ਖਾਨ ਦਾ ਰੁੱਖ ਕੀਤਾ, ਜੋ ਕਿ ਪਹਿਲਾਂ




ਮੁਲਤਾਨ ਸ਼ਹਿਰ ਅਤੇ ਆਸਪਾਸ - 1848

ਹੀ ਉਸਦੇ ਕਬਜੇ ਵਿੱਚ ਆ ਚੁੱਕਾ ਸੀ। ਰੈਜੀਡੈਂਟ ਨੇ ਲਹੌਰ ਵਿੱਚੋਂ ਬਹਾਵਲਪੁਰੀ ਸੈਨਾ ਦੀ ਅਗਵਾਈ ਲਈ ਇੱਕ ਅੰਗਰੇਜ ਅਫਸਰ, ਲੈਫਟੀਨੈਂਟ ਲੇਕ ਭੇਜਿਆ ਸੀ। ਇਹ ਲੈਫਟੀਨੈਂਟ ਬਹਾਵਲਪੁਰ ਪਹੁੰਚ ਕੇ ਇਸ ਫੌਜ ਦਾ ਇੱਕ ਤਰਾਂ ਦਾ ਕਮਾਂਡਰ ਬਣ ਗਿਆ ਸੀ।

ਬਹਾਵਲਪੁਰ ਦੀ ਅੱਧੀ ਸੈਨਾ ਨੇ ਸਤਲੁਜ ਪਾਰ ਕੀਤਾ, ਅਤੇ ਚਨਾਬ ਦਰਿਆ ਦੇ ਪੂਰਬੀ ਕਿਨਾਰੇ ਦੇ ਨਾਲ ਨਾਲ ਮੁਲਤਾਨ ਵੱਲ ਵਧਣ ਲੱਗੀ। ਅੱਧੀ ਸੈਨਾ ਚਨਾਬ ਦੇ ਪੱਛਮੀ ਕਿਨਾਰੇ ਦੇ ਨਾਲ ਨਾਲ ਚਲਦੀ ਹੋਈ ਮੁਲਤਾਨ ਵੱਲ ਵਧ ਰਹੀ ਸੀ।

ਐਡਵਰਡੀਜ ਨੇ ਡੇਰਾ ਗਾਜ਼ੀ ਖਾਨ ਤੋਂ ਸਿੰਧ ਪਾਰ ਕੀਤਾ ਅਤੇ ਚਨਾਬ ਵੱਲ ਵਧਿਆ। ਮੂਲਰਾਜ ਦੀ ਸੈਨਾ ਪਿੱਛੇ ਹਟ ਗਈ। ਮੂਲਰਾਜ ਦੀ ਸੈਨਾ ਨੇ ਖਾਨਗੜ ਦੇ ਸਥਾਨ ਤੋਂ ਚਨਾਬ ਪਾਰ ਕੀਤਾ ਅਤੇ ਸੁਜਾਬਾਦ ਵੱਲ ਜਾਣ ਲੱਗੀ। ਐਡਵਰਡੀਜ ਨੇ ਖਾਨਗੜ ਮੱਲ ਲਿਆ, ਪਰ ਚਨਾਬ ਪਾਰ ਕਰਨ ਦੀ ਕੋਈ ਕਾਹਲ ਨਾ ਕੀਤੀ। ਦਰਿਆ ਪਾਰ ਕਰਨ ਤੋਂ ਪਹਿਲਾਂ ਉਹ ਇਹ ਪਤਾ ਕਰਨਾ ਚਹੁੰਦਾ ਸੀ ਕਿ ਮੂਲਰਾਜ ਦੀ ਸੈਨਾ ਕਿੱਥੇ ਹੈ, ਅਤੇ ਉਸਦੀ ਆਪਣੀ ਮਦਦਗਾਰ ਬਹਾਵਲਪੁਰੀ ਸੈਨਾ ਕਿੱਥੇ ਹੈ।

ਉਸਨੂੰ ਪਤਾ ਲੱਗਾ ਕਿ ਮੂਲਰਾਜ ਦੀ ਸੈਨਾ ਸੁਜਾਬਾਦ ਵਿੱਚ ਮੁਲਤਾਨ ਤੋਂ ਆ ਰਹੀ ਫੌਜ ਦੀ ਉਡੀਕ ਕਰ ਰਹੀ ਹੈ, ਅਤੇ ਬਹਾਵਲਪੁਰੀ ਸੈਨਾ ਚਨਾਬ ਦੇ ਦੋਵਾਂ ਕਿਨਾਰਿਆਂ ਦੇ ਨਾਲ ਨਾਲ ਉੱਤਰ ਵੱਲ ਵਧ ਰਹੀ ਹੈ। ਐਡਵਰਡੀਜ ਨੇ ਸੁਨੇਹਾਂ ਭੇਜ ਕੇ ਚਨਾਬ ਦੇ ਪੱਛਮੀ ਕਿਨਾਰੇ ਵਾਲੀ ਫੌਜ ਦੇ ਕਮਾਂਡਰ ਮਯੂਦ ਖਾਨ ਨੂੰ ਦਰਿਆ ਪਾਰ ਕਰਕੇ ਆਪਣੀ ਫੌਜ ਦੇ ਦੂਸਰੇ ਭਾਗ ਨਾਲ ਮਿਲ ਜਾਣ ਦੀ ਹਦਾਇਤ ਕੀਤੀ। ਬਹਾਵਲਪੁਰੀ ਫੌਜ ਦਾ ਦੂਸਰਾ ਭਾਗ ਕਨੇਰੀ ਪਹੁੰਚ ਗਿਆ ਸੀ। ਐਡਵਰਡੀਜ ਨੇ ਇਸ ਫੌਜ ਦੇ ਕਮਾਂਡਰ ਫਤਿਹ ਮੁਹੰਮਦ ਨੂੰ ਸੁਨੇਹਾਂ ਭੇਜਿਆ ਕਿ ਉਹ ਕਨੇਰੀ ਵਿੱਚ ਹੀ ਮੋਰਚੇਬੰਦੀ ਕਰਕੇ ਮਯੂਦ ਖਾਨ ਦੀ ਫੌਜ ਦਾ ਇੰਤਜਾਰ ਕਰੇ। ਅਤੇ ਐਡਵਰਡੀਜ ਦੀਆਂ ਇਹਨਾ ਹਦਾਇਤਾਂ ਤੇ ਬਹਾਵਲਪੁਰੀਆਂ ਨੇ ਪੂਰਾ ਅਮਲ ਕੀਤਾ। ਫਤਿਹ ਮੁਹੰਮਦ ਮੋਰਚੇ ਪੁੱਟ ਕੇ ਕਨੇਰੀ ਵਿੱਚ ਬੈਠ ਗਿਆ, ਅਤੇ ਮਯੂਦ ਖਾਨ ਦੀ ਫੌਜ ਦਰਿਆ ਪਾਰ ਕਰਕੇ ਉਸ ਨਾਲ ਮਿਲ ਗਈ। ਹੁਣ ਬਹਾਵਲਪੁਰੀ ਸੈਨਾ ਦੀ ਗਿਣਤੀ 9000 ਹੋ ਗਈ। ਇਸ ਕੋਲ 11 ਤੋਪਾਂ ਸਨ। ਬਹਾਵਲਪੁਰੀਆਂ ਕੋਲ 30 ਛੋਟੀਆਂ ਤੋਪਾਂ ਵੀ ਸਨ, ਜਿੰਨਾ ਨੂੰ ਊਠਾਂ ਦੀ ਪਿੱਠ ਤੋਂ ਚਲਾਇਆ ਜਾਂਦਾ ਸੀ। ਇਹਨਾ ਨੂੰ ਜੰਬੂਰਕੇ ਕਹਿੰਦੇ ਸਨ।

ਮੁਲਤਾਨ ਵੱਲੋਂ ਜੋ ਫੌਜ ਸੁਜਾਬਾਦ ਵੱਲ ਆ ਰਹੀ ਸੀ ਉਸਦਾ ਸੈਨਾਪਤੀ ਮੂਲਰਾਜ ਦਾ ਇੱਕ ਰਿਸ਼ਤੇਦਾਰ ਲਾਲਾ ਗੰਗਾ ਰਾਮ ਸੀ। ਇਸ ਫੌਜ ਦੀ ਗਿਣਤੀ ਕੋਈ 8000-10000 ਹਜਾਰ ਸੀ, ਅਤੇ ਇਸ ਕੋਲ 10 ਤੋਪਾਂ ਸਨ। ਐਡਵਰਡੀਜ ਦੀ ਆਪਣੀ ਸੈਨਾ ਵਿੱਚ 5000 ਦੇ ਕਰੀਬ ਕਬਾਇਲੀ ਪਠਾਣ ਸਨ। ਇਹਨਾ ਦੀ ਕਮਾਨ ਫੌਜਦਾਰ ਖਾਨ ਦੇ ਹੱਥ ਸੀ। ਉਸ ਕੋਲ 6 ਤੋਪਾਂ ਅਤੇ 30 ਜੰਬੂਰਕੇ ਸਨ। ਕੋਰਟਲੈਂਡ ਕੋਲ 1500 ਸਿੱਖ, ਅਤੇ 15 ਤੋਪਾਂ ਸਨ।

ਗੰਗਾ ਰਾਮ ਨੂੰ ਹੁਕਮ ਸੀ ਕਿ ਉਹ ਜਲਦੀ ਤੋਂ ਜਲਦੀ ਬਹਾਵਲਪੁਰੀ ਫੌਜ ਤੇ ਹਮਲਾ ਕਰੇ, ਇਸਤੋਂ ਪਹਿਲਾਂ ਕਿ ਐਡਵਰਡੀਜ ਦੀ ਫੌਜ ਉਸ ਨਾਲ ਮਿਲ ਜਾਵੇ। ਪਰ ਗੰਗਾ ਰਾਮ ਨੇ ਹਮਲਾ ਕਰਨ ਵਿੱਚ ਬਹੁਤ ਦੇਰ ਕਰ ਦਿੱਤੀ। ਉਹ ਸੁਜਾਬਾਦ ਦੇ ਦੋ ਮੀਲ ਦੱਖਣ ਵਿੱਚ ਆ ਕੇ ਬੈਠ ਗਿਆ।

17 ਜੂਨ ਦੀ ਰਾਤ ਨੂੰ ਐਡਵਰਡੀਜ ਦੀ ਕੁਝ ਫੌਜ ਨੇ ਚਨਾਬ ਪਾਰ ਕੀਤਾ, ਅਤੇ ਕਨੇਰੀ ਵੱਲ ਵਧੀ। 18 ਜੂਨ ਦੀ ਸਵੇਰ ਤੱਕ ਫੌਜਦਾਰ ਖਾਨ 3000 ਪਠਾਨ ਲੈ ਕੇ ਬਹਾਵਲਪੁਰੀਆਂ ਨਾਲ ਜਾ ਮਿਲਿਆ। ਐਡਵਰਡੀਜ ਆਪ ਅਜੇ ਦੂਸਰੇ ਕਿਨਾਰੇ ਹੀ ਸੀ। ਕੋਰਟਲੈਂਡ ਦੀ ਫੌਜ ਨੇ ਵੀ ਅਜੇ ਦਰਿਆ ਪਾਰ ਕਰਨਾ ਸੀ। 18 ਜੂਨ ਦੀ ਸਵੇਰ ਨੂੰ ਆਖਰ ਗੰਗਾ ਰਾਮ ਨੇ ਹਮਲਾ ਕਰ ਹੀ ਦਿੱਤਾ। ਸੂਰਜ ਚੜਨ ਸਮੇ ਜਦੋਂ ਐਡਵਰਡੀਜ ਇੱਕ ਛੋਟੀ ਜਿਹੀ ਕਿਸਤੀ ਵਿੱਚ ਦਰਿਆ ਪਾਰ ਕਰ ਰਿਹਾ ਸੀ ਤਾਂ ਉਸਨੇ ਤੋਪਾਂ ਚੱਲਣ ਦੀ ਅਵਾਜ ਸੁਣੀ। ਕਨੇਰੀ ਦੀ ਜੰਗ ਸ਼ੁਰੂ ਹੋ ਚੁੱਕੀ ਸੀ।

18 ਜੂਨ ਦਾ ਦਿਨ ਵਾਟਰਲੂ ਦੀ ਜੰਗ ਦੀ ਬਰਸੀ ਦਾ ਦਿਨ ਸੀ। ਇਸ ਦਿਨ ਹੀ 1815 ਵਿੱਚ ਅੰਗਰੇਜਾਂ ਨੇ ਨਪੋਲੀਅਨ ਨੂੰ ਹਰਾ ਕੇ ਇੱਕ ਮਹਾਨ ਜਿੱਤ ਹਾਸਲ ਕੀਤੀ ਸੀ। ਐਡਵਰਡੀਜ ਇਸ ਦਿਨ ਨਿਰਾਸ ਨਹੀਂ ਹੋਣਾ ਚਾਹੁੰਦਾ ਸੀ, ਪਰ ਕਨੇਰੀ ਪਹੁੰਚਕੇ ਉਸਨੇ ਵੇਖਿਆ ਕਿ ਲੜਾਈ ਠੀਕ ਢੰਗ ਨਾਲ ਨਹੀਂ ਚੱਲ ਰਹੀ ਸੀ। ਗੰਗਾ ਰਾਮ ਦੀਆਂ ਤੋਪਾਂ ਗੋਲੇ ਵਰਸਾ ਰਹੀਆਂ ਸਨ।

ਬਹਾਵਲਪੁਰੀਏ ਆਪਣੇ ਆਪ ਨੂੰ ਦੌਦਪੁੱਤਰ ਅਖਵਾਉਂਦੇ ਸਨ। ਤੋਪਾਂ ਚੱਲਦੇ ਸਾਰ ਹੀ ਦੌਦਪੁੱਤਰ ਗੁੱਸੇ ਵਿੱਚ ਆ ਗਏ। ਉਹਨਾ ਨੇ ਇਸਨੂੰ ਇੱਕ ਚੈਲੰਜ ਸਮਝਿਆ। ਉਹ ਆਪਣੇ ਮੋਰਚਿਆਂ ਵਿੱਚੋਂ ਨਿਕਲ ਕੇ ਦੁਸ਼ਮਣ ਤੇ ਹਮਲਾ ਕਰਨ ਲਈ ਦੌੜੇ। ਖੁੱਲੇ ਮੈਦਾਨ ਵਿੱਚ ਮੁਲਤਾਨੀ ਤੋਪਾਂ ਨੇ ਉਹਨਾ ਦਾ ਖੂਬ ਘਾਣ ਕੀਤਾ। ਖੁਸ਼ਕਿਸਮਤੀ ਨਾਲ ਐਡਵਰਡੀਜ ਸਮੇ ਸਿਰ ਪਹੁੰਚ ਗਿਆ, ਅਤੇ ਉਸਨੇ ਦੌਦਪੁੱਤਰਾਂ ਦੇ ਜੋਸ਼ ਨੂੰ ਹੋਸ਼ ਵਿੱਚ ਲਿਆਂਦਾ। ਦੌਦਪੁੱਤਰਾਂ ਦਾ ਕਮਾਂਡਰ ਫਤਿਹ ਮੁਹੰਮਦ ਸੀ। ਉਹ ਆਪਣੀ ਫੌਜ ਤੋਂ ਦੂਰ ਹਾੜ ਦੇ ਇਸ ਗਰਮ ਦਿਨ ਰੁੱਖ ਥੱਲੇ ਬੈਠਾ ਅਰਾਮ ਫੁਰਮਾਅ ਰਿਹਾ ਸੀ।

ਐਡਵਰਡੀਜ ਨੇ ਬਹਾਵਲਪੁਰੀਆਂ ਨੂੰ ਸਮਝਾਇਆ ਕਿ ਵੈਨ ਕੋਰਟਲੈਂਡ ਦੀ ਫੌਜ ਹਾਲੀ ਦਰਿਆ ਦੇ ਦੂਸਰੇ ਕਿਨਾਰੇ ਹੈ, ਅਤੇ ਹਮਲਾ ਉਸਦੇ ਆਉਣ ਤੇ ਹੀ ਕੀਤਾ ਜਾਏਗਾ। ਓਨਾ ਚਿਰ ਉਸਨੇ ਆਪਣੀ ਫੌਜ ਨੂੰ ਮੋਰਚਿਆਂ ਵਿੱਚ ਬੈਠਕੇ ਹੀ ਗੋਲੀ ਚਲਾਉਣ ਲਈ ਕਿਹਾ। ਉਸਦੀ ਇਹ ਗੱਲ ਨਾ ਤਾਂ ਦੌਦਪੁੱਤਰਾਂ ਅਤੇ ਨਾ ਹੀ ਉਸਦੇ ਪਠਾਨਾ ਦੀ ਸਮਝ ਵਿੱਚ ਆਈ। ਉਹ ਦੁਸ਼ਮਣ ਤੇ ਹਮਲਾ ਕਰਨਾ ਤਾਂ ਜਾਣਦੇ ਸਨ, ਪਰ ਉਹਨਾ ਨੂੰ ਇਹ ਗੱਲ ਸਮਝ ਨਾ ਆਈ ਕਿ ਕਿਉਂ ਉਹ ਮੋਰਚਿਆਂ ਵਿੱਚ ਬੈਠਕੇ ਦੁਸ਼ਮਣ ਦੇ ਗੋਲਿਆਂ ਦਾ ਸ਼ਿਕਾਰ ਹੋਣ।

ਗੰਗਾ ਰਾਮ ਦੀਆਂ ਤੋਪਾਂ ਦੀ ਗੋਲਾਬਾਰੀ ਸੀ ਵੀ ਕਾਫੀ ਤੇਜ। ਇਹ ਗੋਲਾਬਾਰੀ ਕਈ ਘੰਟੇ ਚਲਦੀ ਰਹੀ। ਫਿਰ ਮੁਲਤਾਨੀ ਫੌਜ ਹਮਲਾ ਕਰਨ ਲਈ ਅੱਗੇ ਵਧੀ। ਪਠਾਨਾ ਦੇ ਹੌਸਲੇ ਜਵਾਬ ਦੇਣ ਲੱਗੇ, ਪਰ ਫੌਜਦਾਰ ਖਾਨ ਨੇ ਇੱਕ ਘੋੜ ਸਵਾਰ ਹਮਲਾ ਕਰਕੇ ਮੁਲਤਾਨੀਆਂ ਦੇ ਹਮਲੇ ਨੂੰ ਕਾਫੀ ਠੱਲ ਪਾ ਦਿੱਤੀ। ਪਰ ਗੰਗਾ ਰਾਮ ਦੀ ਸੈਨਾ ਇਕੱਠੀ ਹੋ ਕੇ ਫਿਰ ਹਮਲੇ ਦੀ ਤਿਆਰੀ ਕਰਨ ਲੱਗੀ। ਵੈਨ ਕੋਰਟਲੈਂਡ ਦੀ ਤਾਜ਼ਾ ਦਮ ਸੈਨਾ ਐਨ ਮੌਕੇ ਤੇ ਪਹੁੰਚ ਗਈ। ਐਡਵਰਡੀਜ ਦੇ ਪਠਾਨਾ, ਦੌਦਪੁੱਤਰਾਂ ਅਤੇ ਵੈਨ ਕੋਰਟਲੈਂਡ ਦੀ ਸੈਨਾ ਨੇ ਮਿਲਕੇ ਮੁਲਤਾਨੀਆਂ ਤੇ ਹਮਲਾ ਕੀਤਾ, ਅਤੇ ਉਹਨਾ ਨੂੰ ਭਾਜੜ ਪਾ ਦਿੱਤੀ। ਗੰਗਾ ਰਾਮ ਦੀ ਸੈਨਾ ਹਾਰਕੇ ਮੈਦਾਨ ਛੱਡ ਗਈ। ਇਹ ਸੀ ਕਨੇਰੀ ਦੀ ਜੰਗ।

ਐਡਵਰਡੀਜ ਦੀ ਸੈਨਾ ਨੇ ਤਿੰਨ ਦਿਨ ਕਨੇਰੀ ਵਿੱਚ ਹੀ ਅਰਾਮ ਕੀਤਾ, ਅਤੇ ਫਿਰ ਸੁਜਾਬਾਦ ਵੱਲ ਵਧਣ ਲੱਗੀ। ਭਾਵੇਂ ਮੂਲਰਾਜ ਕੋਲ 18000 ਫੌਜ ਅਤੇ 30 ਤੋਪਾਂ ਸਨ, ਪਰ ਐਡਵਰਡੀਜ ਨੂੰ ਵਿਸ਼ਵਾਸ ਸੀ ਕਿ ਜੇ ਉਸਨੂੰ ਕਿਲੇ ਦੀਆਂ ਕੰਧਾਂ ਤੋੜਨ ਵਾਲੀਆਂ ਵੱਡੀਆਂ ਤੋਪਾਂ ਹਾਸਲ ਹੋ ਜਾਣ ਤਾਂ ਉਹ ਮੁਲਤਾਨ ਦੇ ਕਿਲੇ ਨੂੰ ਘੇਰਾ ਪਾ ਸਕਦਾ ਸੀ। ਉਸਨੇ ਲਹੌਰ ਰੈਜੀਡੈਂਟ ਨੂੰ ਚਿੱਠੀ ਭੇਜੀ ਅਤੇ ਤੋਪਾਂ ਭੇਜਣ ਦੀ ਬੇਨਤੀ ਕੀਤੀ। ਉਸਨੇ ਰੈਜੀਡੈਂਟ ਨੂੰ ਮੇਜਰ ਨੇਪੀਅਰ ਨੂੰ ਵੀ ਮੁਲਤਾਨ ਭੇਜਣ ਦੀ ਬੇਨਤੀ ਕੀਤੀ। ਇਹ ਅਫਸਰ ਇੱਕ ਮਾਹਿਰ ਇੰਜਿਨੀਅਰ ਸੀ ਅਤੇ ਕਿਲਾ ਤੋੜਨ ਦੇ ਕੰਮ ਵਿੱਚ ਬਹੁਤ ਸਹਾਈ ਹੋ ਸਕਦਾ ਸੀ।

ਮੁਲਤਾਨ ਦੇ ਹਾਲਾਤ ਅੰਗਰੇਜਾਂ ਲਈ ਦਿਨ ਬਦਿਨ ਬੜੇ ਖਰਾਬ ਹੁੰਦੇ ਜਾ ਰਹੇ ਸਨ। ਇੱਕ ਪ੍ਰਸਿੱਧ ਸਿੱਖ ਸੰਤ, ਭਾਈ ਮਹਾਰਾਜ ਸਿੰਘ ਵੀ ਮੁਲਤਾਨ ਪਹੁੰਚ ਗਿਆ ਸੀ। ਸਿੱਖ ਇਸਦੀ ਬਹੁਤ ਇਜਤ ਕਰਦੇ ਸਨ। ਭਾਈ ਅੰਗਰੇਜਾਂ ਦਾ ਕੱਟੜ ਦੁਸ਼ਮਣ ਸੀ। ਉਸ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਅੰਗਰੇਜਾਂ ਦਾ ਸਾਥ ਛੱਡਕੇ ਮੂਲਰਾਜ ਦੀ ਸੈਨਾ ਵਿੱਚ ਸ਼ਾਮਲ ਹੋ ਜਾਣ, ਅਤੇ ਅੰਗਰੇਜਾਂ ਨੂੰ ਪੰਜਾਬ ਵਿੱਚੋਂ ਕੱਢ ਦੇਣ। ਭਾਈ ਨੇ ਸੌ ਸਾਖੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਵਿੱਚ ਅੰਗਰੇਜਾਂ ਦਾ ਇਹ ਆਖਰੀ ਸਾਲ ਹੈ। ਕਾਫੀ ਗਿਣਤੀ ਵਿੱਚ ਭੂਤਪੂਰਵ ਸਿੱਖ ਸੈਨਿਕ ਮੂਲਰਾਜ ਦੀ ਸੈਨਾ ਵਿੱਚ ਸ਼ਾਮਲ ਹੋ ਗਏ।

ਐਡਵਰਡੀਜ ਨੂੰ ਇਹ ਵੀ ਡਰ ਸੀ ਕਿ ਜੋ ਫੌਜਾਂ ਸ਼ੇਰ ਸਿੰਘ, ਇਮਾਮੱਦੀਨ ਅਤੇ ਜਵਾਹਰ ਮੱਲ ਅਧੀਨ ਮੁਲਤਾਨ ਆ ਰਹੀਆਂ ਹਨ, ਉਹਨਾ ਦੇ ਸਿੱਖ ਸੈਨਿਕ ਵੀ ਮੂਲਰਾਜ ਨਾਲ ਮਿਲ ਜਾਣਗੇ। ਸ਼ੇਰ ਸਿੰਘ ਦੀ ਆਪਣੀ ਵਫਾਦਾਰੀ ਤੇ ਵੀ ਐਡਵਰਡੀਜ ਨੂੰ ਪੂਰਾ ਭਰੋਸਾ ਨਹੀਂ ਸੀ। ਸ਼ੇਰ ਸਿੰਘ ਨੂੰ ਕਿਹਾ ਗਿਆ ਸੀ ਕਿ ਮੁਲਤਾਨ ਤੋਂ ਕਾਫੀ ਦੂਰ ਤੁਲੰਬ ਦੇ ਸਥਾਨ ਤੇ ਰੁਕੇ, ਪਰ ਉਹ ਮੁਲਤਾਨ ਪਹੁੰਚਣ ਹੀ ਵਾਲਾ ਸੀ। ਜਵਾਹਰ ਮੱਲ ਦੇ ਸਿੱਖ ਸੈਨਿਕ ਉਸਦੀ ਸੈਨਾ ਛੱਡਕੇ ਆਪਣੇ ਘਰਾਂ ਨੂੰ ਚਲੇ ਗਏ ਸਨ। ਇਮਾਮੱਦੀਨ ਨੇ ਆਪਣੇ ਸਿੱਖ ਸੈਨਿਕਾਂ ਦੀ ਆਪ ਹੀ ਛੁੱਟੀ ਕਰ ਦਿੱਤੀ ਸੀ। ਹੁਣ ਇਹ ਮੁਸਲਮਾਨ ਕਮਾਂਡਰ ਬਚੇ ਖੁਚੇ ਹਿੰਦੂ ਅਤੇ ਮੁਸਲਮਾਨ ਸੈਨਿਕਾਂ ਨਾਲ ਮੁਲਤਾਨ ਪੁੱਜਾ

ਸੁਜਾਬਾਦ ਤੋਂ ਅੱਗੇ ਵਧਦਾ ਹੋਇਆ ਐਡਵਰਡੀਜ ਸਿਕੰਦਰਾਬਾਦ ਪਹੁੰਚਿਆ। ਇੱਥੇ ਬਿਨਾ ਕਿਸੇ ਵਿਰੋਧ ਦੇ ਉਸਨੂੰ ਕਿਲੇ ਦਾ ਕਬਜ਼ਾ ਮਿਲ ਗਿਆ। 28 ਜੂਨ ਨੂੰ ਉਹ ਮੁਲਤਾਨ ਦੇ ਹੋਰ ਨਜ਼ਦੀਕ ਸੂਰਜਕੁੰਡ ਪਹੁੰਚ ਗਿਆ। ਇਸ ਸਥਾਨ ਤੇ ਮੁਲਤਾਨ ਨੂੰ ਜਾਣ ਵਾਲੀ ਸੜਕ ਇੱਕ ਵੱਡੀ ਨਹਿਰ ਨੂੰ ਪਾਰ ਕਰਦੀ ਹੈ। ਐਡਵਰਡੀਜ ਨੇ ਵੇਖਿਆ ਕਿ ਨਹਿਰ ਦਾ ਪੁਲ ਢਾਹ ਦਿੱਤਾ ਗਿਆ ਹੈ, ਅਤੇ ਉਸਤੋਂ ਪਾਰ ਮੂਲਰਾਜ ਦੀ ਸੈਨਾ ਮੋਰਚੇ ਪੁੱਟ ਕੇ ਬੈਠੀ ਹੈ। ਉਸਨੇ ਫੈਸਲਾ ਕੀਤਾ ਕਿ ਉਹ ਨਹਿਰ ਪਾਰ ਹੀ ਨਹੀਂ ਕਰੇਗਾ। ਉਹ ਨਹਿਰ ਦੇ ਕਿਨਾਰੇ ਕਿਨਾਰੇ ਚਲਦਾ ਹੋਇਆ ਮੁਲਤਾਨ ਤੋਂ ਪੱਛਮ ਵੱਲ ਰਾਜਘਾਟ ਦੇ ਪੱਤਣ ਨੂੰ ਜਾਣ ਵਾਲੀ ਸੜਕ ਤੇ ਪਹੁੰਚਿਆ। ਇੱਥੋਂ ਨਹਿਰ ਦਾ ਪੁਲ ਪਾਰ ਕਰਕੇ ਉਹ ਇਸ ਸੜਕ ਤੇ ਮਾਰਚ ਕਰਦਾ ਮੁਲਤਾਨ ਵੱਲ ਵਧਿਆ।

ਪੁਲ ਤੋਂ ਥੋੜੀ ਜਿਹੀ ਦੂਰੀ ਤੇ ਸਦੂਸਮ ਨਾਂ ਦਾ ਪਿੰਡ ਸੀ। ਇਥੇ 1 ਜੁਲਾਈ ਨੂੰ ਮੁਲਤਾਨੀ ਸੈਨਾ ਨੇ ਐਡਵਰਡੀਜ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਾ ਹੋਈ। ਐਡਵਰਡੀਜ ਕੋਲ 22 ਤੋਪਾਂ ਸਨ, ਜਦੋਂ ਕਿ ਮੁਲਤਾਨੀਆਂ ਕੋਲ ਸਿਰਫ 10 ਸਨ। ਐਡਵਰਡੀਜ ਨੇ ਖੂਬ ਗੋਲਾਬਾਰੀ ਕੀਤੀ, ਗੋਲਾਬਾਰੀ ਤੋਂ ਬਾਅਦ ਵੈਨ ਕੋਰਟਲੈਂਡ ਦੀ ਸੂਰਜਮੁਖੀ ਰੈਜਮੈਂਟ ਨੇ ਹਮਲਾ ਕਰਕੇ ਮੁਲਤਾਨੀਆਂ ਨੂੰ ਭਜਾ ਦਿੱਤਾ। ਇਸ ਰੈਜਮੈਂਟ ਵਿੱਚ ਗੋਰਖੇ ਸਨ।ਮੁਲਤਾਨੀ ਸੈਨਿਕ ਸ਼ਹਿਰ ਦੀ ਬਾਹਰੀ ਦਿਵਾਰ ਦੇ ਅੰਦਰ ਵਾਰ ਚਲੇ ਗਏ। ਇਸ ਝੜਪ ਨੂੰ ਅੰਗਰੇਜਾਂ ਨੇ ਸਦੂਸਮ ਦੀ ਜੰਗ ਕਿਹਾ।

ਐਡਵਰਡੀਜ ਨੇ ਤੋਪਾਂ ਭੇਜਣ ਬਾਰੇ ਜੋ ਚਿੱਠੀ ਲਹੌਰ ਭੇਜੀ ਸੀ, ਉਸਤੇ ਕੋਈ ਕਾਰਵਾਈ ਨਾ ਹੋਈ, ਕਿਉਂਕਿ ਕਮਾਂਡਰ-ਇਨ-ਚੀਫ ਲਾਰਡ ਗੱਫ ਇਸ ਹੱਕ ਵਿੱਚ ਨਹੀਂ ਸੀ ਕਿ ਅੰਗਰੇਜੀ ਸੈਨਾ ਦੀਆਂ ਛੋਟੀਆਂ ਛੋਟੀਆਂ ਟੁਕੜੀਆਂ ਮੁਲਤਾਨ ਭੇਜੀਆਂ ਜਾਣ। ਉਹ ਇੱਕ ਵੱਡੀ ਸੈਨਾ ਇਕੱਠੀ ਕਰਕੇ ਸਿੱਖਾਂ ਨਾਲ ਇੱਕ ਆਖਰੀ ਯੁੱਧ ਕਰਕੇ ਉਹਨਾ ਨੂੰ ਹਰਾਉਣਾ ਚਾਹੁੰਦਾ ਸੀ। ਲੈਫਟੀਨੈਂਟ ਹਰਬਰਟ ਐਡਵਰਡੀਜ ਨੇ ਅਦਭੁੱਤ ਕਰਿਸ਼ਮੇ ਕਰ ਵਿਖਾਏ ਸਨ, ਪਰ ਫਿਰ ਵੀ ਕਮਾਂਡਰ-ਇਨ-ਚੀਫ ਨੂੰ ਇੱਕ ਏਨੇ ਜੂਨੀਅਰ ਅਫਸਰ ਤੇ ਪੂਰਾ ਭਰੋਸਾ ਨਹੀਂ ਸੀ।

ਲਹੌਰ ਤੋਂ ਜੋ ਤਿੰਨ ਸੈਨਾ ਭੇਜੀਆਂ ਗਈਆਂ, ਉਹਨਾ ਵਿੱਚੋਂ ਦੋ ਦੇ ਕਮਾਂਡਰ, ਜਵਾਹਰ ਮੱਲ ਅਤੇ ਇਮਾਮੱਦੀਨ ਸਿਰਫ ਆਪਣੇ ਮੁਸਲਮਾਨ ਸੈਨਿਕਾਂ ਨਾਲ ਹੀ ਮੁਲਤਾਨ ਪਹੁੰਚੇ ਸਨ। ਐਡਵਰਡੀਜ ਨੂੰ ਡਰ ਸੀ ਕਿ ਤੀਸਰੀ ਫੌਜ ਦਾ ਕਮਾਂਡਰ ਸ਼ੇਰ ਸਿੰਘ ਅਟਾਰੀਵਾਲਾ ਆਪਣੀ ਫੌਜ ਲੈ ਕੇ ਮੂਲਰਾਜ ਨਾਲ ਮਿਲ ਸਕਦਾ ਹੈ। ਪਰ ਸ਼ੇਰ ਸਿੰਘ ਅਜੇ ਦੁਚਿੱਤੀ ਵਿੱਚ ਸੀ। ਸਦੂਸਮ ਦੀ ਜੰਗ ਤੋਂ ਚਾਰ ਦਿਨ ਬਾਅਦ, 5 ਜੂਨ ਨੂੰ ਸ਼ੇਰ ਸਿੰਘ ਦੀ ਸੈਨਾ ਗੋਗਰਾਂ ਪਿੰਡ ਕੋਲ ਪਹੁੰਚ ਗਈ, ਜੋ ਮੁਲਤਾਨ ਤੋਂ ਪੰਜ ਮੀਲ ਹੀ ਦੂਰ ਸੀ। ਐਡਵਰਡੀਜ ਨੇ ਸਦੂਸਮ ਦੀ ਲੜਾਈ ਦੇ ਬਾਅਦ ਮੁਲਤਾਨ ਸ਼ਹਿਰ ਦੇ ਅੰਦਰ ਜਾਣ ਦੀ ਹਿੰਮਤ ਨਾ ਕੀਤੀ, ਕਿਉਂਕਿ ਜਿੰਨ੍ਹਾ ਤੋਪਾਂ ਦੀ ਉਸ ਲਹੌਰ ਤੋਂ ਮੰਗ ਕੀਤੀ ਸੀ,ਉਹ ਨਹੀਂ ਪਹੁੰਚੀਆਂ ਸਨ। ਉਹ ਸ਼ਹਿਰ ਤੋਂ ਪਿੱਛੇ ਹਟਕੇ ਫਿਰ ਦੱਖਣ ਵੱਲ ਆ ਗਿਆ। ਇਸ ਸਮੇਂ ਉਸਦੀ ਸੈਨਾ ਸੂਰਜਕੁੰਡ ਕੋਲ ਸੀ। ਐਡਵਰਡੀਜ ਦੇ ਹੁਕਮ ਅਨੁਸਾਰ ਸ਼ੇਰ ਸਿੰਘ ਦੀ ਸੈਨਾ ਨੇ ਸੂਰਜਕੁੰਡ ਦੇ ਦੱਖਣ ਵਿੱਚ ਡੇਰੇ

ਲਾ ਲਏ। ਐਡਵਰਡੀਜ ਨੇ ਇਹੋ ਠੀਕ ਸਮਝਿਆ ਕਿ ਉਸਦੀ ਆਪਣੀ ਸੈਨਾ ਮੂਲਰਾਜ ਅਤੇ ਸ਼ੇਰ ਸਿੰਘ ਦੇ ਵਿਚਕਾਰ ਰਹੇ।

ਕੁਝ ਦਿਨ ਬਾਅਦ ਹੀ ਦੋ ਸਾਜਿਸ਼ਾਂ ਦਾ ਪਰਦਾਫਾਸ ਹੋਇਆ। ਇਹਨਾ ਦੋਵਾਂ ਵਿੱਚ ਮੂਲਰਾਜ ਦਾ ਹੱਥ ਸੀ। ਡੇਰਾ ਗਾਜ਼ੀ ਖਾਨ ਦਾ ਭੂਤਪੂਰਵ ਗਵੱਰਨਰ ਅੰਗਰੇਜੀ ਕੈਂਪ ਵਿੱਚ ਕੈਦੀ ਸੀ। ਉਸਤੇ ਇਹ ਇਲਜਾਮ ਲਾਇਆ ਗਿਆ ਕਿ ਉਹ ਅੰਦਰਖਾਨੇ ਮੂਲਰਾਜ ਨਾਲ ਮਿਲਕੇ ਅੰਗਰੇਜਾਂ ਖਿਲਾਫ ਸਾਜਿਸ਼ ਰਚ ਰਿਹਾ ਹੈ। ਉਸਨੂੰ ਸਜਾਇ ਮੌਤ ਦਿੱਤੀ ਗਈ। ਉਸਨੂੰ ਗੋਲੀ ਮਰਵਾ ਕੇ ਐਡਵਰਡੀਜ ਨੇ ਉਸਤੋਂ ਛੁਟਕਾਰਾ ਪਾ ਲਿਆ।

ਦੂਸਰੀ ਸਾਜਿਸ਼ ਇਹ ਸਾਹਮਣੇ ਆਈ ਕਿ ਸ਼ੇਰ ਸਿੰਘ ਦੇ ਇੱਕ ਸੇਵਕ, ਸੁਜਾਨ ਸਿੰਘ ਨੇ ਉਸਦੇ ਖਾਣੇ ਵਿੱਚ ਜਹਿਰ ਮਿਲਾਕੇ ਉਸਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਸੁਜਾਨ ਸਿੰਘ ਨੂੰ ਵੀ ਸਜਾਇ ਮੌਤ ਮਿਲੀ। ਉਸਨੂੰ ਤੋਪ ਦੇ ਮੂੰਹ ਅਗੇ ਬੰਨਕੇ ਉਡਾ ਦਿੱਤਾ ਗਿਆ। ਇਸ ਸਾਜਿਸ਼ ਨਾਲ ਐਡਵਰਡੀਜ ਨੂੰ ਇਹ ਪਤਾ ਲੱਗ ਗਿਆ ਕਿ ਸ਼ੇਰ ਸਿੰਘ ਦੇ ਸੈਨਿਕ ਉਸ ਨਾਲ ਖੁਸ਼ ਨਹੀਂ ਸਨ। ਉਹ ਚਾਹੁੰਦੇ ਸਨ ਕਿ ਉਹਨਾ ਦਾ ਕਮਾਂਡਰ ਅੰਗਰੇਜਾਂ ਦਾ ਸਾਥ ਛੱਡਕੇ ਮੂਲਰਾਜ ਨਾਲ ਮਿਲ ਜਾਵੇ।

## ਮੁਲਤਾਨ ਦੀ ਪਹਿਲੀ ਘੇਰਾਬੰਦੀ: ਜੁਲਾਈ-ਅਗਸਤ 1848

ਲਹੌਰ ਰੈਜੀਡੰਟ ਨੂੰ ਜਦੋਂ ਸਦੂਸਮ ਦੀ ਜਿੱਤ ਦੀ ਖਬਰ ਮਿਲੀ ਤਾਂ ਉਸਨੇ ਐਡਵਰਡੀਜ ਨੂੰ ਸਹਾਇਤਾ ਭੇਜਣ ਦਾ ਫੈਸਲਾ ਕਰ ਲਿਆ। ਰੈਜੀਡੰਟ ਨੂੰ ਗਵੱਰਨਰ ਜਨਰਲ ਵੱਲੋਂ ਇਹ ਪਾਵਰ ਮਿਲੀ ਹੋਈ ਸੀ ਕਿ ਉਹ ਅਮਰਜੰਸੀ ਵਿੱਚ ਪੰਜਾਬ ਵਿੱਚ ਕਿਤੇ ਵੀ ਸੈਨਿਕ ਟੁਕੜੀਆਂ ਭੇਜ ਸਕਦਾ ਹੈ। ਲਹੌਰ ਵਿਚਲੀ ਅੰਗਰੇਜੀ ਬਰਗੇਡ ਦਾ ਕਮਾਂਡਰ ਮੇਜਰ ਜਨਰਲ ਵਿੱਛ ਸੀ। ਰੈਜੀਡੰਟ ਕਰੀ ਨੇ ਉਸ ਨਾਲ ਸਲਾਹ ਕੀਤੀ।

24 ਜੁਲਾਈ ਨੂੰ ਇੱਕ ਬਰਗੇਡ ਲਹੌਰ ਤੋਂ ਰਾਵੀ ਰਾਹੀਂ ਅਤੇ ਫਿਰੋਜਪੁਰ ਤੋਂ ਦੂਸਰੀ ਬਰਗੇਡ ਸਤਲੁਜ ਰਾਹੀਂ ਕਿਸਤੀਆਂ ਵਿੱਚ ਭੇਜੀ ਗਈ। ਇਸ ਸਾਰੀ ਫੌਜ ਦਾ ਕਮਾਂਡਰ ਜਨਰਲ ਵਿੱਛ ਨੂੰ ਬਣਾਇਆ ਗਿਆ। ਇਹ ਫੌਜ ਇਸ ਪ੍ਰਕਾਰ ਸੀ:

1. ਇਨਫੈਂਟਰੀ ਦੀਆਂ ਦੋ ਬਰਗੇਡਾਂ। ਦੋਵਾਂ ਵਿੱਚ ਇੱਕ ਇੱਕ ਰੇਜਮੰਟ ਗੋਰੇ ਸ਼ਿਪਾਹੀਆਂ ਦੀ।

2. ਕਵੈਲਰੀ ਦੀ ਇੱਕ ਬਰਗੇਡ। ਇਸ ਵਿੱਚ ਹਿੰਦੋਸਤਾਨੀ ਘੋੜ ਸਵਾਰ ਸਨ। ਦੋ ਕੰਪਨੀਆਂ ਘੋੜਿਆਂ ਵਾਲੀਆਂ ਤੋਪਾਂ (12 ਤੋਪਾਂ)

3. 32 ਕਿਲਾ ਤੋੜਨ ਵਾਲੀਆਂ ਤੋਪਾਂ।

ਇਸ ਸੈਨਾ ਦੇ ਨਾਲ ਚੀਫ ਇੰਜਿਨੀਅਰ ਮੇਜਰ ਨੇਪੀਅਰ ਨੂੰ ਵੀ ਭੇਜਿਆ ਗਿਆ। ਲਹੌਰ ਅਤੇ ਫਿਰੋਜਪੁਰ ਤੋਂ ਭੇਜੀਆਂ ਗਈਆਂ ਇਹ ਫੌਜਾਂ ਤਿੰਨ ਹਫਤਿਆਂ ਬਾਅਦ 18-19 ਅਗੱਸਤ ਨੂੰ ਮੁਲਤਾਨ ਪਹੁੰਚੀਆਂ। ਇਸ ਸਾਰੀ ਫੌਜ ਨੇ ਮੁਲਤਾਨ ਦੇ ਤਿੰਨ ਮੀਲ ਪੂਰਬ ਵਿੱਚ ਸੀਤਲ ਕੀ ਮਾੜੀ ਦੇ ਸਥਾਨ ਤੇ ਕੈਂਪ ਲਾ ਲਿਆ। ਕਿਸਤੀਆਂ ਵਿੱਚੋਂ ਤੋਪਾਂ ਉਤਾਰਨ ਦਾ ਕੰਮ 4 ਸਤੰਬਰ ਤੱਕ ਪੂਰਾ ਹੋਇਆ।

ਮੁਲਤਾਨ ਦੀ ਸਾਰੀ ਅੰਗਰੇਜੀ ਸੈਨਾ ਹੁਣ ਐਡਵਰਡੀਜ ਦੀ ਜਗ੍ਹਾ ਜਨਰਲ ਵਿੱਛ ਦੇ ਅਧੀਨ

ਹੋ ਗਈ। ਸੀਤਲ ਕੀ ਮਾੜੀ ਪਹੁੰਚ ਕੇ ਵਿੱਛ ਨੇ ਮੁਲਤਾਨ ਦੇ ਕਿਲੇ ਵਿੱਚ ਮੂਲਰਾਜ ਨੂੰ ਇਹ ਸੰਦੇਸ਼ ਭੇਜਿਆ ਕਿ ਉਹ ਬਿਨਾ ਸ਼ਰਤ ਕਿਲਾ ਉਸਦੇ ਹਵਾਲੇ ਕਰ ਦੇਵੇ, ਨਹੀਂ ਤਾਂ ਕਿਲੇ ਨੂੰ ਤੋੜ ਦਿੱਤਾ ਜਾਵੇਗਾ। ਇਹ ਸੰਦੇਸ਼ ਈਸਟ ਇੰਡਿਆ ਕੰਪਨੀ ਵੱਲੋਂ ਨਹੀਂ, ਸਗੋਂ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਨਾਂ ਤੇ ਭੇਜਿਆ ਗਿਆ। ਕਿਲੇ ਵਿੱਚੋਂ ਕੋਈ ਜਵਾਬ ਨਾ ਮਿਲਣ ਤੇ ਫੌਜੀ ਕਾਰਵਾਈ ਸ਼ੁਰੂ ਕੀਤੀ ਗਈ।

6 ਸਤੰਬਰ ਨੂੰ ਜਨਰਲ ਵਿੱਛ ਨੇ ਆਪਣੇ ਸੀਨੀਅਰ ਕਮਾਂਡਰਾਂ ਦੀ ਮੀਟਿੰਗ ਬੁਲਾਈ। ਇਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਰਾਮ ਤੀਰਥ ਦੇ ਸਥਾਨ ਤੇ ਕਬਜ਼ਾ ਕਰਕੇ, ਇਥੇ ਭਾਰੀ ਤੋਪਾਂ ਤੈਨਾਤ ਕੀਤੀਆਂ ਜਾਣ, ਅਤੇ ਫਿਰ ਗੋਲਾਬਾਰੀ ਕਰਕੇ ਸਾਹਮਣੇ ਵਾਲੀ ਜ਼ਮੀਨ ਤੋਂ ਦੁਸ਼ਮਣ ਦਾ ਸਫਾਇਆ ਕੀਤਾ ਜਾਵੇ। ਉਸਤੋਂ ਬਾਅਦ ਹਮਲਾ ਕਰਕੇ ਕਿਲੇ ਦੀ ਉੱਤਰ-ਪੂਰਬੀ ਗੁੱਠ ਨੂੰ ਤੋਪਾਂ ਨਾਲ ਤੋੜਕੇ ਕਿਲੇ ਤੇ ਕਬਜ਼ਾ ਕੀਤਾ ਜਾਵੇ।

ਅਗਲੇ ਹੀ ਦਿਨ ਇਸ ਯੋਜਨਾ ਤੇ ਕਾਰਵਾਈ ਸ਼ੁਰੂ ਹੋ ਗਈ। 9 ਸਤੰਬਰ ਦੀ ਰਾਤ ਨੂੰ ਮੂਲਰਾਜ ਦੀ ਸੈਨਾ ਨੇ ਸ਼ਹਿਰ ਤੋਂ ਬਾਹਰ ਆ ਕੇ ਅੰਗਰੇਜ਼ੀ ਸੈਨਾ ਤੇ ਹਮਲਾ ਕੀਤਾ। ਅੰਗਰੇਜ਼ੀ ਸੈਨਾ ਨੇ ਹਮਲੇ ਦਾ ਸਾਹਮਣਾ ਕੀਤਾ, ਅਤੇ ਜਵਾਬੀ ਹਮਲਾ ਵੀ ਕੀਤਾ। ਪਰ ਇਸ ਵਿੱਚ ਕੋਈ ਜ਼ਿਆਦਾ ਸਫਲਤਾ ਨਾ ਮਿਲੀ, ਕਿਉਂਕਿ ਦਿਨ ਸਮੇਂ ਹਮਲੇ ਦੀ ਕੋਈ ਤਿਆਰੀ ਨਹੀਂ ਕੀਤੀ ਗਈ ਸੀ। ਅੰਗਰੇਜ਼ੀ ਫੌਜ ਦਾ ਕਾਫੀ ਨੁਕਸਾਨ ਹੋਇਆ।

12 ਸਤੰਬਰ ਨੂੰ ਮੂਲਰਾਜ ਦੀ ਸੈਨਾ ਨੇ ਹਮਲਾਵਰ ਸੈਨਾ ਤੇ ਇੱਕ ਵੱਡਾ ਹਮਲਾ ਕੀਤਾ। ਪਰ ਇਸ ਵਾਰ ਅੰਗਰੇਜ਼ ਹਮਲੇ ਦਾ ਸਾਹਮਣਾ ਕਰਨ ਲਈ ਪੂਰੀ ਤਰਾਂ ਤਿਆਰ ਸਨ, ਇਸ ਲਈ ਇਹ ਕਾਮਯਾਬ ਨਾ ਹੋਇਆ। ਐਡਵਰਡੀਜ਼ ਅਤੇ ਵਿੱਛ ਨੇ ਜਵਾਬੀ ਹਮਲਾ ਕਰਕੇ ਦੁਸ਼ਮਣ ਦੇ ਦੋ ਮਹੱਤਵਪੂਰਨ ਟਿਕਾਣਿਆ ਤੇ ਕਬਜ਼ਾ ਕਰ ਲਿਆ। ਇਹ ਸਨ ਜਮੁੰਦਰ ਕੀ ਕਿਰੀ, ਜੋ ਸ਼ਹਿਰ ਦੇ ਮੁੱਖ ਦਰਵਾਜ਼ੇ, ਖੂਨੀ ਬੁਰਜ ਤੋਂ ਸਿਰਫ ਅੱਧਾ ਮੀਲ ਦੂਰ ਸੀ, ਅਤੇ ਧਰਮਸਾਲਾ। ਧਰਮਸਾਲਾ ਕੋਲ ਬੜੀ ਸਖਤ ਲੜਾਈ ਹੋਈ। ਇੱਥੇ ਮੂਲਰਾਜ ਦੇ 500 ਸ਼ਿਪਾਹੀ ਮਾਰੇ ਗਏ। ਅੰਗਰੇਜ਼ ਹੁਣ ਸ਼ਹਿਰ ਦੇ ਕਾਫੀ ਨਜ਼ਦੀਕ ਪਹੁੰਚ ਗਏ ਸਨ, ਅਤੇ ਉਹਨਾ ਨੂੰ ਉਮੀਦ ਸੀ ਕਿ ਅਗਲੇ ਕੁਝ ਦਿਨਾ ਵਿੱਚ ਉਹ ਮੁਲਤਾਨ ਦੇ ਕਿਲੇ ਨੂੰ ਘੇਰਾ ਪਾ ਲੈਣਗੇ, ਪਰ ਹਲਾਤ ਇੱਕ ਦਮ ਹੀ ਬਦਲ ਗਏ।

ਸ਼ੇਰ ਸਿੰਘ ਦੀ ਵਫਾਦਾਰੀ ਤੇ ਅੰਗਰੇਜ਼ਾਂ ਨੂੰ ਸ਼ੱਕ ਤਾਂ ਸੀ, ਪਰ ਹੁਣ ਤੱਕ ਉਸਨੇ ਕੋਈ ਅਜਿਹੀ ਹਰਕਤ ਨਹੀਂ ਕੀਤੀ ਸੀ, ਜਿਸ ਨਾਲ ਅੰਗਰੇਜ਼ਾਂ ਦਾ ਸ਼ੱਕ ਯਕੀਨ ਵਿੱਚ ਬਦਲ ਸਕੇ। ਸ਼ੇਰ ਸਿੰਘ ਦੇ ਪਿਤਾ ਸਰਦਾਰ ਚਤਰ ਸਿੰਘ ਨਾਲ ਮਾੜਾ ਸਲੂਕ ਹੋਇਆ ਸੀ, ਪਰ ਇਸਦੇ ਬਾਵਜੂਦ ਉਸਨੇ ਅੰਗਰੇਜ਼ਾਂ ਦਾ ਸਾਥ ਨਹੀਂ ਛੱਡਿਆ ਸੀ। ਚਤਰ ਸਿੰਘ ਆਪਣੇ ਪੁੱਤਰ ਨੂੰ ਕਈ ਚਿੱਠੀਆਂ ਲਿਖ ਚੁੱਕਾ ਸੀ ਕਿ ਉਹ ਅੰਗਰੇਜ਼ਾਂ ਨੂੰ ਛੱਡਕੇ ਉਸ ਕੋਲ ਹਜ਼ਾਰੇ ਆ ਜਾਵੇ। ਆਖਰ 13 ਸਤੰਬਰ ਨੂੰ ਸ਼ੇਰ ਸਿੰਘ ਨੇ ਅੰਗਰੇਜ਼ਾਂ ਦਾ ਸਾਥ ਛੱਡ ਦੇਣ ਦਾ ਮਨ ਬਨਾ ਲਿਆ।14 ਸਤੰਬਰ ਨੂੰ ਉਸਨੇ ਮੂਲਰਾਜ ਨੂੰ ਕਿਲੇ ਵਿੱਚ ਸੰਦੇਸ਼ ਭੇਜਿਆ ਕਿ ਉਹ ਉਸ ਨਾਲ ਮਿਲਣਾ ਚਾਹੁੰਦਾ ਹੈ। ਪਰ ਮੂਲਰਾਜ ਨੂੰ ਉਸਦੀ ਗੱਲ ਤੇ ਇਤਬਾਰ ਨਾ ਆਇਆ। ਅੰਗਰੇਜ਼ਾਂ ਨੇ ਕਈ ਜਾਲੀ ਚਿੱਠੀਆਂ ਉਸ ਤੱਕ ਪਹੁੰਚਾਈਆਂ, ਜਿਸ ਨਾਲ ਉਸਨੂੰ ਇਹ ਸ਼ੱਕ ਹੋ ਗਿਆ ਕਿ ਸ਼ੇਰ ਸਿੰਘ ਉਸ ਨਾਲ ਚਲਾਕੀ ਕਰ ਰਿਹਾ ਹੈ, ਅਤੇ ਜੇ ਉਸਨੇ ਸ਼ੇਰ ਸਿੰਘ ਨੂੰ ਕਿਲੇ ਵਿੱਚ ਵੜਨ ਦਿੱਤਾ, ਤਾਂ ਸ਼ੇਰ ਸਿੰਘ ਕਿਲੇ ਤੇ ਅੰਗਰੇਜ਼ਾਂ ਦਾ ਕਬਜ਼ਾ ਕਰਵਾ ਦੇਵੇਗਾ।

ਸ਼ੇਰ ਸਿੰਘ ਨੇ ਕਿਲੇ ਵਿੱਚ ਵੜਨ ਦੀ ਆਗਿਆ ਮੰਗੀ, ਪਰ ਮੂਲਰਾਜ ਨੇ ਉਸਨੂੰ ਸੰਦੇਸ਼ ਭੇਜਿਆ ਕਿ ਉਹ ਆਪਣੀ ਫੌਜ ਲੈ ਕੇ ਸ਼ਹਿਰ ਦੇ ਉੱਤਰ ਵੱਲ ਹਜ਼ੂਰੀ ਬਾਗ ਵਿੱਚ ਆ ਜਾਵੇ। ਇਹ ਬਾਗ ਕਿਲੇ ਦੇ ਬਿਲਕੁਲ ਪਾਸ ਸੀ। ਇਹ ਕਿਲੇ ਦੀਆਂ ਤੋਪਾਂ ਦੀ ਰੇਂਜ ਵਿੱਚ ਸੀ। ਸ਼ੇਰ ਸਿੰਘ ਨੇ ਆਪਣੀ ਫੌਜ ਨਾਲ ਹਜ਼ੂਰੀ ਬਾਗ ਵਿੱਚ ਡੇਰੇ ਲਾ ਲਏ, ਅਤੇ ਮੂਲਰਾਜ ਨੂੰ ਆਪਣੀ ਦੋਸਤੀ ਸਵੀਕਾਰ ਕਰਨ ਲਈ

ਕਈ ਪੱਤਰ ਕਿਲੇ ਵਿੱਚ ਭੇਜੇ, ਪਰ ਮੂਲਰਾਜ ਨੇ ਅਜੇ ਵੀ ਉਸਤੇ ਇਤਬਾਰ ਨਾ ਕੀਤਾ। ਉਲਟਾ ਉਸਨੂੰ ਇਹ ਵਿਅੰਗਮਈ ਉੱਤਰ ਦਿੱਤਾ ਕਿ ਜੇ ਤੂੰ ਮੇਰਾ ਦੋਸਤ ਹੈਂ ਤਾਂ ਅੰਗਰੇਜ਼ਾਂ ਤੇ ਹਮਲਾ ਕਰ ਦੇ। ਸ਼ੇਰ ਸਿੰਘ ਨੂੰ ਪਤਾ ਸੀ ਕਿ ਉਸਦੀ ਛੋਟੀ ਜਿਹੀ ਸੈਨਾ ਅੰਗਰੇਜ਼ਾਂ ਦਾ ਕੁਝ ਵੀ ਨਹੀਂ ਵਿਗਾੜ ਸਕਦੀ ਸੀ। ਅਖੀਰ ਨਿਰਾਸ਼ ਹੋ ਕੇ ਉਸਨੇ 9 ਅਕਤੂਬਰ ਨੂੰ ਮੁਲਤਾਨ ਛੱਡ ਕੇ ਆਪਣੇ ਪਿਤਾ ਨੂੰ ਮਿਲਣ ਲਈ ਹਜ਼ਾਰੇ ਦਾ ਰਾਹ ਫੜਿਆ।

ਸ਼ੇਰ ਸਿੰਘ ਦੇ ਪਾਸਾ ਬਦਲਣ ਨਾਲ ਮੂਲਰਾਜ ਨੂੰ ਤਾਂ ਕੋਈ ਫਾਇਦਾ ਨਾ ਹੋਇਆ, ਪਰ ਇਸ ਨਾਲ ਜਨਰਲ ਵਿੱਛ ਦੇ ਆਤਮ ਵਿਸ਼ਵਾਸ ਨੂੰ ਬਹੁਤ ਵੱਡਾ ਧੱਕਾ ਲੱਗਾ। ਉਸਨੇ ਮਹਿਸੂਸ ਕੀਤਾ ਕਿ ਮਜੂਦਾ ਫੌਜ ਨਾਲ ਮੁਲਤਾਨ ਦੇ ਕਿਲੇ ਨੂੰ ਸਰ ਕਰਨਾ ਅਸੰਭਵ ਹੈ। ਉਸਨੇ ਆਪਣੀ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ। ਉਸਦੀ ਫੌਜ ਪਿੱਛੇ ਹਟਕੇ ਆਪਣੇ ਪਹਿਲੇ ਟਿਕਾਣਿਆਂ ਤੇ ਵਾਪਸ ਆ ਗਈ। ਇਹ ਮਕਾਨ ਸਨ: ਟਿੱਬੀ, ਸੂਰਜਕੁੰਡ ਅਤੇ ਰਾਮ ਤੀਰਥ। ਮੁਲਤਾਨ ਤੋਂ ਹਜ਼ਾਰੇ ਵੱਲ ਜਾਂਦਾ ਹੋਇਆ ਸ਼ੇਰ ਸਿੰਘ ਲਹੌਰ ਦੇ ਕੋਲੋਂ ਗੁਜਰਿਆ। ਮਾਝੇ ਦੇ ਕਈ ਭੂਤਪੂਰਵ ਸਿੱਖ ਸੈਨਿਕ ਉਸਦੀ ਸੈਨਾ ਵਿੱਚ ਸ਼ਾਮਲ ਹੋ ਗਏ, ਅਤੇ ਹਜ਼ਾਰੇ ਪਾਹੁੰਚਣ ਤੱਕ ਉਸ ਕੋਲ ਇੱਕ ਵੱਡੀ ਫੌਜ ਇਕੱਠੀ ਹੋ ਗਈ। ਚਨਾਬ ਦੇ ਕਿਨਾਰੇ ਉਸਦਾ ਮੇਲ ਆਪਣੇ ਪਿਤਾ ਚਤਰ ਸਿੰਘ ਨਾਲ ਹੋ ਗਿਆ। ਪਿਉ ਪੁੱਤਰ ਦੇ ਇਕੱਠੇ ਹੋਣ ਨਾਲ ਦੋਵਾਂ ਦੀ ਸ਼ਕਤੀ ਅਤੇ ਆਤਮ ਵਿਸ਼ਵਾਸ ਵਿੱਚ ਭਾਰੀ ਵਾਧਾ ਹੋਇਆ।

ਸ਼ੇਰ ਸਿੰਘ ਦੇ ਪਾਹੁੰਚਣ ਤੋਂ ਪਹਿਲਾਂ ਹੀ ਚਤਰ ਸਿੰਘ ਨੇ ਅਫਗਾਨ ਦੇ ਹਾਕਮ ਦੋਸਤ ਮੁਹੰਮਦ ਨਾਲ ਦੋਸਤੀ ਦੀ ਸੰਧੀ ਕਰ ਲਈ ਹੋਈ ਸੀ। ਦੋਸਤ ਮੁਹੰਮਦ ਨੇ ਪਿਸ਼ਾਵਰ ਬਦਲੇ ਅੰਗਰੇਜ਼ਾਂ ਨਾਲ ਯੁੱਧ ਦੀ ਸੂਰਤ ਵਿੱਚ ਚਤਰ ਸਿੰਘ ਦੀ ਫੌਜੀ ਇਮਦਾਦ ਕਰਨ ਦਾ ਇਕਰਾਰ ਕਰ ਲਿਆ ਸੀ। ਹੁਣ ਸ਼ੇਰ ਸਿੰਘ ਦੇ ਹਜ਼ਾਰੇ ਪਾਹੁੰਚਣ ਨਾਲ ਅੰਗਰੇਜ਼ਾਂ ਵਿਰੁੱਧ ਇਹ ਬਗਾਵਤ ਦੀ ਅੱਗ ਸਾਰੇ ਪੰਜਾਬ ਵਿੱਚ ਫੈਲ ਗਈ।

9 ਅਕਤੂਬਰ ਨੂੰ ਸ਼ੇਰ ਸਿੰਘ ਨੇ ਮੁਲਤਾਨ ਛੱਡਿਆ ਸੀ। ਉਸਤੋਂ ਅਗਲੇ ਹੀ ਦਿਨ, 10 ਅਕਤੂਬਰ ਨੂੰ ਹਿੰਦੋਸਤਾਨ ਦਾ ਗਵੱਰਨਰ ਜਨਰਲ, ਲਾਰਡ ਡਲਹੌਜੀ ਰਾਜਧਾਨੀ ਕਲਕੱਤੇ ਤੋਂ ਪੰਜਾਬ ਲਈ ਰਵਾਨਾ ਹੋ ਗਿਆ।

# ਜੰਗ ਦੀਆਂ ਤਿਆਰੀਆਂ: ਅਗੱਸਤ 1848–ਜਨਵਰੀ 1849

ਹੁਣ ਤੱਕ ਦੀਆਂ ਘਟਨਾਵਾਂ ਸਿਰਫ ਮੂਲਰਾਜ ਦੀ ਬਗਾਵਤ ਦਾ ਨਤੀਜਾ ਸਨ। ਪਰ ਹੁਣ ਸ਼ੇਰ ਸਿੰਘ ਦੇ ਅੰਗਰੇਜ਼ਾਂ ਨੂੰ ਛੱਡਕੇ ਹਜ਼ਾਰੇ ਆਉਣ ਨਾਲ ਇਹ ਲੜਾਈ ਅੰਗਰੇਜ਼ਾਂ ਅਤੇ ਸਿੱਖਾਂ ਵਿਚਾਲੇ ਸਿੱਧੀ ਟੱਕਰ ਵਿੱਚ ਬਦਲ ਗਈ। ਅੰਗਰੇਜ਼ੀ ਕਮਾਂਡਰ-ਇਨ-ਚੀਫ ਲਗਾਤਾਰ ਫੌਜ ਇਕੱਠੀ ਕਰ ਰਿਹਾ ਸੀ। ਉਹ ਗਰਮੀ ਦੇ ਮੌਸਮ ਦੇ ਖਤਮ ਹੋਣ ਦੀ ਇੰਤਜ਼ਾਰ ਵਿੱਚ ਸੀ। ਮੁਲਤਾਨ ਦਾ ਕਿਲਾ ਅਜੇ ਵੀ ਮੂਲਰਾਜ ਦੇ ਕਬਜ਼ੇ ਵਿੱਚ ਸੀ। ਲਾਰਡ ਡਲਹੌਜੀ ਨੇ ਬੰਬੇ ਦੇ ਗਵੱਰਨਰ ਨੂੰ ਫੌਜ ਦੀ ਇੱਕ ਡਵੀਜ਼ਨ ਮੁਲਤਾਨ ਭੇਜਣ ਦਾ ਹੁਕਮ ਦਿੱਤਾ ਹੋਇਆ ਸੀ। ਹੁਣ ਜਨਰਲ ਵਿੱਛ ਹਮਲਾ ਕਰਨ ਲਈ ਬੰਬੇ ਵਾਲੀ ਫੌਜ ਦੇ

ਪਾਹੁੰਚਣ ਦੀ ਇੰਤਜ਼ਾਰ ਕਰ ਰਿਹਾ ਸੀ।

ਉੱਤਰ-ਪੱਛਮ ਵਿੱਚ ਬਗਾਵਤ ਪੂਰੀ ਤਰਾਂ ਫੈਲ ਚੁੱਕੀ ਸੀ। ਇਸ ਇਲਾਕੇ ਵਿੱਚ ਸਭ ਤੋਂ ਮਹੱਤਵਪੂਰਨ ਜਗ੍ਹਾ ਸੀ ਪਿਸ਼ਾਵਰ। ਇਹ ਅਫਗਾਨਿਸਤਾਨ ਅਤੇ ਪੰਜਾਬ ਦੇ ਦਰਮਿਆਨ ਸਥਿਤ ਸੀ। ਸਿਕੰਦਰ ਦੇ ਜਮਾਨੇ ਤੋਂ ਹੁਣ ਤੱਕ ਜੋ ਵੀ ਹਮਲਾ ਭਾਰਤ ਤੇ ਹੋਇਆ, ਸਭਤੋਂ ਪਹਿਲਾਂ ਪਿਸ਼ਾਵਰ ਹੀ ਲੜਾਈ ਦਾ ਮੈਦਾਨ ਬਣਦਾ। ਪਿਸ਼ਾਵਰ ਤੋਂ ਅੱਗੇ ਹਿੰਦੂਕੁਸ਼ ਦੇ ਗਗਨਚੁੰਬੀ ਪਹਾੜ ਹਨ। ਇਹਨਾ ਦਾ ਨਾਂ ਹਿੰਦੂਕੁਸ਼ ਇਸ ਲਈ ਪਿਆ ਸੀ ਕਿਉਂਕਿ ਇੱਥੇ ਹਿੰਦੂ ਕੋਹੇ ਜਾਂਦੇ ਸਨ। ਉੱਝ ਤਾਂ ਸਭ ਪੰਜਾਬੀ ਹੀ ਇਹਨਾ ਹਮਲਾਵਰਾਂ ਦੀ ਸੰਤਾਨ ਹਨ, ਪਰ ਪਿਸ਼ਾਵਰ ਦੇ ਨਿਵਾਸੀਆਂ ਦੇ ਵਿਸ਼ੇ ਵਿੱਚ ਇਹ ਗੱਲ ਹੋਰ ਵੀ ਸੱਚ ਹੈ। ਯੂਨਾਨੀ, ਹੂਨ, ਤੁਰਕ, ਮੁਗਲ ਅਤੇ ਪਠਾਨਾ ਨੇ ਕ੍ਰਮਵਾਰ ਪਿਸ਼ਾਵਰ ਤੇ ਕਬਜਾ ਕੀਤਾ। ਉਹਨਾ ਵਿੱਚੋਂ ਬਹੁਤ ਸਾਰੇ ਇਥੇ ਹੀ ਅਬਾਦ ਹੋ ਗਏ। ਇਸ ਇਲਾਕੇ ਦੇ ਵਸਨੀਕ ਪਹਿਲਾਂ ਹਿੰਦੂ, ਫਿਰ ਬੋਧੀ, ਅਤੇ ਹੁਣ ਮੁਸਲਮਾਨ ਹਨ।

ਇਹਨਾ ਲੋਕਾਂ ਦੇ ਮੁਸਲਮਾਨ ਬਣ ਜਾਣ ਬਾਅਦ ਕੋਈ ਵੀ ਹਿੰਦੂ ਰਾਜਾ ਇਥੇ ਰਾਜ ਨਹੀਂ ਕਰ ਸਕਿਆ। ਇਹ ਇਲਾਕਾ ਮੁਸਲਮਾਨ ਸੀ, ਅਤੇ ਇਥੇ ਮੁਸਲਮਾਨ ਹੀ ਰਾਜ ਕਰ ਸਕਦੇ ਸਨ। ਸਿੱਖ ਮਿਸਲਾਂ ਵੇਲੇ ਵੀ ਇਹੋ ਹਲਾਤ ਸਨ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇ ਉਸਦੇ ਕਾਬਲ ਤੋਂ ਆਉਣ ਸਮੇ ਸਿੱਖ ਇਥੇ ਹੀ ਉਸਦਾ ਸਵਾਗਤ ਕਰਦੇ ਸਨ, ਅਤੇ ਹਿੰਦੋਸਤਾਨ ਤੋਂ ਵਾਪਸ ਕਾਬਲ ਜਾਣ ਵੇਲੇ ਉਸਨੂੰ ਲੁੱਟਕੇ ਇਥੇ ਹੀ ਉਸਨੂੰ ਅਲਵਿਦਾ ਕਹਿੰਦੇ ਸਨ। ਮਿਸਲਾਂ ਤੋਂ ਬਾਅਦ ਮਹਾਰਾਜੇ ਰਣਜੀਤ ਸਿੰਘ ਦਾ ਰਾਜ ਆਇਆ। ਉਸ ਮਰਦ ਦੇ ਬੱਚੇ ਨੇ ਪਿਸ਼ਾਵਰ ਤੋਂ ਵੀ ਅੱਗੇ ਦਰੇ ਖੈਬਰ ਤੱਕ ਖਾਲਸੇ ਦਾ ਝੰਡਾ ਝੁਲਾ ਦਿੱਤਾ। ਇਥੇ ਸਿੱਖਾਂ ਦਾ ਦਬਦਬਾ ਕਇਮ ਹੋ ਗਿਆ, ਪਰ ਅਬਾਦੀ ਜਿਆਦਾਤਰ ਮੁਸਲਮਾਨਾ ਦੀ ਹੀ ਰਹੀ।

ਹੁਣ ਸ਼ੇਰ ਸਿੰਘ ਦੇ ਇਥੇ ਪਾਹੁੰਚਣ ਨਾਲ ਮਾਝੇ ਦੇ ਸਿੰਘ ਭਾਰੀ ਗਿਣਤੀ ਵਿੱਚ ਇਥੇ ਸ਼ੇਰ ਸਿੰਘ ਦੇ ਝੰਡੇ ਥੱਲੇ ਇਕੱਠੇ ਹੋਣ ਲੱਗੇ। ਜਿੱਥੋਂ ਤੱਕ ਇਥੋਂ ਦੇ ਵਸਨੀਕਾਂ ਦਾ ਸਵਾਲ ਸੀ, ਖਾਲਸੇ ਨਾਲ ਉਹਨਾ ਦਾ ਸਬੰਧ ਟੈਕਸ ਤਾਰਨ ਤੱਕ ਹੀ ਸੀ। ਉਹਨਾ ਨੂੰ ਸਿੱਖਾਂ ਨਾਲ ਕੋਈ ਪਿਆਰ ਨਹੀਂ ਸੀ। ਜੰਗ ਦੀ ਸੂਰਤ ਵਿੱਚ ਜਿਸ ਧਿਰ ਦੇ ਜਿੱਤ ਜਾਣ ਦੀ ਸੰਭਾਵਨਾ ਵਧੇਰੇ ਹੁੰਦੀ, ਉਹ ਉਸੇ ਨਾਲ ਮਿਲ ਜਾਂਦੇ। ਔਹ ਇਸ ਸਮੇ ਉਹਨਾ ਨੂੰ ਅੰਗਰੇਜਾਂ ਦੇ ਜਿੱਤ ਜਾਣ ਦੀ ਉਮੀਦ ਵਧੇਰੇ ਸੀ, ਇਸ ਲਈ ਉਹ ਅੰਗਰੇਜਾਂ ਦੇ ਪੱਖ ਵਿੱਚ ਸਨ। ਉੱਝ ਪਠਾਨਾ ਦੇ ਲੀਡਰ ਦੋਸਤ ਮੁਹੰਮਦ ਨੇ ਪਿਸ਼ਾਵਰ ਦੇ ਬਦਲੇ ਚਤਰ ਸਿੰਘ ਨਾਲ ਉਸਨੂੰ ਜੰਗੀ ਸਹਾਇਤਾ ਦੇਣ ਦਾ ਇਕਰਾਰ ਕੀਤਾ ਹੋਇਆ ਸੀ, ਪਰ ਕਿਸੇ ਪਠਾਨ ਤੋਂ ਸਹਾਇਤਾ ਦੀ ਆਸ ਰੱਖਣਾ ਬੇਮੌਸਮੀ ਬਰਸਾਤ ਤੇ ਆਸ ਰੱਖਣ ਬਰਾਬਰ ਹੈ।'

ਚਤਰ ਸਿੰਘ ਦੇ ਗਵੱਰਨਰੀ ਤੋਂ ਬਰਖਾਸਤ ਹੋਣ ਬਾਅਦ ਹੁਣ ਪਿਸ਼ਾਵਰ ਦਾ ਗਵੱਰਨਰ ਗੁਲਾਬ ਸਿੰਘ ਪਹੂਵਿੰਡੀਆ ਸੀ। ਉਹ ਅੰਗਰੇਜਾਂ ਦਾ ਵਫ਼ਾਦਾਰ ਸੀ। ਹੈਨਰੀ ਲਾਰੰਸ ਦਾ ਭਰਾ ਮੇਜਰ ਜਾਰਜ ਲਾਰੰਸ ਪਿਸ਼ਾਵਰ ਵਿੱਚ ਅੰਗਰੇਜੀ ਏਜੰਟ ਸੀ। ਪਿਸ਼ਾਵਰ ਦੇ ਦੱਖਣ-ਪੱਛਮ ਵੱਲ ਕੋਹਾਟ ਹੈ। ਇਥੋਂ ਦਾ ਹਾਕਮ ਸੁਲਤਾਨ ਮੁਹੰਮਦ ਸੀ। ਇਹ ਦੋਸਤ ਮੁਹੰਮਦ ਦਾ ਭਰਾ ਸੀ (ਦੋਸਤ ਮੁਹੰਮਦ ਦੇ ਪਿਤਾ ਦੀਆਂ ਕਈ ਪਤਨੀਆਂ ਸਨ। ਇਸ ਲਈ ਇਹ ਭਰਾ ਉਸ ਤਰਾਂ ਦੇ ਭਰਾ ਨਹੀਂ ਸਨ, ਜਿਸ ਤਰਾਂ ਦੇ ਭਰਾ ਆਮ ਪੰਜਾਬੀ ਹੁੰਦੇ ਹਨ। ਲੋੜ ਪੈਣ ਤੇ ਇੱਕ ਦੂਸਰੇ ਦਾ ਖੂਨ ਵੀ ਵਹਾ ਸਕਦੇ ਸਨ। ਰਾਜ ਭਾਗ ਹਾਸਿਲ ਕਰਨ ਲਈ ਇਹਨਾ ਲਈ ਕੋਈ ਵੀ ਤਰੀਕਾ ਜਾਇਜ ਸੀ। ਦੋਸਤ ਮੁਹੰਮਦ ਹੋਰੀਂ 17 ਭਰਾ ਸਨ।) ਸੁਲਤਾਨ ਮੁਹੰਮਦ ਹੈਨਰੀ ਅਤੇ ਜਾਰਜ ਦੀ ਦੋਸਤੀ ਦਾ ਦਮ ਭਰਦਾ ਸੀ। ਪਰ ਇੱਕ ਅਫਗਾਨ ਦੀ ਦੋਸਤੀ ਦਾ ਕੀ ਭਰੋਸਾ?

ਪਿਸ਼ਾਵਰ ਵਿੱਚ ਅੰਗਰੇਜੀ ਏਜੰਟ ਮੇਜਰ ਐਬਟ ਸੀ। ਇਹ ਚਤਰ ਸਿੰਘ ਨੂੰ ਗਵੱਰਨਰੀ ਤੋਂ

ਬਰਖਾਸਤ ਕਰਵਾ ਚੁੱਕਾ ਸੀ। ਹੁਣ ਉਸਨੂੰ ਡਰ ਸੀ ਕਿ ਚਤਰ ਸਿੰਘ ਅਟਕ ਦੇ ਕਿਲੇ ਤੇ ਕਬਜ਼ਾ ਕਰ ਲਵੇਗਾ। ਉਸਨੇ ਜੌਹਨ ਨਿਕੋਲਸਨ ਦੀ ਸਹਾਇਤਾ ਨਾਲ ਅਟਕ ਦੇ ਕਿਲੇ ਤੇ ਆਪ ਕਬਜ਼ਾ ਕਰ ਲਿਆ।

ਪਿਸ਼ਾਵਰ ਵਿੱਚ ਮੇਜਰ ਜਾਰਜ ਲਾਰੰਸ ਦਾ ਕਾਫੀ ਅਸਰ ਰਸੂਖ ਸੀ। ਪਠਾਣੀ ਕਬੀਲਿਆਂ ਦੇ ਕਈ ਸਰਦਾਰ ਉਸਦੇ ਦੋਸਤ ਸਨ। ਕੋਹਾਟ ਦਾ ਹਾਕਮ ਸੁਲਤਾਨ ਮੁਹੰਮਦ ਵੀ ਉਸਦਾ ਦੋਸਤ ਸੀ। ਹੁਣ ਤੱਕ ਪਿਸ਼ਾਵਰ ਵਿਚਲੀ ਸਿੱਖ ਫੌਜ ਵੀ ਉਸਦਾ ਹੁਕਮ ਮੰਨਦੀ ਆਈ ਸੀ। ਪਰ ਹੁਣ ਬਗਾਵਤ ਦੇ ਫੈਲਣ ਨਾਲ ਸਿੱਖ ਫੌਜ ਦੀ ਵਫਾਦਾਰੀ ਵੀ ਜਵਾਬ ਦੇ ਗਈ। ਮਜਬੂਰ ਹੋ ਕੇ ਜਾਰਜ ਲਾਰੰਸ ਨੇ ਪਿਸ਼ਾਵਰ ਛੱਡ ਦਿੱਤਾ। ਉਹ ਆਪਣੇ ਦੋਸਤ ਸੁਲਤਾਨ ਮੁਹੰਮਦ ਕੋਲ ਕੋਹਾਟ ਪਹੁੰਚਿਆ। ਸੁਲਤਾਨ ਮੁਹੰਮਦ ਨੇ ਵੀ ਖੂਬ ਦੋਸਤੀ ਨਿਭਾਈ। ਉਸਨੂੰ ਕੈਦ ਕਰਕੇ ਚਤਰ ਸਿੰਘ ਦੇ ਹਵਾਲੇ ਕਰ ਦਿੱਤਾ।

ਅਟਕ ਦੇ ਕਿਲੇ ਤੇ ਅੰਗਰੇਜ਼ਾਂ ਦਾ ਕਬਜ਼ਾ ਸੀ। ਪਰ ਹੁਣ ਉਥੇ ਦੋਸਤ ਮੁਹੰਮਦ ਦੇ ਅਫਗਾਨ ਪਹੁੰਚਣੇ ਸ਼ੁਰੂ ਹੋ ਗਏ। ਕਿਲੇ ਵਿੱਚ ਇੱਕ ਅੰਗਰੇਜ ਅਫਸਰ ਹਰਬਰਟ ਸੀ। ਉਸ ਕੋਲ ਪਠਾਣ ਸ਼ਿਪਾਹੀ ਸਨ। ਉਹਨਾ ਕਿਹਾ ਕਿ ਉਹ ਹੁਣ ਉਸਦਾ ਸਾਥ ਨਹੀਂ ਦੇ ਸਕਦੇ, ਕਿਉਂਕਿ ਉਹਨਾ ਦੇ ਪਰਵਾਰ ਦੋਸਤ ਮੁਹੰਮਦ ਦੇ ਇਲਾਕੇ ਵਿੱਚ ਰਹਿ ਰਹੇ ਹਨ, ਅਤੇ ਉਹ ਉਹਨਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਉਹ ਸਭ ਚੁੱਪ ਚਾਪ ਕਿਲੇ ਨੂੰ ਛੱਡਕੇ ਚਲੇ ਗਏ। ਹਰਬਰਟ ਨੇ ਅਟਕ ਵਿੱਚੋਂ ਬਚਕੇ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਦੋਸਤ ਮੁਹੰਮਦ ਦੇ ਅਫਗਾਨਾ ਨੇ ਉਸਨੂੰ ਫੜ ਲਿਆ, ਅਤੇ ਚਤਰ ਸਿੰਘ ਦੇ ਹਵਾਲੇ ਕਰ ਦਿੱਤਾ।

ਲਹੌਰ ਵਿੱਚ ਰੈਜੀਡੈਂਟ ਫਰੈਡਰਿਕ ਕਰੀ ਨੂੰ ਸਤੰਬਰ ਤੋਂ ਪਹਿਲਾਂ ਤੱਕ ਸਰਦਾਰਾਂ ਦੀ ਵਫਾਦਾਰੀ ਤੇ ਭਰੋਸਾ ਸੀ, ਪਰ ਹੁਣ ਉਸ ਵੇਖਿਆ ਕਿ ਬਗਾਵਤ ਸਾਰੇ ਪੰਜਾਬ ਵਿੱਚ ਫੈਲ ਚੁੱਕੀ ਹੈ, ਅਤੇ ਨਾ ਚਾਹੁੰਦੇ ਹੋਏ ਵੀ ਸਰਦਾਰਾਂ ਨੂੰ ਬਾਗੀਆਂ ਦਾ ਸਾਥ ਦੇਣਾ ਪੈ ਸਕਦਾ ਹੈ, ਤਾਂ ਉਸਨੇ ਕਈ ਸਿਰਕੱਢ ਸਰਦਾਰਾਂ ਨੂੰ ਕੈਦ ਕਰ ਲਿਆ। ਇਹਨਾ ਵਿੱਚ ਸਰਦਾਰ ਰਣਜੋਧ ਸਿੰਘ ਮਜੀਠੀਆ ਅਤੇ ਸ਼ੇਰ ਸਿੰਘ ਅਟਾਰੀਵਾਲੇ ਦਾ ਭਰਾ ਵੀ ਸ਼ਾਮਲ ਸਨ।

ਅਮ੍ਰਿੰਤਸਰ ਦੇ ਗੋਬਿੰਦਗੜ੍ਹ ਕਿਲੇ ਵਿੱਚ ਖਾਲਸਾ ਫੌਜ ਦੀ ਇੱਕ ਟੁੱਕੜੀ ਸੀ। ਅੰਗਰੇਜ਼ਾਂ ਨੇ ਚਲਾਕੀ ਤੋਂ ਕੰਮ ਲਿਆ। ਇੱਕ ਗਾਈਡ ਰੇਜਮੰਟ ਨੂੰ ਕਿਲੇ ਵਿੱਚ ਭੇਜਿਆ। ਸਿੱਖ ਸ਼ਿਪਾਹੀਆਂ ਦਾ ਬਗਾਵਤ ਕਰਨ ਦਾ ਕੋਈ ਇਰਾਦਾ ਨਹੀਂ ਸੀ, ਇਸ ਲਈ ਉਹਨਾ ਨੇ ਗਾਈਡਾਂ ਨੂੰ ਕਿਲੇ ਵਿੱਚ ਆਉਣ ਦਿੱਤਾ। ਪਰ ਅਗਲੀ ਸਵੇਰ ਦੋ ਹਿੰਦੋਸਤਾਨੀ ਰੈਜਮੰਟਾਂ ਵੀ ਕਿਲੇ ਵਿੱਚ ਗਈਆਂ। ਗਾਈਡਾਂ ਨੇ ਕਿਲੇ ਦਾ ਦਰਵਾਜਾ ਖੋਲ ਕੇ ਉਹਨਾ ਨੂੰ ਕਿਲੇ ਵਿੱਚ ਵਾੜ ਲਿਆ, ਅਤੇ ਸਿੱਖ ਸ਼ਿਪਾਹੀਆਂ ਨੂੰ ਕਿਲੇ ਵਿੱਚੋਂ ਕੱਢ ਦਿੱਤਾ। ਬਗਾਵਤੀਆਂ ਦਾ ਸਾਥ ਦੇਣ ਤੋਂ ਇਲਾਵਾ ਇਹਨਾ ਸ਼ਿਪਾਹੀਆਂ ਕੋਲ ਹੋਰ ਰਸਤਾ ਨਾ ਰਿਹਾ।

ਗੋਬਿੰਦਗੜ੍ਹ ਕਿਲੇ ਤੇ ਕਬਜ਼ਾ ਹੋਣ ਤੇ ਅੰਗਰੇਜ਼ਾਂ ਨੇ ਕਾਫੀ ਰਾਹਤ ਮਹਿਸੂਸ  ਕੀਤੀ। ਜਲੰਧਰ, ਲਹੌਰ ਅਤੇ ਅਮ੍ਰਿੰਤਸਰ ਵਿੱਚ ਹੋਰ ਕਈ ਹਿੰਦੋਸਤਾਨੀ ਸ਼ਿਪਾਹੀਆਂ ਦੀਆਂ ਰੈਜਮੰਟਾਂ ਤੈਨਾਤ ਸਨ। ਮਾਝੇ ਵਿੱਚ ਸਰਦਾਰ ਲਹਿਣਾ ਸਿੰਘ ਮਜੀਠੀਆ ਅੰਗਰੇਜ਼ਾਂ ਦਾ ਸਾਥ ਦੇ ਰਿਹਾ ਸੀ। ਉਸਨੇ ਹਲਾਤ ਤੇ ਕਾਬੂ ਪਾ ਲਿਆ ਸੀ, ਇਸ ਲਈ ਮਾਝੇ ਵਿੱਚ ਕੋਈ ਗੜਬੜ ਵਾਲੀ ਘਟਨਾ ਤਾਂ ਨਾ ਹੋਈ, ਪਰ ਕਈ ਨੌਕਰੀ ਤੋਂ ਕੱਢੇ ਗਏ ਫੌਜੀ ਹਜ਼ਾਰੇ ਸ਼ੇਰ ਸਿੰਘ ਕੋਲ ਜਾ ਰਹੇ ਸਨ।

ਅੰਗਰੇਜ਼ਾਂ ਲਈ ਸਥਿਤੀ ਅਜੇ ਵੀ ਨਾਜ਼ਕ ਸੀ। ਅਟਕ ਅਤੇ ਪਿਸ਼ਾਵਰ ਤੇ ਚਤਰ ਸਿੰਘ ਦਾ ਕਬਜ਼ਾ ਸੀ। ਮੁਲਤਾਨ ਅਜੇ ਵੀ ਮੂਲਰਾਜ ਕੋਲ ਸੀ। ਬੰਨੂ ਦੇ ਸਿੱਖ ਸੈਨਿਕਾਂ ਨੇ ਵੀ ਬਗਾਵਤ ਕਰ ਦਿੱਤੀ, ਅਤੇ ਅੰਗਰੇਜ਼ਾਂ ਦੇ ਮਿੱਤਰ ਫਤਿਹ ਖਾਨ ਨੂੰ ਮਾਰ ਕੇ ਸ਼ੇਰ ਸਿੰਘ ਨਾਲ ਜਾ ਮਿਲੇ ਸਨ। ਸ਼ੇਰ ਸਿੰਘ ਦੀ ਫੌਜ ਵਿੱਚ ਲਗਾਤਾਰ ਵਾਧਾ ਹੋ ਰਿਹਾ ਸੀ। ਚਨਾਬ ਦੇ ਉੱਤਰ ਅਤੇ ਪੱਛਮ ਵੱਲ ਦੀ ਸਿੱਖ ਅਬਾਦੀ ਦੀ ਹਮਦਰਦੀ ਸਿੱਖ ਸੈਨਿਕਾਂ ਨਾਲ ਸੀ। ਅੰਗਰੇਜ ਹੁਣ ਲਾਰਡ ਗੌਫ ਦੀ ਸੈਨਾ ਦੇ ਆਉਣ

ਦੀ ਉਡੀਕ ਕਰ ਰਹੇ ਸਨ।

ਅਖੀਰ ਅਕਤੂਬਰ ਦੇ ਅੱਧ ਵਿੱਚ ਲਾਰਡ ਗੱਫ ਦੀ ਸੈਨਾ ਦਾ ਕੁਝ ਭਾਗ ਲਹੌਰ ਪਹੁੰਚ ਗਿਆ। ਇਸ ਵਿੱਚ ਇੱਕ ਕਵੈਲਰੀ ਬਰਗੇਡ ਸੀ, ਜਿਸਦਾ ਕਮਾਂਡਰ ਬਰਗੇਡੀਅਰ ਕੁਰਟਨ ਸੀ। ਦੋ ਇੰਨਫੈਂਟਰੀ ਬਰਗੇਡਾਂ ਸਨ, ਜਿਨਾ ਦੇ ਕਮਾਂਡਰ ਬਰਗੇਡੀਅਰ ਗੋਡਬੀ ਅਤੇ ਐਕਫੋਰਡ ਸਨ।

ਸ਼ੇਰ ਸਿੰਘ ਇਸ ਸਮੇ ਚਨਾਬ ਤੋਂ ਪਾਰ ਬਨੂੰ ਦੇ ਸਿੱਖ ਸੈਨਿਕਾਂ ਨੂੰ ਉਡੀਕ ਰਿਹਾ ਸੀ। ਚਨਾਬ ਦੇ ਖੱਬੇ ਕਿਨਾਰੇ ਉਸਦੀਆਂ ਕੁਝ ਫੌਜੀ ਚੌਕੀਆਂ ਹੀ ਰਹਿ ਗਈਆਂ ਸਨ।

ਨਵੰਬਰ ਦੇ ਪਹਿਲੇ ਹਫਤੇ ਤੱਕ ਲਾਰਡ ਗੱਫ ਦੀ ਸੈਨਾ ਪੂਰੀ ਤਰਾਂ ਇਕੱਠੀ ਹੋ ਗਈ। 9 ਨਵੰਬਰ ਨੂੰ ਉਸ ਸਤਲੁਜ ਪਾਰ ਕੀਤਾ, 13 ਨਵੰਬਰ ਨੂੰ ਉਹ ਲਹੌਰ ਪਾਹੁੰਚ ਗਿਆ। 16 ਨਵੰਬਰ ਨੂੰ ਰਾਵੀ ਪਾਰ ਕਰਕੇ ਉਹ ਸ਼ੇਰ ਸਿੰਘ ਨਾਲ ਜੰਗ ਕਰਨ ਲਈ ਚਨਾਬ ਵੱਲ ਵਧਿਆ।

# ਮੁਲਤਾਨ ਦੀ ਦੂਸਰੀ ਘੇਰਾਬੰਦੀ
# ਸਤੰਬਰ 1848–ਜਨਵਰੀ 1849

ਜਿਸ ਤਰਾਂ ਪਿਛੇ ਦੱਸਿਆ ਗਿਆ ਹੈ: 14 ਸਤੰਬਰ ਨੂੰ ਸ਼ੇਰ ਸਿੰਘ ਦੇ ਮੁਲਤਾਨ ਛੱਡਣ ਤੋਂ ਬਾਅਦ ਜਨਰਲ ਵਿੱਛ ਨੇ ਆਪਣੀਆਂ ਫੌਜਾਂ ਸ਼ਹਿਰ ਤੋਂ ਪਿੱਛੇ ਹਟਾ ਲਈਆਂ ਸਨ। ਉਹ ਹੁਣ ਬੰਬੇ ਤੋਂ ਆਉਣ ਵਾਲੀ ਇਮਦਾਦੀ ਫੌਜ ਦੀ ਉਡੀਕ ਕਰ ਰਿਹਾ ਸੀ।

ਜਨਰਲ ਵਿੱਛ ਨੇ ਆਪਣੀ ਡਵੀਜਨ ਵਲੀ ਮੁਹੰਮਦ ਨਹਿਰ ਦੇ ਪੱਛਮ ਵੱਲ ਟਿੱਬੀ ਦੇ ਸਥਾਨ ਤੇ ਤੈਨਾਤ ਕਰ ਲਈ, ਤਾਂਕਿ ਉਹ ਮੁਲਤਾਨ ਸ਼ਹਿਰ ਵੱਲ ਜਾਂਦੀਆਂ ਹੋਈਆਂ ਦੋ ਸ਼ੜਕਾਂ ਤੇ ਨਜ਼ਰ ਰੱਖ ਸਕੇ। ਇਹ ਸ਼ੜਕਾਂ ਸਨ ਬਹਾਵਲਪੁਰ ਸ਼ੜਕ ਅਤੇ ਰਾਜਘਾਟ ਦੇ ਪੱਤਣ ਵਾਲੀ ਸ਼ੜਕ। ਐਡਵਰਡੀਜ ਦੇ ਪਠਾਨ, ਬਹਾਵਲਪੁਰੀਏ ਦੌਦਪੁੱਤਰ, ਅਤੇ ਕੋਰਟਲੈਂਡ ਦੀ ਸੈਨਾ ਨਹਿਰ ਦੇ ਪੂਰਬ ਵੱਲ ਸੂਰਜਕੁੰਡ ਦੇ ਸਥਾਨ ਤੇ ਡੇਰੇ ਲਾ ਕੇ ਬੈਠ ਗਏ।

ਮੂਲਰਾਜ ਨੇ ਬਨੂੰ ਅਤੇ ਪਿਸ਼ਾਵਰ ਸਹਾਇਤਾ ਮੰਗਣ ਲਈ ਆਪਣੇ ਦੂਤ ਭੇਜੇ, ਪਰ ਕੋਈ ਫਾਇਦਾ ਨਾ ਹੋਇਆ। ਦੋਸਤ ਮੁਹੰਮਦ ਪਿਸ਼ਾਵਰ ਮਿਲ ਜਾਣ ਤੇ ਖੁਸ਼ ਸੀ। ਮੂਲਰਾਜ ਮਰੇ ਜਾਂ ਜੀਵੇ, ਇਸ ਨਾਲ ਉਸਨੂੰ ਕੋਈ ਫਰਕ ਨਹੀਂ ਪੈਂਦਾ ਸੀ। ਬਨੂੰ ਦੇ ਪਠਾਨ ਵੀ ਮੁਲਤਾਨ ਦੇ ਹਿੰਦੂ ਗਵੱਰਨਰ ਜਾਂ ਉਸਦੇ ਸਿੱਖ ਹਮੈਤੀਆਂ ਦੇ ਕੋਈ ਦੋਸਤ ਨਹੀਂ ਸਨ। ਅੰਗਰੇਜ਼ਾਂ ਦਾ ਸਾਹਮਣਾ ਹੁਣ ਮੂਲਰਾਜ ਨੂੰ ਇਕੱਲੇ ਹੀ ਕਰਨਾ ਪੈਣਾ ਸੀ।

ਮੂਲਰਾਜ ਦੀ ਸੈਨਾ ਅਤੇ ਵਿੱਛ ਦੀ ਸੈਨਾ ਵਿੱਚ ਛਿਟਪੁੱਟ ਝੜਪਾਂ ਹੁੰਦੀਆਂ ਰਹੀਆਂ, ਪਰ ਕੋਈ ਵੱਡੀ ਲੜਾਈ ਨਾ ਹੋਈ। 6 ਨਵੰਬਰ ਨੂੰ ਅੰਗਰੇਜਾਂ ਨੂੰ ਇੱਕ ਹੋਰ ਝੱਟਕਾ ਲੱਗਾ ਜਦੋਂ ਜਨਰਲ ਕੋਰਟਲੈਂਡ ਦੀ ਇੱਕ ਹਿੰਦੋਸਤਾਨੀ ਸ਼ਿਪਾਹੀਆਂ ਦੀ ਰੈਜਮੈਂਟ ਉਸਨੂੰ ਛੱਡਕੇ ਮੂਲਰਾਜ ਨਾਲ ਜਾ ਮਿਲੀ। ਇਸ ਰੈਜਮੈਂਟ ਨੂੰ ਕਾਤਰਮੁਖੀ ਰੈਜਮੈਂਟ ਕਹਿੰਦੇ ਸਨ। ਪਰ ਇਸਦੇ ਸ਼ਿਪਾਹੀਆਂ ਨੇ ਆਪਣੇ ਕਿਸੇ ਅਫਸਰ ਨੂੰ ਕੋਈ ਨੁਕਸਾਨ ਨਾ ਪਾਹੁੰਚਾਇਆ।

30 ਨਵੰਬਰ ਨੂੰ ਅੰਗਰੇਜੀ ਸੈਨਾ ਦਾ ਚੀਫ ਇੰਜਿਨੀਅਰ ਕਰਨਲ ਚੀਪ ਮੁਲਤਾਨ ਪਾਹੁੰਚ ਗਿਆ। ਇਸ ਕਿਲੇ ਨੂੰ ਤੋੜਨ ਵਿੱਚ ਇੰਜਿਨੀਅਰਾਂ ਨੇ ਅਹਿਮ ਰੋਲ ਅਦਾ ਕਰਨਾ ਸੀ, ਕਿਉਂਕਿ ਇਸ ਦੀਆਂ ਕੰਧਾਂ ਨੂੰ ਤੋੜਨ ਲਈ ਬਰੂਦੀ ਸੁਰੰਗਾਂ ਵਿਛਾਉਣੀਆਂ ਜਰੂਰੀ ਸਨ। ਮਹਾਰਾਜੇ ਨੇ ਵੀ ਜਦੋਂ ਇਹ ਕਿਲਾ ਪਠਾਨਾ ਕੋਲੋਂ ਜਿੱਤਿਆ ਸੀ, ਤਾਂ ਬਰੂਦੀ ਸੁਰੰਗਾਂ ਨਾਲ ਕੰਧਾਂ ਉਡਾ ਕੇ ਹੀ ਜਿੱਤਿਆ ਸੀ।

ਅਖੀਰ 21 ਦਸੰਬਰ ਨੂੰ ਬੰਬੇ ਵਾਲੀ ਫੌਜ ਵੀ ਮੁਲਤਾਨ ਪਾਹੁੰਚ ਗਈ। ਇਸ ਫੌਜ ਦੇ ਦੇਰ ਨਾਲ ਪਾਹੁੰਚਣ ਦਾ ਕਾਰਨ ਇਹ ਸੀ ਕਿ ਅਧਿਕਾਰੀਆਂ ਨੇ ਇਸ ਡਵੀਜਨ ਦਾ ਕਮਾਂਡਰ ਪਹਿਲਾਂ ਜਨਰਲ ਆਕਟੋਮੀ ਨੂੰ ਨਿਯੁਕਤ ਕੀਤਾ। ਜਨਰਲ ਬੰਬੇ ਵਿੱਚ ਮਜੂਦ ਨਹੀਂ ਸੀ, ਪਰ ਉਸ ਆਪਣੀ ਡਵੀਜਨ ਨੂੰ ਹੁਕਮ ਭੇਜਿਆ ਕਿ ਉਹ ਉਸਦੇ ਬੰਬੇ ਪਾਹੁੰਚਣ ਤੇ ਹੀ ਮੁਲਤਾਨ ਲਈ ਰਵਾਨਾ ਹੋਵੇ। ਫਿਰ ਅਧਿਕਾਰੀਆਂ ਨੂੰ ਇਹ ਮਹਿਸੂਸ ਹੋਇਆ ਕਿ ਆਕਟੋਮੀ ਵਿੱਛ ਤੋਂ ਸੀਨੀਅਰ ਹੈ, ਅਤੇ ਮੁਲਤਾਨ ਪਾਹੁੰਚ ਕੇ ਸਾਰੀ ਫੌਜ ਦਾ ਕਮਾਂਡਰ ਉਹ ਹੋ ਜਾਵੇਗਾ। ਪਰ ਬੰਬੇ ਫੌਜ ਤਾਂ ਸਿਰਫ ਇਮਦਾਦੀ ਫੌਜ ਸੀ, ਅਤੇ ਮੁਲਤਾਨੀ ਸੈਨਾ ਦਾ ਕਮਾਂਡਰ ਤਾਂ ਜਨਰਲ ਵਿੱਛ ਨੂੰ ਥਾਪਿਆ ਗਿਆ ਸੀ। ਇਸ ਲਈ ਬੰਬੇ ਡਵੀਜਨ ਦਾ ਕਮਾਂਡਰ ਵਿੱਛ ਤੋਂ ਜੂਨੀਅਰ ਹੋਣਾ ਚਾਹੀਦਾ ਸੀ। ਉਹਨਾ ਨੇ ਜਨਰਲ ਆਕਟੋਮੀ ਦੀ ਜਗ੍ਹਾ ਬਰਗੇਡੀਅਰ ਡੰਡਾਸ ਨੂੰ ਕਮਾਂਡਰ ਨਿਯੁਕਤ ਕੀਤਾ। ਕਮਾਂਡਰਾਂ ਦੀ ਇਸ ਅਦਲਾ ਬਦਲੀ ਕਾਰਨ ਹੀ ਇਹ ਡਵੀਜਨ ਮੁਲਤਾਨ ਪਾਹੁੰਚਣ ਵਿੱਚ ਲੇਟ ਹੋ ਗਈ ਸੀ।

ਕਰਨਲ ਚੀਪ ਨੇ ਹੁਣ ਤੱਕ ਸ਼ਹਿਰ ਅਤੇ ਕਿਲੇ ਬਾਰੇ ਲੋੜੀਂਦੀ ਜਾਣਕਾਰੀ ਇਕੱਠੀ ਕਰ ਲਈ ਸੀ। ਉਸਨੇ ਜਨਰਲ ਵਿੱਛ ਨੂੰ ਇਹ ਸਲਾਹ ਦਿੱਤੀ ਕਿ ਮੁਲਤਾਨ ਦੇ ਦੱਖਣ ਵਲੋਂ ਹਮਲਾ ਕਰਕੇ, ਖੂਨੀ ਦਰਵਾਜੇ ਨੂੰ ਤੋੜਕੇ ਸ਼ਹਿਰ ਤੇ ਕਬਜ਼ਾ ਕੀਤਾ ਜਾਏ, ਅਤੇ ਫਿਰ ਕਿਲੇ ਤੱਕ ਪਾਹੁੰਚ ਕੇ ਉਸਦੀਆਂ ਕੰਧਾਂ ਨੂੰ ਢਾਹ ਕੇ ਕਿਲੇ ਤੇ ਕਬਜ਼ਾ ਕੀਤਾ ਜਾਏ, ਪਰ ਚੀਪ ਦਾ ਜੂਨੀਅਰ ਅਫਸਰ ਮੇਜਰ ਨੇਪੀਅਰ ਇਸ ਯੋਜਨਾ ਨਾਲ ਸਹਿਮਤ ਨਹੀਂ ਸੀ, ਕਿਉਂਕਿ ਕਿਲਾ ਸ਼ਹਿਰ ਦੇ ਉੱਤਰ ਵਿੱਚ ਸਥਿਤ ਸੀ, ਇਸ ਲਈ ਸ਼ਹਿਰ ਦੀਆਂ ਗਲੀਆਂ ਰਾਹੀਂ ਲੜਦੇ ਹੋਏ ਉਸ ਤੱਕ ਪਹੁੰਚਣ ਵਿੱਚ ਅੰਗਰੇਜੀ ਸੈਨਾ ਦਾ ਕਾਫੀ ਨੁਕਸਾਨ ਹੋ ਸਕਦਾ ਸੀ। ਨੇਪੀਅਰ ਦੀ ਸਲਾਹ ਇਹ ਸੀ ਕਿ ਕਿਲੇ ਦੀ ਉੱਤਰ ਪੂਰਬੀ ਗੁੱਠ ਤੇ ਸਿੱਧਾ ਹਮਲਾ ਕਰਨਾ ਚਾਹੀਦਾ ਹੈ। ਇਸ ਨਾਲ ਪੂਰੇ ਸ਼ਹਿਰ ਤੇ ਕਬਜ਼ਾ ਕਰਨ ਦੀ ਕੋਈ ਲੋੜ ਨਹੀਂ ਸੀ।

ਜਨਰਲ ਵਿੱਛ ਆਪਣੇ ਸੀਨੀਅਰ ਇੰਜਿਨੀਅਰ ਦੀ ਯੋਜਨਾ ਨਾਲ ਸਹਿਮਤ ਸੀ, ਪਰ ਜਿਨ੍ਹਾ ਅਫਸਰਾਂ ਨੇ ਹਮਲਾ ਕਰਨਾ ਸੀ, ਉਹਨਾ ਨੂੰ ਨੇਪੀਅਰ ਦੀ ਯੋਜਨਾ ਪਸੰਦ ਸੀ। ਬਰਗੇਡੀਅਰ ਡੰਡਾਸ ਨੂੰ ਵੀ ਮੁਲਤਾਨ ਪਾਹੁੰਚਣ ਤੇ ਜਦੋਂ ਇਹ ਯੋਜਨਾ ਦਖਾਈ ਗਈ, ਤਾਂ ਉਸਨੇ ਵੀ ਨੇਪੀਅਰ ਦੀ ਯੋਜਨਾ ਦਾ ਸਮੱਰਥਨ ਕੀਤਾ। ਅਖੀਰ ਜਨਰਲ ਵਿੱਛ ਨੂੰ ਵੀ ਨੇਪੀਅਰ ਦੀ ਯੋਜਨਾ ਅਪਨਾਉਣੀ ਪਈ।

ਹੁਣ ਮੁਲਤਾਨ ਤੇ ਹਮਲਾ ਕਰਨ ਲਈ ਜਨਰਲ ਵਿੱਛ ਕੋਲ ਲੋੜੀਂਦੀ ਸੈਨਾ ਅਤੇ ਤੋਪਾਂ ਸਨ। ਉਸ ਕੋਲ ਹੁਣ 67 ਕਿਲਾ ਤੋੜਨ ਵਾਲੀਆਂ ਵੱਡੀਆਂ ਤੋਪਾਂ ਅਤੇ 30 ਫੀਲਡ ਤੋਪਾਂ ਹੋ ਗਈਆਂ ਸਨ। ਮੁਲਤਾਨ ਤੇ ਹਮਲਾ 27 ਦਸੰਬਰ ਨੂੰ ਸ਼ੁਰੂ ਹੋਇਆ। ਅੰਗਰੇਜੀ ਸੈਨਾ ਨੇ ਮੁਲਤਾਨ ਨੂੰ ਘੇਰਾ ਪਾ ਲਿਆ। ਇਹ ਘੇਰਾ ਇੱਕ ਅਰਧ-ਚਕਰ ਦੇ ਅਕਾਰ ਵਿੱਚ ਸੀ, ਜੋ ਮੁਲਤਾਨ ਦੇ ਦੱਖਣ ਪੱਛਮ ਤੋਂ ਉੱਤਰ ਪੂਰਬ ਤੱਕ ਫੈਲਿਆ ਹੋਇਆ ਸੀ।

ਜਨਰਲ ਵਿੱਛ ਦੀ ਡਵੀਜਨ ਹਮਲਾ ਸ਼ੁਰੂ ਹੋਣ ਵੇਲੇ ਇਸ ਅਰਧ-ਚੱਕਰ ਦੇ ਸੱਜੇ ਪਾਸੇ ਸੀ। ਇਸਦਾ ਖੱਬਾ ਸਿਰਾ ਸੀਤਲ ਕੀ ਮਾੜੀ ਕੋਲ ਸੀ। ਇਸ ਸੈਨਾ ਨੇ ਉੱਤਰ ਪੂਰਬ ਵੱਲੋਂ ਕਿਲੇ ਤੇ ਹਮਲਾ ਕੀਤਾ। ਵਿੱਛ ਦੇ ਖੱਬੇ ਪਾਸੇ ਬੰਬੇ ਵਾਲੀ ਬਰਗੇਡੀਅਰ ਡੰਡਾਸ ਦੀ ਡਵੀਜਨ ਸੀ, ਜੋ ਵਲੀ ਮੁਹੰਮਦ ਨਹਿਰ ਤੱਕ ਫੈਲੀ ਹੋਈ ਸੀ। ਡੰਡਾਸ ਦੀ ਸੈਨਾ ਦੇ ਖੱਬੇ ਪਾਸੇ ਨਹਿਰ ਦੇ ਪਾਰ ਲੈਫਟੀਨੈਂਟ ਐਡਵਰਡੀਜ ਦੇ ਪਠਾਨ, ਦੌਦਪੁੱਤਰ ਅਤੇ ਕੋਰਟਲੈਂਡ ਦੇ ਸੈਨਿਕ ਸਨ। ਵਿੱਛ ਅਤੇ ਡੰਡਾਸ ਦੀ ਸੈਨਾ ਨੇ ਮੁਲਤਾਨੀ

ਫੌਜ ਨੂੰ ਪਿੱਛੇ ਧੱਕ ਕੇ ਕਿਲੇ ਤੱਕ ਪਹੁੰਚਣਾ ਸੀ, ਅਤੇ ਐਡਵਰਡੀਜ ਨੇ ਹਮਲਾ ਸ਼ੁਰੂ ਹੋਣ ਬਾਅਦ ਨਹਿਰ ਪਾਰ ਕਰਕੇ ਸ਼ਹਿਰ ਦੇ ਦੱਖਣੀ ਦਰਵਾਜੇ, ਖੂਨੀ ਬੁਰਜ ਤੱਕ ਪਹੁੰਚਣਾ ਸੀ।

ਅੰਗਰੇਜ ਕਮਾਂਡਰਾਂ ਦੀ ਇਹ ਯੋਜਨਾ ਪੂਰੀ ਕਾਮਯਾਬ ਰਹੀ। ਹਮਲੇ ਸਮੇ ਅੱਗੇ ਤੋਪਾਂ ਅਤੇ ਪਿੱਛੇ ਪਿੱਛੇ ਇੰਨਫੈਂਟਰੀ ਅਤੇ ਕਵੈਲਰੀ ਲਗਾਤਾਰ ਅੱਗੇ ਵਧਦੇ ਰਹੇ। ਮੁਲਤਾਨੀ ਸੈਨਾ ਇਸ ਹਮਲੇ ਨੂੰ ਠੱਲ ਪਾਉਣ ਵਿੱਚ ਨਾਕਾਮ ਰਹੀ। ਇਹ ਸੈਨਾ ਅੰਗਰੇਜੀ ਹਮਲੇ ਦੇ ਹੜ ਸਾਹਮਣੇ ਟਿੱਕ ਨਾ ਸਕੀ।

ਸੱਜੇ ਪਾਸੇ ਵਾਲੀ ਵਿੰਗ ਦੀ ਸੈਨਾ ਮੁਲਤਾਨੀਆਂ ਨੂੰ ਪਿੱਛੇ ਧੱਕਦੀ ਹੋਈ ਕਿਲੇ ਦੀ ਉੱਤਰ ਪੂਰਬੀ ਗੁੱਠ ਤੋਂ ਕੇਵਲ ਅੱਧਾ ਕਿਲੋਮੀਟਰ ਦੂਰ ਆਮਖਾਸ ਤੱਕ ਪਹੁੰਚ ਗਈ। ਉਸਦੇ ਖੱਬੇ ਡੰਡਾਸ ਨੇ ਦਿੱਲੀ ਦਰਵਾਜਾ ਤੋੜ ਦਿੱਤਾ ਅਤੇ ਉਸਦੀ ਸੈਨਾ ਸ਼ਹਿਰ ਵਿੱਚ ਦਾਖਲ ਹੋ ਗਈ। ਐਡਵਰਡੀਜ ਨਹਿਰ ਪਾਰ ਕਰਕੇ ਖੂਨੀ ਬੁਰਜ ਤੋਂ 120 ਗੱਜ ਦੂਰ ਪਹੁੰਚ ਗਿਆ। ਉਸਨੇ ਦੋ ਉੱਚੀਆਂ ਜਗ੍ਹਾ ਮੁੰਡੀ ਆਵਾ ਅਤੇ ਲਾਲ ਕੇ ਬਹਿਰ ਤੇ ਤੋਪਾਂ ਬੀੜ ਕੇ ਸ਼ਹਿਰ ਤੇ ਬੰਬਾਰੀ ਕੀਤੀ।

ਅਗਲੇ ਤਿੰਨ ਦਿਨ ਤੱਕ ਸ਼ਹਿਰ ਦੀਆਂ ਕੰਧਾਂ ਨੂੰ ਢਾਹੁਣ ਲਈ ਸਹੀ ਸਥਾਨਾ ਤੇ ਤੋਪਾਂ ਬੀੜੀਆਂ ਗਈਆਂ। 30 ਦਸੰਬਰ ਨੂੰ ਮੇਜਰ ਹੈਨਰੀ ਲਾਰੰਸ ਵੀ ਛੁੱਟੀ ਕੱਟਕੇ ਮੁਲਤਾਨ ਪਹੁੰਚ ਗਿਆ, ਅਤੇ ਫੌਜੀ ਕਾਰਵਾਈਆਂ ਵਿੱਚ ਹਿੱਸਾ ਲੈਣ ਲੱਗ ਪਿਆ। 30 ਦਸੰਬਰ ਨੂੰ ਹੀ ਮੁਲਤਾਨ ਦੇ ਕਿਲੇ ਵਿੱਚ ਇੱਕ ਵੱਡਾ ਧਮਾਕਾ ਹੋਇਆ। ਬਰੂਦ ਦੇ ਇੱਕ ਵੱਡੇ ਭੰਡਾਰ ਨੂੰ ਅੱਗ ਲੱਗ ਗਈ। ਇਸ ਭੰਡਾਰ ਦੇ ਥੱਲੇ ਇੱਕ ਤਹਿਖਾਨੇ ਵਿੱਚ ਸਰਦਾਰ ਕਾਹਨ ਸਿੰਘ ਮਾਨ ਅਤੇ ਉਸਦਾ ਪੁੱਤਰ ਕੈਦ ਸਨ। ਉਹ ਦੋਵੇਂ ਵੀ ਇਸ ਧਮਾਕੇ ਵਿੱਚ ਮਾਰੇ ਗਏ।

2 ਜਨਵਰੀ ਤੱਕ ਕਿਲੇ ਦੀਆਂ ਕੰਧਾਂ ਤੇ ਖੂਬ ਬੰਬਾਰੀ ਹੁੰਦੀ ਰਹੀ। ਖੂਨੀ ਬੁਰਜ ਅਤੇ ਦਿੱਲੀ ਦਰਵਾਜੇ ਢਾਹ ਦਿੱਤੇ ਗਏ। ਮੁਲਤਾਨ ਦੀਆਂ ਦੱਖਣੀ ਅਤੇ ਪੂਰਬੀ ਕੰਧਾਂ ਵਿੱਚ ਕਈ ਪਾਟ ਪੈ ਗਏ। ਫੌਜ ਨੇ ਸ਼ਹਿਰ ਤੇ ਕਬਜਾ ਕਰ ਲਿਆ। ਪਰ ਕਿਲੇ ਤੇ ਅਜੇ ਵੀ ਮੂਲਰਾਜ ਦਾ ਹੀ ਕਬਜਾ ਸੀ। ਉਸਨੇ ਕਿਲੇ ਦੇ ਦਰਵਾਜੇ ਬੰਦ ਕਰ ਲਏ। ਕਿਲੇ ਵਿੱਚ ਉਸ ਕੋਲ ਕੋਈ 4000 ਸੈਨਿਕ ਹੀ ਰਹਿ ਗਏ।

ਅੰਗਰੇਜੀ ਸੈਨਾ ਕਿਲੇ ਦੀ ਖਾਈ ਤੱਕ ਜਾ ਪਹੁੰਚੀ। ਖਾਈ ਵਿੱਚ ਸੁਰੰਗ ਖੋਦ ਕੇ ਉਸ ਵਿੱਚ ਬਰੂਦ ਫਿੱਟ ਕੀਤਾ ਗਿਆ। ਬਰੂਦ ਚੱਲਣ ਨਾਲ ਕਿਲੇ ਦੀਆਂ ਕੰਧਾਂ ਵਿੱਚ ਪਾਟ ਪੈ ਗਏ। 21 ਜਨਵਰੀ ਨੂੰ ਕਿਲੇ ਵਿੱਚ ਵੜਨ ਦੀ ਤਿਆਰੀ ਹੋਈ। ਪਰ ਕਿਲੇ ਵਿੱਚ ਜਾਣ ਦੀ ਲੋੜ ਹੀ ਨਾ ਪਈ। ਮੂਲਰਾਜ ਨੇ ਵੇਖਿਆ ਕਿ ਹੁਣ ਵਿਰੋਧ ਬੇਕਾਰ ਹੈ। ਉਹ ਕਿਲੇ ਵਿੱਚੋਂ ਆਪਣੇ ਸਾਥੀਆਂ ਸਮੇਤ ਬਾਹਰ ਆਇਆ, ਅਤੇ ਅੰਗਰੇਜ ਜਰਨੈਲ ਸਾਹਮਣੇ ਆਤਮ-ਸਮੱਰਪਣ ਕਰ ਦਿੱਤਾ।

ਮੂਲਰਾਜ ਨੂੰ ਕੈਦ ਕਰਕੇ ਲਹੌਰ ਭੇਜਿਆ ਗਿਆ, ਜਿੱਥੇ ਉਸਤੇ ਮੁਕੱਦਮਾ ਚਲਾਇਆ ਗਿਆ। ਉਸਨੂੰ ਮੌਤ ਦੀ ਸਜ਼ਾ ਸੁਣਾਈ ਗਈ, ਪਰ ਬਾਅਦ ਵਿੱਚ ਇਹ ਉਮਰ ਕੈਦ ਵਿੱਚ ਬਦਲ ਦਿੱਤੀ ਗਈ। ਉਹ ਬਨਾਰਸ ਕੈਦ ਵਿੱਚ ਹੀ 11 ਅਗੱਸਤ 1851 ਨੂੰ ਮਰ ਗਿਆ। ਭਾਈ ਮਹਾਰਾਜ ਸਿੰਘ ਨੇ ਵੀ ਆਪਣੇ ਸਾਥੀਆਂ ਸਮੇਤ ਮੂਲਰਾਜ ਦੀ ਸਹਾਇਤਾ ਕੀਤੀ ਸੀ। ਭਾਈ ਜੀ ਨੂੰ ਵੀ ਅੰਗਰੇਜਾਂ ਨੇ ਉਸਦੇ 21 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ। ਉਸਤੇ ਕੋਈ ਮੁਕੱਦਮਾ ਤਾਂ ਨਾ ਚਲਾਇਆ ਗਿਆ, ਪਰ ਉਸਨੂੰ ਦੇਸ਼ ਨਿਕਾਲਾ ਦੇ ਕੇ ਸਿੰਘਾਪੁਰ ਭੇਜ ਦਿੱਤਾ ਗਿਆ। ਉਥੇ ਹੀ ਕੈਦ ਵਿੱਚ 5 ਜੁਲਾਈ 1856 ਨੂੰ ਉਸਦੀ ਮੌਤ ਹੋ ਗਈ।

ਮੁਲਤਾਨ ਦੀ ਇਸ ਲੰਮੀ ਜੰਗ ਤੋਂ ਇਹ ਗੱਲ ਤਾਂ ਸਾਫ ਹੈ ਕਿ ਮੂਲਰਾਜ ਵਿੱਚ ਹੋਰ ਕੋਈ ਵੀ ਦੋਸ਼ ਹੋਵੇ, ਪਰ ਉਸ ਵਿੱਚ ਬਹਾਦਰੀ ਅਤੇ ਸਿਰੜ ਦੀ ਕਮੀ ਨਹੀਂ ਸੀ। ਉਸਨੇ ਅਖੀਰ ਤੱਕ ਮਰਦਾਂ ਵਾਂਗ ਅੰਗਰੇਜਾਂ ਦਾ ਸਾਹਮਣਾ ਕੀਤਾ, ਅਤੇ ਇਜ਼ਤ ਨਾਲ ਹਥਿਆਰ ਸੁੱਟ ਕੇ ਆਪਣੇ ਆਪ ਨੂੰ ਅੰਗਰੇਜਾਂ ਦੇ ਹਵਾਲੇ ਕੀਤਾ। ਉਹ ਲਾਲ ਸਿੰਘ ਅਤੇ ਤੇਜ ਸਿੰਘ ਵਾਂਗ ਜੰਗ ਵਿੱਚੋਂ ਪਿੱਠ ਵਖਾ ਕੇ ਨਹੀਂ ਭੱਜਿਆ।

ਭਾਈ ਮਹਾਰਾਜ ਸਿੰਘ ਨੇ ਵੀ ਅੰਗਰੇਜ਼ਾਂ ਦੀ ਈਨ ਨਹੀਂ ਮੰਨੀ।

ਮੁਲਤਾਨ ਦੀ ਜਿੱਤ ਬਾਅਦ ਜਨਰਲ ਵਿੱਛ ਨੇ ਉਥੇ ਸਮਾ ਬਰਬਾਦ ਨਾ ਕੀਤਾ। ਥੋੜੀ ਜਿਹੀ ਫੌਜ ਮੁਲਤਾਨ ਦੀ ਸੁਰੱਖਿਆ ਲਈ ਛੱਡ ਕੇ ਉਹ ਲਾਰਡ ਗੱਫ ਨਾਲ ਮਿਲਾਪ ਕਰਨ ਲਈ ਚਨਾਬ ਵੱਲ ਰਵਾਨਾ ਹੋ ਗਿਆ। 27 ਜਨਵਰੀ ਨੂੰ ਵਿੱਛ ਨੇ, ਅਤੇ ਅਗਲੇ ਦਿਨ ਡੰਡਾਸ ਨੇ ਮੁਲਤਾਨ ਛੱਡ ਦਿੱਤਾ।

# ਲਾਰਡ ਗੱਫ ਚਨਾਬ ਦੇ ਕਿਨਾਰੇ: ਨਵੰਬਰ-ਦਸੰਬਰ 1848


ਬਰਗੇਡੀਅਰ ਕੁਰਟਨ ਨੂੰ ਲਾਰਡ ਗੱਫ ਨੇ ਆਪਣੇ ਤੋਂ 15 ਦਿਨ ਪਹਿਲਾਂ ਹੀ ਘੋੜ ਸਵਾਰਾਂ (ਕਵੈਲਰੀ) ਦੀ ਇੱਕ ਬਰਗੇਡ ਦੇ ਕੇ ਲਹੌਰ ਭੇਜ ਦਿੱਤਾ ਸੀ, ਤਾਂਕਿ ਸ਼ੇਰ ਸਿੰਘ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖੀ ਜਾ ਸਕੇ। ਸ਼ੇਰ ਸਿੰਘ ਇਸ ਵਕਤ ਚਨਾਬ ਦੇ ਪਾਰਲੇ ਕਿਨਾਰੇ ਰਾਮਨਗਰ ਦੇ ਸਾਹਮਣੇ ਬੈਠਾ ਸੀ। ਕੁਰਟਨ ਚਨਾਬ ਤੋਂ 8 ਮੀਲ ਦੂਰ ਉਰਲੇ ਪਾਸੇ ਡੇਰਾ ਲਾ ਕੇ ਬੈਠ ਗਿਆ। ਇਥੇ 16 ਨਵੰਬਰ ਨੂੰ ਬਰਗੇਡੀਅਰ ਗੋਡਬੀ ਅਤੇ ਕੋਲਿਨ ਕੈਂਬਲ ਆਪਣੀਆਂ ਬਰਗੇਡਾਂ ਨਾਲ ਉਸ ਨਾਲ ਆ ਮਿਲੇ, ਅਤੇ ਇਹ ਸਭ ਕਮਾਂਡਰ-ਇਨ-ਚੀਫ ਦੇ ਪਹੁੰਚਣ ਦੀ ਉਡੀਕ ਕਰਨ ਲੱਗੇ।

21 ਨਵੰਬਰ 1848 ਨੂੰ ਲਾਰਡ ਗੱਫ ਇਹਨਾ ਕੋਲ ਪਹੁੰਚ ਗਿਆ। 22 ਨਵੰਬਰ ਨੂੰ ਗੱਫ ਆਪਣੀ ਫ਼ੌਜ ਲੈ ਕੇ ਰਾਮ ਨਗਰ ਵੱਲ ਵਧਿਆ। ਸਿੱਖਾਂ ਨੇ ਵੀ ਉਸਦੀ ਫੌਜ ਨੂੰ ਦਰਿਆ ਦੇ ਦੂਸਰੇ ਕਿਨਾਰੇ ਵੇਖਿਆ। ਉਹਨਾ ਬੋਲੇ ਸੋ ਨਿਹਾਲ ਦੇ ਨਾਹਰਿਆਂ ਨਾਲ ਉਸਨੂੰ ਲੜਾਈ ਲਈ ਵੰਗਾਰਿਆ।

ਰਾਮਨਗਰ ਕੋਲ ਦਰਿਆ ਚਨਾਬ ਕਾਫੀ ਚੌੜਾ ਅਤੇ ਕਈ ਚੈਨਲਾਂ ਵਿੱਚ ਵੰਡਿਆ ਹੋਇਆ ਹੈ। ਪਾਣੀ ਦਾ ਲੇਵਲ ਨੀਵਾਂ ਹੈ। ਦਰਿਆ ਪਾਰ ਕਰਨ ਲਈ ਇਹ ਪੱਤਣ ਬਹੁਤ ਵਧੀਆ ਸੀ। ਪਰ ਦਰਿਆ ਦੇ ਦੂਸਰੇ ਕਿਨਾਰੇ ਤੇ ਖਾਲਸਾ ਤੋਪਾਂ ਬੀੜ ਕੇ ਬੈਠਾ ਸੀ। ਰਾਮਨਗਰ ਵਿੱਚ ਖਾਲਸੇ ਦੀ ਇੱਕ ਫੌਜੀ ਚੌਕੀ ਹੀ ਸੀ। ਅੰਗਰੇਜ਼ਾਂ ਨੂੰ ਉਸ ਵੱਲ ਵਧਦੇ ਵੇਖਕੇ ਕਈ ਖਾਲਸਾ ਘੋੜ ਸਵਾਰ ਦਰਿਆ ਪਾਰ ਕਰਕੇ ਉਸਦੀ ਮਦਦ ਲਈ ਆ ਗਏ।

ਅੰਗਰੇਜ਼ਾਂ ਨੇ ਪਹਿਲਾਂ ਤਾਂ ਸਿੱਖ ਘੋੜ ਸਵਾਰਾਂ ਤੇ ਤੋਪਾਂ ਨਾਲ ਗੋਲਾਬਾਰੀ ਕੀਤੀ, ਅਤੇ ਫਿਰ ਉਹਨਾ ਦੀ ਪਹਿਲੀ ਡਰਾਗੂਨ ਰੈਜਮੈਂਟ ਦੇ ਘੋੜ ਸਵਾਰ ਉਹਨਾ ਤੇ ਹਮਲਾ ਕਰਨ ਲਈ ਕਿਨਾਰੇ ਵੱਲ ਵਧੇ। ਇਹ ਬਰਗੇਡੀਅਰ ਵਾਈਟ ਦੀ ਕਵੈਲਰੀ ਬਰਗੇਡ ਵਿੱਚੋਂ ਸਨ, ਅਤੇ ਇਸ ਸਮੇ ਇਹਨਾ ਦੀ ਅਗਵਾਈ ਕਰਨਲ ਹੈਵ੍ਹੀ ਕਰ ਰਿਹਾ ਸੀ। ਕਿਨਾਰੇ ਕੋਲ ਉਬੜ ਖਾਬੜ ਅਤੇ ਰੇਤਲੀ ਜ਼ਮੀਨ ਸੀ। ਸਿੱਖ ਸਵਾਰ ਪਿੱਛੇ ਹਟਣ ਲੱਗੇ। ਹੈਵਰੀ ਸਰਪੱਟ ਘੋੜਾ ਦੁੜਾਈ ਉਹਨਾ ਵੱਲ ਵਧ ਰਿਹਾ ਸੀ। ਨੰਬਰ ਅੱਠ ਕਵੈਲਰੀ ਬਰਗੇਡ ਦੇ ਸਵਾਰ ਵੀ ਇਸ ਹਮਲੇ ਵਿੱਚ ਸ਼ਾਮਲ ਹੋ ਗਏ। ਉਬੜ ਖਾਬੜ ਜ਼ਮੀਨ ਕੋਲ ਪਹੁੰਚ ਕੇ ਅੰਗਰੇਜ਼ੀ ਸਵਾਰ ਰੁਕ ਗਏ।

ਲਾਰਡ ਗੱਫ ਨੇ ਆਪਣੇ ਘੋੜ ਸਵਾਰਾਂ ਦੀ ਸੁਰੱਖਿਆ ਲਈ ਕੁਝ ਤੋਪਾਂ ਵੀ ਦਰਿਆ ਕਿਨਾਰੇ ਭੇਜੀਆਂ ਸਨ। ਹੁਣ ਇਹਨਾ ਵਿੱਚੋਂ ਇੱਕ ਤੋਪ ਦੇ ਪਹੀਏ ਰੇਤ ਵਿੱਚ ਖੁੱਭ ਗਏ। ਗੋਲੇ ਬਰੂਦ ਵਾਲੇ ਦੋ ਗੱਡੇ ਵੀ ਰੇਤ ਵਿੱਚ ਫਸ ਗਏ। ਅੰਗਰੇਜ਼ ਸਿਪਾਹੀ ਇਹਨਾ ਨੂੰ ਕੱਢਣ ਦੀ ਕੋਸ਼ਿਸ਼ ਕਰਨ ਲੱਗੇ। ਖਾਲਸੇ ਨੇ ਚੰਗੀ ਗੋਲਾਬਾਰੀ ਕੀਤੀ। ਗੱਡੇ ਅਤੇ ਤੋਪ ਤਾਂ ਰੇਤ ਵਿੱਚ ਹੀ ਫਸੇ ਰਹੇ, ਪਰ ਪਿੱਛੇ ਹਟਦੇ




ਦੂਸਰੇ ਸਿੱਖ-ਅੰਗਰੇਜ਼ ਯੁੱਧ ਦਾ ਖੇਤਰ 1848-49

ਹੋਏ 50 ਅੰਗਰੇਜ਼ੀ ਸੈਨਿਕ ਮਾਰੇ ਗਏ।

ਪੱਤਣ ਦੇ ਇੱਕ ਪਾਸੇ ਉਚੀ ਜ਼ਮੀਨ ਸੀ। ਇਥੇ ਕਈ ਖਾਲਸਾ ਘੋੜ ਸਵਾਰ ਜਮਾ ਸਨ। ਲਾਰਡ ਗੱਫ ਨੇ ਲੈਫਟੀਨੈਂਟ ਕਰਨਲ ਹੈਵਲਕ ਨੂੰ ਹੁਕਮ ਦਿੱਤਾ ਕਿ ਉਹ ਖਾਲਸਾ ਘੋੜ ਸਵਾਰਾਂ ਨੂੰ ਉਥੋਂ ਖਦੇੜ ਕੇ ਉਹਨਾ ਨੂੰ ਦਰਿਆ ਪਾਰ ਭਜਾ ਦੇਵੇ। ਹੈਵਲਕ 14 ਡਰਾਗੂਨ ਦੇ ਘੋੜ ਸਵਾਰਾਂ ਦੀ ਅਗਵਾਈ ਕਰਦਾ ਹੋਇਆ ਖਾਲਸਿਆਂ ਵੱਲ ਵਧਿਆ। 5 ਲਾਈਟ ਕਵੈਲਰੀ ਵੀ ਸਿੱਖ ਘੋੜ ਚੜਿਆਂ ਤੇ ਹੋ ਰਹੇ ਇਸ ਹਮਲੇ ਵਿੱਚ ਸ਼ਾਮਲ ਹੋ ਗਈ। ਸਿੱਖ ਘੋੜ ਚੜੇ ਦਰਿਆ ਵੱਲ ਪਿੱਛੇ ਹਟੇ।

ਹੈਵਲਕ ਕਿਨਾਰੇ ਪਹੁੰਚਿਆ ਤਾਂ ਉਸ ਵੇਖਿਆ ਕਿ ਸਿੱਖ ਸੈਨਾ ਦੇ ਕਾਫੀ ਸ਼ਿਪਾਹੀ ਕਾਨਿਆ ਵਿੱਚ ਬੈਠੇ ਹਨ। ਹੈਵਲਕ ਨੇ ਉਹਨਾ ਤੇ ਹਮਲਾ ਕਰ ਦਿੱਤਾ। ਉਹ ਆਪਣੇ ਘੋੜ ਸਵਾਰਾਂ ਨਾਲ ਉਹਨਾ ਤੇ ਹਮਲਾ ਕਰਦੇ ਹੋਏ ਰੇਤਲੀ ਜ਼ਮੀਨ ਵਿੱਚ ਜਾ ਪਹੁੰਚਾ। ਅੰਗਰੇਜ਼ੀ ਸਵਾਰਾਂ ਦੇ ਘੋੜਿਆਂ ਦੇ ਸੁੰਭ ਰੇਤ ਵਿੱਚ ਧੁੱਬਣ ਲੱਗੇ। ਖਾਲਸਾ ਸੈਨਿਕਾਂ ਨੇ ਆਪਣੀਆਂ ਬੰਦੂਕਾਂ ਨਾਲ ਚੁਣ ਚੁਣ ਕੇ ਇਹਨਾ ਨੂੰ ਨਿਸ਼ਾਨਾ ਬਣਾਇਆ। ਬਰਗੇਡੀਅਰ ਕੁਰਟਨ ਉਸ ਸਮੇ ਕਮਾਂਡਰ-ਇਨ-ਚੀਫ ਕੋਲ ਖੜਾ ਇਸ ਕਾਰਵਾਈ ਨੂੰ ਵੇਖ ਰਿਹਾ ਸੀ। ਉਸਨੇ ਹੈਵਲਕ ਨੂੰ ਰੇਤਲੇ ਥਲ ਵੱਲ ਜਾਂਦੇ ਵੇਖਿਆ ਤਾਂ ਉਸਨੂੰ ਮਨਾ ਕਰਨ ਲਈ ਉਸ ਵੱਲ ਘੋੜਾ ਦੁੜਾਇਆ। ਉਸ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਸਦੀ ਛਾਤੀ ਵਿੱਚ ਗੋਲੀ ਵੱਜੀ, ਔਰ ਉਹ ਉਥੇ ਢੇਰੀ ਹੋ ਗਿਆ। ਇਹ ਹਮਲਾ ਪੂਰੀ ਤਰਾਂ ਫੇਲ ਹੋ ਗਿਆ। ਹਮਲਾਵਰ ਘੋੜ ਸਵਾਰਾਂ ਵਿੱਚੋਂ ਕੁਝ ਕੁ ਹੀ ਬਚਕੇ ਨਿਕਲਣ ਵਿੱਚ ਕਾਮਯਾਬ ਹੋਏ। ਮਰਨ ਵਾਲਿਆਂ ਵਿੱਚ ਉਹਨਾ ਦਾ ਕਮਾਂਡਰ ਹੈਵਲਕ ਵੀ ਸੀ। ਕਈ ਹੋਰ ਅੰਗਰੇਜ਼ ਅਫਸਰ ਵੀ ਇਸ ਹਮਲੇ ਦੁਰਾਨ ਮਾਰੇ ਗਏ। ਇਸ ਘਟਨਾ ਨੂੰ ਲੈ ਕੇ ਬਾਅਦ ਵਿੱਚ ਲਾਰਡ ਗੱਫ ਦੀ ਕਾਫੀ ਅਲੋਚਨਾ ਹੋਈ।

ਇਹ ਸੀ ਰਾਮਨਗਰ ਦੀ ਜੰਗ। ਅੰਗਰੇਜ਼ ਇਸ ਲੜਾਈ ਨੂੰ ਜ਼ਿਆਦਾ ਮਹੱਤਵ ਨਹੀਂ ਦਿੰਦੇ, ਪਰ ਸਿੱਖ ਇਸਨੂੰ ਇੱਕ ਵੱਡੀ ਜਿੱਤ ਕਹਿੰਦੇ ਹਨ। ਇਸਤੋਂ ਬਾਅਦ ਦੋਵੇਂ ਫੌਜਾਂ ਨੇ ਦਰਿਆ ਦੇ ਆਹਮਣੇ ਸਾਹਮਣੇ ਡੇਰੇ ਲਾ ਲਏ। ਲਾਰਡ ਗੱਫ ਨੂੰ ਪਤਾ ਲੱਗ ਗਿਆ ਕਿ ਜਿੰਨਾ ਚਿਰ ਖਾਲਸਾ ਫੌਜ ਉਸਦੇ ਸਾਹਮਣੇ ਬੈਠੀ ਹੈ, ਉਹ ਦਰਿਆ ਪਾਰ ਕਰਕੇ ਉਸਤੇ ਹਮਲਾ ਨਹੀਂ ਕਰ ਸਕਦਾ। ਉਸਨੇ ਆਪਣੇ ਸੂਹੀਏ ਹੋਰ ਪੱਤਣਾ ਦੀ ਸੂਹ ਲੈਣ ਲਈ ਭੇਜੇ।

ਪਤਾ ਲੱਗਾ ਕਿ ਰਾਮਨਗਰ ਤੋਂ ਸੱਤ ਮੀਲ ਉੱਪਰ ਘੁੜਕੀ ਦਾ ਪੱਤਣ ਹੈ, ਪਰ ਉਸਦੀ ਰਾਖੀ 4000 ਖਾਲਸਾ ਫੌਜ ਕਰ ਰਹੀ ਹੈ। ਉਸਤੋਂ ਹੋਰ ਉੱਪਰ ਰਨੱਕੀ ਨਾਂ ਦਾ ਪੱਤਣ ਹੈ, ਪਰ ਇਹ ਵੀ ਖਾਲਸਾ ਫੌਜ ਦੀ ਨਿਗਰਾਨੀ ਵਿੱਚ ਸੀ। ਇਸਦੇ ਹੋਰ ਉੱਪਰ ਅਲੀ ਕੇ ਸ਼ੇਰ ਦਾ ਪੱਤਣ ਹੈ। ਇਥੇ ਕੋਈ ਰਖਵਾਲੀ ਫੌਜ ਤਾਂ ਨਹੀਂ ਸੀ' ਪਰ ਪਾਣੀ ਦਾ ਵਹਾਅ ਕਾਫੀ ਤੇਜ਼ ਸੀ। ਕਿਸੇ ਫੌਜ ਦੇ ਪਾਰ ਹੋਣ ਲਈ ਇਹ ਪੱਤਣ ਠੀਕ ਨਹੀ ਸੀ। ਇਸਤੋਂ ਹੋਰ ਉੱਪਰ ਵਜ਼ੀਰਾਬਾਦ ਦਾ ਪੱਤਣ ਸੀ। ਇਹ ਰਾਮਨਗਰ ਤੋਂ 22 ਮੀਲ ਦੂਰ ਸੀ, ਪਰ ਚਨਾਬ ਪਾਰ ਕਰਨ ਲਈ ਇਹ ਪੱਤਣ ਬਹੁਤ ਵਧੀਆ ਸੀ। ਇਸਦੀ ਰਾਖੀ ਕੋਈ ਖਾਲਸਾ ਫੌਜ ਵੀ ਨਹੀਂ ਕਰ ਰਹੀ ਸੀ, ਸ਼ਾਇਦ ਇਸ ਲਈ ਕਿ ਸ਼ੇਰ ਸਿੰਘ ਨੂੰ ਆਸ ਨਹੀਂ ਸੀ ਕਿ ਅੰਗਰੇਜ਼ੀ ਸੈਨਾ ਰਾਮਨਗਰ ਤੋਂ ਏਨੀ ਦੂਰ ਜਾ ਕੇ ਦਰਿਆ ਪਾਰ ਕਰੇਗੀ। ਪਰ ਅੰਗਰੇਜ਼ਾਂ ਨੇ ਇਹੋ ਕੀਤਾ।

ਲਾਰਡ ਗੱਫ ਨੇ ਵਜ਼ੀਰਾਬਾਦ ਤੋਂ ਹੀ ਚਨਾਬ ਪਾਰ ਕਰਨ ਦਾ ਫੈਸਲਾ ਕੀਤਾ। 30 ਨਵੰਬਰ ਦੀ ਰਾਤ ਨੂੰ ਉਸਨੇ ਆਪਣੀ ਸੈਨਾ ਦਾ ਇੱਕ ਵੱਡਾ ਭਾਗ ਮੇਜਰ ਜਨਰਲ ਸਰ ਥੈਕਵਲ ਦੀ ਕਮਾਨ ਵਿੱਚ ਚੁਪਚਾਪ ਵਜ਼ੀਰਾਬਾਦ ਲਈ ਰਵਾਨਾ ਕਰ ਦਿੱਤਾ। ਬਾਕੀ ਫੌਜ ਰਾਮਨਗਰ ਆਪਣੇ ਕੋਲ ਰੱਖ ਲਈ, ਜਿਸ ਨਾਲ ਸ਼ੇਰ ਸਿੰਘ ਨੂੰ ਇਹ ਲੱਗੇ ਕਿ ਅੰਗਰੇਜ਼ੀ ਸੈਨਾ ਉਸਦੇ ਸਾਹਮਣੇ ਰਾਮਨਗਰ ਹੀ ਬੈਠੀ ਹੈ।

ਲਾਰਡ ਗੱਫ ਦੀ ਯੋਜਨਾ ਇਹ ਸੀ ਕਿ ਥੈਕਵਲ ਦਰਿਆ ਪਾਰ ਕਰਕੇ, ਦੂਸਰੇ ਕਿਨਾਰੇ ਹੁੰਦਾ

ਹੋਇਆ ਵਾਪਸ ਆ ਕਿ ਸਿੱਖ ਸੈਨਾ ਦੀ ਖੱਬੀ ਬਾਹੀ ਤੇ ਅਚਾਨਕ ਹਮਲਾ ਕਰ ਦੇਵੇ, ਅਤੇ ਜਦੋਂ ਸ਼ੇਰ ਸਿੰਘ ਦਾ ਧਿਆਨ ਥੈਕਵਲ ਵੱਲ ਹੋਵੇ, ਉਹ ਖੁਦ ਦਰਿਆ ਪਾਰ ਕਰਕੇ ਉਸਤੇ ਸਾਹਮਣੇ ਤੋਂ ਹਮਲਾ ਕਰਕੇ ਉਸਨੂੰ ਪੂਰੀ ਤਰਾਂ ਹਰਾ ਦੇਵੇ, ਜਾਂ ਉਸਨੂੰ ਖਦੇੜ ਕੇ ਜੇਹਲਮ ਵੱਲ ਧੱਕ ਦੇਵੇ। ਜੇਹਲਮ ਤੱਕ ਸਿੱਖ ਇਲਾਕਾ ਉੱਥ ਵੀ ਖਤਮ ਹੋ ਜਾਂਦਾ ਹੈ। ਇਸਤੋਂ ਅੱਗੇ ਪਠਾਨੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਗੱਫ ਨੂੰ ਇਹ ਵੀ ਆਸ ਸੀ ਕਿ ਜਨਰਲ ਵਿੱਛ ਦੀ ਸੈਨਾ ਜਲਦੀ ਹੀ ਮੁਲਤਾਨ ਦੀ ਕਾਰਵਾਈ ਖਤਮ ਕਰਕੇ ਉਸ ਨਾਲ ਆ ਮਿਲੇਗੀ।

30 ਨਵੰਬਰ ਦੀ ਰਾਤ ਨੂੰ ਜੋ ਸੈਨਾ ਵਜ਼ੀਰਾਬਾਦ ਲਈ ਰਵਾਨਾ ਹੋਈ ਉਸ ਵਿੱਚ ਬਰਗੇਡੀਅਰ ਵਾਈਟ ਦੀ ਕਵੈਲਰੀ ਬਰਗੇਡ, 24 ਅਤੇ 61 ਬਰਿਟਿਸ਼ ਫੁੱਟ ਇੰਨਫੈਂਟਰੀ, ਅਤੇ ਪੰਜ ਹਿੰਦੋਸਤਾਨੀ ਇੰਨਫੈਂਟਰੀ ਰੈਜਮੈਂਟਾਂ ਸਨ। ਇਸ ਸੈਨਾ ਕੋਲ 32 ਤੋਪਾਂ ਸਨ। ਇਸ ਸੈਨਾ ਦੀ ਕੁੱਲ ਗਿਣਤੀ ਕੋਈ 10000 ਸੀ।

ਇਹ ਸੈਨਾ ਅਗਲੀ ਰਾਤ ਨੂੰ ਵਜ਼ੀਰਾਬਾਦ ਪਾਹੁੰਚ ਗਈ। ਜਨਰਲ ਥੈਕਵਲ ਨਾਲ ਕੈਪਟਨ ਜੌਹਨ ਨਿਕੋਲਸਨ ਵੀ ਸੀ। ਅਟਕ ਦੇ ਕਿਲੇ ਦੇ ਸਬੰਧ ਵਿੱਚ ਇਸਦਾ ਜਿਕਰ ਪਹਿਲਾਂ ਵੀ ਆ ਚੁੱਕਾ ਹੈ। ਇਹ ਬੜਾ ਬਹਾਦਰ ਅਤੇ ਹੋਣਹਾਰ ਅਫਸਰ ਸੀ। ਇਸਨੂੰ ਜਿਉਂ ਹੀ ਇਹ ਪਤਾ ਲੱਗਾ ਕਿ ਦਰਿਆ ਵਜ਼ੀਰਾਬਾਦ ਤੋਂ ਪਾਰ ਕੀਤਾ ਜਾਏਗਾ, ਇਹ ਬਾਕੀ ਫੌਜ ਤੋਂ ਪਹਿਲਾਂ ਹੀ ਵਜ਼ੀਰਾਬਾਦ ਪਾਹੁੰਚ ਗਿਆ। ਰਸਤੇ ਵਿੱਚ ਇਸਨੂੰ ਜੋ ਵੀ ਕਿਸਤੀ ਨਜਰ ਆਈ, ਇਸਨੇ ਆਪਣੇ ਕਬਜੇ ਵਿੱਚ ਲੈ ਲਈ। ਵਜ਼ੀਰਾਬਾਦ ਪਾਹੁੰਚਕੇ ਇਸਨੇ ਹੋਰ ਕਈ ਕਿਸਤੀਆਂ ਇਕੱਠੀਆਂ ਕਰ ਲਈਆਂ, ਅਤੇ ਥੈਕਵਲ ਦੇ ਰਾਤ ਨੂੰ ਪਾਹੁੰਚਣ ਤੋਂ ਪਹਿਲਾਂ ਹੀ ਫੌਜ ਦੇ ਪਾਰ ਜਾਣ ਦਾ ਸਾਰਾ ਇੰਤਜਾਮ ਕਰ ਲਿਆ।

ਤੋਪਾਂ ਨੂੰ ਕਿਸਤੀਆਂ ਤੇ ਚੜ੍ਹਾ ਕੇ ਰਾਤ ਹੀ ਦਰਿਆ ਪਾਰ ਕਰਵਾਉਣ ਦਾ ਕੰਮ ਸ਼ੁਰੂ ਹੋ ਗਿਆ। ਘੋੜ ਸਵਾਰਾਂ ਅਤੇ ਪੈਦਲ ਸੈਨਿਕਾਂ ਨੇ ਤੁਰਦੇ ਹੋਏ ਦਰਿਆ ਪਾਰ ਕੀਤਾ। ਸਾਰੀ ਫੌਜ ਦੇ ਪਾਰ ਹੋਣ ਵਿੱਚ ਅਗਲਾ ਅੱਧਾ ਦਿਨ ਲੱਗ ਗਿਆ। ਦੁਪਹਿਰ ਹੋਣ ਤੱਕ ਸਾਰੀ ਸੈਨਾ ਪਾਰ ਪਾਹੁੰਚ ਗਈ। ਇਸ ਗੱਲ ਦੀ ਖਬਰ ਇੱਕ ਘੋੜ ਸਵਾਰ ਨੂੰ ਭੇਜਕੇ ਕਮਾਂਡਰ-ਇਨ-ਚੀਫ ਤੱਕ ਪਾਹੁੰਚਾ ਦਿੱਤੀ ਗਈ। ਦੁਪਹਿਰ ਬਾਅਦ ਥੈਕਵਲ ਨੇ ਉਲਟੀ ਦਿਸ਼ਾ ਵਿੱਚ ਮਾਰਚ ਅਰੰਭ ਦਿੱਤੀ, ਅਤੇ ਸ਼ਾਮ ਹੋਣ ਤੱਕ ਉਹ ਸ਼ੇਰ ਸਿੰਘ ਤੋਂ 9 ਮੀਲ ਦੂਰ ਹੀ ਰਹਿ ਗਿਆ। 2 ਦਸੰਬਰ ਦੀ ਇਹ ਰਾਤ ਥੈਕਵਲ ਨੇ ਇਥੇ ਹੀ ਗੁਜਾਰਨ ਦਾ ਫੈਸਲਾ ਕੀਤਾ। ਘੜੂੰਕੀ ਦਾ ਪਤਨ ਕੋਲ ਹੀ ਸੀ। ਘੋੜ ਸਵਾਰ ਡਾਕ ਰਾਹੀਂ ਥੈਕਵਲ ਦਾ ਲਾਰਡ ਗੱਫ ਨਾਲ ਸੰਪਰਕ ਕਾਇਮ ਹੋ ਗਿਆ, ਕਿਉਂਕਿ ਹੁਣ ਇਸ ਪੱਤਣ ਤੇ ਕੋਈ ਸਿੱਖ ਸੈਨਾ ਨਹੀਂ ਸੀ।

ਲਾਰਡ ਗੱਫ ਨੇ ਜਨਰਲ ਥੈਕਵਲ ਨੂੰ ਸੰਦੇਸ਼ ਭੇਜਿਆ ਕਿ ਉਹ ਉਸਦੀ ਸੈਨਾ ਨੂੰ ਹੋਰ ਮਜਬੂਤ ਕਰਨ ਲਈ ਅਗਲੇ ਦਿਨ ਬਰਗੇਡੀਅਰ ਗੋਡਬੀ ਦੀ ਬਰਗੇਡ ਭੇਜ ਰਿਹਾ ਹੈ। ਥੈਕਵਲ ਨੇ ਇੱਕ ਰੈਜਮੈਂਟ ਘੜੂੰਕੀ ਪੱਤਣ ਤੇ ਭੇਜ ਦਿੱਤੀ ਤਾਂਕਿ ਗੋਡਬੀ ਸੁਰੱਖਿਅਤ ਦਰਿਆ ਪਾਰ ਕਰ ਸਕੇ, ਅਤੇ ਉਹ ਅਗਲੇ ਦਿਨ, 3 ਦਸੰਬਰ, ਗੋਡਬੀ ਦੇ ਆਉਣ ਦੀ ਉਡੀਕ ਕਰਨ ਲੱਗਾ।

ਲਾਰਡ ਗੱਫ ਨੇ 1 ਅਤੇ 2 ਦਸੰਬਰ ਨੂੰ ਸ਼ੇਰ ਸਿੰਘ ਦੀ ਸੈਨਾ ਤੇ ਸਖਤ ਗੋਲਾਬਾਰੀ ਜਾਰੀ ਰੱਖੀ ਸੀ, ਤਾਂਕਿ ਉਹ ਇਹ ਸੋਚਦਾ ਰਹੇ ਕਿ ਅੰਗਰੇਜੀ ਸੈਨਾ ਉਸਦੇ ਸਾਹਮਣੇ ਹੀ ਹੈ। ਪਰ ਹੁਣ 3 ਦਸੰਬਰ ਨੂੰ ਸ਼ੇਰ ਸਿੰਘ ਨੂੰ ਪਤਾ ਲੱਗ ਗਿਆ ਕਿ ਅੰਗਰੇਜੀ ਸੈਨਾ ਦੇ ਇੱਕ ਵੱਡੇ ਭਾਗ ਨੇ ਦਰਿਆ ਪਾਰ ਕਰ ਲਿਆ ਹੈ, ਅਤੇ ਇਹ ਹਮਲਾ ਕਰਨ ਲਈ ਉਸ ਵੱਲ ਵਧ ਰਹੀ ਹੈ।

ਸ਼ੇਰ ਸਿੰਘ ਇਸ ਸੈਨਾ ਤੇ ਹਮਲਾ ਕਰਨ ਲਈ ਅੱਗੇ ਵਧਿਆ। ਥੈਕਵਲ ਨਾਲ ਉਸਦਾ ਸਾਹਮਣਾ ਸਦੂਲਪੁਰ ਪਿੰਡ ਕੋਲ ਹੋਇਆ। ਉਸਦੀਆਂ ਤੋਪਾਂ ਨੇ ਅੰਗਰੇਜੀ ਸੈਨਾ ਤੇ ਸਖਤ ਗੋਲਾਬਾਰੀ ਕੀਤੀ। ਅੱਗੋਂ ਅੰਗਰੇਜੀ ਤੋਪਾਂ ਨੇ ਵੀ ਪੂਰਾ ਉੱਤਰ ਦਿੱਤਾ। ਸ਼ੇਰ ਸਿੰਘ ਨੇ ਚੰਗੀ ਜਗ੍ਹਾ ਮੱਲ ਰੱਖੀ ਸੀ। ਪਰ

ਹਮਲਾ ਕਰਨ ਦੀ ਕਲਾ ਤੋਂ ਉਹ ਵੀ ਅਨਜਾਣ ਹੀ ਸੀ। ਉਹ ਆਪਣੀ ਪੁਜੀਸ਼ਨ ਦਾ ਪੂਰਾ ਫਾਇਦਾ ਲੈਣ ਤੋਂ ਅਸਫਲ ਰਿਹਾ।

ਇਧਰ ਅੰਗਰੇਜੀ ਜਰਨੈਲ ਇਸ ਭੁਲੇਖੇ ਦਾ ਸ਼ਿਕਾਰ ਸੀ ਕਿ ਉਸਦਾ ਕਮਾਂਡਰ-ਇਨ-ਚੀਫ ਇਹ ਚਾਹੁੰਦਾ ਹੈ ਕਿ ਉਹ ਹਮਲਾ ਗੋਡਬੀ ਦੇ ਪਾਹੁੰਚਣ ਤੇ ਹੀ ਕਰੇ। ਪਰ ਲਾਰਡ ਗੱਫ ਨੇ ਉਸਨੂੰ ਮਦਦ ਭੇਜਣ ਦਾ ਸੰਦੇਸ਼ ਦਿੱਤਾ ਸੀ, ਨਾਕਿ ਹਮਲਾ ਨਾ ਕਰਨ ਦਾ। ਉਸਦਾ ਇੰਨਫੈਂਟਰੀ ਕਮਾਂਡਰ ਕੌਲਿਨ ਕੈਂਬਲ ਹਮਲਾ ਕਰਨ ਦਾ ਚਾਹਵਾਨ ਸੀ, ਪਰ ਥੈਕਵਲ ਨੇ ਉਸਨੂੰ ਹਮਲਾ ਕਰਨ ਦੀ ਇਜਾਜਤ ਨਾ ਦਿੱਤੀ, ਕਿ ਇਹ ਕਰਨ ਨਾਲ ਕਮਾਂਡਰ-ਇਨ-ਚੀਫ ਦੀ ਹੁਕਮ ਅਦੂਲੀ ਹੋ ਜਾਏਗੀ। ਦੋਵਾਂ ਪਾਸਿਆਂ ਤੋਂ ਗੋਲਾਬਾਰੀ ਤਾਂ ਹੁੰਦੀ ਰਹੀ, ਪਰ ਪੂਰਾ ਹਮਲਾ ਕਿਸੇ ਧਿਰ ਨੇ ਨਾ ਕੀਤਾ। ਇਹ ਸੀ ਸਦੂਲਪੁਰ ਦੀ ਜੰਗ। ਇਸ ਵਿੱਚ ਦੋਵਾਂ ਫੌਜਾਂ ਦਾ ਜਾਨੀ ਨੁਕਸਾਨ ਤਾਂ ਹੋਇਆ, ਪਰ ਜਿੱਤ ਹਾਰ ਦਾ ਫੈਸਲਾ ਨਾ ਹੋ ਸਕਿਆ।

ਬਰਗੇਡੀਅਰ ਗੋਡਬੀ ਉਸ ਪੂਰਾ ਦਿਨ ਦਰਿਆ ਪਾਰ ਕਰਨ ਵਿੱਚ ਅਸਫਲ ਰਿਹਾ। ਲਾਰਡ ਗੱਫ ਨੇ ਵੇਖਿਆ ਕਿ ਉਸਦਾ ਜਰਨੈਲ ਗਲਤਫਹਿਮੀ ਦਾ ਸ਼ਿਕਾਰ ਹੈ ਤਾਂ ਉਸਨੇ ਸੰਦੇਸ਼ ਭੇਜਿਆ ਕਿ ਹਮਲਾ ਕਰਨਾ ਹੈ ਜਾਂ ਨਹੀਂ ਇਸ ਗੱਲ ਦਾ ਫੈਸਲਾ ਜਰਨੈਲ ਖੁਦ ਕਰੇ। ਪਰ ਜਦੋਂ ਤੱਕ ਇਹ ਸੰਦੇਸ਼ ਥੈਕਵਲ ਤੱਕ ਪਹੁੰਚਾ, ਰਾਤ ਹੋਣ ਹੀ ਵਾਲੀ ਸੀ। ਥੈਕਵਲ ਨੂੰ ਫੇਰੂ ਸ਼ਹਿਰ ਯਾਦ ਸੀ। ਉਸਨੇ ਰਾਤ ਨੂੰ ਸਿੱਖ ਸੈਨਾ ਤੇ ਹਮਲਾ ਕਰਨ ਦੀ ਜੁਰਤ ਨਾ ਕੀਤੀ। ਸ਼ੇਰ ਸਿੰਘ ਰਾਤ ਹੀ ਆਪਣੀ ਸੈਨਾ ਨੂੰ ਕੱਢਕੇ ਜੇਹਲਮ ਵੱਲ ਲੈ ਗਿਆ। ਸਵੇਰ ਤੱਕ ਉਹ ਬਹੁਤ ਦੂਰ ਨਿਕਲ ਗਿਆ ਸੀ। ਪਿੱਛਾ ਕਰਨਾ ਬੇਕਾਰ ਸੀ।

ਲਾਰਡ ਗੱਫ ਥੈਕਵਲ ਦੀ ਕਾਰਵਾਈ ਤੇ ਖੁਸ਼ ਨਹੀਂ ਸੀ। ਪਰ ਉਸਨੂੰ ਇਹ ਤਸੱਲੀ ਜਰੂਰ ਸੀ ਕਿ ਉਸਨੇ ਸ਼ੇਰ ਸਿੰਘ ਨੂੰ ਦੂਰ ਜੇਹਲਮ ਵੱਲ ਜਾਣ ਲਈ ਮਜਬੂਰ ਕਰ ਦਿੱਤਾ ਹੈ। ਇਸ ਨਾਲ ਸਿੱਖ ਸੈਨਾ ਆਪਣੀ ਜਨਮਭੂਮੀ ਮਾਝੇ ਤੋਂ ਹੋਰ ਦੂਰ ਹੋ ਗਈ ਸੀ। ਚਨਾਬ ਦੀ ਜਰਖੇਜ ਭੂਮੀ ਛੱਡਕੇ ਸ਼ੇਰ ਸਿੰਘ ਨੂੰ ਜੇਹਲਮ ਦੇ ਅਨਜਾਣ ਅਤੇ ਜੰਗਲੀ ਇਲਾਕੇ ਵਿੱਚ ਜਾਣਾ ਪਿਆ। ਮਾਝੇ ਤੋਂ ਕੋਈ ਹੋਰ ਇਮਦਾਦ ਪਾਹੁੰਚਣ ਦੀ ਉਸਨੂੰ ਕੋਈ ਆਸ ਨਾ ਰਹੀ। ਉਹ ਹੁਣ ਪਠਾਨਾ ਦੇ ਖਤਰਨਾਕ ਇਲਾਕੇ ਵਿੱਚ ਸੀ।

ਲਾਰਡ ਗੱਫ ਨੇ ਆਪਣੀ ਬਾਕੀ ਫੌਜ ਨਾਲ ਦਰਿਆ ਪਾਰ ਕਰ ਲਿਆ, ਅਤੇ ਉਸਦੀ ਫੌਜ ਫਿਰ ਇਕੱਠੀ ਹੋ ਗਈ, ਪਰ ਅੰਗਰੇਜਾਂ ਨੂੰ ਵੀ ਹਾਲੀ ਕਈ ਖਤਰੇ ਸਨ। ਮੁਲਤਾਨ ਦਾ ਕਿਲਾ ਅਜੇ ਤੱਕ ਜਿਉਂ ਦਾ ਤਿਉਂ ਸੀ। ਅਟਕ ਦਾ ਕਿਲਾ ਚਤਰ ਸਿੰਘ ਕੋਲ ਸੀ। ਪਿਸ਼ਾਵਰ ਤੇ ਦੋਸਤ ਮੁਹੰਮਦ ਨੇ ਕਬਜਾ ਕਰ ਲਿਆ ਸੀ। ਲਾਰਡ ਗੱਫ ਇੰਤਜਾਰ ਕਰਨ ਲਈ ਮਜਬੂਰ ਸੀ, ਕਿਉਂਕਿ ਉਹ ਚਾਹੁੰਦਾ ਸੀ ਕਿ ਸ਼ੇਰ ਸਿੰਘ ਤੇ ਹਮਲਾ ਕਰਨ ਤੋਂ ਪਹਿਲਾਂ ਮੁਲਤਾਨ ਵਾਲੀ ਸੈਨਾ ਉਸ ਕੋਲ ਆ ਜਾਵੇ। ਪਰ ਮੁਲਤਾਨ ਦੀ ਕਾਰਵਾਈ ਜਨਵਰੀ ਦੇ ਅਖੀਰ ਤੱਕ ਚਲਦੀ ਰਹੀ। ਫਿਰ ਵੀ ਗੱਫ ਨੇ ਸਦੂਲਪੁਰ ਦੀ 3 ਦਸੰਬਰ ਨੂੰ ਹੋਈ ਜੰਗ ਤੋਂ ਬਾਅਦ ਇਕ ਮਹੀਨੇ ਤੋਂ ਵੀ ਵੱਧ ਸਮੇਂ ਲਈ ਕੋਈ ਕਾਰਵਾਈ ਨਾ ਕੀਤੀ। ਅਖੀਰ 12 ਜਨਵਰੀ ਨੂੰ ਉਸਨੇ ਚਨਾਬ ਦਾ ਕਿਨਾਰਾ ਛੱਡ ਦਿੱਤਾ ਅਤੇ ਜੇਹਲਮ ਵੱਲ ਵਧਿਆ।

# ਚਿੱਲਿਆਂਵਾਲੇ ਦੀ ਜੰਗ:
# 4 ਦਸੰਬਰ 1848-13 ਜਨਵਰੀ 1849

ਸਦੂਲਪੁਰ ਦੀ ਜੰਗ ਤੋਂ ਬਾਅਦ ਲਾਰਡ ਗੱਫ ਨੇੜੇ ਹੀ ਹੇਲਾ ਨਾਂ ਦੇ ਪਿੰਡ ਕੋਲ ਕੈਂਪ ਲਾ ਕੇ ਬੈਠ ਗਿਆ। ਉਹ ਸ਼ੇਰ ਸਿੰਘ ਤੇ ਹਮਲਾ ਕਰਨ ਲਈ ਜਨਰਲ ਵਿੱਛ ਦੀ ਉਡੀਕ ਕਰਨ ਲੱਗਾ। ਇਸ ਉਡੀਕ ਵਿੱਚ ਇੱਕ ਮਹੀਨੇ ਤੋਂ ਵੀ ਜ਼ਿਆਦਾ ਸਮਾ ਬੀਤ ਗਿਆ, ਪਰ ਮੁਲਤਾਨ ਦੀ ਫੌਜ ਨਾ ਪਹੁੰਚੀ।


ਲਾਰਡ ਡਲਹੌਜ਼ੀ ਪਹਿਲਾਂ ਤਾਂ ਇਸ ਲੰਮੀ ਉਡੀਕ ਤੇ ਚੁੱਪ ਰਿਹਾ, ਪਰ ਫਿਰ ਦਸੰਬਰ ਦੇ ਅਖੀਰ ਵਿੱਚ ਉਸਨੇ ਕਮਾਂਡਰ-ਇਨ-ਚੀਫ ਨੂੰ ਚਿੱਠੀ ਲਿਖੀ ਕਿ ਹੁਣ ਸ਼ੇਰ ਸਿੰਘ ਤੇ ਹਮਲਾ ਕਰ ਦੇਣਾ ਚਾਹੀਦਾ ਹੈ। ਪਰ ਗੱਫ ਟੱਸ ਤੋਂ ਮੱਸ ਨਾਂ ਹੋਇਆ। ਫਿਰ ਗਵੱਰਨਰ ਜਨਰਲ ਨੇ ਆਪਣੇ ਸੈਕਟਰੀ ਮੇਜਰ ਐਕਸਨ ਨੂੰ ਲਾਰਡ ਗੱਫ ਕੋਲ ਭੇਜਿਆ। ਐਕਸਨ ਨੇ ਗੱਫ ਤੇ ਕਾਫੀ ਦਬਾਅ ਪਾਇਆ ਕਿ ਗਵੱਰਨਰ ਜਨਰਲ ਦੀ ਖਾਹਿਸ਼ ਹੈ ਕਿ ਹਮਲਾ ਕਰ ਦਿੱਤਾ ਜਾਏ। ਜੰਗੀ ਲਾਟ ਨੂੰ ਨਾ ਚਾਹੁੰਦੇ ਹੋਏ ਵੀ ਵੱਡੇ ਲਾਟ ਦਾ ਕਿਹਾ ਮੰਨਣਾ ਪਿਆ।

12 ਜਨਵਰੀ ਨੂੰ ਲਾਰਡ ਗੱਫ ਨੇ ਹੇਲਾ ਪਿੰਡ ਤੋਂ ਆਪਣਾ ਡੇਰਾ ਚੁੱਕਿਆ ਅਤੇ ਡਿੰਘੀ ਨਾਂ ਦੇ ਪਿੰਡ ਕੋਲ ਆ ਗਿਆ। ਇਸ ਸਮੇ ਉਸਦੀ ਫੌਜ ਵਿੱਚ ਕੋਈ 30000 ਅਫਸਰ ਅਤੇ ਸਿਪਾਹੀ ਸਨ। ਭਾਰੀ ਤੋਪਖਾਨਾ ਵੀ ਨਾਲ ਸੀ। ਹਰ ਇੱਕ ਬਰਗੇਡ ਵਿੱਚ ਇੱਕ ਜਾਂ ਦੋ ਗੋਰੇ ਸਿਪਾਹੀਆਂ ਦੀਆਂ ਰੈਜਮੈਂਟਾਂ ਸਨ। ਲੜਾਈ ਦਾ ਜ਼ਿਆਦਾ ਹਿੱਸਾ ਇਹਨਾ ਦੀ ਵੰਡ ਵਿੱਚ ਆਉਂਦਾ ਸੀ, ਹਿੰਦੋਸਤਾਨੀ ਸਿਪਾਹੀ ਤਾਂ ਭਾੜੇ ਦੇ ਟੱਟੂ ਸਨ। ਜੇ ਉਹਨਾ ਨਾਲ ਗੋਰੇ ਨਾ ਹੋਣ ਤਾਂ ਉਹ ਕਈ ਵਾਰ ਮੈਦਾਨ ਵਿੱਚੋਂ ਭੱਜ ਜਾਂਦੇ ਸਨ। ਹਰ ਗੋਰੀ ਰੈਜਮੈਂਟ ਵਿੱਚ 900 ਸਿਪਾਹੀ ਅਤੇ ਹਿੰਦੋਸਤਾਨੀ ਰੈਜਮੈਂਟ ਵਿੱਚ 700 ਸਿਪਾਹੀ ਹੁੰਦੇ ਸਨ।

13 ਜਨਵਰੀ ਨੂੰ ਸਵੇਰੇ 7 ਵਜੇ ਜੰਗੀ ਲਾਟ ਨੇ ਡਿੰਘੀ ਤੋਂ ਚਿੱਲਿਆਂਵਾਲੇ ਲਈ ਮਾਰਚ ਕੀਤੀ। ਦੁਪਹਿਰ 12 ਵਜੇ ਅੰਗਰੇਜ਼ੀ ਸੈਨਾ ਚਿੱਲਿਆਂਵਾਲੇ ਪਹੁੰਚ ਗਈ। ਗੱਫ ਨੇ ਇੱਕ ਟਿੱਲੇ ਤੇ ਚੜ੍ਹਕੇ ਵੇਖਿਆ ਤਾਂ ਖਾਲਸਾ ਫੌਜ ਦੇ ਮੋਰਚੇ ਸਾਫ ਨਜ਼ਰ ਆਏ। ਲਾਟ ਨੇ ਖਾਲਸਾ ਫੌਜ ਤੇ ਹਮਲਾ ਅਗਲੇ ਦਿਨ ਕਰਨ ਦਾ ਫੈਸਲਾ ਕੀਤਾ ਕਿਉਂਕਿ ਹਮਲਾ ਕਰਨ ਤੋਂ ਪਹਿਲਾਂ ਉਹ ਇਸ ਫੌਜ ਦੀ ਸਹੀ ਪੁਜੀਸ਼ਨ ਦਾ ਚੰਗੀ ਤਰਾਂ ਸਰਵੇ ਕਰਨਾ ਚਾਹੁੰਦਾ ਸੀ। ਉਸਨੇ ਤੰਬੂ ਲਾਉਣ ਦਾ ਹੁਕਮ ਦੇ ਦਿੱਤਾ।

ਅੰਗਰੇਜ਼ੀ ਫੌਜ ਕੈਂਪ ਲਾਉਣ ਦੀ ਤਿਆਰੀ ਕਰ ਹੀ ਰਹੀ ਸੀ ਜਾਂ ਖਾਲਸਾ ਤੋਪਾਂ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਲਾਟ ਨੇ ਫਿਰ ਟਿੱਲੇ ਤੇ ਖਲੋ ਕੇ ਖਾਲਸਾ ਫੌਜ ਤੇ ਨਜ਼ਰ ਮਾਰੀ। ਉਸ ਵੇਖਿਆ ਕਿ ਸਿੱਖ ਆਪਣੇ ਮੋਰਚਿਆਂ ਦੀ ਸੁਰੱਖਿਆ ਛੱਡ ਕੇ ਕੁਝ ਅੱਗੇ ਵਧ ਆਏ ਸਨ। ਹੁਣ ਕੈਂਪ ਲਾਉਣ ਦਾ ਸਮਾ ਨਹੀਂ ਸੀ। ਲਾਟ ਨੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਉਸਦੇ ਇਸ ਫੈਸਲੇ ਦੀ ਉਸਦੇ ਕੁਝ ਹਮਵਤਨਾ ਨੇ ਬਾਅਦ ਵਿੱਚ ਨੁਕਤਾਚੀਨੀ ਵੀ ਕੀਤੀ। ਉਹਨਾ ਦਾ ਕਹਿਣਾ ਸੀ ਬਰੂਦ ਦੀ ਹਲਕੀ ਜਿਹੀ ਗੰਧ ਵੀ ਜੇ ਇਸ ਬੁੱਢੇ ਜਰਨੈਲ ਦੀਆਂ ਨਾਸਾਂ ਤੱਕ ਪਹੁੰਚ ਜਾਂਦੀ ਤਾਂ ਉਹ ਜੰਗ ਕਰਨ ਲਈ ਮਤਵਾਲਾ ਹੋ ਜਾਂਦਾ ਸੀ। ਉਹਨਾ ਅਨੁਸਾਰ ਉਸਨੂੰ ਹਮਲਾ ਸੋਚ ਵਿਚਾਰ ਤੋਂ ਬਾਅਦ ਅਗਲੇ ਦਿਨ ਕਰਨਾ ਚਾਹੀਦਾ ਸੀ। ਲਾਟ ਦੇ ਹਮਾਇਤੀਆਂ ਦਾ ਇਹ ਕਹਿਣਾ ਸੀ ਕਿ ਉਸਨੇ ਉਸੇ ਦਿਨ ਹਮਲਾ ਕਰਨ ਦਾ ਸਹੀ ਫੈਸਲ ਲਿਆ, ਕਿਉਂਕਿ ਸਿੱਖ ਤੋਪਾਂ ਨੇ ਪਹਿਲਾਂ ਫਾਇਰ ਕਰਕੇ ਆਪਣੀ ਪੁਜੀਸ਼ਨ ਦੀ ਜਾਣਕਾਰੀ ਉਸਨੂੰ ਦੇ ਦਿੱਤੀ ਸੀ।

ਪਰ ਕਹਿੰਦੇ ਹਨ ਨਾ ਜੰਗ ਅਤੇ ਪਿਆਰ ਵਿੱਚ ਕੁਝ ਵੀ ਹੋ ਸਕਦਾ ਹੈ। ਗੱਫ ਦੇ ਕੁਝ ਕਮਾਂਡਰਾਂ ਨੇ ਉਸਦੇ ਹੁਕਮ ਦੀ ਪੂਰੀ ਪਾਲਣਾ ਨਾ ਕੀਤੀ, ਅਤੇ ਕੁਝ ਨੇ ਆਪਣੀ ਮਨਮਰਜ਼ੀ ਕੀਤੀ। ਇਸ ਲਈ




ਚਿੱਲਿਆਂਵਾਲਾ - 13 ਜਨਵਰੀ 1849

ਇਸ ਜੰਗ ਦਾ ਨਤੀਜਾ ਏਨਾ ਵਧੀਆ ਨਾ ਨਿਕਲਿਆ ਜਿਸਦੀ ਲਾਟ ਨੂੰ ਆਸ ਸੀ।

ਇਸ ਲੜਾਈ ਵਿਚ ਫੌਜਾਂ ਦੀ ਹਰਕਤ ਕਾਫੀ ਗੁੰਝਲਦਾਰ ਹੈ, ਇਸ ਲਈ ਪੂਰੀ ਕਾਰਵਾਈ ਨੂੰ ਸਮਝਣ ਲਈ ਫੌਜੀ ਟੁਕੜੀਆਂ ਦੀ ਪੁਜੀਸ਼ਨ ਦੀ ਸਹੀ ਜਾਣਕਾਰੀ ਜਰੂਰੀ ਹੈ। 'ਸੋ ਹਮਲਾ ਸ਼ੁਰੂ ਹੋਣ ਸਮੇ ਲਾਰਡ ਗੱਫ ਦੀ ਫੌਜ ਦੀ ਪੁਜੀਸ਼ਨ ਹੇਠ ਲਿਖੇ ਅਨੁਸਾਰ ਸੀ:

ਅੰਗਰੇਜੀ ਫੌਜ ਹਮਲਾ ਕਰਨ ਸਮੇ ਇੱਕ ਲੰਮੀ ਕਤਾਰ ਵਿੱਚ ਸੀ, ਜਿਸਦਾ ਫਰੰਟ ਉੱਤਰ ਪੱਛਮ ਵੱਲ ਸੀ। ਇਸ ਕਤਾਰ ਦੇ ਦੋਵਾਂ ਸਿਰਿਆਂ ਤੇ ਘੋੜ ਸਵਾਰ ਸਨ। ਖੱਬੇ ਸਿਰੇ ਤੇ ਬਰਗੇਡੀਰਿਹ ਵਾਈਟ ਅਤੇ ਸੱਜੇ ਸਿਰੇ ਤੇ ਬਰਗੇਡੀਅਰ ਪੋਪ ਦੇ। ਬਰਗੇਡੀਅਰ ਜਨਰਲ ਕੋਲਿਨ ਕੈਂਬਲ ਦੀ ਡਵੀਜਨ ਖੱਬੇ ਪਾਸੇ ਸੀ। ਇਸ ਵਿੱਚ ਬਰਗੇਡੀਅਰ ਹੋਗਨ ਅਤੇ ਬਰਗੇਡੀਅਰ ਪੈਨੀਕੁਵਿਕ ਦੀਆਂ ਬਰਗੇਡਾਂ ਸਨ। ਸੱਜੇ ਪਾਸੇ ਮੇਜਰ ਜਨਰਲ ਗਿਲਬਰਟ ਦੀ ਡਵੀਜਨ ਸੀ, ਜਿਸ ਵਿੱਚ ਬਰਗੇਡੀਅਰ ਮੌਨਟੇਨ ਅਤੇ ਬਰਗੇਡੀਅਰ ਗੋਡਬੀ ਦੀਆਂ ਬਰਗੇਡਾਂ ਸਨ। ਇਸ ਪਹਿਲੀ ਕਤਾਰ ਦੇ ਪਿੱਛੇ ਦੂਸਰੀ ਕਤਾਰ ਸੀ, ਜਿਸ ਵਿੱਚ ਬਰਗੇਡੀਅਰ ਪੈਨੀ ਦੀ ਰਿਜ਼ਰਵ ਬਰਗੇਡ ਸੀ, ਜਿਸਨੂੰ ਜੰਗ ਸਮੇ ਲੋੜ ਅਨੁਸਾਰ ਵਰਤਿਆ ਜਾ ਸਕਦਾ ਸੀ। ਇਹਨਾ ਇੰਨਫੈਂਟਰੀ ਡਵੀਜਨਾ ਦੇ ਸੈਂਟਰ ਵਿਚ ਇਹਨਾ ਤੋਂ ਕੁਝ ਅੱਗੇ ਭਾਰੀ ਫੀਲਡ ਤੋਪਾਂ ਸਨ, ਜਿਨ੍ਹਾ ਦੇ ਪਿੱਛੇ ਪਿੱਛੇ ਇੰਨਫੈਂਟਰੀ ਨੇ ਅੱਗੇ ਵਧਣਾ ਸੀ। ਇੰਨਫੈਂਟਰੀ ਡਵੀਜਨ ਦੇ ਸਾਹਮਣੇ ਘੋੜਿਆਂ ਵਾਲੀਆਂ ਤੋਪਾਂ ਸਨ ਵੀ ਸਨ, ਜਿਨ੍ਹਾ ਨੂੰ ਘੋੜਿਆਂ ਮਗਰ ਖਿੱਚਕੇ ਲੋੜੀਂਦੀ ਜਗ੍ਹਾ ਤੇ ਲਿਜਾਇਆ ਜਾ ਸਕਦਾ ਸੀ।

ਸਿੱਖਾਂ ਦੇ ਜਿਸ ਫਰੰਟ ਵੱਲ ਇਹ ਫੌਜ ਵਧ ਰਹੀ ਸੀ, ਉਹ 6 ਮੀਲ ਚੌੜਾ ਸੀ। ਉਸਦਾ ਮੂੰਹ ਇਸਦੇ ਸਾਹਮਣੇ, ਦੱਖਣ ਪੂਰਬ ਵੱਲ ਸੀ। ਸਿੱਖ ਤੋਪਖਾਨਾ ਇੰਨਫੈਂਟਰੀ ਦੇ ਸਾਹਮਣੇ ਤੈਨਾਤ ਸੀ। ਦੋਵਾਂ ਸਿਰਿਆਂ ਤੇ ਘੋੜ ਸਵਾਰ ਸਨ।

ਸਿੱਖ ਸੈਨਾ ਮੋਰਚੇ ਛੱਡਕੇ ਅੱਗੇ ਵਧ ਆਈ ਸੀ। ਪਰ ਹੁਣ ਜਦੋਂ ਹਮਲਾਵਰ ਸੈਨਾ ਇਹਨਾ ਵੱਲ ਵਧੀ ਤਾਂ ਇਹਨਾ ਪਿੱਛੇ ਹਟਕੇ ਆਪਣੇ ਮੋਰਚੇ ਫਿਰ ਮੱਲ ਲਏ। ਸਿੱਖਾਂ ਦੀ ਹਮਲਾ ਨਾ ਕਰ ਸਕਣ ਦੀ ਇਹ ਕੰਮਜੋਰੀ ਇਹਨਾ ਜੰਗਾਂ ਵਿੱਚ ਕਈ ਵਾਰ ਸਾਹਮਣੇ ਆਈ, ਬੇਸ਼ੱਕ ਉਹ ਆਪਣੇ ਮੋਰਚੇ ਮੱਲਕੇ ਦੁਸ਼ਮਣ ਦਾ ਸਾਹਮਣਾ ਪੂਰੀ ਸਖਤਾਈ ਨਾਲ ਕਰਦੇ ਸਨ। ਅੰਗਰੇਜੀ ਫੌਜ ਅਤੇ ਖਾਲਸਾ ਫੌਜ ਦੇ ਵਿਚਕਾਰ ਉਬੜ ਖਾਬੜ ਜਮੀਨ ਅਤੇ ਕੰਡਿਆਲੀਆਂ ਝਾੜੀਆਂ ਵਾਲਾ ਜੰਗਲ ਸੀ।

ਹਮਲੇ ਦੀ ਯੋਜਨਾ ਅਨੁਸਾਰ ਸਭਤੋਂ ਪਹਿਲਾਂ ਕੈਂਬਲ ਦੀ ਡਵੀਜਨ ਸਿੱਖ ਮੋਰਚੇ ਦੇ ਸੱਜੇ ਅੱਧ ਤੇ ਹਮਲਾ ਕਰਨ ਲਈ ਅੱਗੇ ਵਧੀ। ਇਸ ਸੈਨਾ ਦੇ ਖੱਬੇ ਪਾਸੇ ਕੁਝ ਘੋੜ ਤੋਪਾਂ ਸਨ। ਉਹ ਵੀ ਅੱਗੇ ਵਧੀਆਂ, ਅਤੇ ਸਿੱਖ ਮੋਰਚੇ ਤੇ ਗੋਲਾਬਰੀ ਕਰਨ ਲੱਗੀਆਂ। ਅੱਗੋਂ ਖਾਲਸਾ ਤੋਪਾਂ ਨੇ ਵੀ ਮੂੰਹ-ਤੋੜ ਜਵਾਬ ਦਿੱਤਾ। ਕੈਂਬਲ ਦੇ ਸਾਹਮਣੇ ਨਾਲੀਆਂ, ਮੇਜਰ ਮੌਵਟ ਅਤੇ ਰੋਬਰਟਸਨ ਦੀਆਂ ਫੀਲਡ ਤੋਪਾਂ ਵੀ ਅੱਗੇ ਵਧੀਆਂ।

ਉਸ ਸਮੇ ਇੱਕ ਸਟਾਫ ਅਫਸਰ ਰੋਬਰਟਸਨ ਕੋਲ ਆਇਆ, ਅਤੇ ਉਸਨੂੰ ਕਿਹਾ ਕਿ ਉਹ ਆਪਣੀਆਂ ਤਿੰਨ ਫੀਲਡ ਤੋਪਾਂ ਨਾਲ ਖੱਬੇ ਪਾਸੇ ਵਾਲੀਆਂ ਘੋੜ ਤੋਪਾਂ ਦੀ ਸਹਾਇਤਾ ਕਰੇ, ਜਿਨ੍ਹਾ ਤੇ ਸਿੱਖ ਤੋਪਾਂ ਭਾਰੀ ਗੋਲਾਬਾਰੀ ਕਰ ਰਹੀਆਂ ਸਨ। ਰੋਬਰਟਸਨ ਨੇ ਸੋਚਿਆ ਕਿ ਇਹ ਹੁਕਮ ਜਰੂਰ ਲਾਰਡ ਗੱਫ ਵਲੋਂ ਆਇਆ ਹੋਵੇਗਾ। ਉਹ ਖੱਬੇ ਮੁੜਿਆ ਅਤੇ ਘੋੜ ਤੋਪਾਂ ਦੀ ਮਦਦ ਕਰਕੇ ਸਿੱਖ ਤੋਪਾਂ ਨੂੰ ਨਸ਼ਟ ਕਰ ਦਿੱਤਾ। ਪਰ ਇਹ ਕਰਨ ਨਾਲ ਉਹ ਆਪਣੀ ਸਹੀ ਜਗ੍ਹਾ ਅਤੇ ਸਹੀ ਡਿਊਟੀ ਤੋਂ ਦੂਰ ਚਲਾ ਗਿਆ। ਉਸਦੀ ਸਹੀ ਡਿਊਟੀ ਸੀ ਕੈਂਬਲ ਦੀ ਡਵੀਜਨ ਦੀ ਸੁਰੱਖਿਆ। ਇਸ ਨਾਲ ਕੈਂਬਲ ਦਾ ਕੁਝ ਨੁਕਸਾਨ ਹੋਇਆ, ਅਤੇ ਰੋਬਰਟਸਨ ਆਪਣੀ ਡਵੀਜਨ ਤੋਂ ਵਿੱਛੜ ਗਿਆ, ਅਤੇ ਬੜੀ ਮੁਸ਼ਕਿਲ ਨਾਲ ਹੀ ਇਸਨੂੰ ਲੱਭਕੇ ਇਸ ਨਾਲ ਮਿਲ ਸਕਿਆ। ਉਸ ਸਟਾਫ ਅਫਸਰ ਦੀ

ਖੁਸ਼ਕਿਸਮਤੀ ਸੀ ਕਿ ਕਿਸੇ ਨੇ ਵੀ ਲਾਰਡ ਗੌਫ ਨੂੰ ਉਸਦਾ ਨਾਮ ਨਾ ਦੱਸਿਆ।

ਜੰਗ ਦੇ ਅਸੂਲਾਂ ਅਨੁਸਾਰ ਇੱਕ ਡਵੀਜਨ ਕਮਾਂਡਰ ਦਾ ਫਰਜ ਹੈ ਕਿ ਉਹ ਆਪਣੀ ਡਵੀਜਨ ਵਿਚਲੀਆਂ ਬਰਗੇਡਾਂ ਨੂੰ ਇਕੱਠਾ ਰੱਖੇ, ਅਤੇ ਉਹਨਾ ਵਿੱਚ ਤਾਲਮੇਲ ਕਾਇਮ ਰੱਖੇ। ਜਨਰਲ ਕੋਲਿਨ ਕੈਂਬਲ ਨੇ ਵੇਖਿਆ ਕਿ ਜਿਸ ਜਮੀਨ ਵਿੱਚੋਂ ਲੰਘਦੇ ਹੋਏ ਉਸਨੇ ਸਿੱਖ ਸੈਨਾ ਤੇ ਹਮਲਾ ਕਰਨਾ ਹੈ ਉਹ ਬੜੀ ਊਬੜ ਖਾਬੜ ਅਤੇ ਜੰਗਲੀ ਹੈ। ਉਸ ਸੋਚਿਆ ਕਿ ਉਹ ਆਪਣੀਆਂ ਦੋਵਾਂ ਬਰਗੇਡਾਂ ਇਕੱਠੀਆਂ ਨਹੀਂ ਰੱਖ ਸਕੇਗਾ। ਇਸ ਲਈ ਉਸਨੇ ਆਪਣੇ ਇੱਕ ਬਰਗੇਡ ਕਮਾਂਡਰ, ਬਰਗੇਡੀਅਰ ਪੈਨੀਕੁਵਿਕ ਨੂੰ ਆਪਣੀ ਬਰਗੇਡ ਦੀ ਕਮਾਂਡ ਆਪਣੀ ਮਰਜੀ ਅਨੁਸਾਰ ਕਰਨ ਦੀ ਅਜਾਦੀ ਦੇ ਦਿੱਤੀ। ਆਪ ਉਸਨੇ ਬਰਗੇਡੀਅਰ ਹੋਗਨ ਦੀ ਬਰਗੇਡ ਦੀ ਕਮਾਨ ਆਪਣੇ ਹੱਥ ਲੈ ਲਈ। ਉਹ ਇੱਕ ਬਰਗੇਡ ਕਮਾਂਡਰ ਦੇ ਤੌਰ ਤੇ ਤਾਂ ਕਾਫੀ ਸਫਲ ਹੋਇਆ, ਪਰ ਡਵੀਜਨ ਕਮਾਂਡਰ ਦੀ ਡਿਊਟੀ ਨਿਭਾਉਣ ਵਿੱਚ ਅਸੱਫਲ ਰਿਹਾ। ਜਨਰਲ ਗਿਲਬਰਟ ਦੇ ਸਾਹਮਣੇ ਵੀ ਇਹੋ ਮੁਸ਼ਕਿਲ ਸੀ, ਪਰ ਉਸਨੇ ਆਪਣੀ ਡਵੀਜਨ ਕਮਾਂਡਰ ਦੀ ਡਿਊਟੀ ਨੂੰ ਬਾਖੂਬੀ ਨਿਭਾਇਆ।

ਬਰਗੇਡੀਅਰ ਪੈਨੀਕੁਵਿਕ ਦੀ ਬਰਗੇਡ ਏਨੀ ਤੇਜੀ ਨਾਲ ਹਮਲੇ ਲਈ ਅੱਗੇ ਵਧੀ ਕਿ ਤੋਪਾਂ ਪਿੱਛੇ ਰਹਿ ਗਈਆਂ। ਇਹ ਬਰਗੇਡ ਤੋਪਾਂ ਦੀ ਸੁਰੱਖਿਆ ਤੋਂ ਵਾਂਝੀ ਰਹਿ ਗਈ। ਹੋਗਨ ਦੀ ਬਰਗੇਡ ਨਾਲੋਂ ਵੀ ਇਸਦਾ ਸੰਪਰਕ ਟੁਟ ਗਿਆ। ਕੁਝ ਦੂਰ ਤੱਕ ਤਾਂ ਜਮੀਨ ਪੱਧਰੀ ਸੀ, ਪਰ ਅੱਗੇ ਝਾੜੀਆਂ ਅਤੇ ਊਬੜ ਖਾਬੜ ਜਮੀਨ ਸੀ। ਦੁਸ਼ਮਣ ਵੀ ਨਜ਼ਰ ਨਹੀਂ ਆ ਰਿਹਾ ਸੀ। ਇਸ ਹਾਲਤ ਵਿੱਚ ਹਮਲਾਵਰ ਕਤਾਰ ਟੁੱਟ ਗਈ। ਕੁਝ ਦੂਰ ਹੋਰ ਜਾਣ ਤੇ ਖਾਲਸਾ ਤੋਪਾਂ ਵੱਲੋਂ ਖੂਬ ਗੋਲਾਬਾਰੀ ਹੋਈ। ਪਹਿਲਾਂ ਆਮ ਗੋਲੇ ਅਤੇ ਹੋਰ ਨਜਦੀਕ ਪਹੁੰਚਣ ਤੇ ਕੰਕਰਾਂ ਵਾਲੇ ਗੋਲੇ।

24 ਨੰਬਰ ਗੋਰੀ ਰੈਜਮੈਂਟ ਹਮਲਾ ਕਰਨ ਵਿੱਚ ਮੋਹਰੀ ਸੀ। ਇਸਦਾ ਬੜਾ ਨੁਕਸਾਨ ਹੋਇਆ। ਅਫਸਰ ਅਤੇ ਸੈਨਿਕ ਭਾਰੀ ਗਿਣਤੀ ਵਿੱਚ ਮਰ ਕੇ ਡਿੱਗਣ ਲੱਗੇ। ਸਿੱਖ ਮੋਰਚੇ ਤੋਂ 50 ਗਜ ਪਹਿਲਾਂ ਪਾਣੀ ਦੀ ਇੱਕ ਢਾਬ ਸੀ। ਉਸਤੋਂ ਬਚਣ ਲਈ ਸੈਨਿਕ ਸੱਜੇ ਖੱਬੇ ਗਏ ਤਾਂ ਹਮਲਾਵਰ ਕਤਾਰ ਪੂਰੀ ਤਰਾਂ ਟੁੱਟ ਗਈ। ਮੋਰਚੇ ਤੱਕ ਪਹੁੰਚੇ ਤਾਂ ਅੱਗੋਂ ਸਿੱਖ ਇੰਨਫੈਂਟਰੀ ਨੇ ਭਰਪੂਰ ਸਵਾਗਤ ਕੀਤਾ। ਪੈਨੀਕੁਵਿੱਕ ਅਤੇ ਹੋਰ ਕਈ ਅਫਸਰ ਵੀ ਸਿੱਖਾਂ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ। ਇਸ ਬਰਗੇਡ ਦੇ ਅਫਸਰਾਂ ਨੇ ਵਾਰ ਵਾਰ ਆਪਣੇ ਸੈਨਿਕਾਂ ਨੂੰ ਇਕੱਠਾ ਕਰਕੇ ਹਮਲਾ ਕੀਤਾ। ਕੁਝ ਸਫਲਤਾ ਵੀ ਮਿਲੀ, ਪਰ ਸਿੰਘਾਂ ਦੀਆਂ ਗੋਲੀਆਂ ਅਤੇ ਤਲਵਾਰਾਂ ਅੱਗੇ ਅੰਗਰੇਜੀ ਸੈਨਿਕ ਟਿਕ ਨਾ ਸਕੇ। 13 ਅਫਸਰ ਮਾਰੇ ਗਏ, ਅਤੇ 10 ਜਖਮੀ ਹੋਏ। ਅਖੀਰ ਇਸ ਬਰਗੇਡ ਦੇ ਬਚੇ ਖੁਚੇ ਅਫਸਰ ਅਤੇ ਸੈਨਿਕ ਪਿੱਛੇ ਭੱਜਕੇ ਆਪਣੀਆਂ ਜਾਨਾ ਬਚਾਉਣ ਲੱਗੇ। ਸਿੱਖ ਘੋੜ ਸਵਾਰਾਂ ਨੇ ਪਿੱਛਾ ਕਰਕੇ ਕਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਪੈਨੀਕੁਵਿਕ ਦੇ ਖੱਬੇ ਪਾਸੇ ਹੋਗਨ ਦੀ ਬਰਗੇਡ ਦੀ ਕਮਾਂਡ ਡਵੀਜਨ ਕਮਾਂਡਰ ਕੈਂਬਲ ਖੁਦ ਕਰ ਰਿਹਾ ਸੀ। ਇਸ ਬਰਗੇਡ ਨੂੰ ਤੋਪਖਾਨੇ ਦੀ ਪੂਰੀ ਸੁਰੱਖਿਆ ਮਿਲੀ। ਇਸਨੂੰ ਵੀ ਊਬੜ ਖਾਬੜ ਅਤੇ ਕੰਡਿਆਲੀਆਂ ਝਾੜੀਆਂ ਵਿੱਚੋਂ ਗੁਜਰਨਾ ਪਿਆ, ਪਰ ਤੋਪਾਂ ਨੇ ਇਸਦਾ ਰਾਹ ਕਾਫੀ ਸੁਖਾਲਾ ਕਰ ਦਿੱਤਾ। ਰਸਤੇ ਵਿੱਚ ਇਸਨੂੰ ਸਿੱਖ ਸੈਨਾ ਦੀ ਇੱਕ ਟੁਕੜੀ ਨਜ਼ਰ ਆਈ। ਲੈਫਟੀਨੈਂਟ ਮੌਵਟ ਦੀਆਂ ਤੋਪਾਂ ਨੇ ਇਸਨੂੰ ਪੂਰੀ ਤਰਾਂ ਤਬਾਹ ਕਰ ਦਿੱਤਾ। ਸਿੱਖ ਤੋਪਾਂ ਨੇ ਵੀ ਇਸ ਬਰਗੇਡ ਤੇ ਗੋਲਾਬਾਰੀ ਕੀਤੀ, ਪਰ ਨਿਸ਼ਾਨਾ ਸਹੀ ਨਾ ਹੋਣ ਕਾਰਨ ਇਸਦਾ ਜਿਆਦਾ ਨੁਕਸਾਨ ਨਾ ਕਰ ਸੱਕੀਆਂ। ਕੋਲਿਨ ਕੈਂਬਲ ਭਾਵੇਂ ਡਵੀਜਨ ਕਮਾਂਡਰ ਦੀ ਡਿਊਟੀ ਨਾ ਨਿਭਾਹ ਸਕਿਆ, ਪਰ ਬਰਗੇਡ ਦੀ ਕਮਾਨ ਉਸ ਖੂਬ ਵਧੀਆ ਤਰੀਕੇ ਨਾਲ ਕੀਤੀ। ਉਸਨੇ ਆਪਣੀ ਹਮਲਾਵਰ ਲਾਈਨ ਨੂੰ ਟੁੱਟਣ ਨਾ ਦਿੱਤਾ। ਜੇ ਕੁਝ ਸੈਨਿਕ ਪਿੱਛੇ ਰਹਿ ਜਾਂਦੇ ਤਾਂ ਉਹ ਰੁਕ ਕੇ ਉਹਨਾ ਨੂੰ ਨਾਲ ਮਿਲਣ ਦਾ ਸਮਾ ਦਿੰਦਾ। ਇਸ ਤਰਾਂ

ਇਸ ਬਰਗੇਡ ਦੇ ਸੈਨਿਕ ਬੜੇ ਅਨੁਸ਼ਾਸਤ ਢੰਗ ਨਾਲ ਅੱਗੇ ਵਧੇ। ਸਿੱਖ ਮੋਰਚੇ ਤੋਂ ਅੱਧਾ ਕੁ ਕਿਲੋਮੀਟਰ ਪਹਿਲਾਂ ਇਹਨਾ ਨੂੰ ਸਿੱਖ ਫੌਜ ਦੀ ਇੱਕ ਵੱਡੀ ਟੁਕੜੀ ਨਜ਼ਰ ਆਈ। ਇਸ ਵਿੱਚ ਇੰਨਫੈਨਟਰੀ ਅਤੇ ਘੋੜ ਸਵਾਰ ਸਨ। ਚਾਰ ਤੋਪਾਂ ਵੀ ਸਨ।

ਇਹਨਾ ਤੋਪਾਂ ਨੇ ਕੈਂਬਲ ਦੀ ਫੌਜ ਦਾ ਕਾਫੀ ਨੁਕਸਾਨ ਕੀਤਾ। ਹੁਣ ਅੰਗਰੇਜ਼ੀ ਤੋਪਾਂ ਨੇ ਇਹਨਾ ਤੇ ਗੋਲਾਬਾਰੀ ਕੀਤੀ। ਕੈਂਬਲ ਦੇ ਸੈਨਿਕਾਂ ਨੇ ਸਿੱਖ ਸੈਨਿਕਾਂ ਤੇ ਹਮਲਾ ਕਰ ਦਿੱਤਾ। ਹੱਥੋਂ ਹੱਥ ਖੂਬ ਲੜਾਈ ਹੋਈ। ਕਈ ਸਿੱਖ ਅਤੇ ਅੰਗਰੇਜ਼ੀ ਸੈਨਿਕ ਮਾਰੇ ਗਏ। ਸਿੱਖ ਸੈਨਿਕ ਪਿੱਛੇ ਹਟਕੇ ਆਪਣੇ ਮੋਰਚਿਆ ਵੱਲ ਚਲੇ ਗਏ। ਅਖੀਰ ਕੈਂਬਲ ਦੇ ਸੈਨਿਕ ਮੋਰਚਿਆਂ ਤੱਕ ਪਹੁੰਚ ਗਏ। ਸਿੱਖ ਸੈਨਿਕਾਂ ਅਤੇ ਤੋਪਚੀਆਂ ਨੇ ਆਪਣੀਆਂ ਤੋਪਾਂ ਦੀ ਰੱਖਿਆ ਲਈ ਸਖਤ ਲੜਾਈ ਕੀਤੀ। ਕਈ ਮਾਰੇ ਗਏ। ਅੰਗਰੇਜ਼ਾਂ ਨੇ ਕਈ ਤੋਪਾਂ ਵਿੱਚ ਮੇਖਾਂ ਮਾਰਕੇ ਉਹਨਾ ਨੂੰ ਬੇਕਾਰ ਕਰ ਦਿੱਤਾ। ਲੜਾਈ ਕਾਫੀ ਦੇਰ ਤੱਕ ਚਲਦੀ ਰਹੀ, ਪਰ ਕੁਲ ਮਿਲਾ ਕੇ ਅੰਗਰੇਜ਼ਾਂ ਦਾ ਪਲੜਾ ਭਾਰੀ ਸੀ।

ਕਵੈਲਰੀ ਦੇ ਡਵੀਜ਼ਨ ਕਮਾਂਡਰ, ਜਨਰਲ ਥੈਕਵਲ ਨੇ ਸਿੱਖ ਮੋਰਚੇ ਦੇ ਇਸ ਭਾਗ ਤੇ ਘੋੜ ਸਵਾਰਾਂ ਦਾ ਹਮਲਾ ਕਰਵਾਇਆ। ਇਹ ਹਮਲਾ 3 ਲਾਈਟ ਡਰਾਗੂਨ ਅਤੇ 5 ਲਾਈਟ ਕਵੈਲਰੀ ਰੈਜਮੈਂਟਾਂ ਨੇ ਕੀਤਾ। 3 ਲਾਈਟ ਡਰਾਗੂਨ ਦੇ ਘੋੜ ਸਵਾਰ ਕੈਪਟਨ ਵੀਟਲੇ ਦੀ ਕਮਾਨ ਵਿੱਚ ਹਮਲਾ ਕਰਨ ਲਈ ਅੱਗੇ ਵਧੇ ਤਾਂ ਸਿੱਖ ਸੈਨਾ ਦੀ ਇੱਕ ਵੱਡੀ ਟੁੱਕੜੀ ਨੇ ਇਹਨਾ ਦਾ ਰਾਹ ਰੋਕਿਆ, ਅਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਇਹ ਰੈਜਮੈਂਟ ਗੋਲੀਆਂ ਦੀ ਇਹ ਬੁਛਾੜ ਨਾ ਝੱਲ ਸੱਕੀ, ਅਤੇ ਮੂੰਹ ਦੀ ਖਾਹ ਕੇ ਪਿੱਛੇ ਭੱਜ ਗਈ।

ਪੰਜ ਲਾਈਟ ਕਵੈਲਰੀ ਦੀ ਅਗਵਾਈ ਕੈਪਟਨ ਉਨਟ ਨੇ ਕੀਤੀ। ਇਸਦੀ ਜਿਆਦਾ ਵਿਰੋਧਤਾ ਨਾ ਹੋਈ, ਅਤੇ ਉਨਟ ਆਪਣਾ ਘੋੜਾ ਸਰਪਟ ਭਜਾਉਂਦਾ ਹੋਇਆ, ਆਪਣੇ ਸਵਾਰਾਂ ਨਾਲ ਸਿੱਖ ਕਤਾਰ ਨੂੰ ਚੀਰਦਾ ਹੋਇਆ ਪਾਰ ਪਹੁੰਚ ਗਿਆ। ਉਹ ਆਪਣੇ ਸਵਾਰਾਂ ਸਮੇਤ ਵਾਪਸ਼ ਨਿਕਲਣ ਵਿੱਚ ਕਾਮਯਾਬ ਤਾਂ ਹੋ ਗਿਆ, ਪਰ ਉਸਦੀ ਟੁੱਕੜੀ ਦਾ ਜਾਨੀ ਨੁਕਸਾਨ ਕਾਫੀ ਹੋਇਆ। ਸਿੱਖ ਘੋੜ-ਚੜਿਆਂ ਨੇ ਇਹਨਾ ਦਾ ਪਿੱਛਾ ਕੀਤਾ, ਅਤੇ ਕਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਥੈਕਵਲ ਨੇ ਵੇਖਿਆ ਕਿ ਇਹ ਜਮੀਨ ਘੋੜ ਸਵਾਰਾਂ ਦੇ ਹਮਲੇ ਲਈ ਅਨੁਕੂਲ ਨਹੀਂ ਸੀ, ਇਸ ਲਈ ਉਸ ਹੋਰ ਹਮਲਾ ਨਾ ਕਰਵਾਇਆ।

ਜਦੋਂ ਖੱਬੇ ਪਾਸੇ ਵਾਲੀ ਇਹ ਅੰਗਰੇਜ਼ੀ ਡਵੀਜ਼ਨ ਸਿੱਖ ਸੈਨਾ ਦੇ ਸੱਜੇ ਭਾਗ ਤੇ ਹਮਲਾ ਕਰ ਰਹੀ ਸੀ ਤਾਂ ਸੱਜੇ ਪਾਸੇ ਵਾਲੀ ਅੰਗਰੇਜ਼ੀ ਸੈਨਾ ਸਿੱਖ ਮੋਰਚੇ ਦੇ ਖੱਬੇ ਭਾਗ ਤੇ ਹਮਲੇ ਲਈ ਵਧ ਰਹੀ ਸੀ। ਇਸ ਡਵੀਜ਼ਨ ਦੀ ਕਮਾਂਡ ਮੇਜਰ ਜਨਰਲ ਸਰ ਗਿਲਬਰਟ ਕਰ ਰਿਹਾ ਸੀ। ਇਸ ਡਵੀਜ਼ਨ ਦੇ ਸੱਜੇ ਸਿਰੇ ਤੇ ਬਰਗੇਡੀਅਰ ਪੋਪ ਦੇ ਘੋੜ ਸਵਾਰ ਸਨ। ਤਿੰਨ ਟਰੂੱਪ. ਘੋੜ ਤੋਪਾਂ ਦੇ ਕਰਨਲ ਗਰਾਂਟ ਦੇ ਅਧੀਨ ਸਨ। ਖੱਬੇ ਪਾਸੇ ਜਨਰਲ ਥੈਕਵਲ ਨੇ ਸਿਆਣਪ ਤੋਂ ਕੰਮ ਲੈਂਦੇ ਹੋਏ ਘੋੜ ਸਵਾਰ ਹਮਲੇ ਕਰਵਾਉਣ ਤੋਂ ਪਰਹੇਜ ਹੀ ਕੀਤਾ, ਪਰ ਸੱਜੇ ਪਾਸੇ ਦਾ ਕਵੈਲਰੀ ਕਮਾਂਡਰ, ਬਰਗੇਡੀਅਰ ਪੋਪ ਏਨਾ ਸਿਆਣਾ ਅਫਸਰ ਨਹੀਂ ਸੀ।

ਹਮਲਾ ਸ਼ੁਰੂ ਹੁੰਦੇ ਹੀ ਪੋਪ ਨੇ ਵੇਖਿਆ ਕਿ ਸਿੱਖ ਘੋੜ ਚੜਿਆਂ ਦੀ ਇੱਕ ਟੁੱਕੜੀ ਪਿੰਡ ਰਸੂਲ ਕੋਲ ਸੀ। ਪੋਪ ਦੇ ਘੋੜ ਸਵਾਰਾਂ ਦਾ ਇਸ ਜੰਗ ਵਿੱਚ ਮੁੱਖ ਰੋਲ ਇਹ ਸੀ ਉਹ ਜਨਰਲ ਗਿਲਬਰਟ ਦੇ ਸੱਜੇ, ਖੁੱਲੇ ਪਾਸੇ ਤੋਂ ਦੁਸ਼ਮਣ ਦੇ ਹਮਲੇ ਨੂੰ ਰੋਕਦੇ। ਪਰ ਦੂਰ ਨਜ਼ਰ ਆ ਰਹੀ ਇਸ ਸਿੱਖ ਟੁੱਕੜੀ ਨਾਲ ਨਜਿੱਠਣ ਲਈ ਪੋਪ ਨੇ ਆਪਣੇ ਅੱਧੇ ਘੋੜ ਸਵਾਰਾਂ ਅਤੇ ਘੋੜ ਤੋਪਾਂ ਨੂੰ ਰਸੂਲ ਵੱਲ ਭੇਜ ਦਿੱਤਾ। ਇਸਦੇ ਕਮਾਂਡਰ, ਕਰਨਲ ਲੇਨ ਅਤੇ ਉਸਦੇ ਸੈਨਿਕਾਂ ਅਤੇ ਤੋਪਾਂ ਨੇ ਇਸ ਜੰਗ ਵਿੱਚ ਹੋਰ ਕੋਈ ਭਾਗ ਨਾ ਲਿਆ। ਉਹ ਦੂਰ ਖੜਾ ਸਿਰਫ ਸਿੱਖ ਘੋੜ ਸਵਾਰਾਂ ਦੀ ਗਤੀ ਵਿਧੀ ਹੀ ਵੇਖਦਾ ਰਿਹਾ।

ਏਨਾ ਹੀ ਨਹੀ, ਸਰ ਗਿਲਬਰਟ ਦੀ ਸੈਨਾ ਕੁਝ ਹੋਰ ਅੱਗੇ ਵਧੀ ਤਾਂ ਸਾਹਮਣੇ ਸਿੱਖ ਸੈਨਾ ਦੀ ਇੱਕ ਹੋਰ ਟੁੱਕੜੀ ਨਜ਼ਰ ਆਈ। ਇਹਨਾ ਨਾਲ ਨਜਿੱਠਣਾ ਤੋਪਾਂ ਦਾ ਕੰਮ ਸੀ। ਪਰ ਅੰਗਰੇਜੀ ਤੋਪਾਂ ਗੋਲਾਬਾਰੀ ਲਈ ਅੱਗੇ ਵਧੀਆਂ ਤਾਂ ਪੋਪ ਆਪਣੇ ਬਚੇ ਹੋਏ ਘੋੜ ਸਵਾਰ ਲੈ ਕੇ ਇਸ ਟੁੱਕੜੀ ਤੇ ਹਮਲੇ ਲਈ ਅੱਗੇ ਆ ਗਿਆ। ਕਈ ਮਿੰਟਾਂ ਲਈ ਉਸਦੇ ਘੋੜ ਸਵਾਰ ਤੋਪਾਂ ਦੇ ਸਾਹਮਣੇ ਘੋੜੇ ਦੁੜਾਉਂਦੇ ਹੋਏ ਗੁਜਰਦੇ ਰਹੇ। ਜਿਨਾ ਚਿਰ ਉਸਦੇ ਸਵਾਰ ਸਾਹਮਣੇ ਸਨ, ਤੋਪਾਂ ਫਾਇਰ ਨਹੀਂ ਕਰ ਸਕਦੀਆਂ ਸਨ।

ਬਰਗੇਡੀਅਰ ਪੋਪ ਨੇ ਇਹ ਕਾਰਵਾਈ ਕਰਕੇ ਕਈ ਜੰਗੀ ਨੇਮਾ ਦੀ ਅਣਦੇਖੀ ਕੀਤੀ। ਉਹ ਆਪਣੇ ਮੁੱਖ ਕਰਤਵ ਨੂੰ ਭੁੱਲ ਗਿਆ, ਜੋ ਸੀ ਇੰਨਫੈਂਟਰੀ ਦੇ ਖੁੱਲੇ ਪਾਸੇ ਦੀ ਰੱਖਿਆ। ਇਹ ਹੀ ਨਹੀਂ, ਉਸਨੇ ਕੋਈ ਰਿਜੱਰਵ ਟੁੱਕੜੀ ਵੀ ਮੁਕੱਰਰ ਨਾ ਕੀਤੀ ਜੋ ਲੋੜ ਪੈਣ ਤੇ ਮੁਸੀਬਤ ਵਿੱਚ ਉਸਦੀ ਸਹਾਇਤਾ ਕਰ ਸੱਕੇ। ਉਸਦੇ ਸੈਨਿਕਾਂ ਨੂੰ ਇਹ ਵੀ ਨਹੀਂ ਦੱਸਿਆ ਗਿਆ ਸੀ ਕਿ ਹਮਲਾ ਅਸੱਫਲ ਹੋਣ ਦੀ ਸੂਰਤ ਵਿੱਚ ਕਿਸ ਸਥਾਨ ਤੇ ਮੁੜ ਇਕੱਠੇ ਹੋਣਾ ਹੈ।

ਜਨਰਲ ਥੈਕਵਲ ਦਾ ਫੈਸਲਾ ਸਹੀ ਸੀ। ਇਹ ਜਮੀਨ ਸਚਮੁਚ ਹੀ ਘੋੜ ਸੈਨਾ ਦੀ ਕਾਰਵਾਈ ਲਈ ਅਨੁਕੂਲ ਨਹੀਂ ਸੀ। ਉੱਚੀ ਨੀਵੀਂ ਅਤੇ ਝਾੜੀਆਂ ਭਰੀ ਜਮੀਨ ਨੇ ਪੋਪ ਦੇ ਹਮਲੇ ਦਾ ਵੇਗ ਕਾਫੀ ਹਲਕਾ ਕਰ ਦਿੱਤਾ। ਘੋੜ ਸਵਾਰ ਆਪਣਾ ਫਰੰਟ ਕਾਇਮ ਨਾ ਰੱਖ ਸੱਕੇ। ਜਲਦੀ ਹੀ ਸਿੱਖ ਸੈਨਿਕਾਂ ਦੀ ਸਹੀ ਨਿਸ਼ਾਨੇਬਾਜੀ ਨੇ ਕਈ ਘੋੜਿਆਂ ਅਤੇ ਸਵਾਰਾਂ ਨੂੰ ਧਰਤੀ ਚਟਾ ਦਿੱਤੀ। ਬਚੇ ਹੋਏ ਘੋੜ ਸਵਾਰ ਜਾਨਾ ਬਚਾ ਕੇ ਪਿੱਛੇ ਦੌੜੇ। ਉਹ ਆਪਣੀ ਹੀ ਫੌਜ ਦੀਆਂ ਕਤਾਰਾਂ ਚੀਰਦੇ ਹੋਏ ਏਨੇ ਵੇਗ ਨਾਲ ਪਿੱਛੇ ਦੌੜੇ ਕਿ ਜਲਦੀ ਹੀ ਜੰਗ ਦੇ ਮੈਦਾਨ ਤੋਂ ਬਾਹਰ ਹੋ ਗਏ। ਇਸ ਭਗਦੜ ਵਿੱਚ 4 ਅੰਗਰੇਜੀ ਤੋਪਾਂ ਸਿੱਖਾਂ ਦੇ ਹੱਥ ਆ ਗਈਆਂ। 6 ਹੋਰ ਤੋਪਾਂ ਉਹਨਾ ਨੇ ਮੇਖਾਂ ਮਾਰਕੇ ਬੇਕਾਰ ਕਰ ਦਿੱਤੀਆਂ। 53 ਘੋੜੇ ਵੀ ਸਿੱਖਾਂ ਨੇ ਕਾਬੂ ਕਰ ਲਏ। ਪੋਪ ਦੀ ਇਹ ਕਾਰਵਾਈ ਅੰਗਰੇਜੀ ਸੈਨਾ ਲਈ ਇੱਕ ਸ਼ਰਮਨਾਕ ਅਤੇ ਮਜਾਕੀਆ ਘਟਨਾ ਬਣ ਗਈ।

ਪਰ ਜਨਰਲ ਗਿਲਬਰਟ ਨੇ ਜਲਦੀ ਹੀ ਹਲਾਤ ਤੇ ਕਾਬੂ ਪਾ ਲਿਆ। ਮੇਜਰ ਡਾਜ ਦੀਆਂ ਤੋਪਾਂ ਉਸਦਾ ਰਸਤਾ ਸਾਫ ਕਰਦੀਆਂ ਅੱਗੇ ਵਧ ਰਹੀਆਂ ਸਨ। ਬਰਗੇਡੀਅਰ ਮੌਨਟੇਨ ਦੀ ਬਰਗੇਡ ਅੱਗੇ ਅਤੇ ਬਰਗੇਡੀਅਰ ਗੋਡਬੀ ਦੀ ਪਿੱਛੇ ਸੀ। ਇਹਨਾ ਦੋਵਾਂ ਬਰਗੇਡਾਂ ਨੇ ਬੜੇ ਯੋਜਨਾਬਧ ਤਰੀਕੇ ਨਾਲ ਸਿੱਖ ਮੋਰਚੇ ਤੇ ਹਮਲਾ ਕੀਤਾ। ਬੜੀ ਸਖਤ ਲੜਾਈ ਹੋਈ, ਪਰ ਇਹਨਾ ਨੇ ਅਖੀਰ ਸਿੱਖ ਤੋਪਾਂ ਤੇ ਕਬਜ਼ਾ ਕਰ ਲਿਆ।

ਪਰ ਫਿਰ ਸਿੱਖ ਘੋੜ ਸਵਾਰਾਂ ਨੇ ਗੋਡਬੀ ਦੀ ਸੱਜੀ ਵੱਖੀ ਤੇ ਹਮਲਾ ਕਰ ਦਿੱਤਾ। ਜੇ ਪੋਪ ਦੇ ਘੋੜ ਸਵਾਰ ਉਥੇ ਹੁੰਦੇ ਤਾਂ ਇਹ ਹਲਾਤ ਹੀ ਪੈਦਾ ਨਹੀਂ ਹੋਣੇ ਸਨ। ਗੋਡਬੀ ਨੇ ਆਪਣੇ ਸੈਨਿਕਾਂ ਨੂੰ ਮੋੜਕੇ ਇਸ ਹਮਲੇ ਦਾ ਸਾਹਮਣਾ ਕੀਤਾ। ਮੇਜਰ ਡਾਜ ਦੀਆਂ ਤੋਪਾਂ ਨੇ ਵੀ ਉਸਦੀ ਸਹਾਇਤਾ ਕੀਤੀ। ਦੋਵਾਂ ਧਿਰਾਂ ਦਾ ਕਾਫੀ ਨੁਕਸਾਨ ਹੋਇਆ।

ਜਦੋਂ ਸਿੱਖ ਘੋੜ ਸਵਾਰਾਂ ਅਤੇ ਗੋਡਬੀ ਦੀ ਸੈਨਾ ਵਿੱਚ ਇਹ ਘਮਸਾਨ ਹੋ ਰਿਹਾ ਸੀ ਤਾਂ ਜਨਰਲ ਗਿਲਬਰਟ ਆਪਣੇ ਘੋੜੇ ਤੇ ਸਵਾਰ ਹੋ ਕੇ ਉਸ ਜਗ੍ਹਾ ਆਇਆ ਜਿੱਥੇ ਮੇਜਰ ਸਟੀਲ 2 ਯੂਰਪੀਨ ਰੈਜਮੇਂਟ ਦੀ ਅਗਵਾਈ ਕਰ ਰਿਹਾ ਸੀ। ਜਨਰਲ ਨੇ ਸਟੀਲ ਨੂੰ ਇਹ ਕਿਹਾ, 'ਕੈਸੇ ਹੋ ਮੇਜਰ, ਕੀ ਸੰਭਵ ਕਿ ਤੂੰ ਉਹਨਾ ਸਿੱਖ ਸਵਾਰਾਂ ਤੇ ਹਮਲਾ ਕਰ ਸਕੇਂ?' 'ਕਿਉਂ ਨਹੀਂ ਸਰ? ਜਰੂਰ'। 'ਤਾਂ ਵੇਖਦੇ ਹਾਂ, ਤੂੰ ਇਹ ਹਮਲਾ ਕਿਸ ਪ੍ਰਕਾਰ ਕਰਦਾ ਹੈਂ'। ਅਤੇ ਵੇਖਦੇ ਹੀ ਵੇਖਦੇ ਗੋਡਬੀ ਅਤੇ ਸਟੀਲ ਨੇ ਸਿੱਖ ਸਵਾਰਾਂ ਦੇ ਇਸ ਹਮਲੇ ਨੂੰ ਨਾਕਾਮ ਕਰ ਦਿੱਤਾ।

ਬਰਗੇਡੀਅਰ ਪੈਨੀ ਦੀ ਬਰਗੇਡ ਨੂੰ ਰਿਜੱਰਵ ਬਰਗੇਡ ਵਜੋਂ ਪਿੱਛੇ ਰਹਿਣ ਦਾ ਹੁਕਮ ਹੋਇਆ

ਸੀ, ਪਰ ਜਦੋਂ ਲਾਰਡ ਗੱਫ ਨੇ ਵੇਖਿਆ ਕਿ ਸਿੱਖ ਮੋਰਚੇ ਦੇ ਸੱਜੇ ਪਾਸੇ ਕੀਤਾ ਹੋਇਆ ਹਮਲਾ ਬੇਕਾਰ ਹੋ ਗਿਆ ਹੈ ਤਾਂ ਉਸ ਪੈਨੀ ਦੀ ਬਰਗੇਡ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ। ਪਰ ਪੈਨੀ ਦੀ ਇਹ ਰਾਖਵੀਂ ਸੈਨਾ ਜੰਗਲ ਵਿੱਚ ਰਸਤੇ ਤੋਂ ਭਟਕ ਗਈ, ਅਤੇ ਤਿਰਛੀ ਚਲਦੀ ਹੋਈ ਸਿੱਖ ਮੋਰਚੇ ਦੇ ਸੱਜੇ ਪਾਸੇ ਜਾਣ ਦੀ ਬਜਾਏ ਦੂਸਰੇ ਪਾਸੇ ਗੋਡਬੀ ਦੀ ਬਰਗੇਡ ਕੋਲ ਪਹੁੰਚ ਗਈ। ਗੋਡਬੀ ਦੀ ਬਰਗੇਡ ਨਾਲ ਮਿਲਕੇ ਹੀ ਇਸ ਬਰਗੇਡ ਨੇ ਅਗਲੀ ਕਾਰਵਾਈ ਕੀਤੀ।

ਇਹ ਲੜਾਈ ਦੁਪਹਿਰ ਵੇਲੇ ਸ਼ੁਰੂ ਹੋਈ ਸੀ, ਪਰ ਹੁਣ ਸ਼ਾਮ ਹੋਣ ਲੱਗੀ। ਜੰਗ ਵਿੱਚ ਜਿੱਤ ਹਾਰ ਦਾ ਫੈਸਲਾ ਤਾਂ ਨਾ ਹੋ ਸਕਿਆ, ਦੋਵਾਂ ਧਿਰਾਂ ਹੀ ਇਸਨੂੰ ਆਪਣੀ ਜਿੱਤ ਐਲਾਨਿਆ, ਪਰ ਫਿਰ ਵੀ ਕੁੱਲ ਮਿਲਾ ਕੇ ਅੰਗਰੇਜਾਂ ਦਾ ਪਲੜਾ ਭਾਰੀ ਸੀ। ਹਨੇਰਾ ਹੋਣ ਤੇ ਸਿੱਖ ਲੜਦੇ ਹੋਏ ਪਿੱਛੇ ਟਪੱਈ ਪਿੰਡ ਵੱਲ ਚਲੇ ਗਏ। ਅੰਗਰੇਜਾਂ ਨੇ ਉਥੇ ਹੀ ਆਪਣੇ ਤੰਬੂ ਲਾ ਲਏ, ਅਤੇ ਆਪਣੇ ਜਖਮੀਆਂ ਦੀ ਭਾਲ ਕਰਨ ਲੱਗੇ। ਇਸ ਜੰਗ ਵਿੱਚ ਅੰਗਰੇਜੀ ਸੈਨਾ ਦੇ 22 ਗੋਰੇ ਅਫਸਰ, ਅਤੇ 16 ਹਿੰਦੋਸਤਾਨੀ ਅਫਸਰ ਮਾਰੇ ਗਏ। 561 ਸੈਨਿਕ ਮਾਰੇ ਗਏ, ਅਤੇ 98 ਗੁੰਮਸ਼ੁਦਾ ਹੋਏ। 67 ਗੋਰੇ ਅਫਸਰ, 27 ਹਿੰਦੋਸਤਾਨੀ ਅਫਸਰ, ਅਤੇ 1547 ਸੈਨਿਕ ਜ਼ਖਮੀ ਹੋਏ। ਕੁੱਲ ਨੁਕਸਾਨ=2338

# ਚਿੱਲਿਆਂਵਾਲੇ ਬਾਅਦ: 14 ਜਨਵਰੀ-21 ਫਰਵਰੀ 1849

ਚਿੱਲਿਆਂਵਾਲੇ ਦੀ ਜੰਗ ਤੋਂ ਬਾਅਦ ਸਿੱਖ ਫੌਜ ਟਪੱਈ ਦੇ ਪਿੰਡ ਕੋਲ ਇਕੱਠੀ ਹੋਈ। ਇਹ ਪਿੰਡ ਜਿਹਲਮ ਦੇ ਕਿਨਾਰੇ ਸੀ। ਉਸ ਰਾਤ ਸਿੱਖਾਂ ਦੀਆਂ ਜੋ ਤੋਪਾਂ ਮੈਦਾਨ ਵਿੱਚ ਰਹਿ ਗਈਆਂ ਸਨ, ਉਹ ਵਾਪਸ ਖਤਨ ਵਿੱਚ ਵੀ ਉਹ ਕਾਮਯਾਬ ਹੋ ਗਏ। ਅੰਗਰੇਜੀ ਸੈਨਾ ਦਾ ਕਾਫੀ ਜਾਨੀ ਨੁਕਸਾਨ ਹੋਇਆ ਸੀ। ਫਿਰ ਗੱਫ ਸ਼ਾਇਦ ਅਗਲੇ ਦਿਨ ਟਪੱਈ ਤੇ ਹਮਲਾ ਕਰਦਾ, ਪਰ ਕੁਦਰਤ ਨੇ ਆਪਣਾ ਰੰਗ ਵਿਖਾ ਦਿੱਤਾ।

ਅਗਲੇ ਦੋ ਦਿਨ ਖੂਬ ਬਾਰਸ਼ ਹੋਈ। ਟਪੱਈ ਅਤੇ ਉਸਦੇ ਆਸ ਪਾਸ ਦਾ ਇਲਾਕਾ ਪਾਣੀ ਅਤੇ ਚਿੱਕੜ ਨਾਲ ਭਰ ਗਿਆ। ਅੰਗਰੇਜੀ ਸਿਪਾਹੀ ਆਪਣੇ ਤੰਬੂਆਂ ਵਿੱਚ ਵੜੇ ਰਹੇ। ਸਿੱਖ ਸੈਨਾ ਦਾ ਵੱਡਾ ਭਾਗ ਰਸੂਲ ਚਲਾ ਗਿਆ, ਜਿਥੇ ਉਹ ਮੋਰਚੇ ਬਣਾਕੇ ਬੈਠ ਗਏ।

ਅੰਗਰੇਜਾਂ ਨੂੰ ਇੱਕ ਨਵੀਂ ਕਾਮਯਾਬੀ ਮਿਲੀ। ਸਿੱਖ ਸੈਨਾ ਦਾ ਮੁੱਖ ਤੋਪਚੀ ਇੱਕ ਪਠਾਣ ਇਲਾਹੀ ਬਖਸ਼ ਸੀ। ਸ਼ਾਇਦ ਉਸਨੂੰ ਖਾਲਸੇ ਦਾ ਜਹਾਜ਼ ਡਾਵਾਂਡੋਲ ਹੁੰਦਾ ਦਿਸਿਆ। ਕਹਿੰਦੇ ਹਨ ਡੁੱਬਦੇ ਜਹਾਜ਼ ਵਿੱਚੋਂ ਸਭਤੋਂ ਪਹਿਲਾਂ ਚੂਹੇ ਬਾਹਰ ਆਉਂਦੇ ਹਨ। ਇਲਾਹੀ ਬਖਸ਼ ਸਿੱਖਾਂ ਨਾਲ ਗਦਾਰੀ ਕਰਕੇ 19 ਜਨਵਰੀ ਨੂੰ ਅੰਗਰੇਜਾਂ ਦੇ ਕੈਂਪ ਵਿੱਚ ਚਲਾ ਗਿਆ। ਉਸ ਅੰਗਰੇਜ ਅਫਸਰਾਂ ਨੂੰ ਦੱਸਿਆ ਕਿ ਚਿੱਲਿਆਂਵਾਲੇ ਦੀ ਜੰਗ ਤੋਂ ਇੱਕ ਦੋ ਦਿਨ ਬਾਅਦ ਤੱਕ ਸਿੱਖ ਕਾਫੀ ਢਹਿੰਦੀ ਕਲਾ ਵਿੱਚ ਰਹੇ, ਪਰ ਫਿਰ ਜਲਦੀ ਹੀ ਸਰਦਾਰ ਚਤਰ ਸਿੰਘ ਪਿਸ਼ਾਵਰ ਤੋਂ ਹੋਰ ਫੌਜ ਅਤੇ ਤੋਪਾਂ ਲੈ ਕੇ ਪਹੁੰਚ ਗਿਆ, ਅਤੇ ਹੁਣ ਇੱਕ ਵਾਰ ਫਿਰ ਖਾਲਸਾ ਚੜਦੀ ਕਲਾ ਵਿੱਚ ਹੈ। ਉਂਝ ਜਾਨੀ ਨੁਕਸਾਨ ਉਹਨਾ ਦਾ ਅੰਗਰੇਜਾਂ ਨਾਲੋਂ ਵਧੇਰੇ ਹੋਇਆ ਸੀ। ਜੋ ਤੋਪਾਂ ਉਹ ਮੈਦਾਨ ਵਿੱਚੋਂ ਲੈ ਗਏ ਸਨ, ਉਹਨਾ ਵਿੱਚੋਂ ਜਿਆਦਾਤਰ ਬੇਕਾਰ ਹੋ ਚੁੱਕੀਆਂ ਸਨ। ਇਲਾਹੀ ਬਖਸ਼ ਅਨੁਸਾਰ 60 ਵਿੱਚੋਂ ਕੇਵਲ 10 ਤੋਪਾਂ ਹੀ ਚੱਲਣ ਯੋਗ

ਰਹਿ ਗਈਆਂ ਸਨ। ਪਰ ਸਰਦਾਰ ਚਤਰ ਸਿੰਘ ਦੀਆਂ ਤੋਪਾਂ ਨਾਲ ਖਾਲਸੇ ਕੋਲ ਪਹਿਲਾਂ ਤੋਂ ਕਾਫੀ ਕੰਮਜੋਰ, ਪਰ ਗੁਜਾਰੇ ਜੋਗਾ ਤੋਪਖਾਨਾ ਹੋ ਗਿਆ ਸੀ।

ਭਾਵੇਂ ਸਿੱਖਾਂ ਦਾ ਜਾਨੀ ਨੁਕਸਾਨ ਕਿਤੇ ਵਧੇਰੇ ਹੋਇਆ ਸੀ, ਪਰ ਜਦੋਂ ਮਰਨ ਅਤੇ ਜ਼ਖਮੀ ਹੋਣ ਵਾਲੇ ਅੰਗਰੇਜਾਂ ਦੇ ਨਾਵਾਂ ਦੀਆਂ ਦੀ ਲਿਸਟ ਇੰਗਲੈਂਡ ਪਾਹੁੰਚੀ ਤਾਂ ਉਥੇ ਹਾਹਾਕਾਰ ਮੱਚ ਗਈ। ਕਈ ਮੇਮਾ ਦੇ ਡਾਰਲਿੰਗ ਪਤੀ ਜੇਹਲਮ ਕਿਨਾਰੇ ਧਰਾਸ਼ਾਹੀ ਹੋ ਗਏ ਸਨ। ਕਈ ਮਾਵਾਂ ਦੀ ਗੋਦ ਸੁੰਨੀ ਹੋ ਗਈ ਸੀ। ਕਈ ਭੈਣਾ ਦੇ ਭਾਈ ਉਹਨਾ ਤੋਂ ਸਦਾ ਲਈ ਵਿੱਛੜ ਗਏ ਸਨ। ਅੰਗਰੇਜ ਅਫਸਰ ਸ਼ਰਮਸਾਰ ਸਨ। ਤਿੰਨ ਅੰਗਰੇਜ ਰੇਜਮੰਟਾਂ ਦੇ ਝੰਡੇ ਖਾਲਸੇ ਦੇ ਕੈਂਪ ਦੀ ਸੋਭਾ ਵਧਾ ਰਹੇ ਸਨ। ਅੰਗਰੇਜ ਘੋੜ ਸਵਾਰਾਂ ਦੀ ਇੱਕ ਪੂਰੀ ਬਰਗੇਡ ਮੈਦਾਨ ਵਿੱਚੋਂ ਭੱਜ ਗਈ ਸੀ। ਇਸ ਬਰਗੇਡ ਦੇ ਅਫਸਰਾਂ ਅਤੇ ਸਿਪਾਹੀਆਂ ਨੂੰ ਹੋਰ ਫੌਜੀ ਚਿੱਲਿਆਂਵਾਲਾ ਕਹਿ ਕੇ ਟਿੱਚਰਾਂ ਕਰਦੇ ਰਹੇ। 4 ਅੰਗਰੇਜੀ ਤੋਪਾਂ ਵੀ ਸਿੱਖਾਂ ਦੇ ਕਬਜ਼ੇ ਵਿੱਚ ਸਨ। ਅੰਗਰੇਜ ਦੁਖੀ ਸਨ। ਦੁਖੀ ਮਨੁੱਖ ਨੂੰ ਸਦਾ ਆਪਣਾ ਨੁਕਸਾਨ ਹੀ ਵਧੇਰੇ ਨਜ਼ਰ ਆਉਂਦਾ ਹੈ, ਦੂਸਰੇ ਦਾ ਨਹੀਂ। ਪੰਜਾਬੀ ਮਾਵਾਂ ਦੇ ਵੀ ਕਈ ਹਜ਼ਾਰ ਪੁੱਤਰ ਘਰ ਨਹੀਂ ਪਰਤੇ ਸਨ। ਪਰ ਅੰਗਰੇਜ ਲੋਕ ਏਨੇ ਨਰਾਜ਼ ਸਨ ਕਿ ਉਹਨਾ ਨੇ ਏਨੇ ਵੱਡੇ ਨੁਕਸਾਨ ਲਈ ਆਪਣੇ ਕਮਾਂਡਰ-ਇਨ-ਚੀਫ ਨੂੰ ਹੀ ਜੁੰਮੇਵਾਰ ਕਰਾਰ ਦਿੱਤਾ, ਅਤੇ ਉਸਨੂੰ ਬਰਖਾਸਤ ਕਰਨ ਦੀ ਮੰਗ ਕੀਤੀ।

ਇੰਗਲੈਂਡ ਦੀ ਸਰਕਾਰ ਨੂੰ ਆਪਣੀ ਜਨਤਾ ਦੀ ਇਹ ਮੰਗ ਮੰਨਣੀ ਪਈ। ਉਸਨੇ ਐਲਾਨ ਕਰ ਦਿੱਤਾ ਕਿ ਭਾਰਤ ਦਾ ਨਵਾਂ ਕਮਾਂਡਰ-ਇਨ-ਚੀਫ ਜਨਰਲ ਨੇਪੀਅਰ  ਹੋਏਗਾ। ਪਰ ਨੇਪੀਅਰ ਇਸ ਸਮੇ ਪੰਜਾਬ ਵਿੱਚ ਨਹੀਂ ਸੀ। ਉਸਨੂੰ ਪੰਜਾਬ ਪਾਹੁੰਚਣ ਵਿੱਚ ਕਈ ਹਫਤੇ ਲੱਗ ਗਏ। ਸੋ ਇਸਤੋਂ ਪਹਿਲਾਂ ਕਿ ਇਹ ਬੁੱਢਾ ਜਰਨੈਲ ਪੰਜਾਬ ਦੀ ਧਰਤੀ ਨੂੰ ਅਲਵਿਦਾ ਕਹਿ ਕੇ ਆਪਣੇ ਵਤਨ ਵਲ ਜਾਂਦਾ, ਇਸਨੂੰ ਸਿੱਖਾਂ ਨਾਲ ਇੱਕ ਹੋਰ ਜੰਗ ਕਰਨ ਦਾ ਮੌਕਾ ਨਸੀਬ ਹੋਇਆ। ਇਹ ਜੰਗ ਅੰਗਰੇਜਾਂ ਅਤੇ ਸਿੱਖਾਂ ਦੀ ਅੰਤਮ ਅਤੇ ਫੈਸਲਾਕੁਨ ਜੰਗ ਸੀ-ਗੁਜਰਾਤ ਦੀ ਜੰਗ। ਚਿੱਲਿਆਂਵਾਲੇ ਵਿੱਚ ਹੋਏ ਅੰਗਰੇਜੀ ਨੁਕਸਾਨ ਅਤੇ ਸੈਨਾ ਦੀ ਮਾੜੀ ਕਾਰਗੁਜਾਰੀ ਲਈ ਸਿਰਫ ਲਾਰਡ ਗੱਫ ਹੀ ਜੁੰਮੇਵਾਰ ਨਹੀਂ ਸੀ, ਉਸਦੇ ਕਈ ਸੀਨੀਅਰ ਅਫਸਰ ਵੀ ਜੁੰਮੇਵਾਰ ਸਨ। ਪਰ ਯੁੱਧ ਦਾ ਇਹੋ ਦਸਤੂਰ ਹੈ: ਜਿੱਤ ਦਾ ਸਿਹਰਾ ਵੀ ਜਰਨੈਲ ਦੇ ਸਿਰ, ਅਤੇ ਨਾਕਾਮੀ ਦਾ ਦਾਗ ਵੀ ਉਸਦੇ ਦਾਮਨ ਤੇ। ਗੱਫ ਇੱਕ ਖੁੱਲ ਦਿਲਾ, ਮਰਦ ਆਦਮੀ ਸੀ। ਜੰਗ ਵਿੱਚ ਆਪਣੀ ਫੌਜ ਦੇ ਮੂਹਰੇ ਹੋ ਕੇ ਲੜਦਾ ਸੀ, ਆਪਣੀ ਜਾਨ ਦੀ ਬਿਲਕੁੱਲ ਪ੍ਰਵਾਹ ਨਹੀਂ ਸੀ ਕਰਦਾ।

ਗੱਫ ਇੱਕ ਪੁਰਾਣਾ ਫੌਜੀ ਸੀ। ਨਪੋਲੀਅਨ ਨਾਲ ਲੜ ਚੁੱਕਾ ਸੀ। ਉਨਾ ਜੰਗਾਂ ਵਿੱਚ ਜਰਨੈਲਾਂ ਦਾ ਇਹੋ ਦਸਤੂਰ ਸੀ ਕਿ ਆਪਣੀ ਫੌਜ ਲੈ ਕੇ ਦੁਸ਼ਮਣ ਨਾਲ ਭਿੜ ਜਾਉ, ਜਿੱਤ ਹਾਰ ਦਾ ਫੈਸਲਾ ਤਾਕਤ, ਹਿੰਮਤ ਅਤੇ ਜੇਰਾ ਕਰਦਾ ਸੀ। ਪਰ ਉਨਵੀਂ ਸਦੀ ਦੇ ਪਹਿਲੇ ਅੱਧ ਤੱਕ ਕਈ ਸੂਝਵਾਨ ਜਰਨੈਲਾਂ ਨੇ ਕਈ ਹੋਰ ਜੰਗੀ ਚਾਲਾਂ ਦਾ ਨਿਰਮਾਣ ਕਰ ਲਿਆ। ਜਿੱਥੋਂ ਤੱਕ ਗੱਫ ਦਾ ਸਵਾਲ ਸੀ, ਉਸਨੂੰ ਜੰਗ ਦੇ ਇਹਨਾ ਨਵੇਂ ਤਰੀਕਿਆਂ ਨਾਲ ਕੋਈ ਵਾਸਤਾ ਨਹੀਂ ਸੀ। ਉਹ ਸਿੱਧੀ ਟੱਕਰ ਵਿੱਚ ਹੀ ਵਿਸ਼ਵਾਸ ਰੱਖਦਾ ਸੀ। ਖਾਲਸਾ ਵੀ ਸਿੱਧੀ ਟੱਕਰ ਹੀ ਲੈਂਦਾ ਸੀ। 'ਪੁਰਜਾ ਪੁਰਜਾ ਕੱਟ ਮਰੂੰ ਕਬੀ ਨਾ ਛਾਡੂੰ ਖੇਤ', ਉਸਦੇ ਗੁਰੂ ਨੇ ਉਸਨੂੰ ਸਿਖਾਇਆ ਹੋਇਆ ਸੀ। ਇਹਨਾ ਸਿੱਧੀਆਂ ਟੱਕਰਾਂ ਵਿੱਚ ਭਾਰੀ ਜਾਨੀ ਨੁਕਸਾਨ ਹੋਇਆ, ਖੂਬ ਰੱਤ ਡੁੱਲੀ, ਅੰਗਰੇਜ ਦੀ ਵੀ, ਖਾਲਸੇ ਦੀ ਵੀ। ਪਰ ਅੰਗਰੇਜ ਕੋਈ ਐਸਾ ਜਰਨੈਲ ਚਾਹੁੰਦੇ ਸਨ, ਜੋ ਉਹਨਾ ਨੂੰ ਜਿੱਤ ਤਾਂ ਦਵਾਵੇ, ਪਰ ਸਸਤੇ ਦਾਮੀ- ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਵਾਲੀ ਗੱਲ।

ਵੱਡਾ ਲਾਟ ਡਲਹੌਜੀ ਆਪਣੇ ਜੰਗੀ ਲਾਟ ਦੀ ਕਾਰਗੁਜਾਰੀ ਤੋਂ ਪੂਰਾ ਖੁਸ਼ ਤਾਂ ਨਹੀਂ ਸੀ, ਪਰ ਉਸਨੇ ਖੁੱਲੇ ਆਮ ਆਪਣੇ ਕਮਾਂਡਰ-ਇਨ-ਚੀਫ ਦੀ ਨੁਕਤਾਚੀਨੀ ਕਰਨ ਤੋਂ ਗੁਰੇਜ ਕੀਤਾ। ਸਗੋਂ ਉਸਨੂੰ

ਚਿੱਠੀ ਲਿਖਕੇ ਉਸਦੀ ਪ੍ਰਸੰਸਾ ਕੀਤੀ। ਜੰਗੀ ਲਾਟ ਬਾਰੇ ਬਾਅਦ ਵਿੱਚ ਕਈ ਹਾਸਰਸੀ ਕਹਾਣੀਆਂ ਘੜੀਆਂ ਗਈਆਂ, ਜਿਆਦਾਤਰ ਉਸਦੇ ਕੁਝ ਆਪਣੇ ਹੀ ਸੀਨੀਅਰ ਅਫਸਰਾਂ ਦੁਆਰਾ। ਇੱਕ ਕਹਾਣੀ ਇਹ ਹੈ ਕਿ ਉਸਦੇ ਇੱਕ ਅਫਸਰ, ਕਰਨਲ ਗ਼ਰਾਂਟ ਨੇ ਲਾਰਡ ਗੱਫ ਨੂੰ ਵਰਗਲਾ ਕੇ ਇੱਕ ਮਕਾਨ ਦੀ ਉੱਚੀ ਛੱਤ ਤੇ ਚੜਾ ਦਿੱਤਾ, ਤਾਂਕਿ ਉਹ ਜੰਗ ਦੀ ਕਾਰਵਾਈ ਨੂੰ ਚੰਗੀ ਤਰਾਂ ਵੇਖ ਸਕੇ। ਲਾਟ ਛੱਤ ਤੇ ਚੜ ਗਿਆ ਤਾਂ ਉਸਨੇ ਪੌੜੀ ਹਟਾ ਲਈ, ਅਤੇ ਜੰਗ ਖਤਮ ਹੋਣ ਤੱਕ ਲਾਟ ਉੱਪਰ ਹੀ ਫਸਿਆ ਰਿਹਾ। ਇਸ ਕਹਾਣੀ ਦਾ ਮਤਲਬ ਇਹ ਕਿ ਉਸਦੇ ਸੀਨੀਅਰ ਅਫਸਰ ਉਸਦੀ ਅਗਵਾਈ ਤੋਂ ਖੁਸ਼ ਨਹੀਂ ਸਨ, ਕਿਉਂਕਿ ਉਹ ਸਿੱਧੇ ਹਮਲੇ ਕਰਵਾ ਕੇ ਆਪਣੇ ਸੈਨਿਕਾਂ ਦਾ ਘਾਣ ਕਰਵਾਉਂਦਾ ਸੀ।

ਇੱਕ ਦੋ ਵਾਕਿਆ ਇਹ ਵੀ ਸਿੱਧ ਕਰਦੇ ਹਨ ਕਿ ਸਿੱਖ ਜਰਨੈਲ ਵੀ ਖੁੱਲ ਦਿਲੇ ਅਤੇ ਆਪਣੇ ਦੁਸ਼ਮਣ ਦੇ ਸ਼ਬਦ ਤੇ ਵੀ ਇਤਬਾਰ ਕਰਨ ਦਾ ਜਿਗਰਾ ਰੱਖਦੇ ਸਨ। ਚਿੱਲਿਆਂਵਾਲੇ ਤੋਂ ਪੰਜ ਦਿਨ ਬਾਅਦ ਹੀ ਸਰਦਾਰ ਸ਼ੇਰ ਸਿੰਘ ਨੇ ਦੋ ਅੰਗਰੇਜ ਸੈਨਿਕ ਲਾਰਡ ਗੱਫ ਕੋਲ ਵਾਪਸ ਭੇਜੇ। ਇਹ ਅੰਗਰੇਜ ਸੈਨਿਕ ਜੰਗਲ ਵਿੱਚ ਭਟਕਦੇ ਹੋਏ ਸਿੱਖ ਸੈਨਿਕਾਂ ਨੇ ਫੜ ਲਏ ਸਨ। ਉਹਨਾ ਦੱਸਿਆ ਕਿ ਸਿੱਖ ਕੈਂਪ ਵਿੱਚ ਉਹਨਾ ਨਾਲ ਚੰਗਾ ਸਲੂਕ ਕੀਤਾ ਗਿਆ ਸੀ।

ਹੈਨਰੀ ਲਾਰੰਸ ਦਾ ਭਰਾ, ਮੇਜਰ ਜਾਰਜ ਲਾਰੰਸ ਸਰਦਾਰ ਚਤਰ ਸਿੰਘ ਦਾ ਕੈਦੀ ਸੀ। ਉਹ ਆਪਣੇ ਭਰਾ ਨੂੰ ਮਿਲਣ ਲਈ ਲਹੌਰ ਜਾਣਾ ਚਾਹੁੰਦਾ ਸੀ। ਸਰਦਾਰ ਚਤਰ ਸਿੰਘ ਨੇ ਉਸਨੂੰ ਲਹੌਰ ਜਾਣ ਦੀ ਇਜਾਜਤ ਦੇ ਦਿੱਤੀ। ਜਾਰਜ ਨੇ ਵਾਅਦਾ ਕੀਤਾ ਕਿ ਉਹ ਆਪਣੇ ਭਰਾ ਨੂੰ ਮਿਲਕੇ ਵਾਪਸ ਆ ਜਾਏਗਾ, ਔਰ ਉਹ ਵਾਪਸ ਆ ਵੀ ਗਿਆ। ਇੱਕ ਹੋਰ ਅੰਗਰੇਜ ਅਫਸਰ, ਲੈਫਟੀਨੈਂਟ ਬੋਵੀ ਵੀ ਚਤਰ ਸਿੰਘ ਦਾ ਕੈਦੀ ਸੀ। ਉਹ ਉਸ ਨਾਲ ਰਸੂਲ ਵਿੱਚ ਸੀ। ਚਤਰ ਸਿੰਘ ਨੇ ਉਸਨੂੰ ਵੀ ਲਾਰਡ ਗੱਫ ਦੇ ਕੈਂਪ ਵਿੱਚ ਜਾਣ ਦੀ ਇਜਾਜਤ ਦੇ ਦਿੱਤੀ, ਕਿ ਉਹ ਆਪਣੇ ਹਮਵਤਨਾ ਨੂੰ ਮਿਲ ਕੇ ਵਾਪਸ ਆ ਜਾਵੇ। ਇਸ ਅਫਸਰ ਨੇ ਵੀ ਆਪਣਾ ਵਾਅਦਾ ਨਿਭਾਇਆ।

ਦੋ ਤਿਨ ਦਿਨ ਦੀ ਬਰਸਾਤ ਨੇ ਸ਼ੇਰ ਸਿੰਘ ਨੂੰ ਇਹ ਸਮਾ ਦੇ ਦਿੱਤਾ ਕਿ ਉਹ ਰਸੂਲ ਵਿੱਚ ਆਪਣੇ ਮੋਰਚੇ ਮਜਬੂਤ ਕਰ ਸਕੇ। ਉਸਦਾ ਪਿਤਾ ਸਰਦਾਰ ਚਤਰ ਸਿੰਘ ਵੀ ਪਿਸ਼ਾਵਰ ਤੋਂ ਫੌਜ ਲੈ ਕੇ ਉਸ ਨਾਲ ਆ ਮਿਲਿਆ। ਇਸ ਲਈ ਜੰਗੀ ਲਾਟ ਨੇ ਇਹ ਫੈਸਲਾ ਕੀਤਾ ਕਿ ਸ਼ੇਰ ਸਿੰਘ ਤੇ ਹਮਲਾ ਕਰਨ ਤੋਂ ਪਹਿਲਾਂ ਜਨਰਲ ਵਿੱਛ ਦੀ ਸੈਨਾ ਨੂੰ ਉਡੀਕ ਲਿਆ ਜਾਵੇ। ਹੁਣ ਖਾਲਸਾ ਫੌਜ ਰਸੂਲ ਅਤੇ ਅੰਗਰੇਜੀ ਫੌਜ ਚਿੱਲਿਆਂਵਾਲਾ ਮੱਲ ਕੇ ਬੈਠ ਗਈ।

ਮੁਲਤਾਨ ਦਾ ਕਿਲਾ ਜਨਰਲ ਵਿੱਛ ਨੇ 22 ਜਨਵਰੀ ਨੂੰ ਫਤਹਿ ਕਰ ਲਿਆ। ਇਸਦੀ ਖਬਰ ਲਾਰਡ ਗੱਫ ਨੂੰ 25 ਜਨਵਰੀ ਨੂੰ ਮਿਲ ਗਈ। 5 ਫਰਵਰੀ ਨੂੰ ਗੱਫ ਨੂੰ ਇਹ ਖਬਰ ਮਿਲੀ ਕਿ ਸ਼ੇਰ ਸਿੰਘ ਨੇ ਰਸੂਲ ਖਾਲੀ ਕਰ ਦਿੱਤਾ ਹੈ। ਜੰਗੀ ਲਾਟ ਨੇ ਫਿਰ ਵੀ ਹਮਲਾ ਮੁਲਤਵੀ ਰੱਖਿਆ। ਸ਼ੇਰ ਸਿੰਘ ਨੂੰ ਵੀ ਪਤਾ ਸੀ ਕਿ ਵਿਰੋਧੀ ਜਰਨੈਲ ਹੋਰ ਸੈਨਾ ਪਹੁੰਚਣ ਦੀ ਉਡੀਕ ਵਿੱਚ ਹੈ। ਉਹ ਚਾਹੁੰਦਾ ਸੀ ਕਿ ਜੰਗ ਇਸ ਸੈਨਾ ਦੇ ਪਹੁੰਚਣ ਤੋਂ ਪਹਿਲਾਂ ਹੀ ਹੋ ਜਾਏ। ਉਸਨੇ ਬਨਾਵਟੀ ਜਿਹਾ ਹਮਲਾ ਕਰਕੇ ਲਾਟ ਨੂੰ ਜੰਗ ਲਈ ਉਕਸਾਇਆ, ਪਰ ਲਾਟ ਚਿੱਲਿਆਂਵਾਲੇ ਹੀ ਬੈਠਾ ਰਿਹਾ। ਉਹ ਅਜੇ ਜੰਗ ਦੇ ਮੂਡ ਵਿੱਚ ਨਹੀਂ ਸੀ।

14 ਫਰਵਰੀ ਨੂੰ ਖਾਲਸਾ ਫੌਜ ਇਹ ਇਲਾਕਾ ਖਾਲੀ ਕਰਕੇ ਗੁਜਰਾਤ ਚਲੀ ਗਈ। ਪਾਠਕ ਯਾਦ ਰੱਖਣ ਕਿ ਇਹ ਗੁਜਰਾਤ ਹੁਣ ਵਾਲਾ ਭਾਰਤੀ ਗੁਜਰਾਤ ਨਹੀਂ, ਬਲਕਿ ਪਾਕਿਸਤਾਨ ਵਿੱਚ ਚਨਾਬ ਦੇ ਕਿਨਾਰੇ ਇੱਕ ਪੰਜਾਬੀ ਸ਼ਹਿਰ ਹੈ। ਗੱਫ ਇਸ ਸੈਨਾ ਦਾ ਪਿੱਛਾ ਕਰਦਾ ਹੋਇਆ ਲਸੂੜੀ ਪਿੰਡ ਕੋਲ ਪਹੁੰਚ ਗਿਆ। ਉਸਨੇ ਆਪਣੀ ਇੱਕ ਵੱਡੀ ਸੈਨਿਕ ਟੁੱਕੜੀ ਵਜੀਰਾਬਾਦ ਭੇਜੀ, ਕਿਉਂਕਿ ਉਥੇ ਵਿੱਛ ਦੀ ਫੌਜ ਪਹੁੰਚਣੀ ਸ਼ੁਰੂ ਹੋ ਗਈ ਸੀ। ਗੱਫ ਦੀ ਸੈਨਿਕ ਟੁੱਕੜੀ ਨੇ ਦਰਿਆ ਪਾਰ ਕਰਨ ਵਿੱਚ ਵਿੱਛ

ਦੀ ਸਹਾਇਤਾ ਕਰਨੀ ਸੀ। ਅਮੀਰ ਵਿੱਛ ਦੀ ਸੈਨਾ 19 ਫਰਵਰੀ ਵਾਲੇ ਦਿਨ ਕਮਾਂਡਰ-ਇਨ-ਚੀਫ ਕੋਲ ਪਾਹੁੰਚ ਗਈ।

ਜੰਗੀ ਲਾਟ ਦੀ ਸੈਨਾ ਹੁਣ ਪੂਰਨ ਹੋ ਗਈ ਸੀ, ਇਸ ਲਈ ਉਹ ਸਰਦਾਰ ਸ਼ੇਰ ਸਿੰਘ ਨਾਲ ਜੰਗ ਕਰਨ ਲਈ ਗੁਜਰਾਤ ਵੱਲ ਵਧਿਆ। ਹੁਣ ਗੁਜਰਾਤ ਦੇ ਮੈਦਾਨ ਵਿੱਚ ਇਹ ਫੈਸਲਾ ਹੋਵੇਗਾ ਕਿ ਪੰਜਾਬ ਦੇ ਮਾਲਕ ਅੰਗਰੇਜ ਹਨ ਜਾਂ ਸਿੱਖ।

# ਗੁਜਰਾਤ ਦੀ ਜੰਗ: 21 ਫਰਵਰੀ 1849


ਮੁਲਤਾਨ ਵਾਲੀ ਸੈਨਾ ਆ ਜਾਣ ਕਰਕੇ ਹੁਣ ਲਾਰਡ ਗੱਫ ਦੀ ਸੈਨਾ ਕਾਫੀ ਮਜਬੂਤ ਹੋ ਗਈ ਸੀ, ਸੋ ਉਸਨੇ ਖਾਲਸੇ ਨਾਲ ਅੰਤਮ ਜੰਗ ਕਰਨ ਦਾ ਫੈਸਲਾ ਕੀਤਾ। ਇਹ ਜੰਗ ਗੁਜਰਾਤ ਦੇ ਮੈਦਾਨ ਵਿੱਚ 21 ਫਰਵਰੀ 1849 ਵਾਲੇ ਦਿਨ ਹੋਈ।

ਇਸ ਜੰਗ ਸਮੇਂ ਵੀ ਗੱਫ ਦੇ ਜਿਆਦਾਤਰ ਕਰਨਲ ਅਤੇ ਜਨਰਲ ਪਹਿਲਾਂ ਵਾਂਗ ਹੀ ਸਨ, ਬਸ ਥੋੜੀ ਜਿਹੀ ਤਬਦੀਲੀ ਸੀ। ਬਰਗੇਡੀਅਰ ਗੋਡਬੀ ਦੀ ਜਗ੍ਹਾ ਹੁਣ ਬਰਗੇਡੀਅਰ ਪੈਨੀ ਨੇ ਲੈ ਲਈ ਸੀ। ਜਨਰਲ ਕੈਂਬਲ ਦੇ ਬਰਗੇਡ ਕਮਾਂਡਰ ਹੁਣ ਬਰਗੇਡੀਅਰ ਕਾਰਨੇਜੀ ਅਤੇ ਬਰਗੇਡੀਅਰ ਮੈਕਲੂਡ ਸਨ।

ਜਨਰਲ ਵਿੱਛ ਦੀ ਡਵੀਜਨ ਵਿੱਚ ਦੋ ਬਰਗੇਡਾਂ ਦੀ ਕਮਾਨ ਬਰਗੇਡੀਅਰ ਮਰਖਾਮ ਅਤੇ ਬਰਗੇਡੀਅਰ ਹਾਰਵੇ ਕਰ ਰਹੇ ਸਨ। ਬਰਗੇਡੀਅਰ ਡੰਡਾਸ ਦੀ ਬੰਬੇ ਬਰਗੇਡ ਵੀ ਹੁਣ ਵਿੱਛ ਦੀ ਡਵੀਜਨ ਦਾ ਹਿੱਸਾ ਸੀ। ਕਵੈਲਰੀ ਵਿੱਚ ਸਿੰਧ ਹਾਰਸ ਨਾਂ ਦੀ ਗੋਰੀ ਰੈਜਮੈਂਟ ਅਤੇ ਚਾਰ ਹਿੰਦੋਸਤਾਨੀ ਰੈਜਮੈਂਟਾਂ ਹੋਰ ਸ਼ਾਮਲ ਹੋ ਗਈਆਂ ਸਨ। ਤੋਪਖਾਨੇ ਦੀ ਕਮਾਨ ਬਰਗੇਡੀਅਰ ਟੈਨਟ ਕੋਲ ਸੀ। ਇਸ ਕੋਲ ਹੁਣ 96 ਤੋਪਾਂ ਹੋ ਗਈਆਂ ਸਨ, ਜਿਨ੍ਹਾ ਵਿੱਚ 18 ਭਾਰੀ ਫੀਲਡ ਤੋਪਾਂ ਸਨ। ਇੰਜਿਨੀਅਰ ਅਤੇ ਖੁਦਾਈ ਕਰਨ ਵਾਲੇ ਸੈਨਿਕਾਂ ਦਾ ਕਮਾਂਡਰ ਜਨਰਲ ਚੀਪ ਸੀ।

ਮੇਜਰ ਜਾਰਜ ਲਾਰੰਸ ਜਦੋਂ ਆਪਣੇ ਭਰਾ ਹੈਨਰੀ ਲਾਰੰਸ ਨੂੰ ਮਿਲਣ ਲਈ ਲਹੌਰ ਗਿਆ ਤਾਂ ਉਸ ਦੱਸਿਆ ਕਿ ਸਿੱਖਾਂ ਵਿੱਚ ਇਸ ਗੱਲ ਦੀ ਚਰਚਾ ਆਮ ਹੈ ਕਿ ਇਹਨਾ ਜੰਗਾਂ ਵਿੱਚ ਅੰਗਰੇਜੀ ਤੋਪਖਾਨੇ ਦੀ ਪੂਰੀ ਵਰਤੋਂ ਨਹੀਂ ਕੀਤੀ ਗਈ ਸੀ। ਸਿੱਖ ਸੈਨਾ ਦਾ ਮੁੱਖ ਤੋਪਚੀ ਇਲਾਹੀ ਬਖਸ਼ ਵੀ ਗਦਾਰੀ ਕਰਕੇ ਜਦੋਂ ਅੰਗਰੇਜਾਂ ਨਾਲ ਮਿਲ ਗਿਆ ਤਾਂ ਉਸਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ। ਲਾਰਡ ਗੱਫ ਦੇ ਆਪਣੇ ਕਈ ਅਫਸਰਾਂ ਦੀ ਅਤੇ ਲਾਰਡ ਡਲਹੌਜੀ ਦੀ ਵੀ ਇਹੋ ਰਾਇ ਸੀ। ਪਰ ਗੁਜਰਾਤ ਦੇ ਜੰਗ ਵਿੱਚ ਗੱਫ ਨੇ ਤੋਪਖਾਨੇ ਦੀ ਭਰਪੂਰ ਵਰਤੋਂ ਕੀਤੀ। ਗੁਜਰਾਤ ਦੀ ਜੰਗ ਅਸਲ ਵਿੱਚ ਤੋਪਖਾਨਿਆਂ ਦੀ ਲੜਾਈ ਸੀ। ਇਸ ਵਿੱਚ ਅੰਗਰੇਜਾਂ ਕੋਲ ਸਿੱਖਾਂ ਨਾਲੋਂ ਕਿਤੇ ਵੱਡਾ ਅਤੇ ਬਿਹਤਰ ਤੋਪਖਾਨਾ ਸੀ, ਜਿਸਦੀ ਬਦੌਲਤ ਉਹਨਾ ਨੇ ਇਹ ਜੰਗ ਬੜੀ ਅਸਾਨੀ ਨਾਲ ਜਿੱਤ ਲਈ।

21 ਫਰਵਰੀ 1849 ਨੂੰ ਜਦੋਂ ਫੌਜਾਂ ਵਿਚਲੀ ਦੂਰੀ ਘਟ ਰਹੀ ਸੀ, ਤਾਂ ਸਵੇਰ ਬੜੀ ਸ਼ਾਨਦਾਰ ਸੀ। ਸੂਰਜ ਆਪਣੀਆਂ ਸੁਨਹਿਰੀ ਕਿਰਨਾ ਕਣਕ ਦੇ ਨੰਨ੍ਹੇ ਪੌਦਿਆਂ ਤੇ ਬਖੇਰ ਰਿਹਾ ਸੀ। ਦੋਵਾਂ ਫੌਜਾਂ ਵਿਚਾਲੇ ਕਣਕ ਦੇ ਹਰੇ ਭਰੇ ਖੇਤ ਲਹਿਲਹਾ ਰਹੇ ਸਨ। ਦੂਰ ਪਹਾੜਾਂ ਦੀਆਂ ਚੋਟੀਆਂ ਨਿੱਘੀ ਧੁੱਪ ਮਾਣ ਰਹੀਆਂ ਸਨ। ਪਰ ਇਹ ਦੋ ਕੌਮਾ ਦੇ ਮਨੁੱਖ ਇਸ ਕੁਦਰਤੀ ਨਜ਼ਾਰੇ ਤੋਂ ਬੇਖਬਰ ਇੱਕ ਦੂਸਰੇ




ਗੁਜਰਾਤ - 21 ਫਰਵਰੀ 1849

ਦੀ ਰੱਤ ਡੋਲਣ ਦੀ ਤਿਆਰੀ ਵਿੱਚ ਸਨ। ਵਿਸ਼ਾਲ ਧਰਤੀ ਦੇ ਇਸ ਛੋਟੇ ਜਿਹੇ ਟੱਕੜੇ ਨੂੰ ਉਸਦੇ ਜਾਇਆਂ ਕੋਲੋਂ ਖੋਹਣ ਲਈ ਇਹ ਗੋਰੀ ਚਮੜੀ ਵਾਲੇ ਮਨੁੱਖ ਕਣਕ ਵੰਨੇ ਰੰਗ ਵਾਲੇ ਮਨੁੱਖਾਂ ਨਾਲ ਘਮਸਾਣ ਕਰਨ ਲਈ ਲਗਾਤਾਰ ਅੱਗੇ ਵਧ ਰਹੇ ਸਨ।

ਖਾਲਸਾ ਫੌਜ ਇੱਕ ਨਵਜਨਮੇ ਚੰਦਰਮੇ ਦੇ ਅਕਾਰ ਵਿੱਚ ਮੋਰਚਾ ਮੱਲਕੇ ਬੈਠੀ ਸੀ। ਇਸ ਸੈਨਾ ਦਾ ਫਰੰਟ ਦੱਖਣ ਵੱਲ ਸੀ। ਖਾਲਸਾ ਫੌਜ ਦਾ ਸੱਜਾ ਸਿਰਾ ਇੱਕ ਸੁੱਕੇ ਨਾਲੇ ਦੇ ਪਾਰ ਸੀ। ਗੁਜਰਾਤ ਸ਼ਹਿਰ ਇਸਦੇ ਪਿੱਛੇ ਸੀ। ਇਸ ਸੈਨਾ ਦਾ ਖੱਬਾ ਸਿਰਾ ਇੱਕ ਪਤਲੇ ਜਿਹੇ ਨਾਲੇ ਕੋਲ ਸੀ, ਜਿਸਦਾ ਪਾਣੀ ਚਨਾਬ ਦਰਿਆ ਵਿੱਚ ਡਿੱਗਦਾ ਸੀ। ਇਸ ਜੰਗ ਵਿੱਚ ਖਾਲਸਾ ਫੌਜ ਦੇ ਘੋੜ ਸਵਾਰ ਲੱਗ ਭੱਗ ਸਾਰੇ ਹੀ ਪਠਾਣ ਸਨ, ਜੋ ਦੋਸਤ ਮੁਹੰਮਦ ਦੁਆਰਾ ਸ਼ੇਰ ਸਿੰਘ ਦੀ ਇਮਦਾਦ ਲਈ ਭੇਜੇ ਗਏ ਸਨ। ਇਹ ਘੋੜ ਸਵਾਰ ਨਾਲਿਆਂ ਦੇ ਪਾਰ ਸੈਨਾ ਦੇ ਦੋਵਾਂ ਸਿਰਿਆਂ ਤੇ ਸਨ। ਨਾਲਿਆਂ ਦੇ ਦਰਮਿਆਨ ਸਿੱਖ ਇੰਨਫੈਂਟਰੀ ਵੱਡਾ ਕਾਲੜਾ ਅਤੇ ਛੋਟਾ ਕਾਲੜਾ ਪਿੰਡਾਂ ਦੀ ਜਮੀਨ ਤੇ ਮੋਰਚੇ ਪੁੱਟ ਕੇ ਬੈਠੀ ਸੀ। ਇੰਨਫੈਂਟਰੀ ਦੇ ਸਾਹਮਣੇ ਤੋਪਾਂ ਸਨ।

ਅੰਗਰੇਜੀ ਸੈਨਾ ਸ਼ਾਦੀਵਾਲ ਦੇ ਪਿੰਡ ਤੋਂ ਉੱਤਰ ਵੱਲ ਵਧ ਰਹੀ ਸੀ। ਇਸ ਸੈਨਾ ਦੇ ਖੱਬੇ ਹੱਥ ਜਨਰਲ ਕੋਲਿਨ ਕੈਂਬਲ ਦੀ ਡਵੀਜਨ ਸੀ। ਸੱਜੇ ਪਾਸੇ ਜਨਰਲ ਗਿਲਬਰਟ ਦੀ ਡਵੀਜਨ ਸੀ। ਇੰਨਫੈਂਟਰੀ ਦੇ ਸਿਰਿਆਂ ਤੇ ਘੋੜ ਸਵਾਰ ਸਨ। ਸਾਹਮਣੇ ਫੀਲਡ ਤੋਪਾਂ ਅਤੇ ਘੋੜ-ਤੋਪਾਂ ਸਨ।

ਨਾਸਤਾ ਕਰਨ ਬਾਅਦ ਸਵੇਰੇ ਸੱਤ ਵਜੇ ਅੰਗਰੇਜ ਫੌਜ ਖਾਲਸਾ ਫੌਜ ਵੱਲ ਵਧੀ। ਅੰਗਰੇਜੀ ਫੌਜ ਦੇ ਰੇਂਜ ਵਿੱਚ ਪਾਹੁੰਚਣ ਤੋਂ ਪਹਿਲਾਂ ਹੀ ਖਾਲਸਾ ਤੋਪਖਾਨੇ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਤੋਪਾਂ ਦੇ ਗੋਲੇ ਤਾਂ ਅੰਗਰੇਜਾਂ ਤੱਕ ਨਾ ਪਾਹੁੰਚੇ ਪਰ ਇਸ ਨਾਲ ਉਹਨਾ ਨੂੰ ਇਹਨਾ ਤੋਪਾਂ ਦੀ ਸਹੀ ਦੂਰੀ ਅਤੇ ਪੁਜੀਸ਼ਨ ਦਾ ਜਰੂਰ ਪਤਾ ਲੱਗ ਗਿਆ। ਅੰਗਰੇਜ ਜਰਨੈਲ ਨੇ ਹਮਲਾਵਰ ਕਤਾਰ ਨੂੰ ਰੁਕਣ ਦਾ ਹੁਕਮ ਦਿੱਤਾ ਅਤੇ ਤੋਪਾਂ ਨੂੰ ਗੋਲਾਬਾਰੀ ਕਰਨ ਲਈ ਅੱਗੇ ਭੇਜਿਆ। ਅੰਗਰੇਜੀ ਤੋਪਾਂ ਸਿੱਖ ਮੋਰਚੇ ਤੋਂ 800 ਗਜ ਦੀ ਦੂਰੀ ਤੇ ਪਾਹੁੰਚ ਗਈਆਂ। 9 ਵਜੇ ਗੋਲਾਬਾਰੀ ਅਰੰਭ ਹੋ ਗਈ।

ਸਿੱਖ ਤੋਪਾਂ ਦੀ ਗੋਲਾਬਾਰੀ ਵੀ ਜਾਰੀ ਸੀ। ਇਹ ਗੋਲਾਬਾਰੀ ਢਾਈ ਘੰਟੇ ਚਲਦੀ ਰਹੀ। ਅੱਜ ਅੰਗਰੇਜੀ ਤੋਪਾਂ ਪੂਰੇ ਜੋਬਨ ਵਿੱਚ ਸਨ। ਓਹਨਾ ਦਾ ਨਿਸ਼ਾਨਾ ਵੀ ਬਿਹਤਰ ਸੀ। ਅੰਗਰੇਜੀ ਸੈਨਾ ਆਪਣੇ ਤੋਪਖਾਨੇ ਦੀ ਸੁਰੱਖਿਆ ਵਿੱਚ ਪਿੱਛੇ ਬੈਠੀ ਰਹੀ। ਤੋਪਖਾਨੇ ਨੇ ਸਿੱਖ ਮੋਰਚੇ ਦੀ ਪੂਰੀ ਤਬਾਹੀ ਕਰ ਦਿੱਤੀ। ਸਾਢੇ ਗਿਆਰਾਂ ਵਜੇ ਅੰਗਰੇਜੀ ਪੈਦਲ ਸੈਨਾ ਨੂੰ ਅੱਗੇ ਵਧਣ ਦਾ ਹੁਕਮ ਮਿਲਿਆ।

ਭਾਰੀ ਨੁਕਸਾਨ ਦੇ ਬਾਵਜੂਦ ਵੀ ਸਿੱਖ ਆਪਣੇ ਮੋਰਚੇ ਤੇ ਡਟੇ ਰਹੇ। ਅੰਗਰੇਜੀ ਸੈਨਿਕ ਮੋਰਚੇ ਤੱਕ ਪਾਹੁੰਚੇ ਤਾਂ ਸੰਗੀਨਾ ਅਤੇ ਤਲਵਾਰਾਂ ਦਾ ਖੂਬ ਘਮਸਾਨ ਹੋਇਆ। ਸਿੱਖ ਕੱਟ ਮਰੇ, ਪਰ ਮੈਦਾਨ ਵਿੱਚੋਂ ਨਾ ਭੱਜੇ। ਬਰਗੇਡੀਅਰ ਪੈਨੀ ਨੂੰ ਸਖਤ ਮੁਕਾਬਲਾ ਕਰਨਾ ਪਿਆ, ਪਰ ਉਹ ਕਾਮਯਾਬ ਹੋਇਆ। ਹਮਲੇ ਵਿੱਚ 2 ਯੂਰਪੀਨ ਰੈਜਮੰਟ ਮੂਹਰੇ ਸੀ। ਕਰਨਲ ਫਰੈਂਕਸ ਨੇ 10 ਨੰਬਰ ਦੀ ਗੋਰੀ ਰੈਜਮੰਟ ਨਾਲ ਛੋਟੇ ਕਾਲੜੇ ਤੇ ਕਬਜਾ ਕਰ ਲਿਆ। ਸਿੱਖ ਵਾਰ ਵਾਰ ਇਕੱਠੇ ਹੋ ਕੇ ਹਮਲਾ ਕਰਦੇ, ਪਰ ਅੰਗਰੇਜੀ ਸੈਨਾ ਦੀਆਂ ਘੋੜ-ਤੋਪਾਂ ਬੜੀਆਂ ਕਾਰਗਰ ਸਿੱਧ ਹੋਈਆਂ। ਉਹ ਸਿੱਖ ਟੁਕੜੀਆਂ ਤੇ ਗੋਲੇ ਵਰਸਾਕੇ ਉਹਨਾ ਨੂੰ ਖਦੇੜ ਦਿੰਦੀਆਂ।

ਸਿੱਖ ਫੌਜ ਦੇ ਪਠਾਣ ਘੋੜ ਸਵਾਰਾਂ ਨੇ ਅੰਗਰੇਜੀ ਫੌਜ ਦੇ ਖੱਬੇ ਪਾਸੇ ਤੇ ਹਮਲਾ ਕੀਤਾ। ਜਨਰਲ ਥੈਕਵਲ ਨੇ ਘੋੜ-ਤੋਪਾਂ ਨਾਲ ਉਹਨਾ ਨੂੰ ਖਦੇੜ ਦਿੱਤਾ। ਥੋੜੇ ਜਿਹੇ ਪਠਾਣ ਹੀ ਅੰਗਰੇਜ ਸੈਨਾ ਤੱਕ ਪਾਹੁੰਚ ਸਕੇ। ਕਾਫੀ ਮਾਰੇ ਗਏ, ਬਚੇ ਜੋ ਜਾਨਾ ਬਚਾ ਕੇ ਭੱਜ ਗਏ। ਥੈਕਵਲ ਦੇ ਘੋੜ ਸਵਾਰਾਂ ਨੇ ਦੂਰ ਤੱਕ ਉਹਨਾ ਦਾ ਪਿੱਛਾ ਕੀਤਾ।

ਦਿਨ ਦੇ ਇੱਕ ਵਜੇ ਤੱਕ ਸਿੱਖ ਸੈਨਾ ਤੇ ਦਬਾਅ ਏਨਾ ਵਧ ਗਿਆ ਕਿ ਉਹ ਪਿੱਛੇ ਹਟਣੀ ਸ਼ੁਰੂ

ਹੋ ਗਈ। ਛਿਟਪੁਟ ਲੜਾਈ ਦਿਨ ਢਲੇ ਤੱਕ ਚਲਦੀ ਰਹੀ, ਪਰ ਅੰਗਰੇਜ਼ਾਂ ਨੇ ਇਹ ਮੈਦਾਨ ਫਤਹਿ ਕਰ ਲਿਆ। ਗੁਜਰਾਤ ਦਾ ਯੁੱਧ ਖਤਮ ਹੋ ਗਿਆ।

## ਯੁੱਧ ਦੀ ਸਮਾਪਤੀ: ਮਾਰਚ 1849

ਗੁਜਰਾਤ ਦੀ ਜੰਗ ਤੋਂ ਅਗਲੇ ਦਿਨ ਲਾਰਡ ਗੌਫ ਨੇ ਜਨਰਲ ਕੌਲਿਨ ਕੈਂਬਲ ਨੂੰ 12000 ਸੈਨਾ ਦੇ ਕੇ ਸਿੱਖ ਸੈਨਿਕਾਂ ਦਾ ਪਿੱਛਾ ਕਰਨ ਲਈ ਭੇਜਿਆ। ਸਿੱਖ ਸੈਨਾ ਛੋਟੀਆਂ ਛੋਟੀਆਂ ਟੋਲੀਆਂ ਵਿੱਚ ਚਨਾਬ ਅਤੇ ਜੇਹਲਮ ਦੇ ਇਲਾਕੇ ਵਿੱਚ ਭੋਜਨ ਅਤੇ ਸਿਰ ਛੁਪਾਉਣ ਦੀ ਜਗ੍ਹਾ ਭਾਲ ਰਹੀ ਸੀ। ਸ਼ੇਰ ਸਿੰਘ ਨੇ ਵੀ ਸੋਚਿਆ ਕਿ ਹੋਰ ਵਿਰੋਧ ਕਰਨਾ ਬੇਕਾਰ ਹੈ। ਉਸ ਮੇਜਰ ਲਾਰੰਸ ਨੂੰ ਏਲਚੀ ਬਣਾ ਕੇ ਕੈਂਬਲ ਵੱਲ ਸੁਲਹਾ ਦੀ ਸੰਧੀ ਕਰਨ ਲਈ ਭੇਜਿਆ। ਪਰ ਕੈਂਬਲ ਨੇ ਉਸਨੂੰ ਬਿਨਾ ਸ਼ਰਤ ਹਥਿਆਰ ਸੁੱਟਣ ਲਈ ਕਿਹਾ।

ਅੰਗਰੇਜ਼ੀ ਸੈਨਾ ਨੇ ਛੋਟੀਆਂ ਛੋਟੀਆਂ ਟੋਲੀਆਂ ਬਣਾਕੇ ਸਿੱਖ ਸੈਨਿਕਾਂ ਦਾ ਪਿੱਛਾ ਏਨੀ ਸਖਤੀ ਅਤੇ ਬੇਰਹਿਮੀ ਨਾਲ ਕੀਤਾ ਕਿ ਉਹ ਭੱਜਦੇ ਭੱਜਦੇ ਥੱਕ ਗਏ। ਉਹਨਾ ਦਾ ਗੋਲੀ ਸਿੱਕਾ ਖਤਮ ਹੋਣ ਵਾਲਾ ਸੀ। ਉਹ ਭੁੱਖੇ, ਤਿਹਾਏ ਅਤੇ ਥੱਕੇ ਹੋਏ ਸਨ। ਕੋਈ ਉਹਨਾ ਨੂੰ ਆਸਰਾ ਨਹੀਂ ਦੇ ਰਿਹਾ ਸੀ। ਸਭ ਅੰਗਰੇਜ਼ਾਂ ਤੋਂ ਭੈਭੀਤ ਸਨ। ਲੋਕ ਵੀ ਇਹਨਾ ਨਿੱਤ ਦੀਆਂ ਲੜਾਈਆਂ ਤੋਂ ਤੰਗ ਆ ਚੁੱਕੇ ਸਨ।

6 ਮਾਰਚ ਨੂੰ ਸ਼ੇਰ ਸਿੰਘ ਨੇ ਆਪਣੇ ਸਭ ਅੰਗਰੇਜ਼ ਕੈਦੀ ਰਿਹਾ ਕਰ ਦਿੱਤੇ। 12 ਮਾਰਚ ਨੂੰ ਉਸਨੇ ਹਥਿਆਰ ਸੁੱਟ ਦਿੱਤੇ। ਸਰ ਕੌਲਿਨ ਕੈਂਬਲ ਨੇ ਆਪਣੀ ਜੀਵਨ-ਗਾਥਾ ਵਿੱਚ ਸਿੱਖਾਂ ਦੇ ਹਥਿਆਰ ਸੁੱਟਣ ਦਾ ਸੀਨ ਇਸ ਤਰਾਂ ਬਿਆਨ ਕੀਤਾ: 'ਹਥਿਆਰ ਸੁੱਟਦੇ ਸਮੇ ਸਿੱਖ ਸਰਦਾਰਾਂ ਦੀਆਂ ਧੌਣਾ ਉੱਚੀਆਂ ਸਨ। ਉਹ ਮਾਣ ਨਾਲ ਇਹ ਕਹਿੰਦੇ ਸੁਣੇ ਗਏ ਕਿ ਉਹਨਾ ਉਹੋ ਕੀਤਾ, ਜੋ ਉਹਨਾ ਸਹੀ ਸਮਝਿਆ, ਅਤੇ ਇਹ ਕਿ ਜਿੱਤ ਹਾਰ ਤਾਂ ਉਸ ਪਰਵਦਗਾਰ ਦੇ ਹੱਥ ਹੈ। ਮੈਨੂੰ ਉਹਨਾ ਦੇ ਚਿਹਰਿਆਂ ਦਾ ਜਲਾਲ ਵੇਖਕੇ ਇਹੋ ਮਹਿਸੂਸ ਹੋਇਆ ਕਿ ਉਹਨਾ ਵਰਗੇ ਬਹਾਦਰ ਦੁਸ਼ਮਣਾ ਨਾਲ ਜੰਗ ਕਰਨਾ ਇੱਕ ਮਾਣ ਵਾਲੀ ਗੱਲ ਹੈ। ਇਹ ਬਹਾਦਰ ਮਨੁੱਖ ਜੇ ਚੰਗੇ ਦੁਸ਼ਮਣ ਸਨ, ਤਾਂ ਬਾਅਦ ਵਿੱਚ ਚੰਗੇ ਦੋਸਤ ਵੀ ਸਾਬਤ ਹੋਏ'।

ਪਰ ਹਾਰ ਤਾਂ ਆਖਰ ਹਾਰ ਹੀ ਹੁੰਦੀ ਹੈ ਨਾ। ਇੱਕ ਬੁਢੇ ਸਰਦਾਰ ਨੇ ਹਥਿਆਰ ਸੁੱਟਦੇ ਹੋਏ ਹਾਅ ਦਾ ਇਹ ਨਾਹਰਾ ਮਾਰਿਆ, 'ਰਣਜੀਤ ਸਿੰਘ ਅੱਜ ਮਰ ਗਿਆ'।

ਮਾਰਚ 1849 ਦੇ ਅੰਤ ਵਿੱਚ ਲਾਰਡ ਗੌਫ ਨੇ ਆਪਣੀ ਫੌਜ ਨੂੰ ਅਲਵਿਦਾ ਕਿਹਾ। ਆਪਣੀ ਫੌਜ ਨੂੰ ਭੇਜੇ ਅੰਤਿਮ ਸੰਦੇਸ਼ ਵਿੱਚ ਉਸ ਇਹ ਕਿਹਾ: 'ਜੋ ਰੈਜਮੈਂਟਾਂ ਅਕਤੂਬਰ 1848 ਤੋਂ ਮੇਰੇ ਨਾਲ ਸਨ ਹੁਣ ਆਪਣੀਆਂ ਛਾਉਣੀਆਂ ਵਿੱਚ ਵਾਪਸ ਚਲੀਆਂ ਗਈਆਂ ਹਨ। ਇਸ ਫੌਜ ਨੂੰ ਅਲਵਿਦਾ ਕਹਿੰਦੇ ਹੋਏ ਮੈਨੂੰ ਫਖਰ ਮਹਿਸੂਸ ਹੋ ਰਿਹਾ ਹੈ। ਇਸ ਫੌਜ ਨੇ ਅੰਗਰੇਜ਼ੀ ਰਾਜ ਦਾ ਵਿਸਥਾਰ ਪੰਜਾਬ ਦੇ ਚੌੜੇ ਮੈਦਾਨਾ, ਇਤਿਹਾਸਕ ਸ਼ਹਿਰਾਂ ਅਤੇ ਮਹਾਨ ਦਰਿਆਵਾਂ ਤੱਕ ਕਰ ਦਿੱਤਾ ਹੈ। ਪੰਜਾਬ ਤੇ ਹਮਲਾ ਅੱਜ ਦੀ ਤਾਰੀਖ ਤੱਕ ਪੱਛਮ ਵਲੋਂ ਹੁੰਦਾ ਰਿਹਾ ਹੈ। ਪਹਿਲੀ ਵਾਰ ਮੇਰੀ ਫੌਜ ਨੇ ਪੂਰਬ ਵੱਲੋਂ ਹਮਲਾ ਕਰਕੇ ਪੰਜ ਦਰਿਆਵਾਂ ਦੀ ਇਸ ਧਰਤੀ ਨੂੰ ਜਿੱਤ ਲਿਆ। ਜੋ ਸਕੰਦਰ ਨੇ ਸਿਰਫ ਸੋਚਿਆ ਸੀ, ਮੇਰੀ

ਫੌਜ ਨੇ ਉਹ ਕਰ ਵਿਖਾਇਆ'।

ਲਾਰਡ ਗੋਫ ਦਾ ਇਹ ਫਖਰ ਜਾਇਜ ਹੈ। ਪਰ ਸਿੱਖਾਂ ਦਾ ਸੁਨਹਿਰੀ ਕਾਲ ਖਤਮ ਹੋ ਗਿਆ। ਅੱਧੀ ਕੁ ਸਦੀ ਤੱਕ ਅਜਾਦ ਫਿਜਾ ਵਿੱਚ ਸਾਹ ਲੈਣ ਤੋਂ ਸ਼ਾਅਦ ਸਿੱਖਾਂ ਦੀ ਖੁਦਮੁਖਤਾਰੀ ਖਤਮ ਹੋ ਗਈ। ਉਹਨਾ ਦੇ ਮਹਾਰਾਜੇ ਨੂੰ ਇਸਾਈ ਬਣਾ ਕੇ ਇੰਗਲੈਂਡ ਭੇਜ ਦਿੱਤਾ ਗਿਆ। ਪੰਜਾਬ ਅੰਗਰੇਜੀ ਸਾਮਰਾਜ ਦਾ ਹਿੱਸਾ ਬਣ ਗਿਆ।

ਜੋ ਕੋਹਿਨੂਰ ਕਦੀ ਸ਼ੇਰੇ ਪੰਜਾਬ ਦੇ ਛੌਲੇ ਦੀ ਸ਼ਾਨ ਸੀ, ਸਾਗਰੋਂ ਪਾਰ ਇੰਗਲੈਂਡ ਦੀ ਮਹਾਰਾਣੀ ਦੇ ਤਾਜ ਦਾ ਸ਼ਿੰਗਾਰ ਬਣ ਗਿਆ।

ਇਸ ਯੁੱਧ ਵਿੱਚ ਇੱਕ ਦੂਸਰੇ ਦੀ ਤਾਕਤ ਪਰਖ ਲੈਣ ਸ਼ਾਅਦ ਦੁਸ਼ਮਣਾ ਤੋਂ ਬਦਲ ਕੇ ਸਿੱਖ ਅਤੇ ਅੰਗਰੇਜ ਇੱਕ ਦੂਸਰੇ ਦੇ ਦੋਸਤ ਬਣ ਗਏ। ਜਿਨ੍ਹਾ ਪੂਰਬੀ ਹਿੰਦੂਆਂ ਨੇ ਖਾਲਸੇ ਨੂੰ ਅੰਗਰੇਜਾਂ ਦੀ ਗੁਲਾਮੀ ਦੀਆਂ ਜੰਜੀਰਾਂ ਪਵਾਉਣ ਵਿੱਚ ਸਹਾਇਤਾ ਕੀਤੀ, ਉਹਨਾ ਨੂੰ 1857 ਵਿੱਚ ਆਪਣੀ ਹੀ ਦਵਾਈ ਦਾ ਸਵਾਦ ਚੱਖਣਾ ਪਿਆ। ਅੰਗਰੇਜ ਅਤੇ ਸਿੱਖ ਸੈਨਿਕ ਕਈ ਮੋਰਚਿਆਂ ਤੇ ਮੋਢੇ ਨਾਲ ਮੋਢਾ ਜੋੜਕੇ ਲੜੇ। ਉਹ ਜਰਮਨੀ ਅਤੇ ਫਰਾਂਸ ਦੇ ਮੈਦਾਨਾ ਤੋਂ ਲੈ ਕੇ ਬਰਮਾ ਦੇ ਜੰਗਲਾਂ ਅਤੇ ਚੀਨ ਤੱਕ ਲੜੇ। ਅੰਗਰੇਜ ਅਫਸਰਾਂ ਨੇ ਹਮੇਸ਼ਾਂ ਸਿੱਖ ਸ਼ਿਪਾਹੀ ਤੇ ਫਖਰ ਮਹਿਸੂਸ ਕੀਤਾ। ਸਿੱਖ ਸ਼ਿਪਾਹੀ ਨੇ ਵੀ ਆਪਣੀ ਬਹਾਦਰ ਕੌਮ ਦੇ ਨਾਂ ਨੂੰ ਕਦੀ ਵੱਟਾ ਨਹੀਂ ਲੱਗਣ ਦਿੱਤਾ।

SIKHBOOKCLUB.COM

# ਅੰਤਿਕਾ

ਸਿੱਖ ਕਦੀ ਪੰਜਾਬ ਦੇ ਹਾਕਮ ਸਨ। ਨਾ ਸਿਰਫ ਪੰਜਾਬ ਦੇ ਹੀ, ਸਗੋਂ ਪਹਾੜੀ ਸੂਬਿਆਂ, ਜੰਮੂ ਕਸ਼ਮੀਰ ਅਤੇ ਉੱਤਰ-ਪੱਛਮੀ ਸਰਹੱਦੀ ਇਲਾਕਿਆਂ ਦੇ ਵੀ। ਜਿਸ ਮਹਾਨ ਸ਼ਕਤੀ, ਭਾਵ ਅੰਗਰੇਜੀ ਸਾਮਰਾਜ, ਨੇ ਉਹਨਾ ਤੋਂ ਉਹਨਾ ਦਾ ਸਾਮਰਾਜ ਖੋਇਆ, ਉਹ ਸ਼ਕਤੀ ਅਸੀਮਤ ਸੀ, ਉਸਦਾ ਵਿਰੋਧ ਅਸੰਭਵ ਸੀ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਸ ਦੀਆਂ ਰਾਜਾਂ ਅਤੇ ਮਹਾਂਦੀਪਾਂ ਤੇ ਹੋਈਆਂ ਜਿੱਤਾਂ ਦੀ ਲੰਮੀ ਸੂਚੀ ਵਿੱਚ ਪੰਜਾਬ ਦਾ ਨਾਂ ਵੀ ਜੁੜ ਗਿਆ। ਇਹ ਸ਼ਕਤੀ ਇੰਗਲੈਂਡ ਨਾਮ ਦੇ ਇੱਕ ਛੋਟੇ ਜਿਹੇ ਟਾਪੂ ਵਿੱਚ ਪੈਦਾ ਹੋਈ, ਅਤੇ ਕਿਸੇ ਵਿਸ਼ਾਲ ਬੱਦਲ ਵਾਂਗ ਧਰਤੀ ਦੇ ਇੱਕ ਏਡੇ ਵੱਡੇ ਭਾਗ ਤੇ ਫੈਲ ਗਈ ਕਿ ਕਿਹਾ ਜਾਣ ਲੱਗਾ ਇਸਦੇ ਸਾਮਰਾਜ ਤੇ ਕਦੀ ਸੂਰਜ ਅਸਤ ਨਹੀਂ ਹੁੰਦਾ। ਇਹ ਸਾਮਰਾਜ ਏਨਾ ਵਿਸ਼ਾਲ ਸੀ ਕਿ ਇਸ ਦੇ ਕਿਸੇ ਨਾ ਕਿਸੇ ਭਾਗ ਤੇ ਸੂਰਜ ਚੜਿਆ ਹੁੰਦਾ ਸੀ। ਪਰ ਮਨੁੱਖੀ ਜਿੰਦਗੀ ਵਾਂਗ ਕੌਮਾ ਦੀ ਮਹਾਨਤਾ ਦਾ ਸਮਾ ਵੀ ਸ਼ਾਇਦ ਨਿਸ਼ਚਿਤ ਹੁੰਦਾ ਹੈ। ਜਿਸ ਤਰਾਂ ਕਿਸੇ ਮਨੁੱਖ ਦੀ ਮੌਤ ਤੇ ਰੋਣਾ ਬੇਕਾਰ ਹੈ, ਇਸੇ ਤਰਾਂ ਹੀ ਕਿਸੇ ਕੌਮ ਦੀ ਮਹਾਨਤਾ ਦੇ ਲੱਦ ਜਾਣ ਤੇ ਪਛਤਾਵਾ ਕਰਨਾ ਬੇਕਾਰ ਹੈ।

ਅੱਜ ਉਹ ਮਹਾਨ ਸ਼ਕਤੀ ਫਿਰ ਆਪਣੇ ਉਸ ਛੋਟੇ ਜਿਹੇ ਟਾਪੂ ਤੱਕ ਸੀਮਤ ਹੋ ਕੇ ਰਹਿ ਗਈ ਹੈ, ਜਿਥੇ ਉਹ ਪੈਦਾ ਹੋਈ ਸੀ। ਜੋ ਅਮਰੀਕਾ ਕਦੀ ਉਸਦੀ ਇੱਕ ਬਸਤੀ ਸੀ, ਅੱਜ ਇੱਕ ਮਹਾਂ ਸ਼ਕਤੀ ਹੈ। ਜਿਸ ਰੂਸ ਨੂੰ ਕਦੀ ਮੰਗੋਲਾਂ ਦੇ ਘੋੜਿਆਂ ਨੇ ਰੌਂਦਿਆ ਸੀ, ਉਹ ਵੀ ਅੱਜ ਇੱਕ ਮਹਾਂ ਸ਼ਕਤੀ ਹੈ। ਮੰਗੋਲ ਕਿਥੇ ਹਨ? ਅੱਜ ਉਹ ਫਿਰ ਗੋਬੀ ਦੇ ਮਾਰੂਸਥੱਲ ਵਿੱਚ ਭੇਡਾਂ ਅਤੇ ਘੋੜੇ ਪਾਲ ਰਹੇ ਹਨ। ਅੱਜ ਮੰਗੋਲੀਆ ਚੀਨ ਅਤੇ ਰੂਸ ਦੀਆਂ ਮਹਾਂ ਸ਼ਕਤੀਆਂ ਦੇ ਦੋ ਪੁੜਾਂ ਦਰਮਿਆਨ ਫਸੇ ਇੱਕ ਅਨਾਜ ਦੇ ਦਾਣੇ ਸਮਾਨ ਹੈ।

ਇਤਿਹਾਸ ਦੇ ਪੰਨਿਆ ਵਿੱਚ ਕਈ ਕੌਮਾ, ਦੇਸ਼ਾਂ ਅਤੇ ਸਾਮਰਾਜਾਂ ਦਾ ਜਿਕਰ ਹੈ, ਜੋ ਕਦੀ ਮਹਾਨ ਸਨ, ਪਰ ਫਿਰ ਵਕਤ ਦੇ ਅਥਾਹ ਸਾਗਰ ਵਿੱਚ ਗਰਕ ਹੋ ਗਏ। ਰੋਮ, ਜੋ ਕਦੀ ਅੱਧੀ ਦੁਨੀਆਂ ਦਾ ਮਾਲਕ ਸੀ, ਅੱਜ ਇਟਲੀ ਨਾਂ ਦਾ ਆਮ ਜਿਹਾ ਦੇਸ਼ ਹੈ। ਬਗਦਾਦ, ਜਿਥੇ ਬੈਠਕੇ ਕਦੀ ਮੁਸਲਮਾਨ ਖਲੀਫੇ ਇੱਕ ਵਿਸ਼ਾਲ ਸਾਮਰਾਜ ਤੇ ਰਾਜ ਕਰਦੇ ਸਨ, ਜੋ ਅਰਬ ਦੇ ਮਾਰੂਸਥੱਲ ਤੋਂ ਕੇਂਦਰੀ ਏਸ਼ੀਆ ਤੱਕ ਫੈਲਿਆ ਹੋਇਆ ਸੀ, ਅੱਜ ਅਮਰੀਕੀ ਸੈਨਾ ਦੇ ਬੂਟਾਂ ਥੱਲੇ ਰੁਲ ਰਿਹਾ ਹੈ। ਸਮੇ ਦੀ ਲੰਮੀ ਨਦੀ ਤੇ ਨਜ਼ਰ ਮਾਰੀਏ ਤਾਂ ਸਾਨੂੰ ਕਈ ਕੌਮਾ, ਕਈ ਸਾਮਰਾਜਾਂ ਦੇ ਉਤਾਰ ਚੜਾਅ ਦਾ ਨਜ਼ਾਰਾ ਵਿਖਾਈ ਦੇਵੇਗਾ।

ਕੀ ਕੋਈ ਕੌਮ, ਦੇਸ਼ ਜਾਂ ਧਰਮ ਸਿਰਫ ਆਪਣੇ ਆਪਣੇ ਬੀਤੇ ਹੋਏ ਸੁਨਹਿਰੀ ਕਾਲ ਦੀ ਨਿਘੀ ਯਾਦ ਵਿਚ, ਆਪਣੀ ਗੁਵਾਚੀ ਹੋਈ ਮਹਾਨਤਾ ਦੇ ਸੁਫਨੇ ਵਿੱਚ ਜੀ ਸਕਦਾ ਹੈ? ਨਹੀਂ! ਉਹ ਸਿਰਫ ਆਪਣੇ ਬੀਤੇ ਹੋਏ ਸਮੇ ਤੋਂ ਵਰਤਮਾਨ ਅਤੇ ਭਵਿੱਖ ਲਈ ਸੇਧ ਲੈ ਸਕਦਾ ਹੈ। ਹੋਰ ਸਾਮਰਾਜਾਂ ਵਾਂਗ ਸਿੱਖ ਸਾਮਰਾਜ ਦਾ ਸਮਾ ਵੀ ਸੀਮਤ ਸੀ। ਇਸਦੇ ਵਾਪਸ ਆਉਣ ਦੀ ਉਡੀਕ ਕਰਨਾ ਵਿਅੱਰਥ ਹੈ। ਉਹ ਸਮਾ ਵਾਪਸ ਨਹੀਂ ਆ ਸਕਦਾ। ਉਸਨੂੰ ਕਿਸੇ ਨਾਂ ਨਾਲ ਵੀ ਸੁਰਜੀਤ ਨਹੀਂ ਕੀਤਾ ਜਾ ਸਕਦਾ।

ਇਤਿਹਾਸ ਕਦੀ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ।

ਜਿਨ੍ਹਾ ਮੁਗਲਾਂ ਦਾ ਸਿੱਕਾ ਕਦੀ ਹਿਮਾਲੀਆ ਤੋਂ ਕੰਨਿਆ ਕੁਮਾਰੀ, ਅਤੇ ਕਾਬਲ ਕੰਧਾਰ ਤੋਂ ਬੰਗਾਲ ਦੀ ਖਾੜੀ ਤੱਕ ਚਲਦਾ ਸੀ, ਅੱਜ ਕਿਥੇ ਹਨ? ਉਹਨਾ ਦੇ ਇੱਕ ਵਡੇਰੀ ਉਮਰ ਦੇ ਬਾਦਸ਼ਾਹ, ਬਹਾਦਰ ਸ਼ਾਹ, ਨੇ 1857 ਵਿੱਚ ਮੁਗਲ ਸਾਮਰਾਜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ। ਉਸਦਾ ਕੀ ਹਸ਼ਰ ਹੋਇਆ? ਪੁੱਤਰ ਪੋਤਰੇ ਮਰਵਾ ਕੇ ਬਾਕੀ ਜਿੰਦਗੀ ਰੰਗੂਨ ਦੀ ਜੇਲ ਵਿੱਚ ਕੱਟੀ।

ਅੱਜ ਸਿੱਖਾਂ ਦਾ ਭਵਿੱਖ ਕਿਸੇ ਖੁਦਮੁਖਤਾਰ ਮੁਲਖ ਜਾਂ ਸਾਮਰਾਜ ਕਾਇਮ ਕਰਨ ਵਿੱਚ ਨਹੀਂ, ਸਗੋਂ ਆਪਣੀ ਕੌਮ ਦੀ ਆਰਥਿਕ ਅਤੇ ਸਮਾਜਕ ਤਰੱਕੀ ਵਿੱਚ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਧਰਮ ਅਤੇ ਸਿਆਸਤ ਨੂੰ ਅਲੱਗ ਨਹੀਂ ਕੀਤਾ ਸਕਦਾ। ਸਾਡੇ ਗੁਰੂਆਂ ਸਮੇ, ਮਿਸਲਾਂ ਸਮੇ, ਸਾਡਾ ਧਰਮ ਅਤੇ ਸਿਆਸਤ ਆਪਸ ਵਿੱਚ ਜੁੜੇ ਹੋਏ ਸਨ, ਕਿਉਂਕਿ ਉਦੋਂ ਸਾਡੇ ਤੇ ਇੱਕ ਵਿਦੇਸ਼ੀ ਕੌਮ, ਇੱਕ ਜ਼ਿਪਰੇ ਧਰਮ ਦੇ ਮਨੁੱਖਾਂ ਦੀ ਹਕੂਮਤ ਸੀ। ਟਕਰਾਅ ਜਰੂਰੀ ਸੀ। ਅੱਜ ਅਸੀਂ ਆਪਣੀ ਕਿਸਮਤ ਦੇ ਆਪ ਮਾਲਕ ਹਾਂ। ਜੇ ਹੁਣ ਵੀ ਅਸਾਂ ਆਪਣੇ ਧਰਮ ਅਤੇ ਸਿਆਸਤ ਨੂੰ ਅਲੱਗ ਨਾ ਕੀਤਾ ਤਾਂ ਇਸਦਾ ਫਾਇਦਾ ਸਿਰਫ ਕੁਝ ਮਤਲਬੀ, ਅਤੇ ਬੇਇਖਲਾਕੀ ਸਿਆਸਤਦਾਨਾ ਨੂੰ ਹੀ ਹੋਵੇਗਾ। ਧਾਰਮਿਕ ਜਜ਼ਬਾਤ ਭੜਕਾ ਕੇ ਸਿਆਸੀ ਰੋਟੀਆਂ ਸੇਕਣ ਦੀ ਕਲਾ ਚਲਾਕ ਸਿਆਸਤਦਾਨ ਖੂਬ ਜਾਣਦੇ ਹਨ। ਰਾਜਸੀ ਸਤਾ ਹਾਸਲ ਕਰਨ ਲਈ ਉਹਨਾ ਨੂੰ ਪੈਸੇ ਅਤੇ ਤਾਕਤ ਦੇ ਨਾਲ ਨਾਲ ਧਰਮ ਦਾ ਇਸਤੇਮਾਲ ਕਰਨ ਵਿੱਚ ਵੀ ਕੋਈ ਦਰੇਗ ਨਹੀਂ। ਧਰਮ ਦੇ ਨਾਮ ਤੇ ਸਿਆਸੀ ਤਾਕਤ ਹਾਸਲ ਕਰਨੀ ਇੱਕ ਜੱਦੀ ਪੇਸ਼ਾ ਬਣ ਗਿਆ ਹੈ, ਪਿਉ ਤੋਂ ਪੁਤਰ ਪੋਤਰਿਆਂ ਤੱਕ।

ਧਾਰਮਿਕ ਵੱਖਵਾਦ ਦੀ ਕੋਈ ਸੀਮਾ ਨਹੀਂ। ਲੱਸੀ ਜਾਂ ਲੜਾਈ ਵਾਂਗ ਇਸਨੂੰ ਜਿਨਾ ਚਾਹੋ ਵਧਾਇਆ ਜਾ ਸਕਦਾ ਹੈ। ਦੁਨੀਆਂ ਦੇ ਸਾਰੇ ਮਹਾਨ ਧਰਮ ਇਸ ਕਮਜੋਰੀ ਦਾ ਸ਼ਿਕਾਰ ਹਨ। ਯਹੂਦੀ ਕੌਮ ਦਾ ਇਤਿਹਾਸ ਗਵਾਹੀ ਭਰਦਾ ਹੈ। ਕਿਸੇ ਹੋਰ ਧਰਮ ਦਾ ਇਨਸਾਨ ਧਰਮ ਬਦਲ ਕੇ ਯਹੂਦੀ ਨਹੀਂ ਬਣ ਸਕਦਾ। ਯਹੂਦੀਆਂ ਨੂੰ ਆਪਣੇ ਧਰਮ ਅਤੇ ਵੱਖਰੀ ਪਹਿਚਾਨ ਨੂੰ ਬਣਾਏ ਰੱਖਣ ਦਾ ਜਨੂਨ ਹੈ। ਇਸਾਈ ਧਰਮ ਯਹੂਦੀ ਧਰਮ ਵਿੱਚੋਂ ਪੈਦਾ ਹੋਇਆ। ਯਹੂਦੀਆਂ ਨੇ ਇਸ ਧਰਮ ਦੇ ਬਾਨੀ ਯਸੂ ਮਸੀਹ ਨੂੰ ਰੋਮ ਦੇ ਹਾਕਮਾ ਰਾਹੀਂ ਸੂਲੀ ਦੀ ਸਜਾ ਦਿਵਾਈ। ਰੋਮ ਦੇ ਹਾਕਮਾ ਨੇ ਵੀ ਪਹਿਲਾਂ ਤਾਂ ਇਸ ਧਰਮ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ, ਅਤੇ ਹਜਾਰਾਂ ਦੀ ਗਿਣਤੀ ਵਿੱਚ ਇਸਾਈਆਂ ਦਾ ਕਤਲ ਕੀਤਾ, ਪਰ ਤਿੰਨ ਸਦੀਆਂ ਦੀ ਭਿਆਨਕ ਯਾਤਨਾ ਬਾਅਦ ਜਦੋਂ ਰੋਮ ਦਾ ਇੱਕ ਤਾਕਤਵਰ ਸ਼ਹਿਨਸ਼ਾਹ ਇਸਾਈ ਬਣ ਗਿਆ ਤਾਂ ਇਹ ਧਰਮ ਪੂਰੇ ਯੂਰਪ ਵਿੱਚ ਫੈਲ ਗਿਆ। ਜੋ ਯਹੂਦੀ ਇਸਾਈ ਨਾ ਬਣੇ ਉਹ ਘੱਟ ਗਿਣਤੀ ਵਿੱਚ ਰਹਿ ਗਏ। ਪਰ ਇਹਨਾ ਨੇ ਜਨੂਨ ਦੀ ਹੱਦ ਤੱਕ ਆਪਣੀ ਵੱਖਰੀ ਧਾਰਮਿਕ ਅਤੇ ਨਸਲੀ ਪਹਿਚਾਣ ਬਣਾਉਣ ਦੀ ਕੋਸ਼ਿਸ਼ ਜਾਰੀ ਰੱਖੀ, ਗੈਰ ਯਹੂਦੀਆਂ ਨਾਲ ਨਫਰਤ ਕਰਦੇ ਰਹੇ। ਜਿਸਦੇ ਫਲਸਰੂਪ ਯੂਰਪ ਦੇ ਇਸਾਈ ਹਾਕਮ ਅਤੇ ਆਮ ਲੋਕ ਇਹਨਾ ਨਾਲ ਸਖਤ ਨਫਰਤ ਕਰਨ ਲੱਗ ਪਏ। ਨਫਰਤ ਦਾ ਜਵਾਬ ਵੀ ਤਾਂ ਨਫਰਤ ਹੀ ਹੁੰਦਾ ਹੈ ਨਾ। ਸਮੇ ਸਮੇ ਤੇ ਯਹੂਦੀਆਂ ਨਾਲ ਬਦਸਲੂਕੀ, ਬਲਕਿ ਇਹਨਾ ਦਾ ਕਤਲੇਆਮ ਹੁੰਦਾ ਰਿਹਾ। ਹਿਟਲਰ ਦੇ ਸਮੇ ਯੂਰਪ ਦੇ 60 ਲੱਖ ਯਹੂਦੀਆਂ ਦਾ ਕਤਲ ਕੀਤਾ ਗਿਆ।ਪਰ ਸੰਸਾਰ ਦੇ ਕਿਸੇ ਦੇਸ਼ ਨੇ ਇਹਨਾ ਨੂੰ ਬਚਾਉਣ ਲਈ ਉਂਗਲ ਤੱਕ ਨਾ ਚੁੱਕੀ ਕਿਉਂਕਿ ਯਹੂਦੀ ਇਹ ਦਾਵਾ ਕਰਦੇ ਹਨ ਕਿ ਉਹ ਖੁਦਾ ਦੀ ਸਭ ਤੋਂ ਚਹੇਤੀ ਕੌਮ ਹਨ, ਅਤੇ ਖੁਦਾ ਇੱਕ ਦਿਨ ਉਹਨਾ ਨੂੰ ਸਾਰੀ ਦੁਨੀਆਂ ਦਾ ਰਾਜ ਬਖਸ਼ ਦੇਵੇਗਾ। ਲੋਕਾਂ ਇਹੋ ਸੋਚਿਆ ਕਿ ਚਲੋ ਵੇਖੋ ਇਹਨਾ ਦਾ ਖੁਦਾ ਇਹਨਾ ਨੂੰ ਕਿਵੇਂ ਬਚਾਉਂਦਾ ਹੈ।ਜੇ ਅੱਜ ਵੀ ਕਿਸੇ ਯਹੂਦੀ ਨੂੰ ਉਸਦੇ ਧਰਮ ਬਾਰੇ ਪੁੱਛੋ ਤਾਂ ਉਹ ਇਹੋ ਕਹੇਗਾ ਕਿ ਯਹੂਦੀ ਖੁਦਾ ਦੀ ਖਾਸ ਅਤੇ ਲਾਡਲੀ ਕੌਮ ਹੈ। ਇਸ ਖੁਦਾ ਨੇ ਉਹਨਾ ਦਾ ਏਨਾ ਵੱਡਾ ਕਤਲੇਆਮ ਕਿਉਂ ਹੋਣ ਦਿੱਤਾ? ਖੁਦਾ ਦੀ ਚਹੇਤੀ ਅਤੇ ਲਾਡਲੀ ਕੌਮ

ਹੋਣ ਦਾ ਇਹ ਦਾਅਵਾ ਕਈ ਹੋਰ ਕੌਮਾ ਵੀ ਕਰਦੀਆਂ ਹਨ। ਪਰ ਸ਼ਾਇਦ ਕਿਸੇ ਇਕਤਰਫਾ ਪਿਆਰ ਵਾਂਗ ਖੁਦਾ ਨੂੰ ਇਹਨਾ ਦਾਅਵਿਆਂ ਨਾਲ ਕੋਈ ਵਾਸਤਾ ਨਹੀਂ

ਪਰ ਸਾਡੇ ਗੁਰੂਆਂ ਦੁਆਰਾ ਚਲਾਇਆ ਗਿਆ ਧਰਮ ਵੱਖਵਾਦੀ ਨਹੀਂ। ਉਹਨਾ ਨੇ ਸਦਾ ਮਨੁੱਖੀ ਭਾਈਚਾਰੇ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਕਿਹਾ। ਜੋ ਸਾਡੇ ਧਰਮ ਭਾਈ ਨਹੀਂ, ਅਸੀਂ ਉਹਨਾ ਨੂੰ ਕਾਫਿਰ ਨਹੀਂ ਸਮਝਦੇ। ਸਾਰੇ ਧਰਮਾਂ ਦੀ ਇਜਤ ਕਰਦੇ ਹਾਂ। ਨੇਕ ਕਿਰਤ ਕਰਨੀ ਅਤੇ ਵੰਡ ਕੇ ਛਕਣਾ ਸਾਡੇ ਕੇਂਦਰੀ ਅਸੂਲ ਹਨ।

ਸਾਡੇ ਗੁਰੂਆਂ ਦੁਆਰਾ ਚਲਾਏ ਗਏ ਧਰਮ ਦੇ ਅਸੂਲ ਤਾਂ ਇਹੋ ਹਨ, ਪਰ ਜਮੀਨੀ ਹਕੀਕਤ ਕੁਝ ਅਲੱਗ ਹੈ। ਅੱਜ ਸਾਡੇ ਧਰਮ ਵਿੱਚ ਕਈ ਕੁਰੀਤੀਆਂ ਆ ਗਈਆਂ ਹਨ। ਧਰਮ ਇੱਕ ਵਖਾਵਾ ਬਣ ਗਿਆ ਹੈ। ਇਹ ਇਕ ਵਕਾਊ ਵਸਤ ਬਣਾ ਦਿੱਤਾ ਗਿਆ ਹੈ। ਗੁਰਬਾਣੀ ਤੱਕ ਨੂੰ ਨਹੀਂ ਬਖਸ਼ਿਆ ਗਿਆ। ਪਾਠਾਂ ਅਤੇ ਲਾਊਡ-ਸਪੀਕਰਾਂ ਨੇ ਇਸਨੂੰ ਇੱਕ ਸਸਤੀ ਚੀਜ ਬਣਾ ਦਿੱਤਾ ਹੈ। ਪਾਠ ਕਰਨ ਦੇ ਪੈਸੇ ਲਏ ਜਾਂਦੇ ਹਨ। ਲਾਊਡ-ਸਪੀਕਰ ਲਾ ਕੇ ਇਹ ਦੱਸਿਆ ਜਾਂਦਾ ਹੈ ਕਿ ਫਲਾਣੇ ਨੇ ਪਾਠ ਕਰਵਾਇਆ ਹੈ। ਕੀ ਇਸ ਪਾਠ ਨੂੰ ਕੋਈ ਸੁਣਦਾ ਹੈ?

ਗੁਰਬਾਣੀ ਤਾਂ ਕੀਮਤੀ ਰਤਨਾ ਦਾ ਇੱਕ ਸਾਗਰ ਹੈ। ਇਸਨੂੰ ਇਕਾਗਰ ਚਿੱਤ ਹੋ ਕੇ ਪੜਨ ਦੀ ਜਰੂਰਤ ਹੈ, ਸ਼ਾਂਤ ਹਿਰਦੇ ਨਾਲ ਪੜਨ ਦੀ ਲੋੜ ਹੈ, ਵਿਚਾਰਨ ਦੀ ਲੋੜ ਹੈ। ਕਿਸੇ ਨਵੇਕਲੀ ਜਗ੍ਹਾ ਤੇ ਇਕਾਂਤ ਵਿਚ ਬੈਠ ਕੇ ਪੜਨ ਦੀ ਜਰੂਰਤ ਹੈ। ਤਾਂ ਹੀ ਇਸ ਵਿੱਚੋਂ ਕੋਈ ਸੁੱਚਾ ਮੋਤੀ ਲੱਭ ਸਕਦਾ ਹੈ। ਜੀਵਨ ਨੂੰ ਕੋਈ ਸੇਧ ਮਿਲ ਸਕਦੀ ਹੈ।

ਗੁਰਦਵਾਰੇ, ਮੰਦਰਾਂ, ਮਸਜਿਦਾਂ ਅਤੇ ਗਿਰਜੇ ਬਣਾਉਣ ਦਾ ਮੰਤਵ ਇਹ ਸੀ ਕਿ ਰੱਬ ਦੇ ਭਗਤ ਉਥੇ ਬਹਿ ਕੇ ਸਤਸੰਗ ਕਰ ਸਕਣ। ਅਕਾਲ ਪੁਰਖ ਦੀ ਅਰਾਦਨਾ ਕਰ ਸਕਣ। ਇਹਨਾ ਦਾ ਆਲੀਸ਼ਾਨ ਇਮਾਰਤਾਂ ਹੋਣਾ ਜਰੂਰੀ ਨਹੀਂ। ਅੱਜ ਅਜਿਹੀਆਂ ਇਮਾਰਤਾਂ ਤੇ ਕਰੋੜਾਂ, ਅਰਬਾਂ ਰੁਪੱਈਏ ਖਰਚੇ ਜਾ ਰਹੇ ਹਨ। ਇਹ ਵਿਸ਼ਾਲ, ਆਲੀਸ਼ਾਨ ਇਮਾਰਤਾਂ ਅਨੇਕ ਲੋਕਾਂ ਦੀ ਰੋਜੀ ਰੋਟੀ ਦਾ ਸਾਧਨ ਬਣ ਗਈਆਂ ਹਨ। ਅਨੇਕ ਲੋਕ ਬਾਬੇ ਨਾਨਕ ਦੀ ਦਸਾਂ ਨੌਹਾਂ ਦੀ ਨੇਕ ਕਿਰਤ ਕਰਨ ਦੀ ਸਿਖਿਆ ਨੂੰ ਵਿਸਾਰ ਕੇ ਇਹਨਾ ਦੇ ਸਹਾਰੇ ਆਪਣੇ ਟੱਬਰ ਪਾਲ ਰਹੇ ਹਨ। ਪਰ ਇਹਨਾ ਨਾਲ ਆਮ ਮਨੁੱਖ ਨੂੰ ਕੀ ਲਾਭ? ਪ੍ਰਮਾਤਮਾ ਤਾਂ ਗੁਰਬਾਣੀ ਅਨੁਸਾਰ ਸਰਿਸ਼ਟੀ ਦੇ ਕਣ ਕਣ ਵਿੱਚ ਹੈ। ਸਾਡੇ ਗੁਰੂ ਨੇ ਤਾਂ ਜਗਨ ਨਾਥ ਦੇ ਵਿਸ਼ਾਲ ਮੰਦਰ ਵਿੱਚ ਹੁੰਦੀ ਆਰਤੀ ਛੱਡਕੇ ਕੁਦਰਤ ਦੀ ਗੋਦ ਵਿੱਚ ਬੈਠ ਕੇ ਆਰਤੀ ਕੀਤੀ ਸੀ। ਤਾਰਿਆਂ ਨਾਲ ਚਮਕਦੇ ਹੋਏ ਅਕਾਸ਼ ਥੱਲੇ, ਚੰਨ ਨਾਲ ਰੁਸ਼ਨਾਈ ਹੋਈ ਰਾਤ ਵਿੱਚ, ਉਸ ਭਵਮੰਡਲ, ਉਸ ਕੁਦਰਤ, ਉਸ ਪਾਰਬ੍ਰਹਮ ਦੀ ਆਰਤੀ, ਮਰਦਾਨੇ ਦੀ ਰੁਬਾਬ ਦੀਆਂ ਮਿੱਠੀਆਂ ਸੁਰਾਂ ਵਿੱਚ, ਸ਼ਬਦ ਗਾ ਕੇ ਕੀਤੀ ਸੀ। ਇਹ ਕਰਕੇ ਉਹਨਾ ਇਹੋ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਖੁਦਾ ਸਿਰਫ ਮੰਦਰਾਂ ਜਾਂ ਤੀਰਥਾਂ ਵਿਚ ਹੀ ਨਹੀਂ ਵਸਦਾ। ਮਕੇ ਨੂੰ ਫੇਰਨ ਵਾਲੀ ਸਾਖੀ ਦਾ ਸਾਰ ਵੀ ਇਹੋ ਹੈ। ਕਰਤਾਰਪੁਰ ਵਿਚ ਖੇਤੀ ਕਰਨ ਦਾ ਮਤਲਬ ਇਹੋ ਸੀ ਕਿ ਧਰਮ ਕੋਈ ਪੇਸ਼ਾ ਨਹੀਂ। ਅਤੇ ਇਹ ਕਿ ਇਨਸਾਨ ਨੂੰ ਆਪਣੀ ਰੋਟੀ ਦਸਾਂ ਨੌਹਾਂ ਦੀ ਨੇਕ ਕਿਰਤ ਕਰਕੇ ਕਮਾਉਣੀ ਚਾਹੀਦੀ ਹੈ।

ਅੱਜ ਦੁਨੀਆਂ ਬਦਲ ਚੁੱਕੀ ਹੈ। ਜੋ ਪਿੱਛੇ ਮੁੜਕੇ ਬੀਤੇ ਹੋਏ ਵੱਲ ਤੱਕਦੇ ਰਹਿੰਦੇ ਹਨ, ਪਿੱਛੇ ਰਹਿ ਜਾਂਦੇ ਹਨ। ਅੱਜ ਕਈ ਕੌਮਾ ਮੁੜਕੇ ਸਤਵੀਂ ਸਦੀ ਵਾਲੇ ਅਰਬ ਦੇ ਮਾਰੂਸਥੱਲ ਵਿੱਚ ਜਾਣਾ ਚਾਹੁੰਦੀਆਂ ਹਨ। ਕਈ ਆਰੀਅਨ ਯੁਗ ਵਿਚ ਵਾਪਸ ਜਾਣਾ ਚਾਹੁੰਦੇ ਹਨ। ਸਾਡੇ ਕਈ ਵੀਰ ਵੀ ਅਠਾਰਵੀਂ ਸਦੀ ਵਿੱਚ ਵਿਚਰਣ ਦੇ ਚਾਹਵਾਨ ਹਨ। ਪਰ ਸਮਾ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਜੋ ਪਾਣੀ ਪੁਲ ਥੱਲਿਉਂ ਗੁਜਰ ਗਿਆ ਹੈ, ਉਹ ਵਾਪਸ ਨਹੀਂ ਆਉਂਦਾ। ਜੋ ਕੌਮਾਂ ਸਾਹਮਣੇ ਵੱਲ ਵੇਖਦੀਆਂ ਹਨ, ਸਮੇ ਨਾਲ ਕਦਮ ਮਿਲਾ ਕੇ ਚਲਦੀਆਂ ਹਨ, ਅਗਾਂਹ ਵਧੂ ਹਨ, ਉਹ ਹੀ ਤਰੱਕੀ ਕਰ ਰਹੀਆਂ

ਹਨ। ਸਿੱਖ ਕੌਮ ਵੀ ਇੱਕ ਅਗਾਂਹ ਵਧੂ ਕੌਮ ਹੈ। ਕਿਸੇ ਤੋਂ ਘੱਟ ਨਹੀਂ।

ਸਾਫ ਹੈ, ਸਾਡੀ ਕੌਮ ਦੀ ਤਰੱਕੀ ਇਸ ਗੱਲ ਵਿੱਚ ਹੈ ਕਿ ਅਸੀਂ ਅਧੁਨਿਕ ਸਿੱਖਿਆ ਹਾਸਲ ਕਰਕੇ, ਸਾਇੰਸ, ਟੈਕਨੋਲੋਜੀ ਅਤੇ ਵਪਾਰ ਦੇ ਖੇਤਰਾਂ ਵਿੱਚ ਉਨਤ ਕੌਮਾਂ ਨਾਲ ਮੁਕਾਬਲਾ ਕਰਨ ਯੋਗ ਹੋਈਏ। ਸਾਧਨ ਸੀਮਤ ਹਨ। ਤਰੱਕੀ ਕਰਨ ਲਈ ਸਾਨੂੰ ਵਿਦਿਅਕ ਸੰਸਥਾਵਾਂ, ਕਾਲਜਾਂ, ਲਾਇਬਰੇਰੀਆਂ ਅਤੇ ਯੂਨੀਵਰਸਟੀਆਂ ਦੀ ਲੋੜ ਹੈ। ਸਮਤੀ ਊਰਜਾ ਦੀ ਲੋੜ ਹੈ, ਬੁਨਿਆਦੀ ਢਾਂਚੇ ਦੀ ਲੋੜ ਹੈ। ਫੈਕਟਰੀਆਂ ਅਤੇ ਵਪਾਰਕ ਕੇਂਦਰਾਂ ਦੀ ਲੋੜ ਹੈ। ਸਾਡੇ ਬੱਚਿਆਂ ਨੂੰ ਹੋਰ ਕੌਮਾ ਦੇ ਬੱਚਿਆਂ ਨਾਲ ਕੰਪੀਟੀਸ਼ਨ ਕਰਨ ਲਈ ਉਚੇਰੀ ਵਿਦਿਆ ਦੀ ਲੋੜ ਹੈ।

ਸਾਮਰਾਜੀ ਅਤੇ ਰਾਸ਼ਟਰਵਾਦੀ ਯੁੱਗ ਖਤਮ ਹੋ ਗਿਆ ਹੈ। ਯੂਰਪ ਦੇ ਰਾਸ਼ਟਰਵਾਦੀ ਦੇਸ਼ ਜੋ ਕਦੀ ਇੱਕ ਦੂਸਰੇ ਨਾਲ ਲੜਦੇ ਰਹਿੰਦੇ ਸਨ, ਅੱਜ ਉਹ ਇੱਕ ਜੁੱਟ ਹੋ ਗਏ ਹਨ। ਯੂਰਪੀਨ ਯੂਨੀਅਨ ਦੇ ਮੈਂਬਰ ਹਨ। ਸੰਕਟ ਸਮੇਂ ਇੱਕ ਦੂਸਰੇ ਦੀ ਸਹਾਇਤਾ ਕਰਦੇ ਹਨ। ਅੱਜ ਟਕਰਾਅ ਵਿੱਚ ਨਹੀਂ, ਮਿਲਵਰਤਨ ਵਿੱਚ ਫਾਇਦਾ ਹੈ।

ਅੱਜ ਅਮਰੀਕਾ, ਜਰਮਨੀ ਅਤੇ ਜਪਾਨ ਵਰਗੇ ਉਨਤ ਦੇਸ਼ਾਂ ਦਾ ਧਿਆਨ ਸਿਆਸੀ ਸਾਮਰਾਜ ਕਾਇਮ ਕਰਨ ਵੱਲ ਨਹੀਂ, ਸਗੋਂ ਆਰਥਿਕ ਅਤੇ ਵਪਾਰਕ ਕੇਂਦਰ ਬਣਨ ਵੱਲ ਹੈ। ਯਹੂਦੀ ਕੌਮ ਗਿਣਤੀ ਵਿੱਚ ਸਾਡੇ ਨਾਲੋਂ ਕਿਤੇ ਘੱਟ ਹੈ। ਜੇ ਕਈ ਯਹੂਦੀ ਨੋਬਲ ਪਰਾਈਜ ਜਿੱਤ ਸਕਦੇ ਹਨ ਤਾਂ ਕੋਈ ਸਿੱਖ ਕਿਉਂ ਨਹੀਂ?

ਇਹਨਾ ਜੰਗਾਂ ਦੇ ਇਤਿਹਾਸ ਤੋਂ ਇਹ ਤਾਂ ਸਿੱਧ ਹੋ ਹੀ ਜਾਂਦਾ ਹੈ ਕਿ ਅਸੀਂ ਬਹਾਦਰੀ ਅਤੇ ਕੁਰਬਾਨੀ ਵਿੱਚ ਕਿਸੇ ਤੋਂ ਘੱਟ ਨਹੀਂ। ਜੇ ਅਸੀਂ ਆਪਣੇ ਮਾਨਸਿਕ ਅਤੇ ਵਿਦਿਅਕ ਵਿਕਾਸ ਵੱਲ ਧਿਆਨ ਦਈਏ, ਤਾਂ ਅਸੀਂ ਹੋਰ ਖੇਤਰਾਂ ਵਿਚ ਵੀ ਕਿਸੇ ਤੋਂ ਪਿੱਛੇ ਨਹੀਂ ਰਹਾਂਗੇ।

SIKHBOOKCLUB.COM

# ਜੰਗਨਾਮਾ

# ਸਿੰਘਾਂ ਅਤੇ ਫਰੰਗੀਆਂ

**ਪਰਸ਼ੋਤਮ ਸਿੰਘ ਲੱਲੀ**

ਲੈਫਟੀਨੈਂਟ ਕਮਾਂਡਰ (ਰਿਟਾ.)

SIKHBOOKCLUB.COM

# ਲੇਖਕ ਵੱਲੋਂ ਦੋ ਸ਼ਬਦ

ਕਵੀ ਸ਼ਾਹ ਮੁਹੰਮਦ ਨੇ 'ਜੰਗ ਸਿੰਘਾਂ ਅਤੇ ਅੰਗਰੇਜ਼ਾਂ' ਸੰਨ 1846 ਈਸਵੀ ਵਿੱਚ ਲਿਖਿਆ। 1845-46 ਈਸਵੀ ਵਿੱਚ ਹੋਏ ਯੁੱਧ ਨੂੰ ਪਹਿਲਾ ਐਂਗਲੋ-ਸਿੱਖ ਯੁੱਧ ਕਹਿੰਦੇ ਹਨ। ਇਹੋ ਯੁੱਧ ਸੀ ਜਿਸ ਦਾ ਕਿੱਸਾ ਇਸ ਕਵੀ ਨੇ ਲਿਖਿਆ। ਇਸ ਵਿੱਚ 1848-49 ਵਿੱਚ ਹੋਏ ਦੂਸਰੇ ਐਂਗਲੋ-ਸਿੱਖ ਯੁੱਧ ਦਾ ਕੋਈ ਜਿਕਰ ਨਹੀਂ। ਮੇਰੇ ਮਨ ਵਿੱਚ ਇਹ ਵਿਚਾਰ ਆਇਆ ਕਿ ਇਹ ਕਿੱਸਾ ਅਧੂਰਾ ਹੈ। ਇਸ ਲਈ ਮੈਂ ਇਸ ਨੂੰ ਪੂਰਾ ਕਰਨ ਦਾ ਇਹ ਨਿਮਾਣਾ ਜਿਹਾ ਯਤਨ ਕੀਤਾ। ਸ਼ਾਹ ਮੁਹੰਮਦ ਤਾਂ ਕਵਿਤਾ ਦਾ ਉਸਤਾਦ, ਪੰਜਾਬੀਆਂ ਦਾ ਮਹਿਬੂਬ ਕਵੀ ਹੈ। ਉਸਦੀ ਬਰਾਬਰੀ ਕਰਨ ਦਾ ਯਤਨ ਕਰਨਾ ਸੂਰਜ ਨੂੰ ਦੀਵਾ ਵਖਾਉਣ ਵਾਲੀ ਗੱਲ ਹੈ। ਮੇਰਾ ਇਹ ਕਿੱਸਾ ਉਸ ਮਹਾਨ ਕਵੀ ਨੂੰ ਇੱਕ ਭੇਟ ਹੈ।

ਇਸ ਕਿੱਸੇ ਨੂੰ ਲਿਖਣ ਦਾ ਇੱਕ ਜਜ਼ਬਾਤੀ ਕਾਰਨ ਵੀ ਹੈ। ਸ਼ਾਹ ਮੁਹੰਮਦ ਵਾਂਗ ਮੈਂ ਵੀ ਮਾਝੇ ਦੇ ਇਤਿਹਾਸਕ ਸ਼ਹਿਰ ਬਟਾਲੇ ਨਾਲ ਸਬੰਧਤ ਹਾਂ, ਇਸ ਨਾਤੇ ਉਹ ਮੇਰਾ ਗਰਾਈਂ ਵੀ ਹੈ। ਇਸ ਯੁੱਧ ਵਿੱਚ ਲੜਨ ਵਾਲੇ ਸੂਰਮੇ ਸਾਡੇ ਹੀ ਪੂਰਵਜ ਸਨ। ਬੇਸ਼ੱਕ ਉਹ ਇਹ ਯੁੱਧ ਹਾਰ ਗਏ, ਪਰ ਉਹਨਾ ਦੀ ਸ਼ਾਨ ਅਤੇ ਬਹਾਦਰੀ ਦਾ ਅੰਗਰੇਜ ਵੀ ਕਾਇਲ ਹੋ ਗਿਆ, ਅਤੇ ਆਪਣੀਆਂ ਲਿਖਤਾਂ ਵਿੱਚ ਉਹਨਾ ਦੀ ਭਰਪੂਰ ਤਰੀਫ਼ ਕੀਤੀ। ਅੱਜ ਪੰਜਾਬ ਵਿੱਚ ਫਿਰ ਖਾਲਸੇ ਦਾ ਬੋਲਬਾਲਾ ਹੈ। ਸੋ ਆਓ ਇਸ ਕਵਿਤਾ ਨਾਲ ਇਹਨਾ ਜੰਗਾ ਦੀ ਯਾਦ ਤਾਜ਼ਾ ਕਰੀਏ।

ਪਰਸ਼ੋਤਮ ਸਿੰਘ ਲੱਲੀ
ਪਿੰਡ ਧੁੱਪਸੜੀ
ਕਾਹਨੂੰਵਾਨ ਰੋਡ,
ਬਟਾਲਾ
ਮੋ. 9876734079

# ਦੂਸਰੇ ਸਿੱਖ-ਅੰਗਰੇਜ਼ ਯੁੱਧ ਦਾ ਪਿਛੋਕੜ

ਪਹਿਲਾ ਸਿੱਖ-ਅੰਗਰੇਜ਼ ਯੁੱਧ ਸਿੱਖ ਹਾਰ ਗਏ। ਉਹਨਾ ਦੀ ਹਾਰ ਦਾ ਮੁੱਖ ਕਾਰਨ ਸੀ ਉਹਨਾ ਦੇ ਸੈਨਾਪਤੀਆਂ ਦੀ ਗਦਾਰੀ, ਅਤੇ ਉਹਨਾ ਦੀ ਰਾਣੀ ਦੀ ਉਹਨਾ ਨੂੰ ਹਰਾਉਣ ਦੀ ਦਿਲੀ ਖਾਹਿਸ਼। ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਕੋਈ ਯੋਗ ਮਹਾਰਾਜਾ ਨਾ ਹੋਣ, ਅਤੇ ਰਾਜ-ਪਰਿਵਾਰ ਦੀ ਖਾਨਾਜੰਗੀ ਕਾਰਨ ਫੌਜ ਬੇਕਾਬੂ ਹੋ ਗਈ। ਉਸਨੇ ਰਾਣੀ ਜਿੰਦਾਂ ਦੇ ਭਰਾ, ਵਜੀਰ ਜਵਾਹਰ ਸਿੰਘ ਨੂੰ ਮਾਰ ਦਿੱਤਾ। ਫੌਜੀ ਆਪਣੇ ਅਫਸਰਾਂ ਦੇ ਹੁਕਮ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ ਸਨ। ਉਹ ਪੰਚਾਇਤਾਂ ਬਣਾ ਕੇ ਆਪਣੇ ਫੈਸਲੇ ਖੁਦ ਕਰਦੇ।

ਸਿੱਖ ਫੌਜੀ ਅੰਗਰੇਜਾਂ ਨੂੰ ਬਹੁਤ ਨਫਰਤ ਕਰਦੇ ਸਨ, ਕਿਉਂਕਿ ਉਹਨਾ ਨੂੰ ਡਰ ਸੀ ਕਿ ਅੰਗਰੇਜ ਉਹਨਾ ਦੇ ਦੇਸ਼ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਰਾਣੀ ਗੁੱਸੇ ਨਾਲ ਭਰੀ ਹੋਈ ਸੀ, ਪਰ ਫੌਜ ਤੋਂ ਬਹੁਤ ਡਰਦੀ ਸੀ। ਉਸ ਸੋਚਿਆ ਕਿ ਫੌਜ ਨੂੰ ਸਬਕ ਸਿਖਾਉਣ ਦਾ ਇੱਕੋ ਇੱਕ ਤਰੀਕਾ ਹੈ ਕਿ ਇਸ ਨੂੰ ਅੰਗਰੇਜਾਂ ਨਾਲ ਲੜਾਇਆ ਜਾਏ। ਇਸ ਲਈ ਉਸਨੇ ਫੌਜ ਨੂੰ ਅੰਗਰੇਜਾਂ ਨਾਲ ਲੜਨ ਲਈ ਉਕਸਾਇਆ। ਅੰਗਰੇਜ ਵੀ ਸਿੱਖਾਂ ਨਾਲ ਲੜਨ ਦਾ ਬਹਾਨਾ ਹੀ ਲੱਭ ਰਹੇ ਸਨ। 1845-46 ਵਿਚ ਸਤਲੁਜ ਦੇ ਕਿਨਾਰੇ ਹੋਣ ਵਾਲੇ ਜੰਗਾਂ ਵਿਚ ਸਿੱਖਾਂ ਦੀ ਹਾਰ ਹੋਈ। ਸ਼ਾਹ ਮੁਹੰਮਦ ਦਾ ਜੰਗਨਾਮਾ ਇੱਥੋਂ ਤੱਕ ਦੀ ਕਹਾਣੀ ਹੀ ਬਿਆਨ ਕਰਦਾ ਹੈ।

ਸਭਰਾਵਾਂ ਦੀ ਜੰਗ ਜਿੱਤਣ ਤੋਂ ਬਾਅਦ ਗਵਰਨਰ ਜਨਰਲ ਲਾਰਡ ਹੈਨਰੀ ਹਾਰਡਿੰਗ ਆਪਣੀ ਫੌਜ ਸਮੇਤ ਲਹੌਰ ਆਇਆ। ਹਾਰਡਿੰਗ ਨੂੰ ਪੰਜਾਬੀ ਮਖੌਲ ਨਾਲ ਟੁੰਡਾ ਲਾਟ ਵੀ ਕਹਿੰਦੇ ਸਨ, ਕਿਉਂਕਿ ਵਾਟਰਲੂ ਦੀ ਜੰਗ ਸਮੇ ਉਸਦੀ ਇੱਕ ਬਾਂਹ ਵੱਢੀ ਗਈ ਸੀ। ਲੇਖਕ ਦਾ ਇਹ ਜੰਗਨਾਮਾ ਇਸ ਤੋਂ ਬਾਅਦ ਦੀ ਕਹਾਣੀ ਬਿਆਨ ਕਰਦਾ ਹੈ, ਜੋ ਸੰਖੇਪ ਵਿਚ ਇਹ ਹੈ: ਲਹੌਰ ਦੀ ਸੰਧੀ ਅਨੁਸਾਰ ਅੰਗਰੇਜਾਂ ਨੇ ਮਹਾਰਾਜੇ ਦਲੀਪ ਸਿੰਘ ਨੂੰ ਤਾਂ ਤਖਤ ਤੇ ਬਿਰਾਜਮਾਨ ਤਾਂ ਰਹਿਣ ਦਿੱਤਾ, ਪਰ ਉਹ ਨਾਂ ਮਾਤਰ ਦਾ ਹੀ ਮਹਾਰਾਜਾ ਰਹਿ ਗਿਆ। ਦੁਆਬੇ ਦਾ ਜ਼ਰਖੇਜ ਇਲਾਕਾ ਅੰਗਰੇਜਾਂ ਨੇ ਆਪਣੇ ਕਬਜ਼ੇ ਵਿਚ ਲੇ ਲਿਆ, ਕਸ਼ਮੀਰ ਇੱਕ ਕਰੋੜ ਵਿਚ ਗਦਾਰ ਗੁਲਾਬ ਸਿੰਘ ਡੋਗਰੇ ਨੂੰ ਵੇਚ ਦਿੱਤਾ, ਸਿੱਖ ਫੌਜ ਦੀ ਗਿਣਤੀ ਘਟਾ ਦਿੱਤੀ, ਅੰਗਰੇਜੀ ਸੈਨਾ ਪੰਜਾਬ ਵਿੱਚ ਤੈਨਾਤ ਕਰ ਦਿੱਤੀ, ਅਤੇ ਲਹੌਰ ਵਿਚ ਬੈਠ ਕੇ ਅੰਗਰੇਜੀ ਰਾਜਦੂਤ ਹੈਨਰੀ ਲਾਰੰਸ ਪੰਜਾਬ ਤੇ ਰਾਜ ਕਰਨ ਲੱਗਾ।

ਰਾਣੀ ਦੀ ਪੁੱਛ ਗਿੱਛ ਬਿਲਕੁਲ ਘੱਟ ਹੋ ਗਈ। ਉਹ ਤਾਂ ਫੌਜ ਨੂੰ ਅੰਗਰੇਜਾਂ ਨਾਲ ਲੜਾ ਕੇ ਕਮਜੋਰ ਕਰਨ ਦੀ ਹੀ ਚਾਹਵਾਨ ਸੀ, ਪਰ ਹੁਣ ਉਸਨੂੰ ਪਤਾ ਲੱਗਾ ਕਿ ਕਿਸੇ ਵਿਦੇਸ਼ੀ ਦੀ ਹਕੂਮਤ ਵਿਚ ਰਹਿਣ ਦਾ ਕੀ ਮਤਲਬ ਹੈ। ਉਹ ਹੈਨਰੀ ਲਾਰੰਸ ਦੇ ਵਿਰੁੱਧ ਸਕੀਮਾ ਬਣਾਉਣ ਲੱਗੀ। ਉਸਦੀ ਕੋਈ ਸਕੀਮ ਤਾਂ ਕਾਮਯਾਬ ਨਾ ਹੋਈ, ਪਰ ਅੰਗਰੇਜਾਂ ਨੇ ਉਸਨੂੰ ਪੰਜਾਬ ਵਿੱਚੋਂ ਬਾਹਰ ਕੱਢ ਦਿੱਤਾ। ਸਿੱਖ ਸਿਪਾਹੀ ਉਸਦੀਆਂ ਸਭ ਗਲਤੀਆਂ ਭੁੱਲ ਗਏ, ਅਤੇ ਉਸ ਲਈ ਲੜ ਮਰਨ ਨੂੰ ਤਿਆਰ ਹੋ ਗਏ। ਦੂਸਰੇ ਸਿੱਖ ਅੰਗਰੇਜ ਯੁੱਧ ਦੀ ਸ਼ੁਰੂਆਤ ਮੁਲਤਾਨ ਦੇ ਗਵਰਨਰ ਮੂਲਰਾਜ ਦੀ ਬਗਾਵਤ ਨਾਲ

ਹੋਈ। ਬਗਾਵਤ ਦੀ ਇਹ ਅੱਗ ਕੁਝ ਮਹੀਨਿਆ ਵਿਚ ਹੀ ਸਾਰੇ ਪੰਜਾਬ ਵਿਚ ਫੈਲ ਗਈ। ਜੋ ਸਿਪਾਹੀ ਫੌਜ ਵਿਚੋਂ ਕੱਢ ਦਿੱਤੇ ਗਏ ਸਨ, ਉਹ ਵੀ ਇਸ ਵਿੱਚ ਸ਼ਾਮਲ ਹੋ ਗਏ। 1848-49 ਵਿੱਚ ਜੇਹਲਮ ਅਤੇ ਚਨਾਬ ਦੇ ਕਿਨਾਰਿਆਂ ਤੇ ਹੋਈਆਂ ਜੰਗਾਂ ਵਿਚ ਸਿੱਖ ਫੌਜ ਦੀ ਅਗਵਾਈ ਸਰਦਾਰ ਸ਼ੇਰ ਸਿੰਘ ਅਟਾਰੀਵਾਲੇ ਨੇ ਕੀਤੀ। ਮੁਲਤਾਨ ਦੀ ਜੰਗ ਵੀ ਇਸ ਯੁੱਧ ਦਾ ਹਿੱਸਾ ਹੈ। ਅੰਗਰੇਜ਼ ਫੌਜ ਦਾ ਕਮਾਂਡਰ-ਇਨ-ਚੀਫ ਸਤਲੁਜ ਦੀਆਂ ਜੰਗਾਂ ਦਾ ਜੇਤੂ ਲਾਰਡ ਗੱਫ ਸੀ। ਅੰਗਰੇਜੀ ਗਵਰਨਰ ਜਨਰਲ ਲਾਰਡ ਡਲਹੌਜੀ ਸੀ, ਅਤੇ ਲਹੌਰ ਵਿੱਚ ਰਾਜਦੂਤ ਪਹਿਲਾਂ ਹੈਨਰੀ ਲਾਰੰਸ ਅਤੇ ਬਾਅਦ ਵਿਚ 1847 ਦੇ ਅੰਤ ਤੋਂ ਫਰੈਡਰਿਕ ਕਰੀ ਸੀ।

ਇਹ ਜੰਗਾਂ ਰਾਮ ਨਗਰ, ਸਦੂਲਪੁਰ, ਚਿਲਿਆਂਵਾਲੇ ਅਤੇ ਗੁਜਰਾਤ ਦੇ ਸਥਾਨਾ ਤੇ ਹੋਈਆਂ। ਖਾਲਸਾ ਫੌਜ ਬੜੀ ਬਹਾਦਰੀ ਨਾਲ ਲੜੀ, ਪਰ ਅੰਤ ਨੂੰ ਜਿੱਤ ਅੰਗਰੇਜਾਂ ਦੀ ਹੋਈ। ਮਹਾਰਾਜੇ ਦਲੀਪ ਸਿੰਘ ਨੂੰ ਦੇਸ਼-ਨਿਕਾਲਾ ਦੇ ਕੇ ਇੰਗਲੈਂਡ ਭੇਜ ਦਿੱਤਾ ਗਿਆ, ਅਤੇ ਕੋਹਿਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ ਦੇ ਤਾਜ ਦਾ ਸ਼ਿੰਗਾਰ ਬਣ ਗਿਆ। ਪੰਜਾਬ ਅੰਗਰੇਜੀ ਸਾਮਰਾਜ ਦਾ ਹਿੱਸਾ ਬਣ ਗਿਆ।

SIKHBOOKCLUB.COM

1

ਸੱਨ ਵੀਹ ਸੌ ਬਾਰਾਂ ਹੈ ਆਣ ਚੜ੍ਹਿਆ,
ਰੁਤ ਸਰਦੀ ਦੀ ਬੇਮੁਹਾਰ ਮੀਆਂ।
ਧੁੰਧਸੜੀ ਦੇ ਪਿੰਡ ਵਿੱਚ ਧੁੱਪ ਕੋਈ ਨਾ,
ਕੀਤੀ ਠੰਡ ਨੇ ਹੈ ਹਾਹਾਕਾਰ ਮੀਆਂ।
ਮਾਘ ਮਹੀਨੇ ਚੁਬਾਰੇ ਦੇ ਵਿੱਚ ਸੁੱਤੇ,
ਲੈਂਦੇ ਸੁਫਨੇ ਬੇਸ਼ੁਮਾਰ ਮੀਆਂ।
ਕਵੀ ਸ਼ਾਹ ਮੁਹੰਮਦ ਵਟਾਲੇ ਵਾਲਾ
ਦੇਂਦਾ ਸੁਫਨੇ ਵਿੱਚ ਫ਼ਟਕਾਰ ਮੀਆਂ।

2

ਵੱਡਿਆਂ ਤੇਰਿਆਂ ਨੇ ਲੜੀਆਂ ਖ਼ੂਬ ਜੰਗਾਂ,
ਤੂੰ ਤੇ ਆਪ ਹੈਂ ਫੌਜੀ ਸਰਦਾਰ ਮੀਆਂ।
ਪੱਖ ਉਹਨਾ ਵਿੱਚ ਵਾਹੀਆਂ ਸਨ ਮੈਂ ਕਲਮਾਂ,
ਸੰਨ ਅਠਾਰਾਂ ਸੌ ਛਿਆਲੀ ਵਿੱਚਕਾਰ ਮੀਆਂ।
ਮਿੱਟੀ ਵਟਾਲੇ ਦੀ ਵਿੱਚ ਹੈ ਮਿਲੀ ਸ਼ਾਇਰੀ,
ਲਿਆ ਤੂੰ ਕੱਢਕੇ ਏਸ ਨੂੰ ਬਾਹਰ ਮੀਆਂ।
ਤੇਰੀ ਕੁੱਲ ਦਾ ਧਣੀ ਸੀ ਪੀਰ ਵੱਡਾ,
ਅਸੀਸ ਉਸ ਦੀ ਲੈ ਅਪਾਰ ਮੀਆਂ।

3

ਅੰਗਰੇਜ਼ਾਂ ਨਾਲ ਜੋ ਸਿੰਘਾਂ ਨੇ ਜੰਗ ਕੀਤੇ,
ਮੁਦਕੀ, ਸਭਰਾਵਾਂ ਤੇ ਫੇਰੂ ਸ਼ਹਿਰ ਭਾਊ।
ਆਪਣੇ ਸਮੇ ਮੈਂ ਖ਼ੂਬ ਬਿਆਨ ਕੀਤੇ,
ਮਿਹਰ ਅੱਲ੍ਹਾ ਦੀ ਅਪਰ ਅਪਾਰ ਭਾਊ।
ਉਸਤੋਂ ਬਾਹਦ ਵੀ ਜੰਗਾਂ ਸਨ ਸਿੰਘ ਲੜੀਆਂ,
ਦਰਿਆ ਚਨਾਬ ਤੇ ਜਿਹਲਮ ਵਿੱਚਕਾਰ ਭਾਊ।
ਚੁੱਕ ਕਲਮ ਮੈਂ ਤੇਰੇ ਹਾਂ ਸੰਗ ਲੱਗੀ,
ਆਪਣੀ ਕੌਮ ਦਾ ਕਰ ਸਤਕਾਰ ਭਾਊ।

SIKHBOOKCLUB.COM

4

ਜੰਗ ਜਿਤ ਕੇ ਲਾਟ ਲਹੌਰ ਆਇਆ,
ਕਹਿੰਦਾ ਸਾਂਭ ਲਉ ਆਪਣਾ ਰਾਜ ਸਿੱਖੋ।
ਮੈਂ ਤੇ ਰਾਖਾ ਹਾਂ ਤੁਹਾਡੇ ਦਲੀਪ ਸਿੰਘ ਦਾ,
ਹੈ ਤੁਹਾਡੇ ਹੀ ਸਿਰ ਤੇ ਤਾਜ ਸਿੱਖੋ।
ਤੁਸੀਂ ਮਾਣੋ ਸਰਦਾਰੀਆਂ ਮੁਲਖ ਮਿਲਖਾਂ,
ਸਿੱਖ ਸ਼ਿਪਾਹੀ ਦਾ ਕਰਾਂ ਇਲਾਜ ਸਿੱਖੋ।
ਤੁਹਾਡਾ ਮੁਲਖ ਮੈਂ ਲੱਲੀਆ ਕੀ ਕਰਨਾ,
ਸਾਰਾ ਭਾਰਤ ਹੈ ਮੇਰਾ ਮੁਹਤਾਜ ਸਿੱਖੋ।

5

ਸਰਦਾਰਾਂ ਕਿਹਾ ਅੰਗਰੇਜ ਹੈ ਬਹੁਤ ਚੰਗਾ,
ਇਹ ਤੇ ਰਾਖਾ ਹੈ ਸਾਡੇ ਪੰਜਾਬ ਦਾ ਜੀ।
ਐਵੇਂ ਫੌਜ ਨੇ ਇਸ ਨਾਲ ਲਿਆ ਪੰਗਾ,
ਉਜਾੜ ਦਿੱਤਾ ਇਸ ਖਾਲਸਾ ਰਾਜ ਹੈ ਜੀ।
ਬੁਰਸ਼ਾਗਰਦੀ ਸੀ ਇਹਨਾ ਨੇ ਖੂਬ ਕੀਤੀ,
ਖੋਲ ਦਿੱਤਾ ਪੰਜਾਬ ਦਾ ਪਾਜ ਹੈ ਜੀ।
ਅਜੇ ਸਮਝ ਲੈ ਲੱਲੀਆ ਵਕਤ ਹੈ ਈ,
ਨਹੀਂ ਤੇ ਖਾਲਸੇ ਦੀ ਰੁਲ ਜਊ ਲਾਜ ਹੈ ਜੀ।

6

ਟੁੰਡੇ ਲਾਟ ਨੇ ਵੱਡਾ ਦਰਬਾਰ ਕੀਤਾ,
ਕਹਿੰਦਾ ਕਿੱਥੇ ਹੈ ਸਿੰਘ ਸ਼ਿਪਾਹੀ ਮੀਆਂ।
ਉਹ ਤੇ ਕਹਿੰਦਾ ਸੀ ਗੋਰੇ ਦਾ ਲਹੂ ਪੀਣਾ,
ਹੁਣ ਕਿਉਂ ਹਿੰਮਤ ਹੈ ਉਸਨੇ ਢਾਹੀ ਮੀਆਂ।
ਨਾਨੀ ਓਦੋਂ ਸੀ ਉਸਨੂੰ ਯਾਦ ਆਈ,
ਜਦੋਂ ਪਾਈ ਸੀ ਗਲ ਵਿੱਚ ਫਾਹੀ ਮੀਆਂ।
ਲੱਲੀ ਅਜੇ ਵੀ ਵੇਖ ਲਏ ਹੱਥ ਸਾਡੇ,
ਅਸਾਂ ਸੰਗ ਹੈ ਸਾਰੀ ਹੀ ਲਾਹੀ ਮੀਆਂ।

7

ਲਾਟ ਸੋਚਿਆ ਵਕਤ ਹੈ ਬੜਾ ਚੰਗਾ,
ਚੱਲੋ ਪੰਜਾਬ ਦੇ ਕੱਟੀਏ ਖੰਭ ਯਾਰੋ।

ਨਹੀਂ ਤੇ ਉੱਠਕੇ ਹਮਲਾ ਫਿਰ ਕਰਸੀ,
ਪੱਕਾ ਇਸਦਾ ਕਰੀਏ ਪ੍ਰਬੰਧ ਯਾਰੋ।
ਕਲਗੀ ਇਸਦੀ ਜਲੰਧਰ ਦੁਆਬ ਜਿਹੜੀ,
ਮਿਲਾ ਲਈਏ ਕਿਸ ਨੂੰ ਆਪਣੇ ਸੰਗ ਯਾਰੋ।
ਲੱਲੀ ਕਟੀਏ ਪੂਛ ਕਸ਼ਮੀਰ ਵਾਲੀ,
ਨਿੱਸਲ ਕਰ ਦਈਏ ਇਸ ਦੇ ਅੰਗ ਯਾਰੋ।

8

ਗੁਲਾਬਾ ਡੋਗਰਾ ਲਾਟ ਦੇ ਮਗਰ ਯਾਰੋ,
ਫਿਰਦਾ ਪਿਆ ਸੀ ਪੂਛ ਹਿਲਾਂਵਦਾ ਜੀ।
ਮੇਰੀ ਗਦਾਰੀ ਦਾ ਦਿਉ ਇਨਾਮ ਮੈਨੂੰ,
ਉਹ ਤੇ ਨਿੱਤ ਦੀ ਰਟ ਇਹ ਲਾਂਵਦਾ ਜੀ।
ਨਹੀਂ ਕਸ਼ਮੀਰ ਤੋਂ ਵੱਡਾ ਇਨਾਮ ਕੋਈ,
ਲਾਟ ਮੁੱਖ ਤੋਂ ਇਹ ਫੁਰਮਾਂਵਦਾ ਜੀ।
ਗੁਲਾਬੇ ਕਿਹਾ ਮੈਂ ਤੇਰਾ ਹਾਂ ਦਾਸ ਲਾਟਾ,
ਲੱਲੀ ਜੱਸ ਤੇਰਾ ਨਿੱਤ ਗਾਂਵਦਾ ਜੀ।

9

ਲੁੱਡੀ ਪਾਂਵਦਾ ਡੋਗਰਾ ਮਾਰ ਛਾਲਾਂ,
ਉਹ ਤੇ ਜਾਂਵਦਾ ਵੱਲ ਕਸ਼ਮੀਰ ਮੀਆਂ।
ਜੋ ਕਸ਼ਮੀਰ ਨਿਵਾਇਆ ਸੀ ਖਾਲਸੇ ਨੇ,
ਵਾਹ ਕੇ ਆਪਣੀ ਖੂਨੀ ਸਮਸ਼ੀਰ ਮੀਆਂ।
ਪਾ ਲਿਆ ਡੋਗਰੇ ਵਿੱਚ ਇਨਾਮ ਯਾਰੋ,
ਲਿਖਾ ਕੇ ਲਿਆਇਆ ਸੀ ਚੰਗੀ ਤਕਦੀਰ ਮੀਆਂ।
ਲੱਲੀ ਲਿਆ ਇਨਾਮ ਉਸ ਲਾਟ ਕੋਲੋਂ,
ਹੋਇਆ ਖਾਲਸਾ ਬੜਾ ਦਿਲਗੀਰ ਮੀਆਂ।

10

ਲਾਟ ਸੋਚਿਆ ਅਜੇ ਨਹੀਂ ਵਕਤ ਆਇਆ,
ਹੋ ਨਹੀਂ ਸੱਕਣਾ ਹਜ਼ਮ ਪੰਜਾਬ ਯਾਰੋ।
ਅਜੇ ਪਲਣ ਦਿਉ ਕੱਕਰੇ ਏਸ ਨੂੰ ਜੀ,
ਇਸ ਵਕਤ ਹੈ ਏਹੋ ਇਲਾਜ ਯਾਰੋ।
ਹਲਾਲ ਕਰਾਂਗੇ ਸਮੇ ਦੇ ਨਾਲ ਇਸਨੂੰ,
ਵਕਤ ਦੇਵੇਗਾ ਜਦੋਂ ਅਵਾਜ ਯਾਰੋ।
ਲੱਲੀ ਛੱਡੋ ਅਜਾਦ ਹੁਣ ਖਾਲਸੇ ਨੂੰ,
ਸਮਾ ਆਉਣ ਤੇ ਪਾਵਾਂਗੇ ਵਾਗ ਯਾਰੋ।

11

ਹੈਨਰੀ ਲਾਰੰਸ ਸੀ ਜਾਣਦਾ ਖਾਲਸੇ ਨੂੰ,
ਸਿੰਘਾਂ ਵਾਂਗ ਦਲੇਰ ਅਪਾਰ ਹੈ ਜੀ।
ਲੈ ਚੁੱਕਾ ਸੀ ਖਾਲਸੇ ਨਾਲ ਲੋਹਾ,
ਖਾਲਸਾ ਤੇਗ ਦੀ ਜਾਣਦਾ ਧਾਰ ਹੈ ਜੀ।
ਉਸ ਕਿਹਾ ਇਹ ਮੁਲਖ ਹੈ ਖਾਲਸੇ ਦਾ,
ਰਾਜ ਅੰਗਰੇਜ ਦਾ ਸਤਲੁਜੋਂ ਪਾਰ ਹੈ ਜੀ।
ਲੱਲੀ ਸਭ ਸਰਦਾਰ ਹਨ ਨਾਲ ਮੇਰੇ
ਮੈਂ ਤਾਂ ਲੈਣੀ ਹੈ ਸਿੰਘਾਂ ਦੀ ਸਾਰ ਹੈ ਜੀ।

12

ਰੰਡੀਆਂ ਕਈ ਪੰਜਾਬਣਾ ਕਰ ਜਿੰਦਾਂ,
ਕਹਿੰਦੀ ਕਰਾਂ ਗੀ ਮੁਲਖ ਤੇ ਰਾਜ ਵਾਰੀ।
ਪਾਣੀ ਭਰਨਗੇ ਮੇਰਾ ਅੰਗਰੇਜ ਸਾਰੇ,
ਦਲੀਪ ਸਿੰਘ ਦੇ ਸਿਰ ਤੇ ਤਾਜ ਵਾਰੀ।
ਖਿੱਲੀ ਵਾਂਗ ਸੀ ਸੋਚਿਆ ਜਿੰਦ ਕੌਰਾਂ,
ਬਾਂਦਰ ਕਰੇਗਾ ਫੈਸਲਾ ਨਿਆਂਕਾਰੀ।
ਪਤਾ ਨਹੀਂ ਸੀ ਲੱਲੀ ਸਭ ਨਿਘਲ ਜਾਣਾ,
ਰੋਟੀ ਦੇ ਦਿੱਤੀ ਉਸ ਦੇ ਹੱਥ ਸਾਰੀ।

SIKHBOOKCLUB.COM

13

ਚਣੌਤੀ ਸਰਦਾਰਾਂ ਨੂੰ ਫਿਰ ਅੰਗਰੇਜ ਦਿੱਤੀ,
ਲਉ ਆਪਣਾ ਰਾਜ ਸੰਭਾਲ ਮੀਆਂ।
ਸਿੱਖ ਫੌਜ ਨੂੰ ਜੇ ਨੱਥ ਪਾ ਲੈਂਦੇ,
ਲੋੜ ਹੋਰ ਨਹੀਂ ਕਰਨ ਦੀ ਘਾਲ ਮੀਆਂ।
ਆਖੇ ਲੱਗਦੇ ਤੁਹਾਡੇ ਜੇ ਸਿੱਖ ਫੌਜੀ,
ਤੁਸੀਂ ਉਹਨਾ ਨੂੰ ਲਉ ਸੰਭਾਲ ਮੀਆਂ।
ਕਾਬੂ ਖਾਲਸਾ ਜੇ ਨਾ ਤੁਸਾਂ ਕੀਤਾ,
ਤੁਹਾਡੇ ਸਿਰ ਤੇ ਕੂਕੇ ਗਾ ਕਾਲ ਮੀਆਂ।

14

ਸਿੱਖ ਸਰਦਾਰ ਲਹੌਰ ਵਿੱਚ ਬੈਠ ਕੇ ਜੀ,
ਸਿੱਖ ਰਾਜ ਦਾ ਕੰਮ ਚਲਾਉਣ ਲੱਗੇ।
ਤੇਜ ਸਿੰਘ ਰਣਯੋਧ ਸਿੰਘ ਹੋਰ ਸਾਰੇ,
ਕਿਸਮਤ ਕੌਮ ਦੀ ਫਿਰ ਘੜਾਉਣ ਲੱਗੇ।

ਹੈਨਰੀ ਆਖਿਆ ਅਸਾਂ ਹੁਣ ਚਲੇ ਜਾਣਾ,
ਸਿੱਖ ਸਰਦਾਰ ਦਰਬਾਰੀ ਘਬਰਾਉਣ ਲੱਗੇ।
ਸਰਦਾਰਾਂ ਆਖਿਆ ਰਹੋ ਪੰਜਾਬ ਵਿੱਚ ਜੀ,
ਲੱਲੀ ਸਾਨੂੰ ਕਿਉਂ ਛੱਡਕੇ ਜਾਣ ਲੱਗੇ।

15

ਲਾਰੰਸ ਆਖਿਆ ਸਰਦਾਰੋ ਜੇ ਤੁਸੀਂ ਚਾਹੁੰਦੇ,
ਰਹੇ ਅੰਗਰੇਜ ਸ਼ਿਪਾਹੀ ਪੰਜਾਬ ਯਾਰੋ।
ਕਰੋ ਬੇਨਤੀ ਕਾਗਜ਼ ਤੇ ਦਿਉ ਲਿੱਖਕੇ,
ਲਿਖਿਆ ਜਾਏ ਇਹ ਵਿੱਚ ਕਿਤਾਬ ਯਾਰੋ।
ਕਲਮ ਗੋਰੇ ਦੀ ਫਿਰੇ ਗੀ ਹਰ ਪਾਸੇ,
ਹਰ ਚੀਜ ਦਾ ਕਰੇ ਹਿਸਾਬ ਯਾਰੋ।
ਲੱਲੀ ਅੰਗਰੇਜ ਸ਼ਿਪਾਹੀ ਫਿਰ ਬੈਠ ਏਥੇ,
ਤੁਹਾਡਾ ਬਚਾਏਗਾ ਮਾਲ ਅਸਬਾਬ ਯਾਰੋ।

16

ਭੇਰੋਵਾਲ ਦੀ ਸੰਧੀ ਤੇ ਹੋਏ ਦੱਸਖਤ,
ਵਾਗ ਪੰਜਾਬ ਦੀ ਆਈ ਅੰਗਰੇਜ ਦੇ ਹੱਥ।
ਸਿੱਖ ਸਰਦਾਰਾਂ ਜਗੀਰਾਂ ਬਚਾਉਣ ਖਾਤਰ,
ਜਾਨ ਆਪਣੀ ਦਿੱਤੀ ਅੰਗਰੇਜ ਦੇ ਹੱਥ।
ਸਿੱਖ ਸ਼ਿਪਾਹੀ ਦਾ ਸਤਗੁਰੂ ਆਪ ਮਾਲਕ,
ਕਿਵੇਂ ਦਿੰਦਾ ਤਕਦੀਰ ਅੰਗਰੇਜ ਦੇ ਹੱਥ।
ਲੱਲੀ ਅਜੇ ਅੰਗਰੇਜ ਨਾਲ ਉਸ ਭਿੜਨਾ,
ਡੋਰ ਸਭ ਦੀ ਹੈ ਪਰਵਦਗਾਰ ਦੇ ਹੱਥ।

SIKHBOOKCLUB.COM

17

ਰਾਣੀ ਜਿੰਦਾਂ ਦੇ ਨਾਲ ਵੀ ਖੂਬ ਹੋਈ,
ਜਿੰਨ੍ਹੇ ਲਿਆ ਅੰਗਰੇਜਾਂ ਦਾ ਆਸਰਾ ਜੀ।
ਪੁੱਤ ਮੇਰਾ ਹੈ ਅਜੇ ਮਸੂਮ ਬੱਚਾ,
ਕੰਮਜੋਰ ਔਰਤ ਹਾਂ ਮੈਂ ਬੇਆਸਰਾ ਜੀ।
ਤਖਤ ਏਸ ਦੇ ਬਣਨ ਅੰਗਰੇਜ ਪਾਵੇ,
ਫਿਰਨ ਸਿੰਘ ਸਰਦਾਰ ਬੇਆਬਰਾ ਜੀ।
ਲੱਲੀ ਰਾਣੀ ਦੀ ਮੱਤ ਤੇ ਪਿਆ ਪੜਦਾ
ਹੋਇਆ ਸਭ ਪੰਜਾਬ ਨਿਆਸਰਾ ਜੀ।

18

ਲਾਲ ਸਿੰਘ ਦੇ ਨਾਲ ਗੰਢ ਤੁੱਪ ਕਰਕੇ,
ਵੇਖੋ ਰਾਣੀ ਕੀ ਕਰਮ ਕਮਾਂਵਦੀ ਏ।
ਵੱਲ ਕਾਂਗੜੇ ਭੇਜਕੇ ਦੂਤ ਆਪਣਾ,
ਉਸ ਰਾਜੇ ਨੂੰ ਨਾਲ ਰਲਾਂਵਦੀ ਏ।
ਰਾਜਾ ਲੱਗਾ ਬਗਾਵਤ ਦੀਆਂ ਕਰਨ ਗੱਲਾਂ,
ਹੈਨਰੀ ਲਾਰੰਸ ਨੂੰ ਵਖਤ ਇਹ ਪਾਂਵਦੀ ਏ।
ਕਸ਼ਮੀਰ ਦੇਵੀਂ ਨਾਂ ਤੂੰ ਗੁਲਾਬ ਸਿੰਘ ਨੂੰ,
ਇਮਾਮੋਦੀਨ ਨੂੰ ਲੱਲੀ ਭਰਮਾਂਵਦੀ ਏ।

19

ਲਾਰੰਸ ਕਰਦਾ ਨਹੀਂ ਪਰਵਾਹ ਇਸਦੀ,
ਹਿੱਕ ਜ਼ੋਰ ਨਾਲ ਰਾਜ ਚਲਾਂਵਦਾ ਈ।
ਦਲੀਪ ਸਿੰਘ ਨੂੰ ਅੰਗਰੇਜੀ ਦੇ ਸਬਕ ਦੇ ਕੇ,
ਨਾਲ ਆਪਣੇ ਉਹ ਰਲਾਂਵਦਾ ਈ।
ਸਿੱਖ ਸਰਦਾਰ ਵੀ ਉਸ ਦਾ ਭਰਨ ਪਾਣੀ,
ਪਰ ਇਹ ਰਾਣੀ ਨੂੰ ਮੂਲ ਨਾਂ ਭਾਂਵਦਾ ਈ।
ਦਰਬਾਰ ਵਿੱਚ ਨਾਂ ਰਾਣੀ ਦੀ ਇੱਕ ਚੱਲੇ,
ਲਾਰੰਸ ਅੱਖੀਆਂ ਲੱਲੀ ਵਖਾਂਵਦਾ ਈ।

20

ਫੌਰਨ ਕੂਚ ਕੀਤਾ ਲਾਰੰਸ ਕਾਂਗੜੇ ਨੂੰ,
ਨਾਲ ਖਾਲਸਾ ਫੌਜ ਲਿਜਾਂਵਦਾ ਈ।
ਕਿਲੇ ਸਾਹਮਣੇ ਘੇਰਾ ਉਸ ਘੱਤ ਲਿਆ,
ਮੂੰਹ ਤੋਪਾਂ ਦੇ ਓਧਰ ਭੁਵਾਂਵਦਾ ਈ।
ਹੱਥ ਜੋੜ ਕੇ ਰਾਜਾ ਆ ਪੇਸ਼ ਹੋਇਆ,
ਸ਼ਰਮ ਨਾਲ ਉਹ ਸੀਸ ਝੁਕਾਂਵਦਾ ਈ
ਮਰਜੀ ਆਪਣੀ ਨਾਲ ਨਾ ਹੋਇਆ ਆਕੀ,
ਚਿੱਠੀ ਲੱਲੀ ਉਹ ਖੋਲ ਵਖਾਂਵਦਾ ਈ।

21

ਲਾਰੰਸ ਕੀਤਾ ਫਿਰ ਰੁੱਖ ਕਸ਼ਮੀਰ ਵੱਲੇ,
ਗੁਲਾਬ ਸਿੰਘ ਨੂੰ ਨਾਲ ਰਲਾਂਵਦਾ ਈ।
ਚੱਲ ਪੁੱਛੀਏ ਜਾ ਕੇ ਸ਼ੇਖ ਨੂੰ ਜੀ,
ਕਿਹੜਾ ਉਸ ਨੂੰ ਰੋਗ ਸਤਾਂਵਦਾ ਈ।

ਲਾਰੰਸ ਨਾਲ ਉਸ ਵੱਡੀ ਜਦ ਫੌਜ ਵੇਖੀ,
ਸ਼ੇਖ ਵਾਸਤੇ ਆ ਕੇ ਪਾਂਵਦਾ ਈ।
ਲੈ ਚਿੱਠੀ ਇਹ ਵੇਖ ਲੈ ਲਾਲ ਸਿੰਘ ਦੀ,
ਉਸਦਾ ਹੁਕਮ ਮੈਂ ਲੱਲੀ ਵਜਾਂਵਦਾ ਈ॥

22

ਕਬਜ਼ਾ ਕਸ਼ਮੀਰ ਦਾ ਦੇ ਗੁਲਾਬ ਸਿੰਘ ਨੂੰ,
ਲਾਰੰਸ ਵੱਲ ਲਹੌਰ ਦੇ ਧਾਂਵਦਾ ਜੇ।
ਕਹਿੰਦਾ ਕਰੋ ਖਾਂ ਪੇਸ਼ ਵਜੀਰ ਨੂੰ ਜੀ,
ਗਲ ਪਾ ਪੱਲਾ ਲਾਲ ਆਂਵਦਾ ਜੇ।
ਅਦਾਲਤ ਵਿੱਚ ਜਾ ਦੇ ਸਫਾਈ ਆਪਣੀ,
ਲਾਰੰਸ ਅੰਗਰੇਜ਼ਾਂ ਦੀ ਅਦਾਲਤ ਬਹਾਂਵਦਾ ਜੇ।
ਲਾਲ ਸਿੰਘ ਨੂੰ ਦੋਸ਼ੀ ਕਰਾਰ ਦੇ ਕੇ,
ਲੱਲੀ ਹੇਠ ਵਜੀਰੀਉਂ ਲਾਂਵਦਾ ਜੇ।

23

ਕੀਤਾ ਹੈਨਰੀ ਲਾਰੰਸ ਨੇ ਫੈਸਲਾ ਫਿਰ,
ਏਥੇ ਨਹੀਂ ਵਜੀਰ ਦੀ ਲੋੜ ਮੀਆਂ।
ਇਸ ਕੰਮ ਲਈ ਕੌਂਸਲ ਬਣਾ ਦਿੱਤੀ,
ਸਾਰੇ ਕੰਮ ਨਿਬਾਹੇ ਇਹ ਤੋੜ ਮੀਆਂ।
ਤੇਜ ਸਿੰਘ ਸੀ ਕੌਂਸਲ ਦਾ ਮੁੱਖੀ ਬਣਿਆਂ,
ਏਥੇ ਨਹੀਂ ਸਰਦਾਰਾਂ ਦੀ ਥੋੜ ਮੀਆਂ।
ਸ਼ੇਰ ਸਿੰਘ ਅਟਾਰੀ ਵੀ ਨਾਲ ਲੱਲੀ,
ਜਿਹੜਾ ਸਭ ਸਰਦਾਰਾਂ ਦਾ ਬੋਹੜ ਮੀਆਂ।

24

ਦੀਨਾ ਨਾਥ ਦਿਵਾਨ ਵੀ ਵਿੱਚ ਕੌਂਸਲ,
ਨੂਰ ਦੀਨ ਵੀ ਕੌਂਸਲ ਦੇ ਨਾਲ ਹੈ ਜੀ।
ਕੌਂਸਲ ਸੀ ਇਹ ਨਿਰਾ ਵਖਾਵਾ ਯਾਰੋ,
ਹੈਨਰੀ ਲਾਰੰਸ ਦਾ ਇਹ ਕਮਾਲ ਹੈ ਜੀ।
ਸਾਰੇ ਸਰਦਾਰ ਤਾਂ ਮੋਮ ਦੇ ਹੈਨ ਪੁਤਲੇ,
ਹੈਨਰੀ ਲਾਰੰਸ ਦਾ ਇਹ ਖਿਆਲ ਹੈ ਜੀ।
ਉਹ ਸੀ ਕਰਦਾ ਲੱਲੀਆ ਮਨ ਮਰਜੀ,
ਪੂਰੇ ਪੰਜਾਬ ਵਿੱਚ ਉਹਦਾ ਜਲਾਲ ਹੈ ਜੀ।

25

ਇੱਕ ਔਰਤ ਸੀ ਜਿਸਦਾ ਨਾਂ ਪਰੇਮਾ,
ਜਿੰਦਾਂ ਨਾਲ ਸੀ ਉਸਦੀ ਬਹੁਤ ਯਾਰੀ।
ਬਹੁਤ ਚਲਾਕ ਸੀ ਲੂੰਮੜੀ ਵਾਂਗ ਯਾਰੋ,
ਗੋਂਦਾ ਰਾਣੀ ਨਾਲ ਗੁੰਦਦੀ ਰੂਣੇਹਾਰੀ।
ਲਾਰੰਸ ਆਖਿਆ ਰਾਣੀ ਦੇ ਨਾਲ ਮਿਲਕੇ,
ਉਸਨੂੰ ਮਾਰਨ ਦੀ ਕਰਦੀ ਹੈ ਇਹ ਤਿਆਰੀ।
ਠਾਣੇ ਵਿੱਚ ਜਦ ਉਸਦੀ ਹੋਈ ਸੇਵਾ,
ਲੱਲੀ ਦੇ ਦਿੱਤੀ ਉਸ ਸਭ ਜਾਣਕਾਰੀ।

26

ਕਹਿੰਦੀ ਕਰ ਦਿਉ ਮੇਰੀ ਜੇ ਜਾਨ ਬਖਸ਼ੀ,
ਦੱਸਾਂ ਜਿੰਦਾਂ ਦੀ ਸਭ ਮੈਂ ਦਸਤਕਾਰੀ।
ਹੈਨਰੀ ਲਾਰੰਸ ਤੇ ਤੇਜ ਸਿੰਘ ਮਾਰਨੇ ਨੂੰ,
ਕਰ ਰੱਖੀ ਹੈ ਜਿੰਦਾਂ ਨੇ ਸਭ ਤਿਆਰੀ।
ਜਿਹੜੀ ਅਦਾਲਤ ਵਿੱਚ ਆਖੋ ਬਿਆਨ ਦੇਵਾਂ,
ਮੈਨੂੰ ਜਾਨ ਹੈ ਮੇਰੀ ਜੀ ਬਹੁਤ ਪਿਆਰੀ।
ਰਾਣੀ ਕੂਕਦੀ ਪਰੇਮਾ ਇਹ ਝੂਠ ਬੋਲੇ,
ਲੱਲੀ ਔਰਤ ਇਹ ਬੜੀ ਹੈ ਬਦਕਾਰੀ

27

ਲਾਰੰਸ ਸੁਣੀ ਨਾਂ ਰਾਣੀ ਦੀ ਗੱਲ ਕੋਈ,
ਲਾ ਅਦਾਲਤ ਉਹ ਹੁਕਮ ਸੁਣਾਂਵਦਾ ਈ।
ਕਰਾਂ ਰਾਣੀ ਦਾ ਮੈਂ ਇਲਾਜ ਯਾਰੋ,
ਇਲਜਾਮ ਜਿੰਦਾਂ ਤੇ ਵੱਡਾ ਉਹ ਲਾਂਵਦਾ ਈ।
ਕੈਦ ਰਾਣੀ ਨੂੰ ਉਸ ਤੁਰੰਤ ਕੀਤਾ,
ਸ਼ੇਖੂਪੁਰੇ ਦੇ ਕਿਲੇ ਪਹੁੰਚਾਂਵਦਾ ਈ।
ਸ਼ੇਰੇ ਪੰਜਾਬ ਦੀ ਇਹ ਮਹਿਬੂਬ ਰਾਣੀ,
ਲੱਲੀ ਕੈਦ ਦੇ ਵਿੱਚ ਸੁਟਾਂਵਦਾ ਈ।

28

ਤੇਰੀ ਮਾਂ ਨੇ ਪੁੱਟਿਆ ਰਾਜ ਤੇਰਾ,
ਦਲੀਪ ਸਿੰਘ ਨੂੰ ਸਬਕ ਪੜਾਂਵਦਾ ਈ।
ਇਸ ਰਾਣੀ ਨੂੰ ਕੱਢੀਏ ਦੇਸ਼ ਵਿੱਚੋਂ,
ਏਸ ਗੱਲ ਤੇ ਉਸਨੂੰ ਲਾਂਵਦਾ ਈ।

ਮਹਾਰਾਜਾ ਤਾਂ ਇੱਕ ਮਸੂਮ ਬੱਚਾ,
ਲਾਰੰਸ ਉਸਨੂੰ ਮਗਰ ਲਗਾਂਵਦਾ ਈ।
ਸ਼ੇਖੂਪੁਰੇ ਤੋਂ ਜਿੰਦਾਂ ਦੀਆਂ ਬੰਨ ਮੁਸ਼ਕਾਂ
ਬਨਾਰਸ ਸ਼ਹਿਰ ਉਹ ਲੱਲੀ ਪਹੁੰਚਾਂਵਦਾ ਈ।

29

ਸਿੱਖ ਸ਼ਿਪਾਹੀ ਨੂੰ ਚੜਿਆ ਬਹੁਤ ਗੁੱਸਾ,
ਕੌਣ ਹੁੰਦਾ ਇਹ ਪੁੱਤ ਅੰਗਰੇਜ ਯਾਰੋ।
ਸਾਡੀ ਰਾਣੀ ਹੈ ਸਾਡੜੀ ਰਾਜਮਾਤਾ,
ਬਨਾਰਸ ਵਿੱਚ ਫੜਕੇ ਦਿੱਤੀ ਭੇਜ ਯਾਰੋ।
ਇਹਨੂੰ ਪਤਾ ਨਹੀਂ ਖਾਲਸਾ ਅਜੇ ਜਿਉਂਦਾ,
ਇਹਦੀ ਛਾਤੀ ਵਿੱਚ ਕਰੇਗਾ ਛੇਦ ਯਾਰੋ।
ਪਏਗਾ ਖਾਲਸੇ ਨੂੰ ਇਸਦੇ ਨਾਲ ਲੜਨਾ,
ਲੱਲੀ ਇਸ ਵਿੱਚ ਸ਼ੱਕ ਨਾਂ ਭੇਦ ਯਾਰੋ।

30

ਮੂਲਰਾਜ ਇੱਕ ਬੁੱਢਾ ਜਰਨੈਲ ਹੈ ਜੀ,
ਹਾਕਮ ਹੈ ਉਹ ਵਿੱਚ ਮੁਲਤਾਨ ਮੀਆਂ।
ਟੈੱਕਸ ਲਾਇਆ ਅੰਗਰੇਜ ਨੇ ਬਹੁਤ ਸਾਰਾ,
ਦੇ ਨਹੀਂ ਸੱਕਿਆ ਇਹ ਸੁਲਤਾਨ ਮੀਆਂ।
ਅਸਤੀਫਾ ਲਿਖ ਲਹੌਰ ਉਸ ਘੱਲ ਦਿੱਤਾ,
ਦੇ ਨਹੀਂ ਸਕਦਾ ਏਨਾ ਲਗਾਨ ਮੀਆਂ।
ਅੰਗਰੇਜ ਸੋਚਿਆ ਬੰਦਾ ਨਹੀਂ ਕੰਮ ਦਾ ਇਹ,
ਲੱਲੀ ਭੇਜਿਆ ਕਾਹਨ ਸਿੰਘ ਮਾਨ ਮੀਆਂ।

31

ਬੰਦਾ ਇੱਕ ਅੰਗਰੇਜਾਂ ਨੂੰ ਬਹੁਤ ਰੜਕੇ,
ਉਹ ਸੀ ਚਤਰ ਸਿੰਘ ਸਰਦਾਰ ਮੀਆਂ
ਹਾਕਮ ਉਹ ਪਿਸ਼ਾਵਰ ਤੇ ਅਟਕ ਦਾ ਸੀ,
ਅੱਣਖੀ ਬੜਾ ਸੀ ਯੋਧਾ ਬਲਕਾਰ ਮੀਆਂ।
ਅੰਗਰੇਜੀ ਜੂਲਾ ਨਾਂ ਉਸਨੂੰ ਮੂਲ ਭਾਵੇ,
ਨਹੀਂ ਸੀ ਭਾਂਵਦੀ ਅੰਗਰੇਜ ਸਰਕਾਰ ਮੀਆਂ।
ਦਸਮ ਪਾਤਸ਼ਾਹ ਅਗੇ ਅਰਦਾਸ ਕਰਦਾ,
ਲੱਲੀ ਸੁੱਟੀਏ ਜੂਲਾ ਉਤਾਰ ਮੀਆਂ।

32

ਦੋਸਤ ਮੁਹੰਮਦ ਅਫਗਾਨਾ ਦਾ ਬਾਦਸ਼ਾਹ ਸੀ,
ਸੁਲਤਾਨ ਮੁਹੰਮਦ ਸੀ ਉਸਦਾ ਭਾਈ ਮੀਆਂ।
ਹੈਨਰੀ ਲਾਰੰਸ ਤੇ ਜਾਰਜ ਦਾ ਉਹ ਦੋਸਤ,
ਉਹਨਾ ਵਿਚ ਨਾਂ ਕੋਈ ਵੀ ਖਾਈ ਮੀਆਂ।
ਚਤਰ ਸਿੰਘ ਨੇ ਉਹਨਾ ਦੇ ਨਾਲ ਮਿਲਕੇ,
ਨਵੀਂ ਖਿੱਚੜੀ ਇੱਕ ਪਕਾਈ ਮੀਆਂ।
ਪਿਸ਼ਾਵਰ ਦੇ ਦਿਉ ਸਾਨੂੰ ਜੇ ਤੁਸੀਂ ਸਿੰਘੋ,
ਲੱਲੀ ਹੋਵਾਂਗੇ ਤੁਹਾਡੇ ਸਹਾਈ ਮੀਆਂ

33

ਕੁਦਰਤ ਰੱਬ ਦੀ ਲਾਰੰਸ ਬਿਮਾਰ ਹੋਇਆ,
ਪੰਜਾਬ ਨਹੀਂ ਸੀ ਉਸ ਨੂੰ ਰਾਸ ਮੀਆਂ।
ਗਰਮੀ ਪੰਜਾਬ ਦੀ ਗੋਰੇ ਨਹੀਂ ਝੱਲ ਸਕਦੇ,
ਠੰਡੇ ਮੁਲਖਾਂ ਵਿੱਚ ਉਹਨਾ ਦਾ ਵਾਸ ਮੀਆਂ।
ਕਿਹਾ ਡਾਕਟਰਾਂ ਜੇ ਤੂੰ ਰਿਹਾ ਏਥੇ,
ਤੇਰੀ ਸਿਹਤ ਦਾ ਹੋ ਜਊ ਨਾਸ ਮੀਆਂ।
ਭੱਜ ਗਿਆ ਇੰਗਲੈਂਡ ਨੂੰ ਉਹ ਲੱਲੀ,
ਭਰਾ ਜੌਹਨ ਦਾ ਏਥੇ ਹੁਣ ਠਾਠ ਮੀਆਂ।

SIKHBOOKCLUB.COM

34

ਬੰਬੇ ਜਾ ਕੇ ਵਿੱਚ ਜਹਾਜ ਚੜ੍ਹਿਆ,
ਉਹ ਤੇ ਵੱਲ ਵਲੈਤ ਦੇ ਜਾਂਵਦਾ ਈ।
ਟੁੰਡਾ ਲਾਟ ਵੀ ਉਸ ਜਹਾਜ ਅੰਦਰ,
ਆਪਣੇ ਯਾਰ ਦਾ ਸਾਥ ਨਿਭਾਂਵਦਾ ਈ।
ਫਰੈਡਰਿਕ ਕਰੀ ਆ ਗਿਆ ਲਹੌਰ ਯਾਰੋ,
ਰਾਜਦੂਤ ਇਹ ਨਵਾਂ ਇੱਕ ਆਂਵਦਾ ਈ।
ਡਲਹੌਜੀ ਆ ਗਿਆ ਟੁੰਡੇ ਦੀ ਜਗ੍ਹਾ ਲੱਲੀ,
ਰਾਜਧਾਨੀ ਕਲਕੱਤੇ ਵੱਲ ਧਾਂਵਦਾ ਈ।

35

ਨਵੇਂ ਸਨ ਇਹ ਦੋਵੇਂ ਅੰਗਰੇਜ ਅਫਸਰ,
ਨਹੀਂ ਪੰਜਾਬ ਦੀ ਇਹਨਾ ਨੂੰ ਸਾਰ ਮੀਆਂ।
ਸਿੱਖ ਸਰਦਾਰ ਸਲਾਮਾਂ ਸਨ ਨਿੱਤ ਕਰਦੇ,
ਰੱਖਦੇ ਦਿਲ ਦੇ ਵਿੱਚ ਪਰ ਖਾਰ ਮੀਆਂ।
ਸਿੱਖ ਸ਼ਿਪਾਹੀ ਸਨ ਗੁੱਸੇ ਦੇ ਵਿੱਚ ਫਿਰਦੇ,
ਕਰਦੇ ਗੋਰੇ ਨੂੰ ਮੂਲ ਨਾ ਪਿਆਰ ਮੀਆਂ।

ਸਿਰਫ ਸਮੇ ਨੂੰ ਸਨ ਉਡੀਕਦੇ ਉਹ,
ਜੂਲਾ ਲਾਹੁਣ ਨੂੰ ਲੱਲੀ ਤਿਆਰ ਮੀਆਂ।

36

ਮਾਨ ਤੋਰਿਆ ਅੰਗਰੇਜ਼ਾਂ ਮੁਲਤਾਨ ਵੱਲੇ,
ਜਾ ਕੇ ਤੂੰ ਹਕੂਮਤ ਸੰਭਾਲ ਓਥੇ।
ਮੂਲਰਾਜ ਦੀ ਜਾ ਕੇ ਕਰ ਛੁੱਟੀ,
ਸਾਨੂੰ ਕਹਿੰਦਾ ਮੈਂ ਹੋਇਆ ਕੰਗਾਲ ਓਥੇ।
ਨਾਲ ਐਗਨਿਊ, ਐਂਡਰਸਨ ਤੋਰ ਦਿੱਤੇ,
ਕਹੇ ਮਾਨ ਨਾਲ ਸਾਂਭ ਸੰਭਾਲ ਓਥੇ।
ਲੱਲੀ ਫੌਜ ਵੀ ਪੰਜੀ ਸੌ ਤੋਰ ਦਿੱਤੀ,
ਤੋਪਾਂ ਦਿੱਤੀਆਂ ਜਾਣ ਲਈ ਨਾਲ ਓਥੇ।

37

ਅੰਮ੍ਰਿਤਸਰ ਤੇ ਸ਼ਹਿਰ ਲਹੌਰ ਵਾਂਗੂੰ,
ਉੱਘਾ ਸ਼ਹਿਰ ਸੀ ਇਹ ਮੁਲਤਾਨ ਯਾਰੋ,
ਰਾਜਪੂਤ ਤੇ ਮੁਗਲਾਂ ਤੋਂ ਬਾਅਦ ਏਥੇ,
ਅਹਿਮਦ ਸ਼ਾਹ ਅਬਦਾਲੀ ਪਠਾਨ ਯਾਰੋ।
ਕਈ ਕੌਮਾਂ ਨੇ ਏਸ ਤੇ ਰਾਜ ਕੀਤਾ,
ਆਇਆ ਖਾਲਸਾ ਫਿਰ ਬਲਵਾਨ ਯਾਰੋ।
ਸ਼ੇਰੇ ਪੰਜਾਬ ਨੇ ਆਪਣੀਆਂ ਡਾਹ ਤੋਪਾਂ,
ਲੱਲੀ ਕੀਤਾ ਸੀ ਏਥੇ ਘਮਸਾਨ ਯਾਰੋ।

38

ਮੂਲਰਾਜ ਨੂੰ ਰਾਜ ਨਹੀਂ ਰਾਸ ਆਇਆ,
ਉਹਦੀ ਰਹਿ ਨਾ ਗਈ ਕੋਈ ਸ਼ਾਨ ਮੀਆਂ।
ਜੱਟ ਖਾਲਸਾ ਹੁਣ ਅੰਗਰੇਜ ਘੱਲਿਆ,
ਨਾਲ ਫੌਜ ਦੇ ਕਾਹਨ ਸਿੰਘ ਮਾਨ ਮੀਆਂ।
ਮੂਲਰਾਜ ਨੂੰ ਹੁਣ ਉਹ ਆਣ ਮਿਲਿਆ,
ਦੇਦੇ ਮੈਨੂੰ ਤੂੰ ਸਾਰਾ ਸਮਾਨ ਮੀਆਂ।
ਮੈਂ ਜਾਣਾਂ ਤੇ ਮੇਰਾ ਹੁਣ ਕੰਮ ਲੱਲੀ,
ਤੂੰ ਤੇ ਜਾ ਕੇ ਕਰ ਰਮਾਨ ਮੀਆਂ।

39

ਮਾਨ, ਐਂਡਰਸਨ, ਐਗਨਿਊ ਕਿਲੇ ਅੰਦਰ,
ਮੂਲਰਾਜ ਵੀ ਉਹਨਾ ਦੇ ਨਾਲ ਹੈ ਜੀ।

ਸਾਰਾ ਕਰ ਪ੍ਰਬੰਧ ਜਾਂ ਬਾਹਰ ਆਏ,
ਸਿਰ ਉਹਨਾ ਦੇ ਕੂਕਿਆ ਕਾਲ ਹੈ ਜੀ।
ਮੂਲਰਾਜ ਦੇ ਫੌਜੀਆਂ ਕਰ ਹਮਲਾ,
ਮਾੜਾ ਕਰ ਦਿੱਤਾ ਉਹਨਾ ਦਾ ਹਾਲ ਹੈ ਜੀ।
ਬੁਰੀ ਤਰਾਂ ਹੋਏ ਦੋਵੇਂ ਅੰਗਰੇਜ ਜਖਮੀ,
ਲੱਲੀ ਕੰਮ ਇਹ ਹੋਇਆ ਕਮਾਲ ਹੈ ਜੀ।

40

ਸੁਣੋ ਇਸ ਇਲਾਕੇ ਦਾ ਹਾਲ ਯਾਰੋ,
ਉੱਤਰ ਵਿੱਚ ਪਿਸ਼ੌਰ ਸੀ ਸ਼ਹਿਰ ਮੀਆਂ।
ਸਿੰਧ ਪਾਰ ਸੀ ਡੇਰਾ ਜਾਟ ਵੱਸਦਾ,
ਦੱਖਣ ਵਿੱਚ ਬਹਾਵਲਪੁਰ ਸ਼ਹਿਰ ਮੀਆਂ।
ਚਤਰ ਸਿੰਘ ਸਰਦਾਰ ਅਟਾਰੀ ਵਾਲਾ,
ਹਾਕਮ ਵਿੱਚ ਸੀ ਸ਼ਹਿਰ ਪਿਸ਼ੌਰ ਮੀਆਂ।
ਮੇਜਰ ਐਬਟ ਸੀ ਨਾਲ ਏਜੰਟ ਉਸਦੇ,
ਲੱਲੀ ਸਮਝਦਾ ਉਸ ਨੂੰ ਗੈਰ ਮੀਆਂ।

41

ਡੇਰਾ ਜਾਟ ਵਿੱਚ ਕੈਪਟਨ ਐਡਵਰਡ ਯਾਰੋ,
ਸਿੰਧ ਦਰਿਆ ਦੇ ਸੀ ਉਹ ਪਾਰ ਮੀਆਂ।
ਹੋਣਹਾਰ ਅੰਗਰੇਜ ਉਹ ਮਰਦ ਬੰਦਾ,
ਬਹੁਤ ਸਿਆਣਾ ਸੀ ਸਿਪ੍ਹਾ ਸਲਾਰ ਮੀਆਂ।
ਖਾਲਸਾ ਸਰਕਾਰ ਦਾ ਪੁਰਾਣਾ ਹੈ ਇੱਕ ਅਫਸਰ
ਵੈਨ ਕੋਰਟਲੈਂਡ ਉਸਦਾ ਯਾਰ ਮੀਆਂ।
ਲੱਲੀ ਜਿਗਰੀ ਯਾਰ ਸਨ ਇਹ ਦੋਵੇਂ,
ਇੱਕ ਦੂਸਰੇ ਲਈ ਵੱਡੀ ਠਾਹਰ ਮੀਆਂ

42

ਐਂਡਰਸਨ, ਐਗਨਿਊ ਹੋਏ ਫਿਰ ਜਦੋਂ ਜਖਮੀ,
ਕੀਤੀ ਐਡਵਰਡ ਨੂੰ ਹਾਲ ਪੁਕਾਰ ਹੈ ਜੀ।
ਮੂਲਰਾਜ ਜਾ ਕਿਲੇ ਦੇ ਵਿੱਚ ਬੈਠਾ,
ਫੌਜ ਸਾਰੀ ਹੀ ਬੇਮੁਹਾਰ ਹੈ ਜੀ।
ਮੂਲਰਾਜ ਕਹੇ ਮੇਰੇ ਨਾ ਵੱਸ ਕੋਈ,
ਮੇਰੀ ਕੋਈ ਨਹੀਂ ਲੈਂਦਾ ਸਾਰ ਹੈ ਜੀ।
ਮੇਰੀ ਫੌਜ ਹੁਣ ਮੇਰੇ ਤੇ ਹੋਈ ਭਾਰੂ,
ਲੱਲੀ ਕਰਦੀ ਇਹ ਮਾਰੋ ਮਾਰ ਹੈ ਜੀ।

43

ਮੂਲਰਾਜ ਨੇ ਲਿਆ ਅਸਤੀਫਾ ਵਾਪਸ,
ਬਣਿਆ ਬਗਾਵਤ ਦਾ ਉਹ ਸਰਦਾਰ ਮੀਆਂ।
ਐਡਵਰਡ ਨੂੰ ਜਦੋਂ ਸੀ ਖਬਰ ਹੋਈ,
ਤੁਰਤ ਜੰਗ ਨੂੰ ਹੋਇਆ ਤਿਆਰ ਮੀਆਂ।
ਕੋਰਟਲੈਂਡ ਨੂੰ ਨਾਲ ਰਲਾ ਉਸਨੇ,
ਕੀਤਾ ਸਿੰਧ ਚਨਾਬ ਨੂੰ ਪਾਰ ਮੀਆਂ।
ਬਹਾਵਲਪੁਰੀਏ ਨਵਾਬ ਨੂੰ ਲਿਖੀ ਚਿੱਠੀ,
ਲੰਘੀ ਸਤਲੁਜੋਂ ਆ ਉਰਾਰ ਮੀਆਂ।

44

ਓਧਰ ਵਿੱਚ ਮੁਲਤਾਨ ਦੇ ਹੋਈ ਗੜਬੜ,
ਫੌਜ ਹੋ ਗਈ ਕਾਬੂ ਤੋਂ ਬਾਹਰ ਯਾਰੋ।
ਮੁਲਤਾਨ ਸ਼ਹਿਰ ਦੇ ਲੋਕ ਵੀ ਨਾਲ ਰਲ ਗਏ,
ਨਾ ਕੋਈ ਹਾਕਮ ਤੇ ਨਾ ਸਰਕਾਰ ਯਾਰੋ।
ਐਂਡਰਸਨ ਤੇ ਅਗਨਿਊ ਮਾਰ ਦਿੱਤੇ,
ਫੜ ਲਿਆ ਕਾਹਨ ਸਿੰਘ ਸਰਦਾਰ ਯਾਰੋ,
ਧੱਕ ਕੇ ਕਿਲੇ ਵਿੱਚ ਕੀਤਾ ਕੈਦ ਲੰਘੀ,
ਮੁਲਤਾਨੀ ਜੰਗ ਨੂੰ ਹੋਏ ਤਿਆਰ ਯਾਰੋ।

SIKHBOOKCLUB.COM

45

ਖਾਲਸਾ ਸਿਪਾਹੀ ਸਨ ਗੁੱਸੇ ਨਾਲ ਭਰੇ ਹੋਏ,
ਇਕੱਠੇ ਹੋਣ ਉਹ ਲੱਗੇ ਮੁਲਤਾਨ ਮੀਆਂ।
ਛੱਡੋ ਮੂਲਰਾਜ ਚੰਗੇ ਹੈ ਅਸਾਂ ਲੜਨਾ,
ਅੰਗਰੇਜ ਸੋਧਣਾ ਅਸਾਂ ਸ਼ਤਾਨ ਮੀਆਂ।
ਐਡਵਰਡ ਵੀ ਆਪਣੀ ਫੌਜ ਲੈਕੇ,
ਆਉਂਦਾ ਵਧਦਾ ਵਾਂਗ ਤੂਫਾਨ ਮੀਆਂ।
ਸੱਦੂ ਸੰਮ ਦੇ ਪਿੰਡ ਉਹ ਆਣ ਪਹੁੰਚਾ
ਲੰਘੀ ਸਾਹਮਣੇ ਸ਼ਹਿਰ ਮੁਲਤਾਨ ਮੀਆਂ।

46

ਬਹਾਵਲਪੁਰੀਏ ਵੀ ਨਾਲ ਹਨ ਦੌਦ-ਪੁੱਤਰ,
ਮੁਲਤਾਨ ਸ਼ਹਿਰ ਦੇ ਵੱਲ ਸਭ ਧਾਂਵਦੇ ਜੀ।
ਮੂਲ ਰਾਜ ਦੀ ਸੈਨਾ ਵੀ ਆਣ ਡੱਟੀ,
ਹਮਲੇ ਉਹਨਾ ਦੇ ਨੂੰ ਠੱਲ ਪਾਂਵਦੇ ਜੀ।
ਐਡਵਰਡ ਨੇ ਦਿੱਤਾ ਭਜਾ ਸਭਨੂੰ,
ਹਟਕੇ ਸ਼ਹਿਰ ਦੇ ਵੱਲ ਉਹ ਜਾਂਵਦੇ ਜੀ।

ਛੱਡ ਗਏ ਮੈਦਾਨ ਵਿੱਚ ਕਈ ਤੋਪਾਂ,
ਬਾਕੀ ਸ਼ਹਿਰ ਵੱਲ ਲੱਲੀ ਲਿਜਾਂਵਦੇ ਜੀ।

47

ਐਡਵਰਡ ਦੇ ਕੋਲ ਸੀ ਫੌਜ ਥੋੜੀ,
ਨਹੀਂ ਤੇ ਸ਼ਹਿਰ ਦੇ ਵਿੱਚ ਉਸ ਜਾਵਣਾ ਸੀ।
ਹੁੰਦੀਆਂ ਉਸ ਕੋਲ ਜੇ ਕਿਲਾ-ਤੋੜ ਤੋਪਾਂ,
ਉਸਨੇ ਕਿਲੇ ਨੂੰ ਜਾ ਘੇਰਾ ਪਾਵਣਾ ਸੀ।
ਏਸੇ ਲਈ ਪਿਛਾਂਅ ਉਹ ਮੁੜ ਆਇਆ,
ਬੇਵਜ੍ਹਾ ਕੀ ਖਤਰਾ ਉਠਾਵਣਾ ਸੀ।
ਲੱਲੀ ਸ਼ਹਿਰ ਤੋਂ ਦੂਰ ਉਹ ਜਾ ਬੈਠਾ,
ਲਹੌਰੋਂ ਹੋਰ ਵੀ ਫੌਜ ਨੇ ਆਵਣਾ ਸੀ।

48

ਮਜਬੂਤ ਬਹੁਤ ਮੁਲਤਾਨ ਦਾ ਕਿਲਾ ਹੈਸੀ,
ਕੰਧਾਂ ਉਸਦੀਆਂ ਵਾਂਗ ਫੌਲਾਦ ਮੀਆਂ।
ਛੋਟੀਆਂ ਤੋਪਾਂ ਦਾ ਗੋਲਾ ਫਜ਼ੂਲ ਓਥੇ,
ਹਮਲਾਵਰ ਫੌਜ ਹੋ ਜਾਂਦੀ ਬਰਬਾਦ ਮੀਆਂ।
ਫਰੈਡਰਿਕ ਕਰੀ ਏਜੰਟ ਲਹੌਰ ਬੈਠਾ,
ਐਡਵਰਡ ਆਖਿਆ ਭੇਜ ਇਮਦਾਦ ਮੀਆਂ।
ਕਿਲਾ-ਤੋੜ ਤੋਪਾਂ ਜੇ ਤੂੰ ਭੇਜ ਦੇਵੇਂ
ਲੱਲੀ ਕਿਲੇ ਨੂੰ ਕਰਾਂ ਬਰਬਾਦ ਮੀਆਂ।

49

ਐਡਵਰਡ ਕਰੀ ਸੀ ਬੜਾ ਹੀ ਸੁਸਤ ਬੰਦਾ,
ਫੈਸਲੇ ਲੈਣ ਵਿੱਚ ਦੇਰ ਸਵੇਰ ਕਰਦਾ।
ਜੰਗੀ ਲਾਟ ਦੀ ਸਦਾ ਸਲਾਹ ਲੈਂਦਾ,
ਲਾਟ ਫੈਸਲੇ ਕਰਨ ਵਿੱਚ ਦੇਰ ਕਰਦਾ।
ਐਡਵਰਡ ਨੇ ਜੋ ਇਮਦਾਦ ਮੰਗੀ,
ਉਸਦੇ ਵਿੱਚ ਵੀ ਹੇਰ ਫੇਰ ਕਰਦਾ।
ਕਹਿੰਦਾ ਮੌਸਮ ਹੈ ਬਹੁਤ ਹੀ ਗਰਮ ਲੱਲੀ,
ਮਦਦ ਭੇਜਣੇ ਵਿੱਚ ਉਹ ਦੇਰ ਕਰਦਾ।

50

ਅੰਤ ਇੱਕ ਲਹੌਰੋਂ ਉਸ ਫੌਜ ਭੇਜੀ,
ਸ਼ੇਰ ਸਿੰਘ ਦੀ ਵਿੱਚ ਕਮਾਨ ਮੀਆਂ।

ਤਰਦੀ ਰਾਵੀ ਚਨਾਬ ਦੇ ਇਹ ਪਾਣੀ,
ਪਹੁੰਚੀ ਗੋਰਗਾਂ ਦੇ ਅਸਥਾਨ ਮੀਆਂ।
ਸ਼ੇਰ ਸਿੰਘ ਤੇ ਨਹੀਂ ਇਤਬਾਰ ਕਰਦਾ,
ਉਸਨੂੰ ਸਮਝਦਾ ਸੀ ਬਈਮਾਨ ਮੀਆਂ।
ਐਡਰਵਡ ਰੱਖਦਾ ਉਸਤੇ ਨਜਰ ਲੱਲੀ,
ਅਟਾਰੀਵਾਲਾ ਹੋਇਆ ਪਰੇਸ਼ਾਨ ਮੀਆਂ।

51

ਚਤਰ ਸਿੰਘ ਸਰਦਾਰ ਸੀ ਅੱਣਖ ਵਾਲਾ,
ਐਬਟ ਉਸਦੀ ਨਾ ਪ੍ਰਵਾਹ ਕਰਦਾ।
ਪਿਸ਼ਾਵਰ ਇਲਾਕੇ ਦੇ ਪਠਾਨ ਕਬੀਲਿਆਂ ਨੂੰ,
ਸ਼ਹਿ ਦੇ ਕੇ ਉਹ ਗੁਮਰਾਹ ਕਰਦਾ।
ਪਠਾਨ ਲੱਗੇ ਵੰਗਾਰਨ ਫਿਰ ਚਤਰ ਸਿੰਘ ਨੂੰ,
ਐਬਟ ਵਧੀਕੀਆਂ ਬੇਪਨਾਹ ਕਰਦਾ।
ਅਟਾਰੀਵਾਲੇ ਕਨੋਰੇ ਨੂੰ ਹੁਕਮ ਦਿੱਤਾ,
ਕਿਲਾ ਦੇਣ ਤੋਂ ਲੱਲੀ ਉਹ ਨਾਂਹ ਕਰਦਾ।

52

ਅਟਾਰੀਵਾਲੇ ਨੇ ਕਿਲੇ ਤੇ ਕਰ ਕਬਜ਼ਾ,
ਦਿੱਤਾ ਕਰਨਲ ਕਨੋਰੇ ਨੂੰ ਮਾਰ ਮੀਆਂ।
ਕੈਪਟਨ ਐਬਟ ਦਾ ਕੋਈ ਨਾ ਵੱਸ ਚਲਿਆ,
ਫਰੈਡਰਿਕ ਕਰੀ ਨੂੰ ਕੀਤੀ ਪੁਕਾਰ ਮੀਆਂ।
ਚਤਰ ਸਿੰਘ ਤੇ ਉਸ ਇਲਜਾਮ ਲਾਇਆ,
ਇਹਨੇ ਕਨੌਰੇ ਦਾ ਕੀਤਾ ਸ਼ਿਕਾਰ ਮੀਆਂ।
ਲਿਆ ਆਪਣੇ ਅਫਸਰ ਦਾ ਪੱਖ ਲੱਲੀ,
ਗਵੱਰਨਰੀ ਆਹੁਦੇ ਤੋਂ ਲਾਹਿਆ ਸਰਦਾਰ ਮੀਆਂ।

53

ਚਤਰ ਸਿੰਘ ਨੂੰ ਗੁੱਸਾ ਸੀ ਬਹੁਤ ਆਇਆ,
ਝੰਡਾ ਲਿਆ ਬਗਾਵਤ ਦਾ ਚੁੱਕ ਯਾਰੋ।
ਨਾਲ ਖਾਲਸੇ ਨੂੰ ਉਸ ਅਪੀਲ ਕੀਤੀ,
ਸ਼ੇਰ ਸਿੰਘ ਵੀ ਉਸਦਾ ਪੁੱਤ ਯਾਰੋ।
ਪੁੱਤਰ ਸ਼ੇਰ ਦਾ ਹੈਂ ਤੇ ਕਰ ਹਿੰਮਤ,
ਇਹ ਅੰਗਰੇਜ ਹੈ ਬੜਾ ਕਰੂੱਕ ਯਾਰੋ।
ਕੱਢੀਏ ਮਾਰ ਕੇ ਲੱਲੀ ਪੰਜਾਬ ਵਿੱਚੋਂ,
ਜੇ ਤੂੰ ਅਸਲ ਸਰਦਾਰ ਦਾ ਪੁੱਤ ਯਾਰੋ।

54

ਸ਼ੇਰ ਸਿੰਘ ਨੇ ਪਿਉ ਦਾ ਮੰਨ ਕਹਿਣਾ,
ਛੱਡ ਦਿੱਤਾ ਅੰਗਰੇਜ਼ ਦਾ ਸਾਥ ਭਾਈ।
ਧਾਹ ਉਹ ਹਜ਼ਾਰੇ ਦੇ ਵੱਲ ਆਇਆ,
ਆਇਆ ਦਰਿਆ ਚਨਾਬ ਦੇ ਪਾਸ ਭਾਈ।
ਸਿੱਖ ਕੌਮ ਨੂੰ ਕਿਹਾ ਵੰਗਾਰ ਉਸਨੇ,
ਅਜ਼ਾਦੀ ਜੇ ਚਾਹੁੰਦੇ ਦਿਉ ਸਾਥ ਭਾਈ।
ਲੱਲੀ ਕੱਢੀਏ ਅੰਗਰੇਜ਼ ਪੰਜਾਬ ਵਿੱਚੋਂ,
ਜਮਨਾ ਪਾਰ ਹੋਏ ਇਸਦਾ ਵਾਸ ਭਾਈ।

55

ਭਾਂਬੜ ਵਿੱਚ ਪੰਜਾਬ ਦੇ ਬਲਣ ਲੱਗੇ,
ਦੁਸ਼ਮਣ ਬਣੇ ਸਭ ਲੋਕ ਸਰਕਾਰ ਦੇ ਜੀ।
ਗੁਲਾਮੀ ਨਹੀਂ ਅੰਗਰੇਜ਼ ਦੀ ਅਸਾਂ ਕਰਨੀ,
ਨਫਰਤ ਨਾਲ ਪੰਜਾਬੀ ਪੁਕਾਰਦੇ ਜੀ।
ਧੂਹ ਲਈਆਂ ਸਮਸ਼ੀਰਾਂ ਫਿਰ ਖਾਲਸੇ ਨੇ,
ਨਾਹਰੇ ਬੋਲੇ ਸੋ ਨਿਹਾਲ ਦੇ ਮਾਰਦੇ ਜੀ।
ਜੂਲੇ ਗੁਲਾਮੀ ਦੇ ਲੱਲੀ ਹੁਣ ਲਾਹ ਦੇਣੇ,
ਅਜ਼ਾਦ ਰਵ੍ਹਾਂਗੇ ਵਿੱਚ ਸੰਸਾਰ ਦੇ ਜੀ।

SIKHBOOKCLUB.COM

56

ਵੱਡਾ ਲਾਟ ਵੀ ਤੁਰਿਆ ਖਾ ਗੁੱਸਾ,
ਡਲਹੌਜ਼ੀ ਵੱਲ ਪੰਜਾਬ ਦੇ ਧਾਂਵਦਾ ਈ।
ਸਿੱਖ ਭੁਲ ਗਏ ਆਪਣੀਆਂ ਸਭ ਹਾਰਾਂ,
ਲਾਟ ਮੁੱਖ ਤੋਂ ਇਹ ਫੁਰਮਾਂਵਦਾ ਈ।
ਕੱਢ ਦੇਵਾਂਗਾ ਸਿੰਘਾਂ ਦੀਆਂ ਸਭ ਰੜਕਾਂ,
ਪੀਂਹਦਾ ਦੰਦ ਕਚੀਚੀਆਂ ਖਾਂਵਦਾ ਈ।
ਅਕਤੂਬਰ ਵਿੱਚ ਉਹ ਆਣ ਲਹੌਰ ਪਹੁੰਚਾ,
ਲੱਲੀ ਫੌਜਾਂ ਨੂੰ ਹੁਕਮ ਸੁਣਾਂਵਦਾ ਈ।

57

ਇੱਕ ਹੋਰ ਮੁਲਤਾਨ ਉਸ ਫੌਜ ਭੇਜੀ,
ਜਰਨੈਲ ਵਿੱਢ ਮੁਲਤਾਨ ਵੱਲ ਜਾਂਵਦਾ ਈ।
ਬੰਬੇ ਗਵੱਰਨਰ ਨੂੰ ਭੇਜ ਕੇ ਦੂਤ ਆਪਣਾ,
ਹੋਰ ਫੌਜ ਮੁਲਤਾਨ ਮੰਗਾਵਦਾ ਈ।

ਬਰਗੇਡੀਅਰ ਡੈਂਡਾਸ ਵੀ ਵਿੱਚ ਮੁਲਤਾਨ ਪਹੁੰਚਾ,
ਹਮਲਾ ਕਰਨ ਦੀ ਬਣਤ ਬਣਾਂਵਦਾ ਈ।
ਲੱਲੀ ਸ਼ਹਿਰ ਮੁਲਤਾਨ ਹੁਣ ਵਿੱਚ ਘੇਰੇ,
ਕਿਲਾ ਤੋੜਨ ਦਾ ਹੁਕਮ ਸੁਣਾਂਵਦਾ ਈ।

58

ਫਿਰੋਜ਼ਪੁਰ ਤੋਂ ਗੱਫ ਨੇ ਕੂਚ ਕੀਤਾ,
ਆਇਆ ਕਰ ਲਹੌਰ ਤਿਆਰੀਆਂ ਜੀ।
ਨਾਲ ਉਸਦੇ ਫੌਜ ਸੀ ਬਹੁਤ ਵੱਡੀ,
ਗੋਲਾਬਾਰੀ ਲਈ ਤੋਪਾਂ ਵੀ ਭਾਰੀਆਂ ਜੀ।
ਘੋੜ ਸਵਾਰਾਂ ਦੀਆਂ ਵਰਦੀਆਂ ਖੂਬ ਚਮਕਣ,
ਗੋਰੇ ਫੌਜੀ ਵੀ ਮਾਰਨ ਕਿਲਕਾਰੀਆਂ ਜੀ।
ਪੈਦਲ ਫੌਜੀ ਵੀ ਆਕੜ ਕੇ ਤੁਰਨ ਲੱਲੀ,
ਜਾਨਾਂ ਉਹਨਾ ਨੂੰ ਨਹੀਂ ਪਿਆਰੀਆਂ ਜੀ।

59

ਜੰਗੀ ਲਾਟ ਨੇ ਰਾਵੀ ਫਿਰ ਪਾਰ ਕੀਤੀ,
ਗੱਫ ਵਧਿਆ ਵੱਲ ਚਨਾਬ ਮੀਆਂ।
ਡਿੰਘੀ ਪਿੰਡ ਵਿੱਚ ਉਸ ਜਾ ਕੈਂਪ ਲਾਇਆ,
ਬੈਠਾ ਵਿੱਚ ਉਹ ਰਚਨਾ ਦੁਆਬ ਮੀਆਂ।
ਰਾਮਨਗਰ ਵੀ ਇਸ ਤੋਂ ਦੂਰ ਨਾਹੀਂ,
ਜਿਥੇ ਖਾਲਸੇ ਦੀ ਪੂਰੀ ਤਾਬ ਮੀਆਂ।
ਸ਼ੇਰ ਸਿੰਘ ਨੇ ਲੱਲੀ ਸਨ ਲਾਏ ਡੇਰੇ,
ਕੋਲ ਵਹਿੰਦਾ ਦਰਿਆ ਦਾ ਆਬ ਮੀਆਂ।

60

ਰਾਮਨਗਰ ਦੇ ਵੱਲ ਫਿਰ ਲਾਟ ਵਧਿਆ,
ਤੋਪਾਂ ਸਾਹਮਣੇ, ਪਿਛੇ ਹੈ ਫੌਜ ਸਾਰੀ।
ਦੋਵਾਂ ਸਿਰਿਆਂ ਤੇ ਘੋੜ ਸਵਾਰ ਤੁਰਦੇ,
ਹੈ ਸੀ ਬੜੀ ਹੀ ਵੱਡੀ ਇਹ ਫੌਜ ਭਾਰੀ।
ਪਾਰ ਚਨਾਬ ਦੇ ਖਾਲਸਾ ਸ਼ੇਰ ਬੈਠਾ,
ਜੰਗ ਕਰਨ ਲਈ ਕੀਤੀ ਹੈ ਸਭ ਤਿਆਰੀ।
ਸ਼ੇਰ ਸਿੰਘ ਨੇ ਮੁੱਛਾਂ ਨੂੰ ਵੱਟ ਦਿੱਤਾ,
ਆਉ ਲਾਟ ਜੀ ਲੱਲੀ ਮੈਂ ਜਾਵਾਂ ਵਾਰੀ।

61

ਰਾਮ ਨਗਰ ਦਾ ਪੱਤਣ ਹੈ ਬੜਾ ਚੌੜਾ,
ਧਾਰਾਂ ਕਈ ਚਨਾਬ ਦੀਆਂ ਵਗਦੀਆਂ ਨੀਂ
ਕਦੀ ਸੁੱਕ ਜਾਣ ਕਦੀ ਭਰਪੂਰ ਪਾਣੀ,
ਕਦੀ ਬਣਾਉਣ ਟਾਪੂ ਕਦੀ ਕੱਜਦੀਆਂ ਨੀ।
ਸਰਦੀ ਵਿੱਚ ਹੈ ਨਦੀ ਵਿੱਚ ਘੱਟ ਪਾਣੀ
ਵਿੱਚ ਬਰਸਾਤ ਦੇ ਧਾਰਾਂ ਇਹ ਗੱਜਦੀਆਂ ਨੀਂ।
ਥਲ ਨਦੀ ਦਾ ਲੱਲੀ ਹੈ ਰੇਤਲਾ ਜੀ,
ਘੋੜੀਆਂ ਇਸ ਵਿੱਚ ਭੱਜ ਨਾਂ ਸਕਦੀਆਂ ਨੀਂ।

62

ਤੋਪਾਂ ਗੱਫ ਦੀਆਂ ਅੱਗ ਵਰਾਉਣ ਲੱਗੀਆਂ,
ਗੋਲੇ ਪਾਰ ਚਨਾਬ ਵਰਸਾਉਂਦੀਆਂ ਨੀ।
ਤੋਪਾਂ ਖਾਲਸੇ ਦੀਆਂ ਕਿਹੜੀਆਂ ਘੱਟ ਅੱਗੋਂ,
ਕਰਾਰੇ ਗੋਲੇ ਉਹ ਅੱਗੋਂ ਵਰਾਉਂਦੀਆਂ ਨੀ।
ਮੌਤ ਫਿਰਦੀ ਅੱਜ ਲੈ ਕੇ ਲਾਲ ਪੱਲਾ,
ਕਈ ਜਾਨਾਂ ਇਹ ਭੇਟ ਚੜ੍ਹਾਉਂਦੀਆਂ ਨੀ।
ਛੋਲੇ ਫੌਜੀਆਂ ਦੇ ਜੋਸ਼ ਨਾਲ ਫੜਕਣ,
ਖੂਨ ਉਹਨਾ ਦਾ ਲੱਲੀ ਗਰਮਾਉਂਦੀਆਂ ਨੀ।

SIKHBOOKCLUB.COM

63

ਜੈਕਾਰੇ ਛੱਡਦੇ ਖਾਲਸੇ ਸ਼ੇਰ ਬੱਗੇ,
ਸਿੰਘ ਸੂਰਮੇ ਘੋੜ ਸਵਾਰ ਮੀਆਂ।
ਪਾਣੀ ਚਨਾਬ ਦਾ ਚੀਰਦੇ ਵਧੇ ਅੱਗੇ,
ਕਰਦੇ ਉਹ ਦਰਿਆ ਨੂੰ ਪਾਰ ਮੀਆਂ।
ਬਰਗੇਡੀਅਰ ਵਾਈਟ ਨੂੰ ਗੱਫ ਫਿਰ ਕਹਿਣ ਲੱਗਾ,
ਰੋਕੋ ਇਹਨਾ ਨੂੰ ਕਰੋ ਫਰਾਰ ਮੀਆਂ।
ਵਾਈਟ ਹੁਕਮ ਦਿੱਤਾ ਕਰਨਲ ਹੇਵਹੀ ਨੂੰ,
ਲੱਲੀ ਇਹਨਾ ਦੀ ਲੈ ਤੂੰ ਸਾਰ ਮੀਆਂ।

64

ਘੋੜ ਸਵਾਰ ਹੁਣ ਆਪਸ ਵਿੱਚ ਭਿੜਨ ਲੱਗੇ,
ਚੰਗੀ ਚੱਲੀ ਫਿਰ ਓਥੇ ਸਮਸ਼ੀਰ ਯਾਰੋ।
ਨੇਜੇ ਚੱਲਦੇ ਛਾਤੀਆਂ ਵਿੱਚ ਵੱਜਣ,
ਗੋਲੀਆਂ ਵੱਜਦੀਆਂ ਸਨ ਵਾਂਗ ਤੀਰ ਯਾਰੋ।

ਘੋੜ ਸਵਾਰ ਕਈ ਓਥੇ ਸ਼ਹੀਦ ਹੋਏ,
ਲੜ ਮਰਨਾ ਵਿੱਚ ਤਕਦੀਰ ਯਾਰੋ।
ਏਨਾ ਓਥੇ ਘਮਸਾਣ ਦਾ ਯੁੱਧ ਹੋਇਆ,
ਖਿੱਚ ਨਹੀਂ ਸਕਦਾ ਲੱਲੀ ਤਸਵੀਰ ਯਾਰੋ।

65

ਅੰਗਰੇਜੀ ਤੋਪ ਇੱਕ ਫਸੀ ਵਿੱਚ ਰੇਤ ਦੇ ਸੀ,
ਫੌਜੀ ਦੇ ਮੋਢੇ ਉਹਨੂੰ ਕੱਢਣ ਲੱਗੇ,
ਪਰ ਪਹੀਏ ਨਾ ਹਿੱਲਣ ਦਾ ਨਾਂ ਲੈਂਦੇ,
ਡੂੰਘੇ ਹੋਰ ਉਹ ਰੇਤ ਵਿੱਚ ਧੱਸਣ ਲੱਗੇ।
ਜਰਨੈਲ ਆਖਦਾ ਕੱਢਕੇ ਤੋਪ ਲਿਆਉ,
ਕਈ ਹੋਰ ਫੌਜੀ ਉਧਰ ਭੱਜਣ ਲੱਗੇ।
ਲੱਲੀ ਖਾਲਸੇ ਨੇ ਕੀਤੀ ਗੋਲਾਬਾਰੀ,
ਕੈਂਕਰਾਂ ਵਾਲੇ ਗੋਲੇ ਓਥੇ ਵੱਜਣ ਲੱਗੇ।

66

ਕਾਫੀ ਗਿਣਤੀ ਵਿੱਚ ਮਰੇ ਅੰਗਰੇਜ ਸੈਨਿਕ,
ਬਾਕੀ ਭੱਜ ਕੇ ਪਿੱਛੇ ਨੂੰ ਆਂਵਦੇ ਨੀਂ
OKCLUB.COM
ਰੇਤਲੀ ਜਮੀਨ ਵਿੱਚ ਭੱਜਣਾ ਬੜਾ ਔਖਾ,
ਜਾਨਾ ਕਈ ਅੰਗਰੇਜ ਗਵਾਂਵਦੇ ਨੀਂ।
ਤੋਪ ਕੀਤੀ ਫਨਾਂਹ ਸਿੱਖ ਗੋਲਿਆਂ ਨੇ
ਹੋਏ ਨੁਕਸਾਨ ਤੇ ਅਫਸਰ ਪਛਤਾਂਵਦੇ ਨੀਂ।
ਜੰਗ ਵਿੱਚ ਲੱਲੀ ਸਭ ਕੁਝ ਜਾਇਜ ਕਹਿੰਦੇ,
ਜਿਹੜੇ ਬਚੇ ਉਹ ਸ਼ੁਕਰ ਮਨਾਂਵਦੇ ਨੀ।

67

ਖਾਲਸਾ ਘੋੜ ਸਵਾਰਾਂ ਦੀ ਇੱਕ ਟੁਕੜੀ,
ਆਈ ਅੰਗਰੇਜਾਂ ਵੱਲ ਇਸ ਪਾਰ ਯਾਰੋ।
ਬ੍ਰਗੇਡੀਅਰ ਵਾਈਟ ਨੇ ਘੋੜ ਸਵਾਰ ਆਪਣੇ,
ਕੀਤੇ ਟਾਕਰੇ ਲਈ ਤਿਆਰ ਯਾਰੋ।
ਕਰਨਲ ਹੈਵਲਕ ਕਰੇ ਕਮਾਨ ਏਥੇ,
ਅਫਸਰ ਬੜਾ ਹੀ ਤੇਜ ਤਰਾਰ ਯਾਰੋ।
ਸਰਪੱਟ ਹੱਲਾ ਕੀਤਾ ਲੱਲੀ ਖਾਲਸੇ ਤੇ,
ਰੇਤਲੇ ਥਲ ਦੀ ਨਾਂ ਰੱਖੀ ਸਾਰ ਯਾਰੋ।

68

ਸਿੰਘ ਹਿਰਨ ਹੋ ਗਏ ਸਨ ਵੱਲ ਪੱਤਣ,
ਹੈਵਲਕ ਵੀ ਮਗਰ ਹੀ ਧਾਂਵਦਾ ਈ।
ਕੀਤੀ ਮੂਲ ਪ੍ਰਵਾਹ ਉਸ ਰੇਤ ਦੀ ਨਾਂ,
ਬਿਲਕੁਲ ਕੋਲ ਚਨਾਬ ਦੇ ਜਾਂਵਦਾ ਈ।
ਲੰਮੀ ਕਾਹੀ ਤੇ ਕਾਨਿਆਂ ਵਿੱਚ ਬੈਠੇ,
ਸਿੱਘ ਸ਼ਿਪਾਹੀਆਂ ਤੇ ਹੱਲਾ ਬੁਲਾਂਵਦਾ ਈ।
ਸੁੰਬ ਘੋੜਿਆਂ ਦੇ ਰੇਤ ਵਿੱਚ ਖੁੱਭਣ,
ਹੋਈ ਗਲਤੀ ਤੇ ਲੱਲੀ ਪਛਤਾਂਵਦਾ ਈ।

69

ਸਿੰਘ ਫੌਜੀਆਂ ਨੇ ਗੋਰੇ ਫੁੰਡ ਸੁੱਟੇ,
ਪੰਜਾਹ ਰੇਤ ਵਿੱਚ ਹੋਏ ਹਲਾਕ ਮੀਆਂ।
ਕਈ ਹੋਰ ਵੀ ਗੋਰੇ ਹੋ ਗਏ ਫੱਟੜ,
ਹੈਵਲਕ ਦਾ ਸੀਨਾ ਵੀ ਚਾਕ ਮੀਆਂ।
ਬਰਗੇਡੀਅਰ ਕੁਰਟਨ ਸੀ ਕਰਨ ਇਮਦਾਦ ਗਿਆ,
ਗੋਲੀ ਖਾ ਕੇ ਹੋਇਆ ਹਲਾਕ ਮੀਆਂ।
ਲੱਲੀ ਹੋਰ ਵੀ ਮਰ ਗਏ ਕਈ ਅਫਸਰ,
ਲਾਰਡ ਗੱਫ ਹੋਇਆ ਗ਼ਮਨਾਕ ਮੀਆਂ।

70

ਗੱਫ ਵੇਖਿਆ ਜਾਂਦੀ ਨਾ ਪੇਸ਼ ਕੋਈ,
ਚਨਾਬ ਕਰ ਨਹੀਂ ਸਕਦੇ ਪਾਰ ਮੀਆਂ।
ਇੱਕ ਨਵੀਂ ਤਰਕੀਬ ਬਣਾਈਂ ਉਸਨੇ,
ਸ਼ੇਰ ਸਿੰਘ ਨੂੰ ਦੇਣ ਲਈ ਹਾਰ ਮੀਆਂ।
ਅੱਧੀ ਫੌਜ ਦੇ ਕੇ ਜਨਰਲ ਥੈਕਵਲ ਨੂੰ,
ਵਜ਼ੀਰਾਬਾਦ ਲਈ ਕੀਤਾ ਤਿਆਰ ਮੀਆਂ।
ਲੱਲੀ ਜਾ ਦਰਿਆ ਉਸ ਪਾਰ ਕੀਤਾ,
ਸ਼ੇਰ ਸਿੰਘ ਨੂੰ ਹੋਈ ਨਾ ਸਾਰ ਮੀਆਂ।

71

ਬਾਈ ਮੀਲ ਦਾ ਪੈਂਡਾ ਸੀ ਤਹਿ ਕਰਕੇ,
ਜਦੋਂ ਕੀਤਾ ਚਨਾਬ ਉਸ ਪਾਰ ਮੀਆਂ।
ਰਾਮਨਗਰ ਦੇ ਵੱਲ ਉਸ ਰੁੱਖ ਕੀਤਾ,
ਮੋੜੀ ਫੌਜ ਦੀ ਉਸ ਮੁਹਾਰ ਮੀਆਂ।

ਦਰਿਆ ਦੇ ਨਾਲ ਤੁਰਦਾ ਸਦੂਲਪੁਰ ਪਹੁੰਚਾ,
ਸ਼ੇਰ ਸਿੰਘ ਨੂੰ ਹੋਈ ਫਿਰ ਸਾਰ ਮੀਆਂ।
ਅੱਗੇ ਵਧ ਕੇ ਉਸ ਦਾ ਰਾਹ ਰੋਕੇ,
ਲੱਲੀ ਜੰਗ ਨੂੰ ਹੋਇਆ ਤਿਆਰ ਮੀਆਂ।

72

ਛੱਡਦਾ ਜੈਕਾਰੇ ਵਧਿਆ ਖਾਲਸਾ ਜੀ,
ਸਿਰ ਗੋਰਿਆਂ ਦੇ ਉਸ ਵੱਢ ਸੁੱਟੇ।
ਘੋੜ ਸਵਾਰਾਂ ਨੇ ਖੂਬ ਫਿਰ ਤੇਗ ਵਾਹੀ,
ਕਈ ਗੋਰਿਆਂ ਦੇ ਓਥੇ ਪ੍ਰਾਣ ਛੁੱਟੇ।
ਮੁੜ ਅੰਗਰੇਜ ਨੇ ਬੋਲਿਆ ਫਿਰ ਧਾਵਾ,
ਕਈ ਖਾਲਸੇ ਮਾਰ ਮੈਦਾਨ ਸੁੱਟੇ
ਹੱਥੋ ਹੱਥ ਲੜਾਈ ਸੀ ਖੂਬ ਹੋਈ,
ਲੱਲੀ ਕਈ ਸਿਪਾਹੀਆਂ ਦੇ ਹੱਡ ਟੁੱਟੇ।

73

ਹੋਇਆ ਲੜਾਈ ਦਾ ਕੋਈ ਨਾ ਫੈਸਲਾ ਜੀ,
ਹਨੇਰਾ ਪੈ ਗਿਆ ਹੋ ਗਈ ਰਾਤ ਯਾਰੋ।
ਸਿੰਘ ਛੱਡ ਸਦੂਲਪੁਰ ਗਏ ਜਿਹਲਮ,
ਓਥੇ ਜਾ ਕੇ ਲਾਈ ਕਨਾਤ ਯਾਰੋ।
ਅੰਗਰੇਜ ਚੁੱਕ ਕੇ ਆਪਣੇ ਫੱਟੜਾਂ ਨੂੰ,
ਪਿੱਛੇ ਲੈ ਆਏ ਪੁੱਛੀ ਵਾਤ ਯਾਰੋ।
ਬਣੀਆਂ ਕਬਰਾਂ ਤੇ ਬਲੀਆਂ ਕਈ ਮੜੀਆਂ,
ਲੱਲੀ ਹੋਣੀ ਹੈ ਬੜੀ ਕੰਮਜਾਤ ਯਾਰੋ।

74

ਸਦੂਲਪੁਰ ਤੋਂ ਬਾਅਦ ਫਿਰ ਲਾਟ ਜੰਗੀ,
ਹੇਲੇ ਪਿੰਡ ਜਾ ਕੇ ਡੇਰੇ ਲਾਂਵਦਾ ਈ।
ਮੁਲਤਾਨੀ ਫੌਜ ਦੀ ਕਰਾਂ ਉਡੀਕ ਏਥੇ,
ਗੱਲ ਮੁੱਖ ਤੋਂ ਇਹ ਫੁਰਮਾਂਵਦਾ ਈ।
ਬੈਠ ਗਿਆ ਉਹ ਲਾ ਕਨਾਤ ਏਥੇ,
ਇੱਕ ਮਹੀਨਾ ਉਹ ਡੰਗ ਟਪਾਂਵਦਾ ਈ
ਸ਼ੇਰ ਸਿੰਘ ਹੈ ਖਤਰਨਾਕ ਦੁਸ਼ਮਣ,
ਲੱਲੀ ਲਾਟ ਨੂੰ ਮੂਲ ਨਾ ਭਾਂਵਦਾ ਈ।

75

ਵੱਡਾ ਲਾਟ ਸੀ ਅਜੇ ਤੱਕ ਚੁੱਪ ਬੈਠਾ,
ਲਾਰਡ ਡਲਹੌਜ਼ੀ ਬੇਸਬਰ ਇੰਨਸਾਨ ਮੀਆਂ।
ਮੇਜਰ ਮੈਕਸਨ ਸੀ ਏਜੰਟ ਉਸਦਾ,
ਉਹਨੂੰ ਭੇਜਿਆ ਵਾਂਗ ਤੂਫਾਨ ਮੀਆਂ।
ਜੰਗੀ ਲਾਟ ਨੂੰ ਦਿੱਤੀ ਚਿਤਾਵਨੀ ਉਸ,
ਅੰਗਰੇਜ਼ ਕੌਮ ਦਾ ਰੱਖ ਤੂੰ ਮਾਣ ਮੀਆਂ।
ਵਕਤ ਆ ਗਿਆ ਲੱਲੀ ਤੂੰ ਕਰ ਹਮਲਾ,
ਸ਼ੇਰ ਸਿੰਘ ਨਾਲ ਕਰ ਘਮਸਾਣ ਮੀਆਂ।

76

ਕਬਜ਼ਾ ਅਟਕ ਤੇ ਕਰ ਲਿਆ ਚਤਰ ਸਿੰਘ ਨੇ,
ਵੱਡੇ ਲਾਟ ਦਾ ਦਿਲ ਦਿਲਗੀਰ ਯਾਰੋ।
ਮੂਲਰਾਜ ਹੈ ਅਜੇ ਮੁਲਤਾਨ ਬੈਠਾ,
ਲਾਟ ਹੋ ਗਿਆ ਬਹੁਤ ਗ਼ਮਗੀਰ ਯਾਰੋ।
ਜੰਗੀ ਲਾਟ ਨਾ ਟੱਸ ਤੋਂ ਮੱਸ ਹੋਵੇ,
ਉਹਦੇ ਦਿਲ ਨੂੰ ਨਾ ਕੋਈ ਪੀੜ ਯਾਰੋ।
ਵੱਡੇ ਲਾਟ ਨੇ ਬਹੁਤ ਦਬਾਅ ਪਾਇਆ,
ਬਦਲ ਗਈ ਫਿਰ ਲੱਲੀ ਤਸਵੀਰ ਯਾਰੋ।

SIKHBOOKCLUB.COM

77

ਖਾਲਸਾ ਫੌਜ ਸੀ ਜਿਹਲਮ ਦੇ ਕੋਲ ਬੈਠੀ,
ਸਾਹਮਣੇ ਚਿੱਲਿਆਂਵਾਲਾ ਅਸਥਾਨ ਮੀਆਂ।
ਦਰਿਆ ਜਿਹਲਮ ਸੀ ਉਸਦੀ ਪਿੱਠ ਪਿੱਛੇ,
ਅੱਗੇ ਜੰਗਲ ਤੇ ਬੀਆ ਬਾਨ ਮੀਆਂ।
ਉਸ ਜੰਗਲ ਦੇ ਵਿੱਚ ਸੀ ਸ਼ੇਰ ਬੈਠਾ,
ਅਟਾਰੀ ਵਾਲਾ ਸਰਦਾਰ ਮਹਾਨ ਮੀਆਂ।
ਅੰਗਰੇਜ਼ ਪੁੱਤਰ ਹਨ ਉਹਦੇ ਸ਼ਿਕਾਰ ਯਾਰੋ,
ਲੱਲੀ ਕੱਢੇਗਾ ਉਹਨਾ ਦੀ ਜਾਨ ਮੀਆਂ।

78

ਡਿੰਘੀ ਪਿੰਡ ਤੋਂ ਗੱਫ ਰਵਾਨਾ ਹੋਇਆ,
ਚਿੱਲਿਆਂਵਾਲੇ ਦੇ ਵੱਲ ਉਹ ਧਾਂਵਦਾ ਈ।
ਸਿੱਖ ਚੌਕੀਆਂ ਪਿੱਛੇ ਸਨ ਹਟ ਗਈਆਂ।
ਅੱਗੇ ਅੱਗੇ ਉਹ ਵਧਦਾ ਜਾਂਵਦਾ ਈ।

ਪਾਹੁੰਚਾ ਫਿੱਲਿਆਂਵਾਲੇ ਦੁਪਹਿਰ ਹੋਈ,
ਡੇਰੇ ਲਾਉਣ ਦਾ ਮਨ ਬਣਾਂਵਦਾ ਈ।
ਲੱਲੀ ਖਾਲਸੇ ਨੇ ਕੀਤੀ ਗੋਲਾਬਾਰੀ,
ਖਾਲਸਾ ਤੋਪਾਂ ਦਾ ਭੇਤ ਉਹ ਪਾਂਵਦਾ ਈ।

79

ਬੁੱਢੇ ਲਾਟ ਨੇ ਕਿਹਾ ਹੁਣ ਜੰਗ ਕਰਨਾ,
ਤੰਬੂ ਲਾਉਣ ਦਾ ਨਹੀਂ ਹੁਣ ਟਾਇਮ ਮੀਆਂ।
ਕਰੀਏ ਖਾਲਸੇ ਨਾਲ ਅੱਜ ਫੈਸਲਾ ਜੀ,
ਰੰਮ ਪੀ ਕੇ ਹੋ ਜਾਊ ਕਾਇਮ ਮੀਆਂ।
ਛਾਤੀਆਂ ਸਿੰਘਾਂ ਦੀਆਂ ਦਿਊ ਅੱਜ ਚੀਰ ਏਥੇ,
ਕਰਨਾ ਨਹੀਂ ਅੱਜ ਦੁਸ਼ਮਣ ਤੇ ਰਹਿਮ ਮੀਆਂ।
ਗੋਰੇ ਫੌਜੀ ਹੁਣ ਪੀ ਕੇ ਰੰਮ ਲੱਲੀ,
ਜੰਗ ਕਰਨ ਲਈ ਹੋ ਗਏ ਕਾਇਮ ਮੀਆਂ।

80

ਜੰਗੀ ਲਾਟ ਦੀ ਫੌਜ ਵਿੱਚ ਸੂਰਮੇ ਕਈ,
ਜਰਨੈਲ ਕਰਨੈਲ ਬਰਗੇਡੀਅਰ ਮਹਾਨ ਯਾਰੋ।
ਬਰਗੇਡੀਅਰ ਵਾਈਟ ਤੇ ਪੋਪ ਨਾਲ ਘੋੜ ਸਵਾਰਾਂ,
ਜਰਨੈਲ ਮੈਕਵਲ ਹੱਥ ਕਮਾਨ ਯਾਰੋ।
ਇੰਨਫੈਂਟਰੀ ਡਵੀਜਨਾਂ ਸਨ ਤਿਆਰ ਖੜੀਆਂ,
ਜਰਨੈਲ ਗਿਲਬਰਟ ਤੇ ਕੈਂਬਲ ਬਲਵਾਨ ਯਾਰੋ।
ਬਰਗੇਡੀਅਰ ਟੈਨਟ ਦੇ ਹੱਥ ਸੀ ਤੋਪਖਾਨਾ,
ਲੱਲੀ ਬੜੀ ਹੈ ਇਹਨਾ ਦੀ ਸ਼ਾਨ ਯਾਰੋ।

81

ਜੰਗੀ ਲਾਟ ਨੇ ਲਿਆ ਫਿਰ ਸਭ ਜਾਇਜ਼ਾ,
ਉੱਚੇ ਟਿੱਲੇ ਤੇ ਉਹ ਚੜ ਜਾਂਵਦਾ ਈ।
ਫੌਜਾਂ ਆਪਣੀਆਂ ਨੂੰ ਵਧਣ ਦਾ ਹੁਕਮ ਦੇਂਦਾ,
ਜੰਗੀ ਲਾਟ ਹੁਣ ਹੱਲਾ ਕਰਾਂਵਦਾ ਈ।
ਜਰਨੈਲ ਕੈਂਬਲ ਦੀ ਫੌਜ ਫਿਰ ਵਧੀ ਅੱਗੇ,
ਬਰਗੇਡੀਅਰ ਪੈਨੀਵਿੱਕ ਮੂਹਰੇ ਜਾਂਵਦਾ ਈ।
ਉਹਨੂੰ ਖਾਲਸੇ ਮਾਰਿਆ ਡਾਹ ਤੋਪਾਂ,
ਲੱਲੀ ਫੌਜ ਵੀ ਸਭ ਗੁਵਾਂਵਦਾ ਈ।

82

ਬਾਕੀ ਡਵੀਜਨ ਨਾਲ ਕੈਂਬਲ ਫਿਰ ਵਧ ਅੱਗੇ,
ਤੋਪਖਾਨੇ ਦੇ ਗੋਲੇ ਵਰਾਉਣ ਲੱਗਾ।
ਏਨੀ ਸਖਤ ਕੀਤੀ ਉਸ ਗੋਲਾਬਾਰੀ,
ਪੈਰ ਖਾਲਸਾ ਫਿਰ ਖਿਸਕਾਉਣ ਲੱਗਾ।
ਘੋੜ ਸਵਾਰ ਟੁੱਟ ਪਏ ਹੁਣ ਖਾਲਸੇ ਤੇ,
ਯੁੱਧ ਬੜੇ ਘਮਸਾਣ ਦਾ ਹੋਣ ਲੱਗਾ।
ਟਾਕਰਾ ਖਾਲਸੇ ਨੇ ਬੜਾ ਸਖਤ ਕੀਤਾ,
ਲੱਲੀ ਅੰਗਰੇਜ ਨਾਂ ਅੱਜ ਖਲੋਣ ਲੱਗਾ।

83

ਪੈਦਲ ਸ਼ਿਪਾਹੀ ਫਿਰ ਕੈਂਬਲ ਦੇ ਵਧੇ ਅੱਗੇ,
ਹੱਥੋ ਹੱਥੀ ਲੜਾਈ ਸੀ ਹੋਣ ਲੱਗੀ।
ਕਿਰਪਾਨਾਂ ਬੰਦੂਕਾਂ ਸੀ ਚੱਲੀਆਂ ਖੂਬ ਯਾਰੋ,
ਵਾਂਗ ਫੁਆਰਿਆਂ ਸੀ ਰੱਤ ਚੋਣ ਲੱਗੀ।
ਜਿਹੜਾ ਘਾਣ ਸ਼ਿਪਾਹੀਆਂ ਦਾ ਅੱਜ ਹੋਇਆ,
ਉਹਨੂੰ ਵੇਖ ਕੇ ਹੋਣੀ ਵੀ ਰੋਣ ਲੱਗੀ।
ਲੱਲੀ ਖਾਲਸੇ ਦੇ ਲੱਗ ਪਏ ਪੈਰ ਉੱਖੜਨ,
ਹਰਕਤ ਜਿਹਲਮ ਵੱਲ ਪਿੱਛੇ ਸੀ ਹੋਣ ਲੱਗੀ।

84

ਸੱਜੇ ਪਾਸਿਓਂ ਗਿਲਬਰਟ ਨੇ ਕੀਤਾ ਹੱਲਾ,
ਤੋਪਾਂ ਲੈ ਕੇ ਵਧਦਾ ਆਂਵਦਾ ਈ।
ਸਾਹਮਣੇ ਪੋਪ ਨੇ ਖਾਲਸਾ ਫੌਜ ਵੇਖੀ,
ਆਪਣੀ ਹੋਸ਼ ਉਹ ਸਾਰੀ ਗੁਵਾਂਵਦਾ ਈ।
ਹੱਲਾ ਕਰਨ ਲਈ ਘੋੜ ਸਵਾਰ ਲੈ ਕੇ,
ਤੋਪਾਂ ਆਪਣੀਆਂ ਸਾਹਮਣੇ ਜਾਂਵਦਾ ਈ।
ਤੋਪਾਂ ਦਾਗਣ ਹੁਣ ਕਿਸ ਤਰਾਂ ਗੋਲੇ ਯਾਰੋ,
ਲੱਲੀ ਕੰਮ ਇਹ ਚੌੜ ਕਰਾਂਵਦਾ ਈ।

85

ਅੱਗੇ ਜ਼ਮੀਨ ਸੀ ਬੜੀ ਉਬੜ ਖਾਬੜ,
ਹੱਲਾ ਪੋਪ ਦਾ ਪਿਆ ਕੰਮਜ਼ੋਰ ਮੀਆਂ।
ਸਿੱਖ ਸਵਾਰ ਫਿਰ ਧਾਹ ਕੇ ਵਧੇ ਅੱਗੇ,
ਤਲਵਾਰਾਂ ਨੇਜ਼ੇ ਵਾਹੇ ਮੂੰਹ ਤੋੜ ਮੀਆਂ।

ਬੌਂਦਲ ਗਏ ਸਵਾਰ ਸਭ ਪੋਪ ਦੇ ਜੀ,
ਭੱਜਣ ਲੱਗੇ ਸੱਭੇ ਤਾਬੜ ਤੋੜ ਮੀਆਂ।
ਭੱਜਦਿਆਂ ਫੌਜ ਵਿੱਚ ਖਲਬਲ ਮਚਾ ਦਿੱਤੀ,
ਲੱਲੀ ਕੰਮ ਸਭ ਕਰ ਦਿੱਤਾ ਚੌੜ ਮੀਆਂ।

86

ਜਰਨੈਲ ਗਿਲਬਰਟ ਨੂੰ ਆਇਆ ਫਿਰ ਬੜਾ ਗੁੱਸਾ,
ਵਧਿਆ ਆਪਣੀ ਫੌਜ ਸਵਾਰ ਯਾਰੋ।
ਤੋਪਾਂ ਉਸਦੀਆਂ ਅੱਗ ਵਰਾਉਣ ਲੱਗੀਆਂ।
ਕੀਤਾ ਸਿੰਘਾਂ ਤੇ ਮਾਰੂ ਵਾਰ ਮੀਆਂ।
ਗੋਲੇ ਬਾਰੀ ਤੋਂ ਬਾਅਦ ਫਿਰ ਪੈਦਲ ਫੌਜੀ,
ਵਾਹੁਣ ਲੱਗ ਪਏ ਨੇਜੇ ਤਲਵਾਰ ਮੀਆਂ।
ਚੱਲਣ ਗੋਲੀਆਂ ਮੀਂਹ ਦੇ ਵਾਂਗ ਲੱਲੀ,
ਕਿਸੇ ਲਈ ਨਾ ਕਿਸੇ ਦੀ ਸਾਰ ਮੀਆਂ।

87

ਦਿਨ ਛੋਟੇ ਹਨੇਰਾ ਸੀ ਹੋਣ ਲੱਗਾ,
ਮੱਠੀ ਪੈ ਗਈ ਜੰਗ ਦੀ ਚਾਲ ਮੀਆਂ।
ਪਿੰਡ ਟਪੱਈ ਵੱਲ ਖਾਲਸਾ ਹੱਟਣ ਲੱਗਾ,
ਫੌਜੀ ਥੱਕ ਕੇ ਹੋਏ ਬੇਹਾਲ ਮੀਆਂ।
ਅੰਗਰੇਜ ਚਿੱਲਿਆਂਵਾਲੇ ਵੱਲ ਹਟੇ ਪਿੱਛੇ,
ਗੋਰੇ ਫੌਜੀਆਂ ਦਾ ਵੀ ਮਾੜਾ ਹਾਲ ਮੀਆਂ।
ਫੱਟੜ ਹੋ ਜੋ ਵਿੱਚ ਮੈਦਾਨ ਡਿੱਗੇ,
ਲੱਲੀ ਉਹਨਾ ਦੀ ਹੋਈ ਹੁਣ ਭਾਲ ਮੀਆਂ।

88

ਸੀਨ ਵੇਖ ਇਹ ਕੁਦਰਤ ਵੀ ਰੋਣ ਲੱਗੀ,
ਬਾਰਸ਼ ਦਿਨ ਅਗਲੇ ਮੋਲਾਧਾਰ ਹੋਈ।
ਫੌਜੀ ਤੰਬੂਆਂ ਵਿੱਚ ਬੈਠੇ ਰਹੇ ਸਾਰੇ,
ਮਿਹਰ ਕੁਦਰਤ ਦੀ ਅਪਰ ਅਪਾਰ ਹੋਈ।
ਇਸ ਖੂਨ ਦੀ ਹੋਲੀ ਨੂੰ ਠੱਲ ਪੈ ਗਈ,
ਤਿੰਨ ਦਿਨ ਇਹ ਬਾਰਸ਼ ਭਰਮਾਰ ਹੋਈ।
ਖਾਲਸਾ ਫੌਜ ਨੇ ਕਰ ਲਿਆ ਕਮਰ ਕੱਸਾ,
ਗੁਜਰਾਤ ਜਾਣ ਲਈ ਲੱਲੀ ਤਿਆਰ ਹੋਈ।

89

ਸ਼ੇਰ ਸਿੰਘ ਨੇ ਜਾ ਗੁਜਰਾਤ ਮੱਲਿਆ,
ਚਤਰ ਸਿੰਘ ਵੀ ਵਧਿਆ ਆਂਵਦਾ ਈ,
ਹੋਈ ਪਿਉ ਤੇ ਪੁੱਤਰ ਦੀ ਖੂਬ ਮਿਲਣੀ,
ਪਿਉ ਪੁੱਤਰ ਦੇ ਵਾਰੇ ਜਾਂਵਦਾ ਈ।
ਮਿਲਕੇ ਲੜਾਂਗੇ ਸ਼ੇਰਾ ਹੁਣ ਅਸੀਂ ਸਾਰੇ,
ਅਟਾਰੀ ਵਾਲਾ ਸਰਦਾਰ ਫੁਰਮਾਂਵਦਾ ਈ।
ਵਾਰ ਵਾਰ ਨਾਂ ਜੱਗ ਤੇ ਅਸਾਂ ਆਉਣਾ,
ਰਣ ਵਿੱਚ ਲੜ ਮਰਨਾ ਲੱਲੀ ਭਾਂਵਦਾ ਈ।

90

ਸ਼ੇਰ ਸਿੰਘ ਤੇ ਗੱਢ ਨੂੰ ਛੱਡ ਏਥੇ,
ਚੱਲੋ ਵੱਲ ਮੁਲਤਾਨ ਦੇ ਆਈਏ ਜੀ।
ਮੂਲਰਾਜ ਦਾ ਓਥੇ ਕੀ ਹਾਲ ਹੋਇਆ,
ਹੁਣ ਇਸ ਦੀ ਬਾਤ ਸੁਣਾਈਏ ਜੀ।
ਐਡਵਰਡ ਕਹਿੰਦਾ ਹਮਲਾ ਕਰ ਦਈਏ,
ਗੋਲੇ ਮਾਰ ਕੇ ਕੰਧਾਂ ਨੂੰ ਢਾਹੀਏ ਜੀ।
ਜਰਨੈਲ ਵਿੱਛ ਕਹਿੰਦਾ ਲੱਲੀ ਰੁੱਕ ਜਾਈਏ,
ਬੰਬੇ ਫੌਜ ਨੂੰ ਨਾਲ ਮਿਲਾਈਏ ਜੀ।

91

ਇੱਕੀ ਦਸੰਬਰ ਸੰਨ ਅਠਾਰਾਂ ਸੌ ਅਠਤਾਲੀ,
ਬੰਬੇ ਫੌਜ ਮੁਲਤਾਨ ਵਿੱਚ ਆਈ ਮੀਆਂ।
ਬਰਗੇਡੀਅਰ ਡੰਡਾਸ ਲੈ ਆਇਆ ਹੋਰ ਤੋਪਾਂ,
ਹੁਣ ਹੋਵੇਗੀ ਘੋਰ ਲੜਾਈ ਮੀਆਂ।
ਕੋਰਟਲੈਂਡ ਬਹਾਵਲਪੁਰ ਦੌਦਪੁੱਤਰ,
ਉਹਨਾ ਸਾਰੀ ਵਿਆਉਂਤ ਬਣਾਈ ਮੀਆਂ।
ਮੁਲਤਾਨੀ ਫੌਜ ਨੇ ਲੱਲੀਆ ਰੋਕ ਰਸਤਾ,
ਛਾਉਣੀ ਸ਼ਹਿਰ ਦੇ ਦੱਖਣ ਵਿੱਚ ਪਾਈ ਮੀਆਂ।

92

ਹੁਕਮ ਹਮਲੇ ਦਾ ਦਿੱਤਾ ਜਰਨੈਲ ਵਿੱਛ ਨੇ,
ਤੋਪਾਂ ਲੱਗੀਆਂ ਗੋਲੇ ਵਰਾਉਣ ਯਾਰੋ,
ਖੂਨੀ ਬੁਰਜ ਨੂੰ ਮਾਰ ਤਬਾਹ ਕੀਤਾ,
ਦਿੱਲੀ ਗੇਟ ਨੂੰ ਲੱਗੀਆਂ ਢਾਹੁਣ ਯਾਰੋ।

ਪਾਸੇ ਘੋੜ ਸਵਾਰ, ਪਿੱਛੇ ਪੈਦਲ ਸੈਨਾ,
ਤੋਪਾਂ ਉਹਨਾ ਲਈ ਰਸਤਾ ਬਨਾਉਣ ਯਾਰੋ।
ਵੜ ਗਈ ਸ਼ਹਿਰ ਦੇ ਵਿੱਚ ਇਹ ਫੌਜ ਸਾਰੀ,
ਫੌਜੀ ਲੱਗੇ ਤਬਾਹੀ ਮਚਾਉਣ ਯਾਰੋ।

93

ਕੰਧਾਂ ਕਿਲੇ ਦੀਆਂ ਬਹੁਤ ਮਜ਼ਬੂਤ ਹੈਸਣ,
ਢਾਹੁਣਾ ਉਹਨਾ ਨੂੰ ਨਹੀਂ ਅਸਾਨ ਭਾਊ।
ਛੋਟੇ ਗੋਲੇ ਤੇ ਉਹਨਾ ਲਈ ਹੈਨ ਗੇਂਦਾਂ,
ਸਖਤ ਉਹ ਸਨ ਵਾਂਗ ਚਟਾਨ ਭਾਊ।
ਅੱਗੇ ਗੋਰਿਆਂ ਢਾਹੇ ਸਨ ਕਿਲੇ ਭਾਰੇ,
ਇਸ ਕੰਮ ਲਈ ਉਹ ਮਹਾਨ ਭਾਊ।
ਸੁਰੰਗਾਂ ਪੁੱਟ ਕੇ ਕਿਲੇ ਨੂੰ ਢਾਹੁਣ ਲੱਗੇ,
ਲੱਲੀ ਉਹ ਸਨ ਪੂਰੇ ਸ਼ਤਾਨ ਭਾਊ।

94

ਤੋਪਾਂ ਮਾਰ ਕੇ ਲਗਾਤਾਰ ਗੋਲੇ,
ਕੰਧਾਂ ਕਿਲੇ ਦੀਆਂ ਦਿੱਤੀਆਂ ਢਾਹ ਯਾਰੋ।
ਵੜਨ ਕਿਲੇ ਵਿੱਚ ਫੌਜੀ ਤਿਆਰ ਹੋਏ,
ਜੰਗ ਕਰਨ ਦਾ ਬੜਾ ਹੈ ਚਾਅ ਯਾਰੋ।
ਮੂਲਰਾਜ ਦਾ ਮੂਲ ਨਾ ਵੱਸ ਚੱਲੇ,
ਗਿਆ ਕਿਲੇ ਤੋਂ ਬਾਹਰ ਉਹ ਆ ਯਾਰੋ।
ਸੁੱਟ ਦਿੱਤੇ ਹਥਿਆਰ ਉਸ ਬਾਹਰ ਆ ਕੇ,
ਲੱਲੀ ਲਾਉਣਾ ਤੇ ਲਾ ਦਿਉ ਫਾਹ ਯਾਰੋ।

95

ਜਰਨੈਲ ਵਿੱਢ ਫਿਰ ਤੁਰਿਆ ਚਨਾਬ ਵੱਲ ਨੂੰ,
ਜੰਗੀ ਲਾਟ ਨਾਲ ਕਰੇ ਮਿਲਾਪ ਭਾਈ।
ਅੱਗੋਂ ਲਾਟ ਉਸਨੂੰ ਜੱਫੀ ਪਾ ਮਿਲਿਆ।
ਵਧਾਈਆਂ ਜਿੱਤ ਦੀਆਂ ਦੇਂਵਦਾ ਆਪ ਭਾਈ।
ਦੋਵੇਂ ਫੌਜਾਂ ਇਹ ਆਪਸ ਵਿੱਚ ਮਿਲ ਗਈਆਂ,
ਇਹ ਹੈ ਖਾਲਸੇ ਲਈ ਸਰਾਪ ਭਾਈ।
ਤੋਪਖਾਨਾ ਹੁਣ ਲਾਟ ਕੋਲ ਬਹੁਤ ਭਾਰਾ,
ਲੱਲੀ ਕਰੂ ਤਬਾਹੀ ਗੁਜਰਾਤ ਭਾਈ।

96

ਜੰਗੀ ਲਾਟ ਹੁਣ ਚੜ੍ਹਿਆ ਗੁਜਰਾਤ ਉੱਤੇ,
ਫੌਜ ਨਾਲ ਇਹ ਵੱਡੀ ਹੈ ਬਹੁਤ ਭਾਰੀ।
ਖਾਲਸਾ ਫੌਜ ਹੁਣ ਉਸ ਤੋਂ ਕਿਤੇ ਛੋਟੀ,
ਅੰਗਰੇਜੀ ਫੌਜ ਦੀ ਪੂਰੀ ਹੈ ਫੁੱਲ ਤਿਆਰੀ।
ਫਿਰ ਵੀ ਲੜੇਗਾ ਖਾਲਸਾ ਅੱਜ ਏਥੇ,
ਜਾਨ ਆਪਣੀ ਕਰੇ ਨਾ ਮੂਲ ਪਿਆਰੀ।
ਜਿੱਤ ਹਾਰ ਤੇ ਹੱਥ ਪ੍ਰਮਾਤਮਾ ਦੇ,
ਮੁਕਾਬਲਾ ਕਰਨ ਦੀ ਲੱਲੀ ਹੈ ਗੱਲ ਸਾਰੀ।

97

ਇੱਕੀ ਫਰਵਰੀ ਦਾ ਇਹ ਦਿਨ ਹੈ ਜੀ,
ਫੌਜਾਂ ਆਹਮਣੇ ਸਾਹਮਣੇ ਆਣ ਖੜੀਆਂ।
ਹਰੀ ਕਣਕ ਦੀਆਂ ਉਹਨਾ ਵਿਚਕਾਰ ਫਸਲਾਂ,
ਕਿਰਨਾ ਸੂਰਜ ਦੀਆਂ ਉਹਨਾ ਤੇ ਪੈਣ ਬੜੀਆਂ।
ਕੋਲ ਵਗਦਾ ਦਰਿਆ ਚਨ੍ਹਾ ਵੇਖੋ,
ਦੂਰ ਪਹਾੜਾਂ ਦੀਆਂ ਚੋਟੀਆਂ ਹਨ ਖੜੀਆਂ।
ਗੁਜਰਾਤ ਸ਼ਹਿਰ ਲੱਲੀ ਪਿੱਛੇ ਖਾਲਸੇ ਦੇ,
ਫੌਜਾਂ ਸਾਹਮਣਿਉਂ ਲਾਟ ਦੀਆਂ ਆਉਣ ਚੜ੍ਹੀਆਂ।

SIKHBOOKCLUB.COM

98

ਹਮਲਾ ਕਰਨ ਅੰਗਰੇਜ ਜਾਂ ਵਧੇ ਅੱਗੇ,
ਗੋਲੇ ਖਾਲਸਾ ਤੋਪਾਂ ਦੇ ਆਣ ਗੱਜੇ।
ਅੰਗਰੇਜ ਅਜੇ ਨਹੀਂ ਤੋਪਾਂ ਦੀ ਰੇਂਜ ਅੰਦਰ,
ਗੋਲੇ ਉਹਨਾ ਤੋਂ ਕਾਫੀ ਦੂਰ ਵੱਜੇ।
ਕਿੰਨ੍ਹੀਆਂ ਹਨ ਤੇ ਕਿੱਥੇ ਹਨ ਇਹ ਤੋਪਾਂ,
ਜੰਗੀ ਲਾਟ ਨੂੰ ਇਹ ਗੱਲ ਪਤਾ ਲੱਗੇ।
ਅੰਗਰੇਜੀ ਤੋਪਾਂ ਨੇ ਅੱਠ ਸੋ ਗਜ ਆ ਕੇ,
ਲੱਲੀ ਖਾਲਸੇ ਤੇ ਗੋਲੇ ਖੂਬ ਛੱਡੇ।

99

ਖਾਲਸਾ ਤੋਪਾਂ ਦੀ ਅੱਜ ਨਾ ਵਾਹ ਜਾਂਦੀ,
ਅੰਗਰੇਜੀ ਤੋਪਾਂ ਦੇ ਨੇ ਮਾਰੂ ਵਾਰ ਮੀਆਂ।
ਦੋ ਘੰਟੇ ਤੱਕ ਚਲੀ ਇਹ ਗੋਲਾਬਾਰੀ,
ਫਿਰ ਪਲਟਣਾ ਹੋਈਆਂ ਤਿਆਰ ਮੀਆਂ।

ਪਹਿਲਾਂ ਗੋਲੀਆਂ ਨੇ ਕਤਲੇਆਮ ਕੀਤੀ,
ਢੱਲੀ ਉਸ ਤੋਂ ਬਾਅਦ ਤਲਵਾਰ ਮੀਆਂ।
ਖਾਲਸੇ ਬੜਾ ਘਮਸਾਣ ਦਾ ਯੁੱਧ ਕੀਤਾ,
ਲੱਲੀ ਅੰਤ ਵਿੱਚ ਗਿਆ ਉਹ ਹਾਰ ਮੀਆਂ।

100

ਜੰਗੀ ਲਾਟ ਤੁਰ ਗਿਆ ਵਲੈਤ ਆਪਣੀ,
ਡਲਹੌਜੀ ਪਾਈ ਮਿਆਨ ਤਲਵਾਰ ਯਾਰੋ।
ਸਾਰੇ ਮੁਲਖ ਵਿੱਚ ਘੋਸ਼ਣਾ ਕਰ ਦਿੱਤੀ,
ਖ਼ਤਮ ਖਾਲਸਾ ਹੋਈ ਸਰਕਾਰ ਯਾਰੋ।
ਪਹਾੜ ਰੁਸ਼ਨਾਈ ਦਾ ਲਿਆ ਦਲੀਪ ਸਿੰਘ ਤੋਂ,
ਸਿੱਖ ਰਾਜ ਦਾ ਜੋ ਸ਼ਿੰਗਾਰ ਯਾਰੋ।
ਲੱਲੀ ਭੇਜਿਆ ਇੰਗਲੈਂਡ ਉਸ ਮਹਾਰਾਜਾ,
ਕੋਹਿਨੂਰ ਵੀ ਸਾਗਰੋਂ ਪਾਰ ਯਾਰੋ।

◆

SIKHBOOKCLUB.COM

# ਪੁਸਤਕ ਸੂਚੀ


1. 'ਦਾ ਸਿਖਸ ਐਂਡ ਦਾ ਸਿਖ ਵਾਰਸ', ਲੇਖਕ ਜਨਰਲ ਸਰ ਚਾਰਲਸ ਗਫ. ਵੀ.ਸੀ., ਜੀ.ਸੀ.ਬੀ. ਅਤੇ ਆਰਥਰ ਡੀ ਇਨਿਸ।
2. 'ਹਿਸਟਰੀ ਆਫ ਦਾ ਸਿਖਸ', ਲੇਖਕ ਕੈਪਟਨ ਜੇ.ਡੀ. ਕਨਿੰਘਮ।
3. 'ਏ ਹਿਸਟਰੀ ਆਫ ਦਾ ਸਿਖਸ ਭਾਗ 2', ਲੇਖਕ ਸਰਦਾਰ ਖੁਸ਼ਵੰਤ ਸਿੰਘ।
4. 'ਏ ਹਿਸਟਰੀ ਆਫ ਇੰਡੀਆ', ਲੇਖਕ ਜੌਹਨ ਕੇ।
5. 'ਸਿਖ ਇਤਿਹਾਸਕ ਲੈਕਚਰਸ', ਲੇਖਕ ਗਿ. ਪ੍ਰਤਾਪ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ।
6. 'ਸਿਖਾਂ ਦਾ ਰਾਜ ਕਿਵੇਂ ਗਿਆ', ਲੇਖਕ ਗਿ. ਲਾਲ ਸਿੰਘ ਸੰਗਰੂਰ ਵਾਲੇ.
7. 'ਸਿੱਖ ਮਿਸਲਾਂ ਤੇ ਸਰਦਾਰ ਘਰਾਣੇ', ਲੇਖਕ ਗਿ. ਸੋਹਣ ਸਿੰਘ ਸੀਤਲ।
8. 'ਜੰਗਨਾਮਾ ਸਿੰਘਾਂ ਤੇ ਫਰੰਗੀਆਂ', ਕਵੀ ਸ਼ਾਹ ਮੁਹੰਮਦ।
9. 'ਜੰਗਨਾਮਾ', ਲੇਖਕ ਕਾਹਨ ਸਿੰਘ ਬੰਗਾ।


SIKHBOOKCLUB.COM

ISBN 978-81-7856-378-7



ਪਰਸ਼ੋਤਮ ਸਿੰਘ ਲੱਲੀ ਦਾ ਜਨਮ ਪਿੰਡ ਧੁੱਪਸੜੀ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ ਵਿਚ 1955 ਈ. ਨੂੰ ਹੋਇਆ। ਸੋਲ੍ਹਾਂ ਸਾਲ ਦੀ ਉਮਰ ਵਿਚ ਇੰਡੀਅਨ ਨੇਵੀ ਵਿਚ ਭਰਤੀ ਹੋ ਗਿਆ ਅਤੇ 31 ਸਾਲ ਦੀ ਲੰਮੀ ਸੇਵਾ ਤੋਂ ਬਾਅਦ 2002 ਈ. ਵਿਚ ਲੈਫਟੀਨੈਂਟ ਕਮਾਂਡਰ ਦੇ ਰੈਂਕ ਤੋਂ ਰਿਟਾਇਰ ਹੋ ਗਿਆ। ਹੁਣ ਆਪਣੇ ਜੱਦੀ ਪਿੰਡ ਧੁੱਪਸੜੀ ਵਿਚ ਖੇਤੀਬਾੜੀ ਦੇ ਕੰਮ ਦੀ ਦੇਖ-ਰੇਖ ਦੇ ਨਾਲ-ਨਾਲ ਪੜ੍ਹਨ ਲਿਖਣ ਦੇ ਕੰਮ ਵਿਚ ਰੁਝਿਆ ਰਹਿੰਦਾ ਹੈ। ਉਸ ਨੇ ਚਾਰ ਕਿਤਾਬਾਂ ਅੰਗਰੇਜ਼ੀ ਤੋਂ ਪੰਜਾਬੀ 'ਚ ਅਨੁਵਾਦ ਕੀਤੀਆਂ ਹਨ ਅਤੇ ਪੰਜਾਬੀ ਵਿਚ ਇਕ ਨਾਵਲ 'ਸਮੁੰਦਰੀ ਬਘਿਆੜ' ਨਾਂ ਹੇਠ ਪ੍ਰਕਾਸ਼ਤ ਹੋ ਚੁੱਕਾ ਹੈ। 'ਸਿੱਖ ਰਾਜ ਦੇ ਆਖਰੀ ਦਸ ਸਾਲ' (1839-49) ਸਿੱਖ ਕੌਮ ਦੇ ਇਤਿਹਾਸ ਦਾ ਇਕ ਛੋਟਾ ਜਿਹਾ ਪਰ ਬੜਾ ਮਹੱਤਵਪੂਰਨ ਸਮਾਂ ਹੈ। ਹੱਥਲੀ ਪੁਸਤਕ ਵਿਚ ਇਸ ਸਮੇਂ ਦਾ ਖੋਜ ਭਰਪੂਰ ਵਰਨਣ ਹੈ। 'ਜੰਗਨਾਮਾ ਸਿੰਘਾਂ ਅਤੇ ਫ਼ਰੰਗੀਆਂ' ਸ਼ਾਹ ਮੁਹੰਮਦ ਦੀ ਤਰਜ ਉਤੇ ਕਮਾਂਡਰ ਲੱਲੀ ਦਾ ਜੰਗਨਾਮਾ ਲਿਖਣ ਦਾ ਇਕ ਨਿਵੇਕਲਾ ਯਤਨ ਹੈ।

SHP 232